सत्यमेव जयते

# ਭਾਰਤ ਦੇ ਲੇਖਾ ਨਿਰੀਖਕ ਅਤੇ ਮਹਾਂ ਲੇਖਾ ਪਰੀਖਕ
# ਦੀ
# ਰਾਜ ਦੇ ਵਿੱਤਾਂ ਉੱਤੇ ਲੇਖਾ ਪ੍ਰੀਖਿਆ ਰਿਪੋਰਟ
# 31 ਮਾਰਚ 2022 ਨੂੰ ਸਮਾਪਤ ਹੋਏ ਸਾਲ ਲਈ

**SUPREME AUDIT INSTITUTION OF INDIA**
लोकहितार्थ सत्यनिष्ठा
Dedicated to Truth in Public Interest

## ਪੰਜਾਬ ਸਰਕਾਰ

*ਸਾਲ 2023 ਦੀ ਰਿਪੋਰਟ ਨੰ. 2*

# ਭਾਰਤ ਦੇ ਲੇਖਾ ਨਿਰੀਖਕ ਅਤੇ ਮਹਾਂ ਲੇਖਾ ਪਰੀਖਕ

# ਦੀ

# ਰਾਜ ਦੇ ਵਿੱਤਾਂ ਉੱਤੇ ਲੇਖਾ ਪ੍ਰੀਖਿਆ ਰਿਪੋਰਟ

# 31 ਮਾਰਚ 2022 ਨੂੰ ਸਮਾਪਤ ਹੋਏ ਸਾਲ ਲਈ

**ਪੰਜਾਬ ਸਰਕਾਰ**

*ਸਾਲ 2023 ਦੀ ਰਿਪੋਰਟ ਨੰ. 2*

# ਵਿਸ਼ਾ ਸਾਰਣੀ


| ਵੇਰਵੇ | ਪੈਰ੍ਹਾ | ਪੰਨਾ |
|---|---|---|
| ਭੂਮਿਕਾ | | vii |
| ਕਾਰਜਕਾਰੀ ਸਾਰ | | ix-xiii |
| **ਅਧਿਆਇ-I : ਝਲਕ** | | |
| ਰਾਜ ਦੀ ਰੂਪ ਰੇਖਾ | 1.1 | 1-3 |
| ਰਾਜ ਦੇ ਵਿੱਤਾਂ ਉੱਤੇ ਲੇਖਾ ਪ੍ਰੀਖਿਆ ਰਿਪੋਰਟ ਦਾ ਅਧਾਰ ਅਤੇ ਪਹੁੰਚ | 1.2 | 3-4 |
| ਰਿਪੋਰਟ ਦੀ ਬਣਤਰ | 1.3 | 4-5 |
| ਸਰਕਾਰ ਦੇ ਲੇਖਿਆਂ ਦੀ ਬਣਤਰ ਅਤੇ ਬਜਟਰੀ ਪ੍ਰਕਿਰਿਆਵਾਂ ਦੀ ਝਲਕ | 1.4 | 5-10 |
| ਵਿੱਤੀ ਬਕਾਇਆ: ਘਾਟੇ ਅਤੇ ਕੁੱਲ ਕਰਜ਼ੇ ਦੇ ਟੀਚਿਆਂ ਦੀ ਪ੍ਰਾਪਤੀ | 1.5 | 11-18 |
| ਲੇਖਾ ਪ੍ਰੀਖਿਆ ਦੁਆਰਾ ਪੜਤਾਲ ਉਪਰੰਤ ਘਾਟੇ | 1.6 | 18-19 |
| ਲੇਖਾ ਪ੍ਰੀਖਿਆ ਉਪਰੰਤ -ਕੁੱਲ ਬਕਾਇਆ ਕਰਜ਼ਾ | 1.7 | 19-20 |
| **ਅਧਿਆਇ-II : ਰਾਜ ਦੇ ਵਿੱਤ** | | |
| ਮੁੱਖ ਵਿੱਤੀ ਜੋੜਾਂ ਵਿੱਚ 2020-21 ਦੀ ਤੁਲਨਾ ਵਿੱਚ 2021-22 ਵਿੱਚ ਹੋਏ ਵੱਡੇ ਬਦਲਾਅ | 2.1 | 21 |
| ਫੰਡਾਂ ਦੇ ਸ੍ਰੋਤ ਅਤੇ ਵਰਤੋਂ | 2.2 | 22-23 |
| ਰਾਜ ਦੇ ਸਾਧਨ | 2.3 | 23-40 |
| ਸਾਧਨਾਂ ਦੀ ਵਰਤੋਂ | 2.4 | 40-63 |
| ਲੋਕ ਲੇਖਾ | 2.5 | 63-69 |
| ਕਰਜ਼ਾ ਪ੍ਰਬੰਧਨ | 2.6 | 69-77 |
| ਕਰਜ਼ਾ ਸਸਟੇਨੇਬਿਲਟੀ ਵਿਸ਼ਲੇਸ਼ਣ | 2.7 | 78-85 |
| ਮੁੱਖ ਵਿਸ਼ੇਸ਼ਤਾਵਾਂ | 2.8 | 85 |
| ਸਿੱਟੇ | 2.9 | 86-87 |
| ਸਿਫਾਰਸ਼ਾਂ | 2.10 | 87-88 |

| ਵੇਰਵੇ | ਪੈਰ੍ਹਾ | ਪੰਨਾ |
|---|---|---|
| **ਅਧਿਆਇ-III : ਬਜਟਰੀ ਪ੍ਰਬੰਧਨ** | | |
| ਬਜਟ ਪ੍ਰਕਿਰਿਆ | 3.1 | 89-91 |
| ਨਿਮਿੱਤਣ ਲੇਖੇ | 3.2 | 91-92 |
| ਬਜਟਰੀ ਅਤੇ ਲੇਖਾ ਪ੍ਰਕਿਰਿਆ ਦੀ ਇੰਟੈਗਰਿਟੀ | 3.3 | 92-100 |
| ਬਜਟਰੀ ਅਤੇ ਲੇਖਾ ਪ੍ਰਕਿਰਿਆ ਦੀ ਪ੍ਰਭਾਵਿਕਤਾ | 3.4 | 100-116 |
| ਸਿੱਟੇ | 3.5 | 116-117 |
| ਸਿਫਾਰਸ਼ਾਂ | 3.6 | 117 |
| **ਅਧਿਆਇ-IV: ਲੇਖਿਆਂ ਦੀ ਗੁਣਵੱਤਾ ਅਤੇ ਵਿੱਤੀ ਰਿਪੋਰਟਿੰਗ ਦੇ ਪ੍ਰਚਲਨ** | | |
| ਰਾਜ ਦੇ ਸੰਚਿਤ ਫੰਡ/ ਲੋਕ ਲੇਖੇ ਤੋਂ ਬਾਹਰ ਫੰਡ ਅਤੇ ਸਮਰਪਿਤ ਫੰਡ | 4.1 | 119-123 |
| ਵਿਆਜਯੋਗ ਡਿਪਾਜ਼ਿਟਸ/ਰਾਖਵੇਂ ਫੰਡਾਂ ਦੇ ਵਿਆਜ ਨਾਲ ਸਬੰਧਤ ਦੇਣਦਾਰੀ ਨਾ ਚੁਕਾਉਣਾ | 4.2 | 123 |
| ਰਾਜ ਲਾਗੂਕਰਤਾ ਏਜੰਸੀਆ ਨੂੰ ਸਿੱਧੇ ਟਰਾਂਸਫਰ ਕੀਤੇ ਗਏ ਫੰਡ | 4.3 | 124 |
| ਵਰਤੋਂ ਸਰਟੀਫਿਕੇਟਾਂ ਨੂੰ ਭੇਜਣ ਵਿੱਚ ਦੇਰੀ | 4.4 | 125-126 |
| ਅਬਸਟ੍ਰੈਕਟ ਕੰਟੀਜੈਂਟ ਬਿਲ | 4.5 | 126-128 |
| ਛੋਟੀ ਮੱਦ 800 ਦੀ ਅਵਿਵੇਕਪੂਰਣ ਵਰਤੋਂ | 4.6 | 128 |
| ਮੁੱਖ ਸਸਪੈਂਸ ਅਤੇ ਡੀ ਡੀ ਆਰ ਮੱਦਾਂ ਅਧੀਨ ਪਿਆ ਬਕਾਇਆ | 4.7 | 128-129 |
| ਕੈਸ਼ ਬਕਾਇਆਂ ਦਾ ਮਿਲਾਨ | 4.8 | 129-130 |
| ਮੰਡਲ ਅਧਿਕਾਰੀਆਂ ਕੋਲ ਪਈ ਅਣਖਰਚੀ ਰਾਸ਼ੀ | 4.9 | 130 |
| ਲੇਖਾ ਮਿਆਰਾਂ ਦੀ ਪਾਲਣਾ | 4.10 | 131 |
| ਖੁਦਮੁਖਤਿਆਰ ਸੰਗਠਨਾਂ ਦੇ ਲੇਖੇ ਪੇਸ਼ ਕਰਨਾ | 4.11 | 131-132 |
| ਵਿਭਾਗੀ ਕਮਰਸ਼ੀਅਲ ਅਦਾਰੇ/ਕਾਰਪੋਰੇਸ਼ਨਾਂ/ਕੰਪਨੀਆਂ | 4.12 | 132-134 |
| ਕੁਵਰਤੋਂ, ਨੁਕਸਾਨ, ਚੋਰੀਆਂ, ਆਦਿ | 4.13 | 134-136 |
| ਰਾਜ ਦੇ ਵਿੱਤਾਂ ਉੱਤੇ ਲੇਖਾ ਪ੍ਰੀਖਿਆ ਰਿਪੋਰਟ ਦੀ ਪੈਰਵ੍ਹੀ ਕਰਨ ਲਈ ਕਾਰਵਾਈ | 4.14 | 136-137 |
| ਵਿੱਤੀ ਵੰਡ ਬਾਰੇ ਛੇਵੇਂ ਪੰਜਾਬ ਵਿੱਤ ਕਮਿਸ਼ਨ ਦੀਆਂ ਸਿਫਾਰਸ਼ਾਂ | 4.15 | 137 |

| ਵੇਰਵੇ | ਪੈਰ੍ਹਾ | ਪੰਨਾ |
|---|---|---|
| ਨੂੰ ਲਾਗੂ ਕਰਨਾ | | |
| ਸਿੱਟੇ | 4.16 | 137-138 |
| ਸਿਫਾਰਸ਼ਾਂ | 4.17 | 138 |
| **ਅਧਿਆਇ-V : ਰਾਜ ਜਨਤਕ ਖੇਤਰ ਦੇ ਅਦਾਰੇ** | | |
| ਸਰਕਾਰੀ ਕੰਪਨੀਆਂ ਦੀ ਪਰਿਭਾਸ਼ਾ | 5.1 | 139 |
| ਲੇਖਾ ਪ੍ਰੀਖਿਆ ਦਾ ਅਧਿਕਾਰ | 5.2 | 139-140 |
| ਐਸ ਪੀ ਐਸ ਈਜ਼ ਅਤੇ ਰਾਜ ਦੇ ਜੀ ਐਸ ਡੀ ਪੀ ਵਿੱਚ ਇਨ੍ਹਾਂ ਦਾ ਯੋਗਦਾਨ | 5.3 | 140-141 |
| ਐਸ ਪੀ ਐਸ ਈਜ਼ ਵਿੱਚ ਨਿਵੇਸ਼ ਅਤੇ ਬਜਟਰੀ ਸਹਾਇਤਾ | 5.4 | 142-143 |
| ਐਸ ਪੀ ਐਸ ਈਜ਼ ਤੋਂ ਪ੍ਰਤੀਫਲ | 5.5 | 143-145 |
| ਕਰਜ਼ਾ ਵਾਪਸੀ | 5.6 | 145-146 |
| ਐਸ ਪੀ ਐਸ ਈਜ਼ ਦੀ ਵਿੱਤੀ ਕਾਰਗੁਜ਼ਾਰੀ | 5.7 | 146-151 |
| ਘਾਟੇ ਵਿੱਚ ਚਲ ਰਹੇ ਐਸ ਪੀ ਐਸ ਈਜ਼ | 5.8 | 151-153 |
| ਰਾਜ ਦੇ ਜਨਤਕ ਖੇਤਰ ਦੇ ਅਦਾਰਿਆਂ ਦੀ ਲੇਖਾ ਪ੍ਰੀਖਿਆ | 5.9 | 153 |
| ਸੀ ਏ ਜੀ ਦੁਆਰਾ ਰਾਜ ਦੇ ਜਨਤਕ ਖੇਤਰ ਦੇ ਅਦਾਰਿਆਂ ਦੇ ਕਨੂੰਨੀ ਲੇਖਾ ਪਰੀਖਕਾਂ ਦੀ ਨਿਯੁਕਤੀ | 5.10 | 153 |
| ਰਾਜ ਦੇ ਜਨਤਕ ਖੇਤਰ ਦੇ ਅਦਾਰਿਆਂ ਦੁਆਰਾ ਲੇਖੇ ਪੇਸ਼ ਕਰਨਾ | 5.11 | 154-155 |
| ਸੀ ਏ ਜੀ ਦੀ ਨਿਗਰਾਨੀ- ਲੇਖਿਆਂ ਦੀ ਲੇਖਾ ਪ੍ਰੀਖਿਆ ਅਤੇ ਪੂਰਕ ਲੇਖਾ ਪ੍ਰੀਖਿਆ | 5.12 | 156-157 |
| ਸੀ ਏ ਜੀ ਦੀ ਨਿਗਰਾਨੀ ਦੀ ਭੂਮਿਕਾ ਦੇ ਨਤੀਜੇ | 5.13 | 157 |
| ਸਿੱਟੇ | 5.14 | 158 |
| ਸਿਫਾਰਸ਼ਾਂ | 5.15 | 158-159 |

## ਅੰਤਿਕਾਵਾਂ


| ਵੇਰਵੇ | ਅੰਤਿਕਾ | ਪੰਨਾ |
|---|---|---|
| ਪੰਜਾਬ ਦੀ ਰੂਪ ਰੇਖਾ | 1.1 | 161-162 |
| 31 ਮਾਰਚ 2022 ਨੂੰ ਪੰਜਾਬ ਸਰਕਾਰ ਦੀ ਸੰਖੇਪਕ ਵਿੱਤੀ ਸਥਿਤੀ | 1.2 | 163-164 |
| ਸਾਲ 2021-22 ਲਈ ਪ੍ਰਾਪਤੀਆਂ ਅਤੇ ਅਦਾਇਗੀਆਂ ਦਾ ਸਾਰ | 2.1 | 165-168 |
| ਰਾਜ ਸਰਕਾਰ ਦੇ ਵਿੱਤਾਂ ਉੱਤੇ ਸਮਾਂ ਲੜੀ ਡਾਟਾ | 2.2 | 169-172 |
| ਪੀ ਐਸ ਯੂਜ਼ ਜਿਨ੍ਹਾਂ ਵਿੱਚ ਰਾਜ ਸਰਕਾਰ ਦਾ ਇਕਿਊਟੀ ਨਿਵੇਸ਼ ਹੈ, ਵਿੱਚ ਇਕੱਠੇ ਹੋਏ ਘਾਟਿਆਂ ਨੂੰ ਦਰਸਾਉਂਦੀ ਵਿਵਰਣੀ | 2.3 | 173 |
| ਨੈਗੇਟਿਵ ਨੈਟ ਵਰਥ ਅਤੇ ਇਕੱਠੇ ਹੋਏ ਘਾਟਿਆਂ ਵਾਲੇ ਪੀ ਐਸ ਯੂਜ਼ ਜਿਨ੍ਹਾਂ ਵਿੱਚ ਪੰਜਾਬ ਸਰਕਾਰ ਨੇ ਇਕਿਊਟੀ ਵਜੋਂ ਨਿਵੇਸ਼ ਕੀਤਾ | 2.4 | 174 |
| ਪੰਜਾਬ ਸਰਕਾਰ ਵੱਲੋਂ ਰਾਜ ਦੇ ਪੀ ਐਸ ਯੂਜ਼ ਨੂੰ ਦਿੱਤੇ ਗਏ ਦੀਰਘ ਕਾਲੀਨ ਬਕਾਇਆ ਕਰਜ਼ਿਆਂ ਦੀ 31 ਮਾਰਚ 2022 ਨੂੰ ਸਥਿਤੀ | 2.5 | 175 |
| ਜਨਤਕ ਖੇਤਰ ਦੇ ਅਦਾਰਿਆਂ ਦੇ ਰਿਕਾਰਡ ਦੀ ਤੁਲਨਾ ਵਿੱਚ ਵਿੱਤ ਲੇਖਿਆਂ ਦੇ ਅਨੁਸਾਰ ਸਰਕਾਰੀ ਨਿਵੇਸ਼ | 2.6 | 176 |
| ਜਨਤਕ ਕਰਜ਼ੇ ਦੇ ਅਸਲ ਅਤੇ ਅਨੁਮਾਨ | 2.7 (ੳ) | 177-178 |
| ਰੈਵਿਨਿਊ ਪ੍ਰਾਪਤੀਆਂ, ਰੈਵਿਨਿਊ ਖਰਚਾ, ਰੈਵਿਨਿਊ ਘਾਟਾ ਅਤੇ ਕਰਜ਼ੇ ਤੇ ਵਿਆਜ ਅਦਾਇਗੀਆਂ ਦੇ ਅਸਲ ਅਤੇ ਅਨੁਮਾਨ | 2.7 (ਅ) | 179 |
| ਬਜਟ ਉਪਬੰਧ ਤੋਂ ਬਗੈਰ ਕੀਤੇ ਗਏ ਖਰਚੇ ਨੂੰ ਦਰਸਾਉਂਦੀ ਵਿਵਰਣੀ (₹ ਇੱਕ ਕਰੋੜ ਤੋਂ ਵੱਧ) | 3.1 | 180 |
| ਅਜਿਹੇ ਮਾਮਲਿਆਂ ਨੂੰ ਦਰਸਾਉਂਦੀ ਵਿਵਰਣੀ ਜਿਨ੍ਹਾਂ ਵਿੱਚ ਪੂਰਕ ਉਪਬੰਧ (ਹਰ ਮਾਮਲੇ ਵਿੱਚ ₹ ਇੱਕ ਕਰੋੜ ਜਾਂ ਵੱਧ) ਗੈਰ-ਜ਼ਰੂਰੀ ਸਾਬਤ ਹੋਇਆ | 3.2 | 181 |
| ਅਜਿਹੇ ਮਾਮਲਿਆਂ ਨੂੰ ਦਰਸਾਉਂਦੀ ਵਿਵਰਣੀ ਜਿਨ੍ਹਾਂ ਵਿੱਚ ਪੂਰਕ ਉਪਬੰਧ (ਹਰ ਮਾਮਲੇ ਵਿੱਚ ₹ ਇੱਕ ਕਰੋੜ ਜਾਂ ਵੱਧ) ਵਾਧੂ ਸਾਬਤ ਹੋਏ | 3.3 | 182 |
| ਫੰਡਾਂ ਦੇ ਗੈਰ-ਜ਼ਰੂਰੀ ਪੁਨਰ ਨਿਮਿੱਤਣ ਨੂੰ ਦਰਸਾਉਂਦੀ ਵਿਵਰਣੀ | 3.4 | 183-185 |

| ਵੇਰਵੇ | ਅੰਤਿਕਾ | ਪੰਨਾ |
|---|---|---|
| ਸਾਲ ਦੌਰਾਨ ਸਪੁਰਦਗੀ ਨੂੰ ਛੱਡ ਕੇ ਵੱਡੀਆਂ ਬੱਚਤਾਂ (₹ 100 ਕਰੋੜ ਤੋਂ ਵੱਧ) ਵਾਲੀਆਂ ਗ੍ਰਾਂਟਾਂ ਦੇ ਵੇਰਵਿਆਂ ਨੂੰ ਦਰਸਾਉਂਦੀ ਵਿਵਰਣੀ | 3.5 | 186 |
| 1ਸਾਲ 2019-22 ਦੌਰਾਨ ਨਿਰੰਤਰ ਬੱਚਤਾਂ (₹ 100 ਕਰੋੜ ਤੋਂ ਵੱਧ) ਵਾਲੀਆਂ ਗ੍ਰਾਂਟਾਂ ਦੇ ਵੇਰਵਿਆ ਨੂੰ ਦਰਸਾਉਂਦੀ ਵਿਵਰਣੀ | 3.6 | 187 |
| ਗ੍ਰਾਂਟ-ਵਾਰ ਬੱਚਤਾਂ ਨੂੰ ਦਰਸਾਉਂਦੀ ਵਿਵਰਣੀ | 3.7 | 188-189 |
| ਨਿਮਿੱਤਣਾਂ/ਗ੍ਰਾਂਟਾਂ, ਜਿਨ੍ਹਾਂ ਵਿੱਚ ਬੱਚਤਾਂ ਬਿਲਕੁੱਲ ਵੀ ਸਪੁਰਦ ਨਹੀਂ ਕੀਤੀਆਂ ਗਈਆਂ, ਦੇ ਵੇਰਵਿਆਂ ਨੂੰ ਦਰਸਾਉਂਦੀ ਵਿਵਰਣੀ | 3.8 | 190 |
| ਮਾਰਚ 2022 ਦੇ ਅੰਤਿਮ ਦਿਨ ₹ 10 ਕਰੋੜ ਤੋਂ ਵੱਧ ਦੇ ਫੰਡਾਂ ਦੀ ਸਪੁਰਦਗੀ ਦੇ ਵੇਰਵਿਆਂ ਨੂੰ ਦਰਸਾਉਂਦੀ ਵਿਵਰਣੀ | 3.9 | 191-192 |
| ਸਕੀਮਾਂ ਦੇ ਵੇਰਵੇ ਜਿਨ੍ਹਾਂ ਲਈ ਉਪਬੰਧ (₹ 100 ਕਰੋੜ ਅਤੇ ਵੱਧ) ਕੀਤਾ ਗਿਆ ਸੀ, ਪ੍ਰੰਤੂ ਜਾਂ ਤਾਂ ਇਹ ਵਾਪਸ ਲੈ ਲਿਆ ਗਿਆ ਸੀ ਜਾਂ ਕੋਈ ਖਰਚਾ ਨਹੀਂ ਕੀਤਾ ਗਿਆ ਸੀ | 3.10 | 193 |
| ਸਕੀਮਾਂ ਦੇ ਵੇਰਵੇ ਜਿਨ੍ਹਾਂ ਲਈ ਉਪਬੰਧ (₹ 10 ਕਰੋੜ ਅਤੇ ਵੱਧ) ਕੀਤਾ ਗਿਆ ਸੀ ਪ੍ਰੰਤੂ ਪੁਨਰ-ਨਿਮਿੱਤਣ ਰਾਹੀਂ ਇਹ ਸਾਰਾ ਵਾਪਸ ਲੈ ਲਿਆ ਗਿਆ ਸੀ | 3.11 | 194-196 |
| ਮੁੱਖ ਮੱਦਾ ਜਿਨ੍ਹਾਂ ਵਿੱਚ 50 *ਪ੍ਰਤੀਸ਼ਤ* ਤੋਂ ਵੱਧ ਖਰਚਾ ਕੇਵਲ ਮਾਰਚ 2022 ਵਿੱਚ ਕੀਤਾ ਗਿਆ ਸੀ, ਨੂੰ ਦਰਸਾਉਂਦੀ ਵਿਵਰਣੀ | 3.12 | 197 |
| ਉਪ ਮੱਦਾਂ, ਜਿਥੇ ਸਾਰਾ ਖਰਚਾ (ਹਰ ਮਾਮਲੇ ਵਿੱਚ ₹ ਦਸ ਕਰੋੜ ਤੋਂ ਵੱਧ) ਮਾਰਚ 2022 ਵਿੱਚ ਕੀਤਾ ਗਿਆ ਸੀ, ਨੂੰ ਦਰਸਾਉਂਦੀ ਵਿਵਰਣੀ | 3.13 | 198-199 |
| ਭਾਰਤ ਸਰਕਾਰ ਵੱਲੋਂ ਰਾਜ ਲਾਗੂਕਰਤਾ ਏਜੰਸੀਆਂ ਨੂੰ ਕੇਂਦਰੀ ਸਕੀਮ ਦੇ ਸਿੱਧੇ ਟਰਾਂਸਫਰ ਕੀਤੇ ਗਏ ਫੰਡਾਂ ਦੇ ਵੇਰਵਿਆਂ ਨੂੰ ਦਰਸਾਉਂਦੀ ਵਿਵਰਣੀ | 4.1 | 200-204 |
| ਭਾਰਤ ਸਰਕਾਰ ਵੱਲੋਂ ਰਾਜ ਲਾਗੂਕਰਤਾ ਏਜੰਸੀਆਂ ਨੂੰ ਸਿੱਧੇ ਟਰਾਂਸਫਰ ਕੀਤੇ ਗਏ ਕੇਂਦਰੀ ਪ੍ਰਯੋਜਿਤ ਸਕੀਮ ਫੰਡਾਂ ਦੇ ਵੇਰਵਿਆਂ ਨੂੰ ਦਰਸਾਉਂਦੀ ਵਿਵਰਣੀ | 4.2 | 205-206 |
| ਛੋਟੀ ਮੱਦ-800-ਹੋਰ ਖਰਚੇ ਅਧੀਨ ਇੰਦਰਾਜ਼ ਕੀਤੇ ਗਏ ਵੱਡੇ ਖਰਚੇ (ਕੁੱਲ ਖਰਚੇ ਦਾ 50 *ਪ੍ਰਤੀਸ਼ਤ* ਅਤੇ ਵੱਧ) ਦੇ ਵੇਰਵੇ | 4.3 | 207 |

| ਵੇਰਵੇ | ਅੰਤਿਕਾ | ਪੰਨਾ |
|---|---|---|
| ਛੋਟੀ ਮੱਦ-800-ਹੋਰ ਪ੍ਰਾਪਤੀਆਂ ਅਧੀਨ ਇੰਦਰਾਜ ਕੀਤੀਆਂ ਵੱਡੀਆ ਧਨ ਪ੍ਰਾਪਤੀਆਂ (ਕੁੱਲ ਪ੍ਰਾਪਤੀਆਂ ਦਾ 50 *ਪ੍ਰਤੀਸ਼ਤ* ਅਤੇ ਇਸ ਤੋ ਵੱਧ) ਦੇ ਵੇਰਵੇ | 4.4 | 208 |
| ਰਾਜ ਜਨਤਕ ਖੇਤਰ ਦੇ ਅਦਾਰਿਆਂ ਦੀ ਸੂਚੀ | 5.1 | 209-210 |
| 30 ਸਤੰਬਰ 2022 ਨੂੰ ਅੰਤਿਮ ਰੂਪ ਦਿੱਤੇ ਨਵੀਨਤਮ ਲੇਖਿਆਂ ਦੇ ਅਨੁਸਾਰ ਸਰਕਾਰੀ ਕੰਪਨੀਆਂ ਅਤੇ ਅਧਿਨਿਯਮਿਕ ਕਾਰਪੋਰੇਸ਼ਨਾਂ ਦੀ ਸੰਖੇਪ ਵਿੱਤੀ ਸਥਿਤੀ ਅਤੇ ਕਾਰਜਕਾਰੀ ਨਤੀਜੇ | 5.2 | 211-213 |
| 2010-11 ਤੋਂ 2021-22 ਦੇ ਸਮੇਂ ਦੌਰਾਨ ਰਾਜ ਸਰਕਾਰ ਦੁਆਰਾ ਐਸ ਪੀ ਐਸ ਈਜ਼ ਵਿੱਚ! ਲਗਾਏ ਗਏ ਫੰਡਾਂ ਨੂੰ ਦਰਸਾਉਂਦੀ ਵਿਵਰਣੀ | 5.3 | 214-216 |
| ਰਾਜ ਜਨਤਕ ਖੇਤਰ ਦੇ ਅਦਾਰਿਆਂ ਦੇ ਬਕਾਇਆ ਲੇਖਿਆਂ ਸਬੰਧੀ ਸੂਚਨਾ | 5.4 | 217-218 |

## ਭੂਮਿਕਾ

ਇਹ ਰਿਪੋਰਟ ਭਾਰਤ ਦੇ ਸੰਵਿਧਾਨ ਦੇ ਅਨੁਛੇਦ 151(2) ਦੇ ਅਧੀਨ ਪੰਜਾਬ ਦੇ ਰਾਜਪਾਲ ਜੀ ਨੂੰ ਸੌਂਪਣ ਲਈ ਤਿਆਰ ਕੀਤੀ ਗਈ ਹੈ।

ਅਧਿਆਇ I ਇਸ ਰਿਪੋਰਟ ਦੇ ਅਧਾਰ ਅਤੇ ਪਹੁੰਚ ਅਤੇ ਇਸਦੇ ਬੁਨਿਆਦੀ ਡਾਟੇ ਦਾ ਵਰਣਨ ਕਰਦਾ ਹੈ, ਸਰਕਾਰੀ ਲੇਖਿਆਂ ਦੀ ਬਣਤਰ, ਬਜਟਰੀ ਪ੍ਰਕਿਰਿਆਵਾਂ, ਪ੍ਰਮੁੱਖ ਸੂਚਕਾਂ ਦੇ ਮੈਕਰੋ-ਵਿੱਤੀ ਵਿਸ਼ਲੇਸ਼ਣ ਅਤੇ ਘਾਟੇ/ਵਾਧੇ ਸਮੇਤ ਰਾਜ ਦੀ ਵਿੱਤੀ ਸਥਿਤੀ ਦੀ ਇੱਕ ਝਲਕ ਮੁਹੱਈਆ ਕਰਵਾਉਂਦਾ ਹੈ।

ਇਸ ਰਿਪੋਰਟ ਦੇ ਅਧਿਆਇ II ਅਤੇ III ਵਿੱਚ 31 ਮਾਰਚ 2022 ਨੂੰ ਸਮਾਪਤ ਹੋਏ ਸਾਲ ਲਈ ਰਾਜ ਸਰਕਾਰ ਦੇ ਕ੍ਰਮਵਾਰ ਵਿੱਤ ਲੇਖਿਆਂ ਅਤੇ ਨਿਮਿੱਤਣ ਲੇਖਿਆਂ ਦੀ ਪੜਤਾਲ ਤੋਂ ਉੱਭਰੇ ਮਾਮਲਿਆਂ ਉੱਤੇ ਲੇਖਾ ਪ੍ਰੀਖਿਆ ਟਿੱਪਣੀਆਂ ਸ਼ਾਮਲ ਹਨ। ਜਿੱਥੇ ਕਿਤੇ ਜ਼ਰੂਰੀ ਸੀ ਪੰਜਾਬ ਸਰਕਾਰ ਤੋਂ ਸੂਚਨਾ ਲਈ ਗਈ ਹੈ।

ਅਧਿਆਇ IV ਰਾਜ ਸਰਕਾਰ ਦੀਆਂ ਵੱਖ ਵੱਖ ਅਥਾਰਟੀਆਂ ਦੁਆਰਾ ਪੇਸ਼ ਕੀਤੇ ਗਏ ਲੇਖਿਆਂ ਦੀ ਗੁਣਵੱਤਾ ਅਤੇ ਨਿਰਧਾਰਤ ਵਿੱਤੀ ਨਿਯਮਾਂ ਅਤੇ ਵਿਨਿਯਮਾਂ ਦੀ ਰਾਜ ਸਰਕਾਰ ਦੇ ਵੱਖ ਵੱਖ ਵਿਭਾਗਾਂ ਦੇ ਕਰਮਚਾਰੀਆਂ ਦੁਆਰਾ ਪਾਲਣਾ ਨਾ ਕਰਨ ਦੇ ਮਾਮਲਿਆਂ 'ਤੇ ਟਿੱਪਣੀ ਕਰਦਾ ਹੈ।

'ਰਾਜ ਜਨਤਕ ਖੇਤਰ ਦੇ ਅਦਾਰਿਆਂ' ਬਾਰੇ ਅਧਿਆਇ V ਰਾਜ ਜਨਤਕ ਖੇਤਰ ਦੇ ਅਦਾਰਿਆਂ ਦੇ ਨਿਵੇਸ਼, ਵਿਨਿਵੇਸ਼, ਪ੍ਰਤੀਫਲ, ਕਰਜ਼ਾ ਵਾਪਸੀ, ਕਾਰਗੁਜ਼ਾਰੀ ਅਤੇ ਸਹੇੜੇ ਗਏ ਘਾਟਿਆਂ ਨਾਲ ਸਬੰਧਤ ਲੇਖਾ ਪ੍ਰੀਖਿਆ ਦਾ ਵਿਸ਼ਲੇਸ਼ਣ ਅਤੇ ਇਸ ਦੇ ਨਾਲ ਰਾਜ ਜਨਤਕ ਖੇਤਰ ਦੇ ਅਦਾਰਿਆਂ ਦੇ ਲੇਖਿਆਂ ਦੀ ਲੇਖਾ ਪ੍ਰੀਖਿਆ ਬਾਰੇ ਸੀ ਏ ਜੀ ਦੀ ਨਿਗਰਾਨੀ ਪ੍ਰਦਾਨ ਕਰਦਾ ਹੈ।

ਰਿਪੋਰਟ, ਜਿਸ ਵਿੱਚ ਵੱਖਰੇ-ਵੱਖਰੇ ਵਿਭਾਗਾਂ ਵਿੱਚ ਕਾਰਗੁਜ਼ਾਰੀ ਲੇਖਾ ਪ੍ਰੀਖਿਆ ਅਤੇ ਵਿੱਤੀ ਕਾਰਵਿਹਾਰਾਂ ਦੀ ਲੇਖਾ ਪ੍ਰੀਖਿਆ ਦੀਆਂ ਲੱਭਤਾਂ, ਰਿਪੋਰਟ ਜਿਸ ਵਿੱਚ ਵਿਧਾਨਕ ਨਿਗਮਾਂ, ਬੋਰਡਾਂ ਅਤੇ ਸਰਕਾਰੀ ਕੰਪਨੀਆਂ ਦੀ ਲੇਖਾ ਪ੍ਰੀਖਿਆ ਉੱਤੇ ਟਿੱਪਣੀਆਂ ਅਤੇ ਰੈਵੀਨਿਊ ਖੇਤਰ ਉੱਤੇ ਰਿਪੋਰਟ ਨੂੰ ਵੱਖਰੇ ਤੌਰ ਤੇ ਪੇਸ਼ ਕੀਤਾ ਜਾਂਦਾ ਹੈ।

**ਜੇਕਰ ਅਨੁਵਾਦ ਕੀਤੇ ਕਥਨ ਵਿੱਚ ਸੰਦੇਹ ਹੋਵੇ, ਅੰਗਰੇਜ਼ੀ ਕਥਨ ਨੂੰ ਪ੍ਰਮਾਣਕ ਮੰਨਿਆ ਜਾਵੇ ਜੀ।**

# ਕਾਰਜਕਾਰੀ ਸਾਰ

# ਕਾਰਜਕਾਰੀ ਸਾਰ

## ਪਿਛੋਕੜ

ਪੰਜਾਬ ਸਰਕਾਰ ਦੇ ਵਿੱਤਾਂ ਉੱਤੇ ਇਹ ਰਿਪੋਰਟ ਬਜਟ ਅਨੁਮਾਨਾਂ ਅਤੇ ਪੰਦਰ੍ਹਵੇਂ ਵਿੱਤ ਕਮਿਸ਼ਨ (15ਵੇਂ ਐਫ ਸੀ) ਵਲੋਂ ਸਿਫਾਰਸ਼ ਕੀਤੇ ਟੀਚਿਆਂ ਦੀ ਤੁਲਨਾ ਵਿੱਚ, ਸਾਲ 2021-22 ਦੌਰਾਨ ਰਾਜ ਦੀ ਵਿੱਤੀ ਕਾਰਗੁਜ਼ਾਰੀ ਦਾ ਮੁਲਾਂਕਣ ਕਰਨ ਲਈ ਬਣਾਈ ਗਈ ਹੈ। ਇਹ ਰਿਪੋਰਟ ਸਰਕਾਰ ਦੀਆਂ ਧਨ ਪ੍ਰਾਪਤੀਆਂ ਅਤੇ ਅਦਾਇਗੀਆਂ ਦੇ ਪ੍ਰਮੁੱਖ ਰੁਝਾਨਾਂ ਅਤੇ ਬਣਤਰ ਦੀ ਰੂਪ-ਰੇਖਾ ਦਾ ਵਿਸ਼ਲੇਸ਼ਣ ਕਰਦੀ ਹੈ। ਜਿਥੇ ਕਿਤੇ ਜ਼ਰੂਰੀ ਸੀ, ਚੌਦ੍ਹਵੇਂ ਵਿੱਤ ਕਮਿਸ਼ਨ (14ਵੇਂ ਐਫ ਸੀ) ਦੀਆਂ ਸਿਫਾਰਸ਼ਾਂ ਦਾ ਹਵਾਲਾ ਵੀ ਦਿੱਤਾ ਗਿਆ ਹੈ।

31 ਮਾਰਚ 2022 ਨੂੰ ਸਮਾਪਤ ਹੋਏ ਸਾਲ ਲਈ ਪੰਜਾਬ ਸਰਕਾਰ ਦੇ ਲੇਖਾ ਪ੍ਰੀਖਿਆ ਕੀਤੇ ਗਏ ਲੇਖਿਆਂ ਅਤੇ ਕਈ ਸਰੋਤਾਂ ਜਿਵੇਂ ਕਿ ਰਾਜ ਸਰਕਾਰ ਦੁਆਰਾ ਪੇਸ਼ ਕੀਤਾ ਗਿਆ ਆਰਥਿਕ ਸਰਵੇਖਣ ਅਤੇ ਜਨਗਣਨਾ ਤੋਂ ਇਕੱਤਰ ਕੀਤੇ ਵਧੀਕ ਅੰਕੜਿਆਂ ਉੱਤੇ ਅਧਾਰਤ ਇਹ ਰਿਪੋਰਟ, ਰਾਜ ਸਰਕਾਰ ਦੇ ਸਲਾਨਾ ਲੇਖਿਆਂ ਅਤੇ ਰਾਜ ਜਨਤਕ ਖੇਤਰ ਦੇ ਅਦਾਰਿਆਂ (ਐਸ ਪੀ ਐਸ ਈ) ਦੀ ਵਿੱਤੀ ਕਾਰਗੁਜ਼ਾਰੀ ਦੀ ਪੰਜ ਅਧਿਆਇਆਂ ਵਿੱਚ ਇੱਕ ਵਿਸ਼ਲੇਸ਼ਣਾਤਮਕ ਸਮੀਖਿਆ ਮੁਹੱਈਆ ਕਰਵਾਉਂਦੀ ਹੈ।

## ਅਧਿਆਇ-I: ਝਲਕ

ਸਾਲ 2021-22 ਦੌਰਾਨ ਸਰਕਾਰ ਰੈਵੀਨਿਊ ਘਾਟੇ, ਵਿੱਤੀ ਘਾਟੇ ਅਤੇ ਕਰਜ਼ੇ ਦੀ ਜੀ ਐਸ ਡੀ ਪੀ ਨੂੰ ਰੇਸ਼ੋ ਨੂੰ ਵਿੱਤੀ ਮਜ਼ਬੂਤੀਕਰਨ ਰੋਡਮੈਪ (ਐਫ ਸੀ ਆਰ) ਵਿੱਚ ਤੈਅ ਕੀਤੇ ਟੀਚਿਆਂ ਦੇ ਅੰਦਰ ਰੱਖਣ ਵਿੱਚ ਅਸਫਲ ਰਹੀ ਸੀ।

ਰਾਜ ਲਗਾਤਾਰ ਰੈਵੀਨਿਊ ਘਾਟੇ ਵਾਲਾ ਰਾਜ ਬਣਿਆ ਰਿਹਾ ਹੈ। ਰੈਵੀਨਿਊ ਘਾਟਾ ਸਾਲ 2017-18 ਵਿੱਚ ₹ 9,455 ਕਰੋੜ (ਜੀ ਐਸ ਡੀ ਪੀ ਦਾ 2.01 *ਪ੍ਰਤੀਸ਼ਤ*) ਤੋਂ ਵੱਧ ਕੇ ਚਾਲੂ ਸਾਲ ਵਿੱਚ ₹ 18,468 ਕਰੋੜ (ਜੀ ਐਸ ਡੀ ਪੀ ਦਾ 3.16 *ਪ੍ਰਤੀਸ਼ਤ*) ਹੋ ਗਿਆ। ਇਸ ਤੋਂ ਇਲਾਵਾ ਵਿੱਤੀ ਘਾਟਾ 2017-18 ਵਿੱਚ ₹ 12,494 ਕਰੋੜ (ਜੀ ਐਸ ਡੀ ਪੀ ਦਾ 2.65 *ਪ੍ਰਤੀਸ਼ਤ*) ਤੋਂ ਵਧ ਕੇ 2021-22 ਵਿੱਚ ₹ 27,847 ਕਰੋੜ (ਜੀ ਐਸ ਡੀ ਪੀ ਦਾ 4.77*ਪ੍ਰਤੀਸ਼ਤ*) ਹੋ ਗਿਆ। ਮੁਢਲਾ ਘਾਟਾ 2020-21 ਵਿੱਚ ₹ 4,432 ਕਰੋੜ (ਜੀ ਐਸ ਡੀ ਪੀ ਦਾ 0.83 *ਪ੍ਰਤੀਸ਼ਤ*) ਤੋਂ ਵਧ ਕੇ 2021-22 ਵਿੱਚ ₹ 8,784 ਕਰੋੜ (ਜੀ ਐਸ ਡੀ ਪੀ ਦਾ 1.50 *ਪ੍ਰਤੀਸ਼ਤ*) ਹੋ ਗਿਆ। ਸਾਲ 2017-18, 2018-19 ਅਤੇ 2019-20 ਦੌਰਾਨ ਮੁਢਲਾ ਵਾਧਾ ਸੀ।

[ਪੈਰ੍ਹਾ 1.5]

## ਅਧਿਆਇ-II: ਰਾਜ ਦੇ ਵਿੱਤ

ਸਾਲ 2017-18 ਤੋਂ 2021-22 ਦੇ ਸਮੇਂ ਦੌਰਾਨ ਰੈਵੀਨਿਊ ਪ੍ਰਾਪਤੀਆਂ ₹ 53,010 ਕਰੋੜ ਤੋਂ 10.43 ਪ੍ਰਤੀਸ਼ਤ ਸਲਾਨਾ ਔਸਤ ਦਰ ਨਾਲ ਵਧ ਕੇ ₹ 78,168 ਕਰੋੜ ਹੋ ਗਈਆਂ। ਇਸ ਸਮੇਂ ਦੌਰਾਨ ਪੂੰਜੀਗਤ ਪ੍ਰਾਪਤੀਆਂ ₹ 18,590 ਕਰੋੜ ਤੋਂ ਵਧ ਕੇ ₹ 27,244 ਕਰੋੜ ਹੋ ਗਈਆਂ।

**[ਪੈਰ੍ਹਾ** 2.3.2.1 ਤੇ 2.3.3**]**

ਰੈਵੀਨਿਊ ਖਰਚਾ ਸਾਲ 2017-18 ਵਿੱਚ ₹ 62,465 ਕਰੋੜ (ਜੀ ਐਸ ਡੀ ਪੀ ਦਾ 13.26 *ਪ੍ਰਤੀਸ਼ਤ*) ਤੋਂ ਵੱਧ ਕੇ 2021-22 ਵਿੱਚ ₹ 96,636 ਕਰੋੜ (ਜੀ ਐਸ ਡੀ ਪੀ ਦਾ 16.55 *ਪ੍ਰਤੀਸ਼ਤ*) ਹੋ ਗਿਆ। 2017-22 ਦੌਰਾਨ ਇਹ ਕੁੱਲ ਖਰਚੇ ਦਾ ਲਗਾਤਾਰ ਪ੍ਰਮੁੱਖ ਅਨੁਪਾਤ (80 ਤੋਂ 95 *ਪ੍ਰਤੀਸ਼ਤ*) ਬਣਿਆ ਰਿਹਾ ਅਤੇ ਇਸ ਸਮੇਂ ਦੌਰਾਨ ਇਹ 12.00 *ਪ੍ਰਤੀਸ਼ਤ* ਦੀ ਸਲਾਨਾ ਔਸਤ ਦਰ ਨਾਲ ਵਧਿਆ। ਦੂਜੇ ਪਾਸੇ ਇਸੇ ਸਮੇਂ ਦੌਰਾਨ ਪੂੰਜੀਗਤ ਖਰਚਾ ਤਿੰਨ ਤੋਂ ਅੱਠ *ਪ੍ਰਤੀਸ਼ਤ* ਬਣਿਆ ਰਿਹਾ, ਸਿਵਾਏ ਸਾਲ 2019-20 ਦੇ ਜਦੋਂ ਇਹ ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਿਟਡ (ਪੀ ਐਸ ਪੀ ਸੀ ਐਲ) ਵਿੱਚ ₹ 15,628 ਕਰੋੜ ਦੀ ਰਾਸ਼ੀ ਦੇ ਯੂ ਡੀ ਏ ਵਾਈ ਕਰਜ਼ਿਆਂ ਨੂੰ ਇਕਿਊਟੀ ਵਿੱਚ ਬਦਲਣ ਕਰਕੇ 19 *ਪ੍ਰਤੀਸ਼ਤ* ਸੀ।

**[ਪੈਰ੍ਹਾ** 2.4.1 ਤੇ 2.4.2**]**

ਰਾਜ ਦੇ ਰੈਵੀਨਿਊ ਖਰਚੇ ਵਿੱਚ ਵਚਨਬੱਧ ਖਰਚੇ ਦਾ ਹਿੱਸਾ ਜ਼ਿਆਦਾ ਰਿਹਾ ਹੈ ਜੋ ਕਿ ਚਾਲੂ ਸਾਲ ਦੌਰਾਨ ਰੈਵੀਨਿਊ ਖਰਚੇ ਦਾ 64.07 *ਪ੍ਰਤੀਸ਼ਤ* ਬਣਿਆ ਰਿਹਾ।

**[ਪੈਰ੍ਹਾ** 2.4.1.2 **]**

ਸਬਸਿਡੀਆਂ ਰੈਵੀਨਿਊ ਖਰਚੇ ਦਾ 11.18 *ਪ੍ਰਤੀਸ਼ਤ ਤੋਂ* 17.72 *ਪ੍ਰਤੀਸ਼ਤ* ਸਨ ਅਤੇ 2017-22 ਦੌਰਾਨ ਇਨ੍ਹਾਂ ਦਾ ਰੈਵੀਨਿਊ ਘਾਟੇ ਨੂੰ ਯੋਗਦਾਨ 56 *ਪ੍ਰਤੀਸ਼ਤ ਤੋਂ* 102 *ਪ੍ਰਤੀਸ਼ਤ* ਸੀ । ਇਸ ਸਮੇਂ ਦੌਰਾਨ ਪਾਵਰ ਸਬਸਿਡੀ ਕੁੱਲ ਸਬਸਿਡੀਆਂ ਦਾ 68 *ਪ੍ਰਤੀਸ਼ਤ* ਅਤੇ 99 *ਪ੍ਰਤੀਸ਼ਤ* ਦੀ ਰੇਂਜ ਵਿਚਕਾਰ ਮੁੱਖ ਹਿੱਸਾ ਬਣਿਆ ਰਿਹਾ।

**[ਪੈਰ੍ਹਾ 2.4.1.3]**

ਸਾਲ 2021-22 ਦੌਰਾਨ ਸਹਿਕਾਰੀ ਬੈਂਕਾਂ ਅਤੇ ਸੁਸਾਇਟੀਆਂ ਅਤੇ ਸਰਕਾਰੀ ਕੰਪਨੀਆਂ ਤੋਂ ਨਿਵੇਸ਼ ਉੱਤੇ ਪ੍ਰਤੀਫ਼ਲ ₹ 6.66 ਕਰੋੜ (0.03 *ਪ੍ਰਤੀਸ਼ਤ)* (ਹਿਸਟੌਰੀਕਲ ਲਾਗਤ ਦੇ ਅਧਾਰ ਤੇ) ਸੀ। 2017-22 ਦੇ ਸਮੇਂ ਦੌਰਾਨ ਇਹ ਪ੍ਰਤੀਫਲ ਸਿਰਫ 0.01 *ਪ੍ਰਤੀਸ਼ਤ* ਅਤੇ 0.11 *ਪ੍ਰਤੀਸ਼ਤ* ਦੇ ਵਿਚਕਾਰ ਸੀ ਜਦੋਂਕਿ ਇਸੇ ਸਮੇਂ ਦੌਰਾਨ ਪੰਜਾਬ ਸਰਕਾਰ ਦੁਆਰਾ ਆਪਣੇ ਉਧਾਰਾਂ ਉੱਤੇ ਦਿੱਤੇ ਗਏ ਵਿਆਜ ਦੀ ਔਸਤ ਦਰ 6.80 *ਪ੍ਰਤੀਸ਼ਤ* ਅਤੇ 8.36 *ਪ੍ਰਤੀਸ਼ਤ* ਦੇ ਵਿਚਕਾਰ ਸੀ।

**[ਪੈਰ੍ਹਾ** 2.4.2.2 (**i**)**]**

ਰਾਜ ਸਰਕਾਰ ਦੁਆਰਾ ਦਿੱਤੇ ਗਏ ਕੁੱਲ ਬਕਾਇਆ ਕਰਜ਼ੇ 2020-21 ਵਿੱਚ ₹ 36,300 ਕਰੋੜ ਤੋਂ ₹ 1,370 ਕਰੋੜ ਨਾਲ ਵਧ ਕੇ ਸਾਲ 2021-22 ਵਿੱਚ ₹ 37,670 ਕਰੋੜ ਹੋ ਗਏ। ਸਾਲ 2020-21 ਦੀ ਤੁਲਨਾ ਵਿੱਚ ਕਰਜ਼ਿਆਂ ਦੀ ਵਸੂਲੀ ₹ 156 ਕਰੋੜ (312 *ਪ੍ਰਤੀਸ਼ਤ*) ਨਾਲ ਵਧੀ ਅਤੇ ਵਿਆਜ ਪ੍ਰਾਪਤੀ ਵਿੱਚ ₹ 6 ਕਰੋੜ (24 *ਪ੍ਰਤੀਸ਼ਤ*) ਨਾਲ ਗਿਰਾਵਟ ਹੋਈ।

**[ਪੈਰ੍ਹਾ 2.4.2.2 (iii)]**

31 ਮਾਰਚ 2022 ਤੱਕ ਪੂਰੇ ਹੋਣ ਲਈ ਸੂਚੀਬੱਧ 86 ਪ੍ਰੋਜੈਕਟ ਅਧੂਰੇ ਸਨ। ਇਨ੍ਹਾਂ ਅਧੂਰੇ ਪ੍ਰੋਜੈਕਟਾਂ ਉੱਤੇ ਕੀਤੇ ₹ 1,563.74 ਕਰੋੜ ਦੇ ਖਰਚੇ ਤੋਂ ਚਿਤਵੇ ਲਾਭ ਮਿਲਣੇ ਅਜੇ ਬਾਕੀ ਸਨ।

**[ਪੈਰ੍ਹਾ 2.4.2.2 (iv) ]**

ਪੰਜਾਬ ਵਿੱਚ ਸਿੱਖਿਆ ਅਤੇ ਸਿਹਤ ਉੱਤੇ ਖਰਚੇ ਦੀ ਕੁੱਲ ਖਰਚੇ ਨੂੰ ਰੇਸ਼ੋ 2017-18 ਵਿੱਚ 14.31 *ਪ੍ਰਤੀਸ਼ਤ* ਅਤੇ 4.19 *ਪ੍ਰਤੀਸ਼ਤ* ਤੋਂ ਘਟਕੇ 2021-22 ਵਿੱਚ ਕ੍ਰਮਵਾਰ 12.15 *ਪ੍ਰਤੀਸ਼ਤ* ਅਤੇ 3.71*ਪ੍ਰਤੀਸ਼ਤ* ਰਹਿ ਗਈ, ਜਦੋਂਕਿ ਇਸੇ ਸਮੇਂ ਦੌਰਾਨ ਕੁੱਲ ਖਰਚੇ ਦੀ ਜੀ ਐਸ ਡੀ ਪੀ ਨੂੰ ਅਤੇ ਪੂੰਜੀਗਤ ਖਰਚੇ ਦੀ ਕੁੱਲ ਖਰਚੇ ਨੂੰ ਰੇਸ਼ੋ ਕ੍ਰਮਵਾਰ 13.92 *ਪ੍ਰਤੀਸ਼ਤ* ਤੋਂ ਵਧ ਕੇ 18.19 *ਪ੍ਰਤੀਸ਼ਤ* ਅਤੇ 4.75 *ਪ੍ਰਤੀਸ਼ਤ* ਤੋਂ ਵਧਕੇ 9.02 *ਪ੍ਰਤੀਸ਼ਤ* ਹੋ ਗਈ।

**[ਪੈਰ੍ਹਾ 2.4.3 ]**

ਰਾਜ ਸਰਕਾਰ ਨੇ 31 ਮਾਰਚ 2022 ਨੂੰ ਰਾਜ ਆਫਤ ਰਿਸਪਾਂਸ ਫੰਡ (ਐਸ ਡੀ ਆਰ ਐਫ) ਅਧੀਨ ਬਕਾਇਆ ਪਏ ₹ 8,194.08 ਕਰੋੜ ਦੇ ਫੰਡਾਂ ਦਾ ਨਿਵੇਸ਼ ਨਹੀ ਕੀਤਾ ਸੀ।

**[ਪੈਰ੍ਹਾ 2.5.2.2]**

31 ਮਾਰਚ 2022 ਨੂੰ ਰਾਜ ਦਾ ਕੁੱਲ ਬਕਾਇਆ ਕਰਜ਼ਾ ₹ 2,61,281 ਕਰੋੜ (ਜੀ ਐਸ ਡੀ ਪੀ ਦਾ 44.74 *ਪ੍ਰਤੀਸ਼ਤ*) ਸੀ।

**[ਪੈਰ੍ਹਾ 2.6.1]**

ਬਕਾਇਆ ਜਨਤਕ ਕਰਜ਼ਾ 2017-18 ਵਿੱਚ ₹ 1,64,802.98 ਕਰੋੜ ਤੋਂ 36.40 *ਪ੍ਰਤੀਸ਼ਤ* ਨਾਲ ਵਧ ਕੇ 2021-22 ਵਿੱਚ ₹ 2,24,799.18 ਕਰੋੜ ਹੋ ਗਿਆ। ਕਰਜ਼ਾ ਮੁੜ-ਅਦਾਇਗੀਆਂ ਦੀ ਕਰਜ਼ਾ ਪ੍ਰਾਪਤੀਆਂ ਨੂੰ ਪ੍ਰਤੀਸ਼ਤਤਾ 2017-18 ਵਿੱਚ 76.02 *ਪ੍ਰਤੀਸ਼ਤ* ਤੋਂ ਘਟ ਕੇ 2021-22 ਵਿੱਚ 67.07 *ਪ੍ਰਤੀਸ਼ਤ* ਰਹਿ ਗਈ। 2017-22 ਦੌਰਾਨ ਵਿਆਜ ਅਦਾਇਗੀਆਂ ਦੀ ਰੈਵੀਨਿਊ ਪ੍ਰਾਪਤੀਆਂ ਨੂੰ ਰੇਸ਼ੋ 21.69 *ਪ੍ਰਤੀਸ਼ਤ* ਅਤੇ 25.08 *ਪ੍ਰਤੀਸ਼ਤ* ਦੀ ਰੇਂਜ ਵਿਚਕਾਰ ਰਹੀ।

**[ਪੈਰ੍ਹਾ 2.7]**

ਸਾਲ ਦੇ ਅਖੀਰ ਤੇ ਆਮ ਕੈਸ਼ ਬਕਾਇਆ ₹ 2,367.35 ਕਰੋੜ ਸੀ। ਸਾਲ 2021-22 ਲਈ ਅੰਤਿਮ ਕੈਸ਼ ਬਕਾਇਆ ₹ 9,508.58 ਕਰੋੜ ਦੇ ਚਿੰਨ੍ਹਤ ਰਾਖਵੇਂ ਫੰਡਾਂ ਦੇ ਬਰਾਬਰ ਵੀ ਨਹੀ ਸੀ ਜਿਸ ਦਾ ਅਰਥ ਹੈ ਕਿ ਰਾਖਵੇਂ ਫੰਡ ਚਿਤਵੇ ਗਏ ਮੰਤਵ ਦੀ ਬਜਾਏ ਕਿਤੇ ਹੋਰ ਵਰਤੇ ਗਏ ਸਨ।

**[ਪੈਰ੍ਹਾ 2.7.3 ]**

## ਅਧਿਆਇ-III: ਬਜਟਰੀ ਪ੍ਰਬੰਧਨ

ਸਾਲ ਦੌਰਾਨ ਰਾਜ ਸਰਕਾਰ ਦੀ ਬਜਟਰੀ ਪ੍ਰਕ੍ਰਿਆ ਚੰਗੀ ਨਹੀਂ ਰਹੀ ਅਤੇ ਕਈ ਗ੍ਰਾਂਟਾਂ ਅਧੀਨ ਬੱਚਤਾਂ ਸਨ। ₹ 3,492.28 ਕਰੋੜ ਦਾ ਖਰਚਾ ਬਜਟ ਵਿੱਚ ਵਿਵਸਥਾ ਕਰਨ ਤੋਂ ਬਗੈਰ ਕੀਤਾ ਗਿਆ ਸੀ। 24 ਮਾਮਲਿਆਂ ਵਿੱਚ, ਪੁਨਰ ਨਿਮਿੱਤਣ ਆਦੇਸ਼ਾਂ ਦੁਆਰਾ ਫੰਡਾਂ ਦੇ ਉਪਬੰਧ ਵਿੱਚ ਵਾਧਾ ਗੈਰ ਜ਼ਰੂਰੀ ਸਾਬਤ ਹੋਇਆ ਕਿਉਂਕਿ ਖਰਚਾ ਬਜਟ ਉਪਬੰਧਾਂ ਦੇ ਪੱਧਰ ਤੱਕ ਵੀ ਨਹੀਂ ਹੋਇਆ ਸੀ। ₹ 10,794.86 ਕਰੋੜ ਦੀਆਂ ਪੂਰਵ ਅਨੁਮਾਨਿਤ ਬੱਚਤਾਂ ਸਪੁਰਦ ਨਹੀਂ ਕੀਤੀਆਂ ਗਈਆਂ ਸਨ ਅਤੇ ਇਸ ਤਰਾਂ ਇਨ੍ਹਾਂ ਫੰਡਾਂ ਦੀ ਹੋਰ ਵਿਕਾਸਮਈ ਮੰਤਵਾਂ ਲਈ ਵਰਤੋਂ ਦੀ ਗੁੰਜਾਇਸ਼ ਨਹੀਂ ਛੱਡੀ ਗਈ ਸੀ। 2015-20 ਦੌਰਾਨ ₹ 37,737.49 ਕਰੋੜ ਦੇ ਕੀਤੇ ਗਏ ਵਾਧੂ ਖਰਚੇ ਦੀ ਨਿਯਮਤਤਾ ਕਰਵਾਉਣੀ ਲੋੜੀਂਦੀ ਸੀ।

**[ਪੈਰ੍ਹਾ 3.3.1, 3.3.4, 3.3.5 ਤੇ 3.3.6.3]**

ਸਾਲ 2021-22 ਦੌਰਾਨ ₹ 1,79,405.00 ਕਰੋੜ ਦੇ ਕੁੱਲ ਬਜਟ ਉਪਬੰਧ ਦੇ ਵਿੱਰੁਧ ₹ 1,26,570.48 ਕਰੋੜ ਦਾ ਖਰਚਾ ਕੀਤਾ ਗਿਆ ਸੀ ਜਿਸਦੇ ਨਤੀਜੇ ਵਜੋਂ ₹ 52,834.52 ਕਰੋੜ ਦੀਆਂ ਕੁੱਲ ਬੱਚਤਾਂ ਹੋਈਆਂ ਸਨ। ਕੁੱਲ ਬੱਚਤਾਂ ਵਿਚੋਂ ਸਾਲ ਦੌਰਾਨ ₹ 42,039.66 ਕਰੋੜ (ਬੱਚਤਾਂ ਦਾ 79.57 *ਪ੍ਰਤੀਸ਼ਤ*) ਦੀ ਰਾਸ਼ੀ ਸਪੁਰਦ ਕੀਤੀ ਗਈ ਸੀ। ਸਾਰੀਆਂ ਸਪੁਰਦਗੀਆਂ ਸਾਲ ਦੇ ਅਖੀਰਲੇ ਦਿਨ ਕੀਤੀਆਂ ਗਈਆਂ ਸਨ।

**[ਪੈਰ੍ਹਾ 3.4.1]**

## ਅਧਿਆਇ-IV: ਲੇਖਿਆਂ ਦੀ ਗੁਣਵੱਤਾ ਅਤੇ ਵਿੱਤੀ ਰਿਪੋਰਟਿੰਗ ਦੇ ਪ੍ਰਚਲਨ

ਇਥੋਂ ਤੱਕ ਕਿ ₹ 1,800.45 ਕਰੋੜ ਦੀ ਰਾਸ਼ੀ ਦੀਆਂ ਗ੍ਰਾਂਟਾਂ ਦੇ 277 ਵਰਤੋਂ ਸਰਟੀਫਿਕੇਟ ਵਿਭਾਗਾਂ ਵੱਲੋਂ ਭੇਜੇ ਜਾਣੇ ਬਕਾਇਆ ਸਨ। ਰਾਜ ਸਰਕਾਰ ਇਹ ਸਮੀਖਿਆ ਕਰ ਸਕਦੀ ਹੈ ਕਿ ਕੀ ਵਰਤੋਂ ਸਰਟੀਫੀਕੇਟਾਂ ਦੇ ਜ਼ਿਆਦਾ ਬਕਾਇਆਂ ਵਾਲੇ ਵਿਭਾਗਾਂ ਨੂੰ ਉਨ੍ਹਾਂ ਵਲੋਂ ਹੋਰ ਗ੍ਰਾਂਟਾਂ ਦੇਣੀਆਂ ਜਾਰੀ ਰੱਖਣੀਆਂ ਚਾਹੀਦੀਆਂ ਹਨ ਕਿ ਨਹੀਂ।

**[ਪੈਰ੍ਹਾ 4.4]**

ਇਥੋਂ ਤੱਕ ਕਿ 31 ਮਾਰਚ 2022 ਨੂੰ ₹ 4,081.62 ਕਰੋੜ ਦੇ 1,675 ਐਬਸਟਰੈਕਟ ਕੰਟੀਜੈਂਟ ਬਿਲ ਸਮਾਯੋਜਨ ਦੀ ਉਡੀਕ ਵਿੱਚ ਪਏ ਸਨ। ਕਢਵਾਈਆਂ ਗਈਆਂ ਪਰ ਲੇਖਿਆਂ ਵਿੱਚ ਨਾ ਲਈਆਂ ਗਈਆਂ ਪੇਸ਼ਗੀਆਂ ਨੇ ਬਰਬਾਦੀ/ਕੁਵਰਤੋਂ/ ਭ੍ਰਿਸ਼ਟਾਚਾਰ ਦੀ ਸੰਭਾਵਨਾ ਵਿੱਚ ਵਾਧਾ ਕੀਤਾ।

**[ਪੈਰ੍ਹਾ 4.5]**

ਰਾਜ ਸਰਕਾਰ ਨੇ ਭਾਰਤ ਸਰਕਾਰ ਦੇ ਲੇਖਾ ਮਿਆਰਾਂ (ਆਈ ਜੀ ਏ ਐਸ)-2: ਸਹਾਇਤਾ ਗ੍ਰਾਂਟਾਂ ਦੀ ਲੇਖਾਬੱਧਤਾ ਤੇ ਵਰਗੀਕਰਣ; ਅਤੇ ਆਈ ਜੀ ਏ ਐਸ-3: ਸਰਕਾਰ ਵੱਲੋਂ ਦਿੱਤੇ ਕਰਜ਼ੇ ਅਤੇ ਪੇਸ਼ਗੀਆਂ ਦੀ ਪਾਲਣਾ ਨਹੀ ਕੀਤੀ। ਸਰਕਾਰ ਵੱਲੋਂ ਵਸਤਾਂ ਦੇ ਰੂਪ ਵਿੱਚ ਦਿੱਤੀਆਂ ਗਈਆਂ ਸਹਾਇਤਾ ਗ੍ਰਾਂਟਾਂ ਦੇ ਕੁੱਲ ਮੁੱਲ ਦਾ ਪ੍ਰਗਟਾਵਾ ਨਹੀ ਕੀਤਾ ਕੀਤਾ ਗਿਆ ਸੀ, ਕਿਉਂਜੋ ਰਾਜ

ਸਰਕਾਰ ਵਲੋਂ ਲੋੜੀਂਦੀ ਸੂਚਨਾ ਮੁਹੱਈਆ ਨਹੀਂ ਕਰਵਾਈ ਗਈ ਸੀ। ਇਸ ਤੋਂ ਇਲਾਵਾ 31 ਮਾਰਚ 2022 ਤੱਕ ਰਾਜ ਸਰਕਾਰ ਵੱਲੋਂ ਦਿੱਤੇ ਕਰਜ਼ੇ ਅਤੇ ਪੇਸ਼ਗੀਆਂ ਦੇ ਬਕਾਏ ਦਾ ਕਰਜ਼ਾ ਪ੍ਰਾਪਤ ਇਕਾਈਆਂ/ਰਾਜ ਸਰਕਾਰ ਦੁਆਰਾ ਮਿਲਾਨ ਕਰਨਾ ਵੀ ਜ਼ਰੂਰੀ ਹੈ।

**[ਪੈਰ੍ਹਾ 4.10]**

ਪੰਜ ਖੁਦਮੁਖਤਿਆਰ ਸੰਗਠਨਾਂ ਵਲੋਂ 15 ਸਲਾਨਾ ਲੇਖੇ, ਲੇਖਾ ਪ੍ਰੀਖਿਆ ਨੂੰ ਪੇਸ਼ ਕਰਨ ਵਿੱਚ ਦੇਰੀ ਹੋਈ ਸੀ।

**[ਪੈਰ੍ਹਾ 4.11]**

ਕੁਵਰਤੋਂ, ਨੁਕਸਾਨ, ਚੋਰੀ, ਆਦਿ ਦੇ ₹ 74.72 ਕਰੋੜ ਦੀ ਰਾਸ਼ੀ ਦੇ 37 ਮਾਮਲੇ ਉਚਿਤ ਕਾਰਵਾਈ ਕਰਨ ਲਈ ਬਕਾਇਆਂ ਸਨ।

**[ਪੈਰ੍ਹਾ 4.13]**

## ਅਧਿਆਇ–V: ਰਾਜ ਜਨਤਕ ਖੇਤਰ ਦੇ ਅਦਾਰੇ

31 ਮਾਰਚ 2022 ਨੂੰ ਸੀ ਏ ਜੀ ਦੇ ਲੇਖਾ ਪ੍ਰੀਖਿਆ ਅਧਿਕਾਰ ਖੇਤਰ ਅਧੀਨ ਚਾਰ ਅਧਿਨਿਯਮਿਕ ਕਾਰਪੋਰੇਸ਼ਨਾਂ ਅਤੇ 42 ਸਰਕਾਰੀ ਕੰਪਨੀਆਂ (16 ਗੈਰ ਕਾਰਜਸ਼ੀਲ ਸਰਕਾਰੀ ਕੰਪਨੀਆਂ ਸਮੇਤ) ਅਤੇ ਤਿੰਨ ਸਰਕਾਰ ਦੇ ਕੰਟਰੋਲ ਵਾਲੀਆਂ ਹੋਰ ਕੰਪਨੀਆਂ (ਜੀ ਸੀ ਓ ਸੀਜ਼) ਸਮੇਤ ਪੰਜਾਬ ਵਿੱਚ 49 ਐਸ ਪੀ ਐਸ ਈਜ਼ ਸਨ।

[ਪੈਰ੍ਹਾ 5.3]

ਬਾਰਾਂ ਐਸ ਪੀ ਐਸ ਈਜ਼ ਵੱਲੋਂ ਕਮਾਏ ਗਏ ₹ 1,710.77 ਕਰੋੜ ਦੇ ਕੁੱਲ ਲਾਭ ਵਿੱਚੋਂ 93.28 *ਪ੍ਰਤੀਸ਼ਤ* ਦਾ ਯੋਗਦਾਨ ਸਿਰਫ ਤਿੰਨ ਐਸ ਪੀ ਐਸ ਈਜ਼ ਵੱਲੋਂ ਪਾਇਆ ਗਿਆ ਸੀ। 17 ਐਸ ਪੀ ਐਸ ਈਜ਼ ਵੱਲੋਂ ਝੱਲੇ ਗਏ ₹ 440.87 ਕਰੋੜ ਦੇ ਕੁੱਲ ਘਾਟੇ ਵਿੱਚੋਂ ₹ 396.30 ਕਰੋੜ ਦੇ ਘਾਟੇ ਦਾ ਯੋਗਦਾਨ ਤਿੰਨ ਖੇਤੀਬਾੜੀ ਅਤੇ ਸਹਾਇਕ ਐਸ ਪੀ ਐਸ ਈਜ਼ ਵੱਲੋਂ ਕੀਤਾ ਗਿਆ ਸੀ।

[ਪੈਰ੍ਹਾ 5.5.1 ਅਤੇ 5.8.1]

ਐਸ ਪੀ ਐਸ ਈਜ਼ ਵੱਲੋਂ ਉਨ੍ਹਾਂ ਦੀਆਂ ਵਿੱਤੀ ਵਿਵਰਣੀਆ ਭੇਜਣ ਸਬੰਧੀ ਨਿਰਧਾਰਤ ਸਮਾਂ– ਸੀਮਾਂ ਦੀ ਪਾਲਣਾ ਨਹੀਂ ਕੀਤੀ ਜਾ ਰਹੀ ਸੀ। ਸਿੱਟੇ ਵੱਜੋਂ 40 ਐਸ ਪੀ ਐਸ ਈਜ਼ ਦੇ 212 ਲੇਖੇ ਬਕਾਏ ਵਿੱਚ ਸਨ।

[ਪੈਰ੍ਹਾ 5.11.2 ਅਤੇ 5.11.3]

ਐਸ ਪੀ ਐਸ ਈਜ਼ ਦੀਆਂ ਵਿੱਤੀ ਵਿਵਰਣੀਆਂ 'ਤੇ ਸੀ ਏ ਜੀ ਦੀਆਂ ਟਿੱਪਣੀਆਂ ਦਾ ਪ੍ਰਭਾਵ ਲਾਭਕਾਰੀ ਉੱਤੇ ₹ 1,639.47 ਕਰੋੜ ਅਤੇ ਵਿੱਤੀ ਸਥਿਤੀ ਉੱਤੇ ₹ 354.88 ਕਰੋੜ ਦੀ ਰਾਸ਼ੀ ਦਾ ਸੀ।

[ਪੈਰ੍ਹਾ 5.13.4]

# ਅਧਿਆਇ-I

## ਝਲਕ

# ਅਧਿਆਇ-I

# ਝਲਕ

## 1.1 ਰਾਜ ਦੀ ਰੂਪ ਰੇਖਾ

ਪੰਜਾਬ ਮੁੱਖ ਤੌਰ ਤੇ ਇੱਕ ਖੇਤੀਬਾੜੀ ਪ੍ਰਧਾਨ ਰਾਜ ਹੈ। ਇਹ ਰਾਜ ਭਾਰਤ ਦੇ ਉੱਤਰ ਪੱਛਮੀ ਕੋਣੇ ਵਿੱਚ ਸਥਿੱਤ ਹੈ। ਇਹ 50,362 ਵਰਗ ਕਿ.ਮੀ. ਦੇ ਭੂਗੋਲਿਕ ਖੇਤਰ ਵਿੱਚ ਫੈਲਿਆ ਹੋਇਆ ਹੈ ਅਤੇ ਖੇਤਰਫਲ ਅਨੁਸਾਰ ਰਾਜਾਂ ਵਿੱਚ ਇਸ ਦਾ 20ਵਾਂ ਦਰਜਾ ਹੈ। ਇਸ ਨੂੰ 23 ਜ਼ਿਲ੍ਹਿਆਂ ਵਿੱਚ ਸੰਗਠਿਤ ਕੀਤਾ ਗਿਆ ਹੈ। ਇਨ੍ਹਾਂ ਜ਼ਿਲ੍ਹਿਆਂ ਨੂੰ ਅੱਗੇ 97 ਸਬ-ਡਿਵੀਜ਼ਨਾਂ, 153 ਬਲਾਕਾਂ ਅਤੇ 12,581 ਵਸੇ ਹੋਏ ਪਿੰਡਾਂ ਵਿੱਚ ਵੰਡਿਆ ਗਿਆ ਹੈ।

ਨੈਸ਼ਨਲ ਕਮਿਸ਼ਨ ਆਨ ਪੋਪੂਲੇਸ਼ਨ, ਸਿਹਤ ਅਤੇ ਪਰਿਵਾਰ ਭਲਾਈ ਮੰਤਰਾਲੇ ਦੀਆਂ ਜਨਸੰਖਿਆ ਦੀਆਂ ਪ੍ਰੋਜੈਕਸ਼ਨਾਂ ਅਨੁਸਾਰ, ਰਾਜ ਦੀ ਜਨਸੰਖਿਆ 3.05 ਕਰੋੜ ਸੀ ਜੋਕਿ ਦੇਸ਼ ਦੀ ਜਨਸੰਖਿਆ ਦਾ 2.22 *ਪ੍ਰਤੀਸ਼ਤ* ਹੈ ਅਤੇ ਜਨਸੰਖਿਆ ਦੇ ਹਿਸਾਬ ਨਾਲ ਰਾਜਾਂ ਵਿੱਚ ਇਸਦਾ 16ਵਾਂ ਦਰਜਾ ਹੈ। ਰਾਜ ਦੀ 606.31 ਵਿਅਕਤੀ ਪ੍ਰਤੀ ਵਰਗ ਕਿਲੋਮੀਟਰ ਦੀ ਜਨਸੰਖਿਆ ਘਣਤਾ, 418.43 ਵਿਅਕਤੀ ਪ੍ਰਤੀ ਵਰਗ ਕਿਲੋਮੀਟਰ ਦੀ ਰਾਸ਼ਟਰੀ ਔਸਤ ਜਨਸੰਖਿਆ ਘਣਤਾ ਨਾਲੋਂ ਵੱਧ ਸੀ। ਪ੍ਰਚੱਲਤ ਕੀਮਤਾਂ ਤੇ 2021-22 ਵਿੱਚ ਰਾਜ ਦਾ ਸਕਲ ਰਾਜ ਘਰੇਲੂ ਉਤਪਾਦ (ਜੀ ਐਸ ਡੀ ਪੀ), ₹ 5,84,042 ਕਰੋੜ ਸੀ। ਰਾਜ ਦੀ ਸਾਖਰਤਾ ਦਰ 75.80 *ਪ੍ਰਤੀਸ਼ਤ* (2011 ਦੀ ਜਨਗਣਨਾ ਅਨੁਸਾਰ) *(ਅੰਤਿਕਾ 1.1)* ਹੈ। ਸਾਲ 2021-22 ਲਈ ਰਾਜ ਦੀ ਪ੍ਰਤੀ ਵਿਅਕਤੀ ਆਮਦਨ ₹ 1,62,112 ਸੀ।

### 1.1.1 ਰਾਜ ਦਾ ਸਕਲ ਰਾਜ ਘਰੇਲੂ ਉਤਪਾਦ

ਸਕਲ ਰਾਜ ਘਰੇਲੂ ਉਤਪਾਦ (ਜੀ ਐਸ ਡੀ ਪੀ) ਇੱਕ ਦਿੱਤੇ ਹੋਏ ਸਮੇਂ ਦੀ ਮਿਆਦ ਵਿੱਚ ਰਾਜ ਦੀਆਂ ਸੀਮਾਵਾਂ ਦੇ ਅੰਦਰ ਪੈਦਾ ਕੀਤੇ ਜਾਣ ਵਾਲੀਆਂ ਸਾਰੀਆਂ ਵਸਤਾਂ ਅਤੇ ਸੇਵਾਵਾਂ ਦਾ ਮੁੱਲ ਹੈ। ਜੀ ਐਸ ਡੀ ਪੀ ਵਿੱਚ ਵਾਧਾ ਰਾਜ ਦੀ ਆਰਥਿਕਤਾ ਦਾ ਇਕ ਮੱਹਤਵਪੂਰਣ ਸੂਚਕ ਹੈ ਕਿਉਂਜੋ ਇਹ ਕਿਸੇ ਸਮੇਂ ਦੌਰਾਨ ਰਾਜ ਦੇ ਆਰਥਿਕ ਵਿਕਾਸ ਦੇ ਪੱਧਰ ਵਿੱਚ ਹੋਈਆਂ ਤਬਦੀਲੀਆਂ ਦੀ ਮਾਤਰਾ ਨੂੰ ਦਰਸਾਉਂਦਾ ਹੈ।

ਜੀ ਐਸ ਡੀ ਪੀ ਵਿੱਚ ਸੈਕਟਰਵਾਰ ਯੋਗਦਾਨ ਵਿੱਚ ਹੋਏ ਬਦਲਾਅ ਆਰਥਿਕਤਾ ਦੇ ਬਦਲਦੇ ਢਾਂਚੇ ਨੂੰ ਸਮਝਣ ਲਈ ਵੀ ਮਹੱਤਵਪੂਰਣ ਹਨ। ਆਰਥਿਕ ਗਤੀਵਿਧੀ ਨੂੰ ਆਮ ਤੌਰ ਤੇ ਪ੍ਰਾਇਮਰੀ, ਸੈਕੰਡਰੀ ਅਤੇ ਟੈਰਸ਼ਿਅਰੀ ਸੈਕਟਰਾਂ ਵਿੱਚ ਵੰਡਿਆ ਜਾਂਦਾ ਹੈ, ਜੋਕਿ ਖੇਤੀਬਾੜੀ, ਉਦਯੋਗ ਅਤੇ ਸੇਵਾ ਸੈਕਟਰ ਨਾਲ ਸਬੰਧਤ ਹਨ।

ਸਾਲ 2017-18 ਤੋਂ 2021-22 ਦੇ ਸਮੇ ਦੌਰਾਨ, ਜੀ ਡੀ ਪੀ ਦੀ ਤੁਲਨਾ ਵਿੱਚ ਜੀ ਐਸ ਡੀ ਪੀ ਵਿੱਚ ਰੁਝਾਨ ਨੂੰ **ਸਾਰਣੀ** 1.1 ਵਿੱਚ ਦਰਸਾਇਆ ਗਿਆ ਹੈ ਅਤੇ ਜੀ ਐਸ ਡੀ ਪੀ ਵਿੱਚ ਸੈਕਟਰਵਾਰ ਯੋਗਦਾਨ ਅਤੇ ਸੈਕਟਰਵਾਰ ਵਾਧੇ ਨੂੰ ਕ੍ਰਮਵਾਰ **ਚਾਰਟ** 1.1 ਅਤੇ **ਚਾਰਟ** 1.2 ਵਿੱਚ ਦਰਸਾਇਆ ਗਿਆ ਹੈ।

**ਸਾਰਣੀ 1.1: ਜੀ ਡੀ ਪੀ ਦੀ ਤੁਲਨਾ ਵਿੱਚ ਜੀ ਐਸ ਡੀ ਪੀ ਵਿੱਚ ਰੁਝਾਨ**

(ਪ੍ਰਚੱਲਤ ਕੀਮਤਾਂ 'ਤੇ)

***(₹ ਕਰੋੜ ਵਿੱਚ)***

| ਸਾਲ | 2017-18 | 2018-19 | 2019-20 | 2020-21 | 2021-22 |
|---|---|---|---|---|---|
| ਜੀ ਡੀ ਪੀ (2011-12 ਦੀ ਲੜੀ) | 1,70,90,042 | 1,88,99,668 ਤੀਸਰਾ ਆਰ ਈ | 2,00,74,856 ਦੂਜਾ ਆਰ ਈ | 1,98,00,914 ਪਹਿਲਾ ਆਰ ਈ | 2,36,64,637 ਪੀ ਈ |
| ਪਿਛਲੇ ਸਾਲ ਦੀ ਤੁਲਨਾ ਵਿੱਚ ਜੀ ਡੀ ਪੀ ਦੀ ਵਿਕਾਸ ਦਰ (*ਪ੍ਰਤੀਸ਼ਤ* ਵਿੱਚ) | 16.60 | 10.59 | 6.22 | (-)1.36 | 19.51 |
| ਜੀ ਐਸ ਡੀ ਪੀ (2011-12 ਦੀ ਲੜੀ) | 4,71,014 | 5,12,510 | 5,37,031 | 5,32,555 (ਕਿਊ) | 5,84,042 (ਏ) |
| ਪਿਛਲੇ ਸਾਲ ਨਾਲੋਂ ਜੀ ਐਸ ਡੀ ਪੀ ਦੀ ਵਿਕਾਸ ਦਰ (*ਪ੍ਰਤੀਸ਼ਤ* ਵਿੱਚ) | 10.31 | 8.81 | 4.78 | (-) 0.83 | 9.67 |

*ਸ੍ਰੋਤ: ਆਰਥਿਕ ਅਤੇ ਅੰਕੜਾ ਸੰਗਠਨ (ਈ ਐਸ ਓ), ਪੰਜਾਬ ਸਰਕਾਰ ਅਤੇ ਰਾਸ਼ਟਰੀ ਅੰਕੜਾ ਦਫਤਰ, ਅੰਕੜਾ ਅਤੇ ਪ੍ਰੋਗਰਾਮ ਲਾਗੂਕਰਣ ਮੰਤਰਾਲਾ, ਭਾਰਤ ਸਰਕਾਰ*
*ਆਰ ਈ- ਰਿਵਾਇਜ਼ਡ ਅਨੁਮਾਨ, ਪੀ ਈ-ਪ੍ਰੋਵਿਜ਼ਨਲ ਅਨੁਮਾਨ, ਕਿਊ-ਕਵਿੱਕ ਅਨੁਮਾਨ ਅਤੇ ਏ- ਅਡਵਾਂਸ ਅਨੁਮਾਨ*

**ਚਾਰਟ 1.1: ਜੀ ਐਸ ਡੀ ਪੀ ਨੂੰ ਸੈਕਟਰਵਾਰ ਯੋਗਦਾਨ ਵਿੱਚ ਬਦਲਾਅ (2017-18 ਤੋਂ 2021-22)**




*ਸ੍ਰੋਤ:ਆਰਥਿਕ ਅਤੇ ਅੰਕੜਾ ਸੰਗਠਨ, ਪੰਜਾਬ ਸਰਕਾਰ*

**ਚਾਰਟ 1.2: ਜੀ ਐਸ ਡੀ ਪੀ ਵਿੱਚ ਸੈਕਟਰਵਾਰ ਵਾਧਾ**




*ਸ੍ਰੋਤ: ਆਰਥਿਕ ਅਤੇ ਅੰਕੜਾ ਸੰਗਠਨ, ਪੰਜਾਬ ਸਰਕਾਰ*

ਚਾਰਟ 1.2 ਦਰਸਾਉਂਦਾ ਹੈ ਕਿ 2021-22 ਦੌਰਾਨ ਜੀ ਐਸ ਡੀ ਪੀ ਨੂੰ ਯੋਗਦਾਨ ਦੇਣ ਵਾਲੇ ਉਦਯੋਗ ਅਤੇ ਸੇਵਾ ਨਾਮਕ ਦੋ ਸੈਕਟਰਾਂ ਵਿੱਚ ਮਹੱਤਵਪੂਰਨ ਵਾਧਾ ਸੀ ਜਿਸਨੂੰ ਕਿ ਕੋਵਿਡ-19 ਮਹਾਂਮਾਰੀ ਉਪਰੰਤ ਆਰਥਿਕ ਗਤੀਵਿਧੀ ਦੀ ਬਹਾਲੀ ਕਰਕੇ ਹੋਇਆ ਦੱਸਿਆ ਗਿਆ ਸੀ। ਲਗਭਗ ਸਾਰੇ ਸੂਚਕ ਦਰਸਾਉਂਦੇ ਹਨ ਕਿ ਇਸ ਮਹਾਂਮਾਰੀ ਦੀ ਦੂਜੀ ਲਹਿਰ ਦਾ ਅਸਰ 2020-21 ਦੌਰਾਨ ਸੰਪੂਰਨ ਲਾਕਡਾਊਨ ਦੀ ਤੁਲਨਾ ਵਿੱਚ ਘੱਟ ਸੀ। ਉਤਪਾਦਨ, ਨਿਰਮਾਣ ਅਤੇ ਖਣਨ ਉਪ-ਸੈਕਟਰਾਂ ਦੇ ਉਥਾਨ ਨਾਲ ਉਦਯੋਗ ਸੈਕਟਰ ਵਿੱਚ ਤਿੱਖਾ ਵਾਧਾ ਹੋਇਆ। ਸੇਵਾ ਸੈਕਟਰ ਵਿੱਚ, ਵੱਖ-ਵੱਖ ਉਪ-ਸੈਕਟਰਾਂ ਦੀ ਕਾਰਗੁਜ਼ਾਰੀ ਵਿੱਚ ਵੱਡਾ ਪਾੜਾ ਸੀ। ਜਦੋਂਕਿ ਵਿੱਤ, ਅਚੱਲ ਜਾਇਦਾਦ ਅਤੇ ਲੋਕ ਪ੍ਰਸ਼ਾਸਨ ਸਾਰੇ ਹੀ ਕੋਵਿਡ-19 ਦੇ ਪਹਿਲਾਂ ਤੋਂ ਬਹੁਤ ਉਪਰ ਸਨ, ਪ੍ਰੰਤੂ ਯਾਤਰਾ, ਵਪਾਰ ਅਤੇ ਹੋਟਲ ਵਰਗੇ ਛੋਟੇ ਖੇਤਰਾਂ ਵਿੱਚ ਪੂਰੀ ਬਹਾਲੀ ਅਜੇ ਹੋਣੀ ਸੀ।

## 1.2 ਰਾਜ ਦੇ ਵਿੱਤਾਂ ਉੱਤੇ ਲੇਖਾ ਪ੍ਰੀਖਿਆ ਰਿਪੋਰਟ ਦਾ ਅਧਾਰ ਅਤੇ ਪਹੁੰਚ

ਭਾਰਤ ਦੇ ਸੰਵਿਧਾਨ ਦੇ ਅਨੁਛੇਦ 151(2) ਅਨੁਸਾਰ, ਕਿਸੇ ਰਾਜ ਦੇ ਲੇਖਿਆਂ ਨਾਲ ਸਬੰਧਤ ਭਾਰਤ ਦੇ ਲੇਖਾ ਨਿਰੀਖਕ ਅਤੇ ਮਹਾਂ ਲੇਖਾ ਪਰੀਖਕ (ਸੀ ਏ ਜੀ) ਦੀਆਂ ਰਿਪੋਰਟਾਂ ਰਾਜ ਦੇ ਰਾਜਪਾਲ ਨੂੰ ਪੇਸ਼ ਕੀਤੀਆਂ ਜਾਣੀਆਂ ਹਨ, ਜੋ ਕਿ ਇਨ੍ਹਾਂ ਰਿਪੋਰਟਾਂ ਨੂੰ ਰਾਜ ਦੀ ਵਿਧਾਨਪਾਲਿਕਾ ਦੇ ਸਨਮੁੱਖ ਪੇਸ਼ ਕਰਵਾਉਣਗੇ। ਰਾਜ ਦੇ ਵਿੱਤਾਂ ਉੱਤੇ ਲੇਖਾ ਪ੍ਰੀਖਿਆ ਰਿਪੋਰਟ (ਐਸ ਐਫ ਏ ਆਰ) ਭਾਰਤ ਦੇ ਸੰਵਿਧਾਨ ਦੇ ਉਕਤ ਅਨੁਛੇਦ ਅਧੀਨ ਬਣਾਈ ਅਤੇ ਪੇਸ਼ ਕੀਤੀ ਜਾਂਦੀ ਹੈ।

ਮਹਾਂ ਲੇਖਾਕਾਰ (ਲੇਖਾ ਤੇ ਹੱਕਦਾਰੀ) ਦੁਆਰਾ ਰਾਜ ਸਰਕਾਰ ਦੇ ਕੰਟਰੋਲ ਅਧੀਨ ਕੰਮ ਕਰ ਰਹੇ ਖਜ਼ਾਨਿਆਂ ਅਤੇ ਅਜਿਹੇ ਲੇਖੇ ਰੱਖਣ ਲਈ ਜ਼ਿੰਮੇਵਾਰ ਦਫਤਰਾਂ ਅਤੇ ਵਿਭਾਗਾਂ ਵਲੋਂ ਭੇਜੇ ਵਾਊਚਰਾਂ, ਚਲਾਨਾਂ ਅਤੇ ਆਰੰਭਿਕ ਤੇ ਸਹਾਇਕ ਲੇਖਿਆਂ ਅਤੇ ਭਾਰਤੀ ਰਿਜ਼ਰਵ ਬੈਂਕ ਕੋਲੋਂ ਪ੍ਰਾਪਤ ਵਿਵਰਣੀਆਂ ਤੋਂ ਰਾਜ ਦੇ ਸਲਾਨਾ ਵਿੱਤ ਲੇਖੇ ਅਤੇ ਨਿਮਿੱਤਣ ਲੇਖੇ ਬਣਾਏ ਜਾਂਦੇ ਹਨ। ਇਨ੍ਹਾਂ ਲੇਖਿਆਂ ਦੀ ਪ੍ਰਧਾਨ ਮਹਾਂ ਲੇਖਾਕਾਰ (ਲੇਖਾ ਪ੍ਰੀਖਿਆ) ਦੁਆਰਾ ਨਿਰਪੱਖ ਤੌਰ ਤੇ ਲੇਖਾ ਪ੍ਰੀਖਿਆ ਕੀਤੀ ਜਾਂਦੀ ਹੈ ਅਤੇ ਇਨਾਂ ਨੂੰ ਸੀ ਏ ਜੀ ਦੁਆਰਾ ਪ੍ਰਮਾਣਿਤ ਕੀਤਾ ਜਾਂਦਾ ਹੈ।

ਰਾਜ ਦੇ ਵਿੱਤ ਲੇਖੇ ਅਤੇ ਨਿਮਿੱਤਣ ਲੇਖੇ ਇਸ ਰਿਪੋਰਟ ਲਈ ਮੁੱਖ ਡਾਟਾ ਹਨ। ਹੋਰ ਸ੍ਰੋਤਾਂ ਵਿੱਚ ਹੇਠ ਲਿਖਤ ਸ਼ਾਮਲ ਹਨ:

- ਰਾਜ ਦਾ ਬਜਟ: ਪ੍ਰੋਜੈਕਸ਼ਨਾਂ ਦੀ ਤੁਲਨਾ ਵਿੱਚ ਵਿੱਤੀ ਮਾਪਦੰਡਾਂ ਅਤੇ ਵੰਡ ਤਰਜੀਹਾਂ ਦਾ ਮੁਲਾਂਕਣ ਕਰਨ ਲਈ ਅਤੇ ਇਸ ਦੇ ਨਾਲ ਨਾਲ ਇਸ ਦੇ ਲਾਗੂਕਰਣ ਦੀ ਪ੍ਰਭਾਵਿਕਤਾ ਅਤੇ ਸਬੰਧਤ ਨਿਯਮਾਂ ਅਤੇ ਨਿਰਧਾਰਤ ਪ੍ਰਕ੍ਰਿਆਵਾਂ ਦੀ ਪਾਲਣਾ ਦਾ ਮੁਲਾਂਕਣ ਕਰਨ ਲਈ;
- ਪ੍ਰਧਾਨ ਮਹਾਂ ਲੇਖਾਕਾਰ (ਲੇਖਾ ਪ੍ਰੀਖਿਆ) ਦੇ ਦਫਤਰ ਦੁਆਰਾ ਕੀਤੀ ਗਈ ਲੇਖਾ ਪ੍ਰੀਖਿਆ ਦੇ ਨਤੀਜੇ;
- ਵਿਭਾਗੀ ਅਥਾਰਟੀਆਂ ਅਤੇ ਖਜ਼ਾਨਿਆਂ ਦਾ ਹੋਰ ਡਾਟਾ (ਲੇਖਾ ਅਤੇ ਇਸ ਦੇ ਨਾਲ ਨਾਲ ਐਮ ਆਈ ਐਸ);
- ਜੀ ਐਸ ਡੀ ਪੀ ਦਾ ਡਾਟਾ ਅਤੇ ਰਾਜ ਨਾਲ ਸਬੰਧਤ ਹੋਰ ਅੰਕੜੇ; ਅਤੇ
- ਭਾਰਤ ਦੇ ਸੀ ਏ ਜੀ ਦੀਆਂ ਵੱਖ ਵੱਖ ਲੇਖਾ ਪ੍ਰੀਖਿਆ ਰਿਪੋਰਟਾਂ ।

ਇਹ ਵਿਸ਼ਲੇਸ਼ਣ ਚੌਦਵੇਂ ਵਿੱਤ ਕਮਿਸ਼ਨ (14ਵੇਂ ਐਫ ਸੀ), ਪੰਦਰਵੇਂ ਵਿੱਤ ਕਮਿਸ਼ਨ (15ਵੇਂ ਐਫ ਸੀ) ਦੀਆਂ ਸਿਫਾਰਸ਼ਾਂ, ਰਾਜ ਵਿੱਤੀ ਜ਼ਿੰਮੇਵਾਰੀ ਅਤੇ ਬਜਟ ਪ੍ਰਬੰਧਨ (ਐਫ ਆਰ ਬੀ ਐਮ) ਐਕਟ 2003, ਭਾਰਤ ਸਰਕਾਰ (ਜੀ ਓ ਆਈ) ਦੇ ਸਰਵੋਤਮ ਪ੍ਰਚਲਨਾਂ ਅਤੇ ਦਿਸ਼ਾ ਨਿਰਦੇਸ਼ਾਂ ਦੇ ਪ੍ਰਸੰਗ ਵਿੱਚ ਵੀ ਕੀਤਾ ਗਿਆ ਹੈ।

ਇਸ ਰਿਪੋਰਟ ਦੇ ਅਧਿਆਇ I ਤੋਂ V ਤੱਕ ਦੇ ਲੇਖਾ ਪ੍ਰੀਖਿਆ ਵਿਸ਼ਲੇਸ਼ਣ/ਲੱਭਤਾਂ ਦੀ ਚਰਚਾ ਪ੍ਰਮੁੱਖ ਸਕੱਤਰ, ਵਿੱਤ ਵਿਭਾਗ, ਪੰਜਾਬ ਨਾਲ ਹੋਈ ਇੱਕ ਬੈਠਕ (ਦਸੰਬਰ 2022) ਵਿੱਚ ਕੀਤੀ ਗਈ ਸੀ। ਬੈਠਕ ਵਿੱਚ ਦਿੱਤੇ ਗਏ ਅਤੇ ਦਸੰਬਰ 2022 ਵਿੱਚ ਰਾਜ ਸਰਕਾਰ ਤੋਂ ਪ੍ਰਾਪਤ ਹੋਏ ਉੱਤਰਾਂ ਨੂੰ ਰਿਪੋਰਟ ਵਿੱਚ ਢੁਕਵੇਂ ਤਰੀਕੇ ਨਾਲ ਸ਼ਾਮਲ ਕਰ ਲਿਆ ਗਿਆ ਹੈ।

## 1.3 ਰਿਪੋਰਟ ਦੀ ਬਣਤਰ

ਐਸ ਐਫ ਏ ਆਰ ਹੇਠਾਂ ਦਿੱਤੇ ਗਏ ਪੰਜ ਅਧਿਆਇਆਂ ਵਿੱਚ ਬਣਾਈ ਗਈ ਹੈ :-

| | |
|---|---|
| **ਅਧਿਆਇ-I** | **ਝਲਕ**<br>ਇਹ ਅਧਿਆਇ ਰਿਪੋਰਟ ਦੇ ਅਧਾਰ ਅਤੇ ਪਹੁੰਚ ਅਤੇ ਇਸ ਦੇ ਬੁਨਿਆਦੀ ਡਾਟੇ ਦਾ ਵਰਣਨ ਕਰਦਾ ਹੈ, ਸਰਕਾਰੀ ਲੇਖਿਆਂ ਦੀ ਬਣਤਰ, ਬਜਟਰੀ ਪ੍ਰਕਿਰਿਆਵਾਂ, ਪ੍ਰਮੁੱਖ ਸੂਚਕਾਂ ਦੇ ਮੈਕਰੋ-ਵਿੱਤੀ ਵਿਸ਼ਲੇਸ਼ਣ ਅਤੇ ਘਾਟੇ/ਵਾਧੇ ਸਮੇਤ ਰਾਜ ਦੀ ਵਿੱਤੀ ਸਥਿਤੀ ਦੀ ਇੱਕ ਝਲਕ ਮੁਹੱਈਆ ਕਰਵਾਉਂਦਾ ਹੈ। |
| **ਅਧਿਆਇ -II** | **ਰਾਜ ਦੇ ਵਿੱਤ**<br>ਇਹ ਅਧਿਆਇ ਰਾਜ ਦੇ ਵਿੱਤ ਲੇਖਿਆਂ ਦੇ ਅਧਾਰ ਤੇ ਰਾਜ ਦੇ ਵਿੱਤਾਂ ਦਾ ਇੱਕ ਵਿਆਪਕ ਦ੍ਰਿਸ਼ ਮੁਹੱਈਆ ਕਰਵਾਉਂਦਾ ਹੈ, ਪਿਛਲੇ ਸਾਲ ਦੀ ਤੁਲਨਾ ਵਿੱਚ ਵੱਡੇ ਵਿੱਤੀ ਜੋੜਾਂ ਵਿੱਚ ਹੋਈਆਂ ਮਹੱਤਵਪੂਰਣ ਤਬਦੀਲੀਆਂ, ਸਾਲ 2017-18 ਤੋਂ 2021-22 ਦੌਰਾਨ ਸਮੁੱਚੇ ਰੁਝਾਨ, ਰਾਜ ਦੇ ਕਰਜ਼ੇ ਦੀ ਰੂਪ ਰੇਖਾ ਅਤੇ ਲੋਕ ਲੇਖੇ ਦੇ ਮੁੱਖ ਕਾਰਵਿਹਾਰਾਂ ਦਾ ਵਿਸ਼ਲੇਸ਼ਣ ਕਰਦਾ ਹੈ। |

| | |
|---|---|
| **ਅਧਿਆਇ –III** | **ਬਜਟਰੀ ਪ੍ਰਬੰਧਨ**<br>ਇਹ ਅਧਿਆਇ ਰਾਜ ਦੇ ਨਿਮਿੱਤਣ ਲੇਖਿਆ ਤੇ ਅਧਾਰਿਤ ਹੈ ਅਤੇ ਰਾਜ ਸਰਕਾਰ ਦੇ ਨਿਮਿੱਤਣਾਂ ਅਤੇ ਵੰਡ ਤਰਜੀਹਾਂ ਦੀ ਸਮੀਖਿਆ ਕਰਦਾ ਹੈ ਅਤੇ ਬਜਟਰੀ ਪ੍ਰਬੰਧਨ ਨਾਲ ਸਬੰਧਤ ਸੰਵਿਧਾਨਿਕ ਉਪਬੰਧਾਂ ਦੀਆਂ ਉਲੰਘਣਾਵਾਂ 'ਤੇ ਰਿਪੋਰਟ ਕਰਦਾ ਹੈ। |
| **ਅਧਿਆਇ–IV** | **ਲੇਖਿਆਂ ਦੀ ਗੁਣਵੱਤਾ ਅਤੇ ਵਿੱਤੀ ਰਿਪੋਰਟਿੰਗ ਦੇ ਪ੍ਰਚਲਨ**<br>ਇਹ ਅਧਿਆਇ ਰਾਜ ਸਰਕਾਰ ਦੀਆਂ ਵੱਖ ਵੱਖ ਅਥਾਰਟੀਆਂ ਦੁਆਰਾ ਪੇਸ਼ ਕੀਤੇ ਗਏ ਲੇਖਿਆਂ ਦੀ ਗੁਣਵੱਤਾ ਅਤੇ ਨਿਰਧਾਰਤ ਵਿੱਤੀ ਨਿਯਮਾਂ ਅਤੇ ਵਿਨਿਯਮਾਂ ਦੀ ਰਾਜ ਸਰਕਾਰ ਦੇ ਵੱਖ ਵੱਖ ਵਿਭਾਗਾਂ ਦੇ ਕਰਮਚਾਰੀਆਂ ਦੁਆਰਾ ਪਾਲਣਾ ਨਾ ਕਰਨ ਦੇ ਮਾਮਲਿਆਂ 'ਤੇ ਟਿੱਪਣੀ ਕਰਦਾ ਹੈ। |
| **ਅਧਿਆਇ–V** | **ਰਾਜ ਜਨਤਕ ਖੇਤਰ ਦੇ ਅਦਾਰੇ**<br>ਇਹ ਅਧਿਆਇ ਸਰਕਾਰੀ ਕੰਪਨੀਆਂ, ਵਿਧਾਨਕ ਕਾਰਪੋਰੇਸ਼ਨਾਂ, ਅਤੇ ਸਰਕਾਰ ਦੇ ਕੰਟਰੋਲ ਵਾਲੀਆਂ ਹੋਰ ਕੰਪਨੀਆਂ ਦੀ ਵਿੱਤੀ ਕਾਰਗੁਜ਼ਾਰੀ ਜਿਵੇਂ ਕਿ ਇਨ੍ਹਾਂ ਦੇ ਨਵੀਨਤਮ ਲੇਖਿਆਂ ਦੁਆਰਾ ਦਰਸਾਈ ਗਈ ਸੀ, ਬਾਰੇ ਚਰਚਾ ਕਰਦਾ ਹੈ। |

## 1.4 ਸਰਕਾਰ ਦੇ ਲੇਖਿਆਂ ਦੀ ਬਣਤਰ ਅਤੇ ਬਜਟਰੀ ਪ੍ਰੀਕ੍ਰਿਆਵਾਂ ਦੀ ਝਲਕ

ਰਾਜ ਸਰਕਾਰ ਦੇ ਲੇਖੇ ਤਿੰਨ ਭਾਗਾਂ ਵਿੱਚ ਰੱਖੇ ਜਾਂਦੇ ਹਨ।

### I. **ਰਾਜ ਦਾ ਸੰਚਿਤ ਫੰਡ** (ਭਾਰਤ ਦੇ ਸੰਵਿਧਾਨ ਦਾ ਅਨੁਛੇਦ 266 (1))

ਇਸ ਫੰਡ ਵਿੱਚ, ਰਾਜ ਸਰਕਾਰ ਦੁਆਰਾ ਪ੍ਰਾਪਤ ਕੀਤਾ ਸਾਰਾ ਰੈਵੀਨਿਊ, ਰਾਜ ਸਰਕਾਰ ਦੁਆਰਾ ਲਏ ਗਏ ਸਾਰੇ ਕਰਜ਼ੇ (ਮਾਰਕੀਟ ਕਰਜ਼ੇ, ਬਾਂਡਜ਼, ਕੇਂਦਰ ਸਰਕਾਰ ਤੋਂ ਕਰਜ਼ੇ, ਵਿੱਤੀ ਸੰਸਥਾਵਾਂ ਤੋਂ ਕਰਜ਼ੇ, ਰਾਸ਼ਟਰੀ ਛੋਟੀਆਂ ਬੱਚਤਾਂ ਫੰਡ ਨੂੰ ਜਾਰੀ ਵਿਸ਼ੇਸ਼ ਸਕਿਓਰਟੀਆਂ, ਆਦਿ), ਭਾਰਤੀ ਰਿਜ਼ਰਵ ਬੈਂਕ ਦੁਆਰਾ ਦਿੱਤੀਆਂ ਗਈਆਂ ਵੇਅਜ਼ ਅਤੇ ਮੀਨਜ਼ ਪੇਸ਼ਗੀਆਂ ਅਤੇ ਰਾਜ ਸਰਕਾਰ ਦੁਆਰਾ ਕਰਜ਼ਿਆਂ ਦੀ ਮੁੜ ਅਦਾਇਗੀ ਵਜੋਂ ਪ੍ਰਾਪਤ ਕੀਤਾ ਸਾਰਾ ਧਨ ਸ਼ਾਮਲ ਹੁੰਦਾ ਹੈ। ਇਸ ਫੰਡ ਵਿਚੋਂ ਕੋਈ ਵੀ ਪੈਸਾ ਸਿਵਾਏ ਕਾਨੂੰਨ ਅਨੁਸਾਰ ਅਤੇ ਭਾਰਤ ਦੇ ਸੰਵਿਧਾਨ ਵਿੱਚ ਦਿੱਤੇ ਗਏ ਮੰਤਵਾਂ ਅਤੇ ਵਿਧੀ ਦੇ ਵਰਤਿਆ ਨਹੀਂ ਜਾ ਸਕਦਾ। ਖਰਚੇ ਦੀਆਂ ਕੁਝ ਸ਼੍ਰੇਣੀਆਂ (ਜਿਵੇਂ ਕਿ ਸੰਵਿਧਾਨਿਕ ਅਥਾਰਟੀਆਂ ਦੀਆਂ ਤਨਖਾਹਾਂ, ਕਰਜ਼ਿਆਂ ਦੀਆਂ ਮੁੜ ਅਦਾਇਗੀਆਂ, ਆਦਿ) ਰਾਜ ਦੇ ਸੰਚਿਤ ਫੰਡ ਤੋਂ ਕੀਤੇ ਜਾਂਦੇ ਚਾਰਜ (ਚਾਰਜਡ ਖਰਚੇ) ਵਿੱਚ ਸ਼ਾਮਲ ਹਨ ਅਤੇ ਇਹ ਵਿਧਾਨਪਾਲਿਕਾ ਦੀ ਵੋਟ ਅਧੀਨ ਨਹੀਂ ਹਨ। ਹੋਰ ਸਾਰੇ ਖਰਚੇ (ਵੋਟਡ ਖਰਚੇ) ਲਈ ਵਿਧਾਨਪਾਲਿਕਾ ਤੋਂ ਵੋਟ ਲਈ ਜਾਂਦੀ ਹੈ।

### II **ਰਾਜ ਦਾ ਅਚੇਤ ਫੰਡ** (ਭਾਰਤ ਦੇ ਸੰਵਿਧਾਨ ਦਾ ਅਨੁਛੇਦ 267(2))

ਇਹ ਫੰਡ ਇੱਕ ਇੰਪਰੈਸਟ ਦੀ ਸ਼ਕਲ ਵਿੱਚ ਹੈ ਜਿਸਨੂੰ ਕਿ ਵਿਧਾਨਪਾਲਿਕਾ ਦੁਆਰਾ ਕਨੂੰਨ ਰਾਹੀਂ ਸਥਾਪਿਤ ਕੀਤਾ ਜਾਂਦਾ ਹੈ ਅਤੇ ਇਸਨੂੰ ਵਿਧਾਨਪਾਲਿਕਾ ਪਾਸੋਂ ਮਨਜ਼ੂਰੀ ਨੂੰ ਅੱਗੇ ਪਾਉਂਦੇ ਹੋਏ

ਅਣਚਿਤਵੇ ਖਰਚੇ ਕਰਨ ਲਈ ਦਿੱਤੀਆਂ ਜਾਣ ਵਾਲੀਆਂ ਪੇਸ਼ਗੀਆਂ ਦੇਣ ਦੇ ਸਮਰੱਥ ਬਣਾਉਣ ਲਈ ਰਾਜਪਾਲ ਦੇ ਅਖਤਿਆਰ ਵਿਚ ਰੱਖਿਆ ਜਾਂਦਾ ਹੈ। ਇਸ ਫੰਡ ਦੀ ਭਰਪੂਰਤੀ ਰਾਜ ਦੇ ਸੰਚਿਤ ਫੰਡ ਦੀ ਸਬੰਧਤ ਫੰਕਸ਼ਨਲ ਮੁੱਖ ਮੱਦ ਨੂੰ ਖਰਚਾ ਡੈਬਿਟ ਕਰਕੇ ਕੀਤੀ ਜਾਂਦੀ ਹੈ।

**III. ਰਾਜ ਦਾ ਲੋਕ ਲੇਖਾ (ਭਾਰਤ ਦੇ ਸੰਵਿਧਾਨ ਦਾ ਅਨੁਛੇਦ 266(2))**

ਉਕਤ ਤੋਂ ਇਲਾਵਾ, ਸਰਕਾਰ ਦੁਆਰਾ ਜਾਂ ਸਰਕਾਰ ਵਾਸਤੇ ਪ੍ਰਾਪਤ ਕੀਤਾ ਸਾਰਾ ਹੋਰ ਜਨਤਕ ਧਨ, ਜਿੱਥੇ ਕਿ ਸਰਕਾਰ ਬੈਂਕਰ ਜਾਂ ਟਰੱਸਟੀ ਵਜੋਂ ਕੰਮ ਕਰਦੀ ਹੈ, ਲੋਕ ਲੇਖੇ ਵਿੱਚ ਕਰੈਡਿਟ ਕੀਤਾ ਜਾਂਦਾ ਹੈ। ਲੋਕ ਲੇਖੇ ਵਿੱਚ ਮੁੜ ਭੁਗਤਾਨਯੋਗ ਜਿਵੇਂ ਕਿ ਛੋਟੀਆਂ ਬੱਚਤਾਂ ਅਤੇ ਪ੍ਰਾਵੀਡੈਂਟ ਫੰਡਜ਼, ਡਿਪਾਜ਼ਿਟਸ (ਵਿਆਜਯੋਗ ਅਤੇ ਵਿਆਜਹੀਣ), ਪੇਸ਼ਗੀਆਂ, ਰਿਜ਼ਰਵ ਫੰਡ (ਵਿਆਜਯੋਗ ਅਤੇ ਵਿਆਜਹੀਣ), ਰੈਮੀਟੈਂਸਜ਼ ਅਤੇ ਸਸਪੈਂਸ ਮੱਦਾਂ (ਜੋਕਿ ਦੋਵੇਂ ਅਸਥਾਈ ਮੱਦਾਂ ਹਨ, ਜਿਨ੍ਹਾਂ ਨੂੰ ਕਿ ਅੰਤਿਮ ਇੰਦਰਾਜ ਬਾਅਦ ਵਿੱਚ ਕਰਨ ਲਈ ਪੈਂਡਿੰਗ ਰੱਖ ਲਿਆ ਜਾਂਦਾ ਹੈ) ਸ਼ਾਮਲ ਹਨ। ਸਰਕਾਰ ਕੋਲ ਉਪਲਬਧ ਨਿਰੋਲ ਕੈਸ਼ ਬਕਾਇਆ ਵੀ ਲੋਕ ਲੇਖੇ ਅਧੀਨ ਸ਼ਾਮਲ ਹੁੰਦਾ ਹੈ। ਲੋਕ ਲੇਖਾ ਵਿਧਾਨਪਾਲਿਕਾ ਦੀ ਵੋਟ ਅਧੀਨ ਨਹੀਂ ਹੈ।

**ਬਜਟ ਦਸਤਾਵੇਜ਼**

ਹਰ ਵਿੱਤੀ ਸਾਲ ਨਾਲ ਸਬੰਧਤ ਸਰਕਾਰ ਦੀਆਂ ਅਨੁਮਾਨਿਤ ਪ੍ਰਾਪਤੀਆਂ ਅਤੇ ਖਰਚੇ ਦੀ ਇੱਕ ਵਿਵਰਣੀ ਰਾਜ ਦੀ ਵਿਧਾਨਪਾਲਿਕਾ ਦੇ ਸਦਨ ਜਾਂ ਸਦਨਾਂ ਦੇ ਸਨਮੁੱਖ ਪੇਸ਼ ਕਰਨ ਦੀ ਭਾਰਤ ਵਿੱਚ ਇੱਕ ਸੰਵਿਧਾਨਕ ਲੋੜ ਹੈ (ਅਨੁਛੇਦ 202)। ਇਹ 'ਸਲਾਨਾ ਵਿੱਤੀ ਵਿਵਰਣੀ' ਮੁੱਖ ਬਜਟ ਦਸਤਾਜਵੇਜ਼ ਹੈ। ਇਸ ਤੋ ਇਲਾਵਾ, ਬਜਟ ਵਿੱਚ ਰੈਵੀਨਿਊ ਲੇਖੇ ਦੇ ਖਰਚੇ ਨੂੰ ਹੋਰ ਖਰਚਿਆਂ ਨਾਲੋਂ ਲਾਜ਼ਮੀ ਤੌਰ ਤੇ ਵੱਖ ਕਰਕੇ ਦਰਸਾਉਣਾ ਚਾਹੀਦਾ ਹੈ।

**ਰੈਵੀਨਿਊ ਪ੍ਰਾਪਤੀਆਂ** ਵਿੱਚ ਕਰ ਰੈਵੀਨਿਊ (ਆਪਣਾ ਕਰ ਰੈਵੀਨਿਊ ਜਮ੍ਹਾਂ ਕੇਂਦਰੀ ਕਰਾਂ/ ਡਿਊਟੀਆਂ ਦਾ ਹਿੱਸਾ), ਗੈਰ- ਕਰ ਰੈਵੀਨਿਓ ਅਤੇ ਭਾਰਤ ਸਰਕਾਰ ਤੋਂ ਗ੍ਰਾਂਟਾਂ ਸ਼ਾਮਲ ਹਨ।

**ਰੈਵੀਨਿਊ ਖਰਚਿਆਂ** ਵਿੱਚ ਸਰਕਾਰ ਦੇ ਉਹ ਸਾਰੇ ਖਰਚੇ ਸ਼ਾਮਲ ਹੁੰਦੇ ਹਨ ਜਿਨ੍ਹਾਂ ਦੇ ਨਤੀਜੇ ਵਜੋਂ ਭੌਤਿਕ ਜਾਂ ਵਿੱਤੀ ਜਾਇਦਾਦਾਂ ਦਾ ਨਿਰਮਾਣ ਨਹੀਂ ਹੁੰਦਾ। ਇਹ ਉਨ੍ਹਾਂ ਖਰਚਿਆਂ ਨਾਲ ਸਬੰਧਿਤ ਹੈ ਜੋਕਿ ਸਰਕਾਰੀ ਵਿਭਾਗਾਂ ਦੇ ਆਮ ਕੰਮਕਾਜ ਅਤੇ ਵੱਖ ਵੱਖ ਸੇਵਾਵਾਂ, ਸਰਕਾਰ ਦੁਆਰਾ ਲਏ ਗਏ ਕਰਜ਼ਿਆਂ 'ਤੇ ਵਿਆਜ ਦੀਆਂ ਅਦਾਇਗੀਆਂ ਅਤੇ ਵੱਖ ਵੱਖ ਸੰਸਥਾਵਾਂ ਨੂੰ ਦਿੱਤੀਆਂ ਗਈਆ ਗ੍ਰਾਂਟਾਂ (ਭਾਵੇਂ ਕਿ ਇਨ੍ਹਾਂ ਵਿੱਚੋਂ ਕੁੱਝ ਗ੍ਰਾਂਟਾਂ ਜਾਇਦਾਦਾਂ ਦੇ ਨਿਰਮਾਣ ਲਈ ਵੀ ਹੋ ਸਕਦੀਆਂ ਹਨ) ਲਈ ਕੀਤੇ ਜਾਂਦੇ ਹਨ।

**ਪੂੰਜੀਗਤ ਪ੍ਰਾਪਤੀਆਂ** ਵਿੱਚ ਹੇਠ ਲਿਖਤ ਸ਼ਾਮਲ ਹਨ:

- **ਕਰਜ਼ਾ ਪ੍ਰਾਪਤੀਆਂ:** ਮਾਰਕੀਟ ਕਰਜ਼ੇ, ਬਾਂਡਜ਼, ਵਿੱਤੀ ਸੰਸਥਾਵਾਂ ਤੋਂ ਕਰਜ਼ੇ, ਵੇਅਜ਼ ਅਤੇ ਮੀਨਜ਼ ਪੇਸ਼ਗੀਆਂ ਅਧੀਨ ਨਿਰੋਲ ਲੈਣ ਦੇਣ, ਕੇਂਦਰ ਸਰਕਾਰ ਤੋਂ ਕਰਜ਼ੇ ਅਤੇ ਪੇਸ਼ਗੀਆਂ, ਆਦਿ: ਅਤੇ

- **ਗੈਰ-ਕਰਜ਼ਾ ਪ੍ਰਾਪਤੀਆਂ:** ਵਿਨਿਵੇਸ਼ ਤੋਂ ਵੱਟਕ, ਕਰਜ਼ੇ ਅਤੇ ਪੇਸ਼ਗੀਆਂ ਦੀਆਂ ਵਸੂਲੀਆਂ, ਆਦਿ।

**ਪੂੰਜੀਗਤ ਖਰਚੇ** ਵਿੱਚ ਸਰਕਾਰ ਦੁਆਰਾ ਭੌਂ ਪ੍ਰਾਪਤੀ, ਬਿਲਡਿੰਗ, ਮਸ਼ੀਨਰੀ, ਸਾਜ਼ੋ ਸਮਾਨ ਤੇ ਖਰਚਾ ਅਤੇ ਜਨਤਕ ਖੇਤਰ ਦੇ ਅਦਾਰਿਆਂ (ਪੀ ਐਸ ਯੂ) ਦੇ ਸ਼ੇਅਰਾਂ ਵਿੱਚ ਨਿਵੇਸ਼ ਸ਼ਾਮਲ ਹੈ।

ਇਸ ਸਮੇਂ ਸਾਡੇ ਕੋਲ ਸਰਕਾਰ ਵਿੱਚ ਇੱਕ ਲੇਖਾ ਵਰਗੀਕਰਣ ਦਾ ਸਿਸਟਮ ਹੈ ਜਿਹੜਾ ਕਿ ਫੰਕਸ਼ਨਲ ਅਤੇ ਆਰਥਿਕ ਦੋਵੇਂ ਹੀ ਹੈ।

| | ਵਿੱਤੀ ਕਾਰਵਿਹਾਰ ਦੀ ਪ੍ਰਕ੍ਰਿਤੀ | ਵਰਗੀਕਰਣ |
|---|---|---|
| ਸੀ ਜੀ ਏ ਦੁਆਰਾ ਮੁੱਖ ਅਤੇ ਛੋਟੀਆਂ ਮੱਦਾਂ ਦੀ ਸੂਚੀ ਵਿੱਚ ਮਿਆਰੀਕਰਣ ਕੀਤਾ ਗਿਆ | ਫੰਕਸ਼ਨ-ਸਿੱਖਿਆਂ, ਸਿਹਤ, ਆਦਿ/ਵਿਭਾਗ | ਗ੍ਰਾਂਟਾਂ ਅਧੀਨ ਮੁੱਖ ਮੱਦ (4-ਅੰਕ) |
| | ਸਬ-ਫੰਕਸ਼ਨ | ਉਪ ਮੁੱਖ ਮੱਦ (2-ਅੰਕ) |
| | ਪ੍ਰੋਗਰਾਮ | ਛੋਟੀ ਮੱਦ (3-ਅੰਕ) |
| ਰਾਜਾਂ ਲਈ ਛੱਡਿਆ ਗਿਆ ਲਚਕੀਲਾਪਣ | ਸਕੀਮ | ਉਪ ਮੱਦ (2-ਅੰਕ) |
| | ਸਬ-ਸਕੀਮ | ਵਿਸਥਾਰਤ ਮੱਦ (2-ਅੰਕ) |
| | ਆਰਥਿਕ ਪ੍ਰਕਿਰਤੀ/ਗਤੀਵਿਧੀ | ਆਬਜੈਕਟ ਮੱਦ –ਤਨਖਾਹ, ਮਾਈਨਰ ਵਰਕਸ, ਆਦਿ (2- ਅੰਕ) |

ਫੰਕਸ਼ਨਲ ਵਰਗੀਕਰਣ ਸਾਨੂੰ ਵਿਭਾਗ, ਕੰਮ, ਸਕੀਮ ਜਾਂ ਪ੍ਰੋਗਰਾਮ ਅਤੇ ਖਰਚੇ ਦੇ ਆਬਜੈਕਟ ਦੀ ਜਾਣਕਾਰੀ ਦਿੰਦਾ ਹੈ।ਆਰਥਿਕ ਵਰਗੀਕਰਣ ਇਨ੍ਹਾਂ ਅਦਾਇਗੀਆਂ ਨੂੰ ਰੈਵੀਨਿਊ, ਪੂੰਜੀਗਤ, ਕਰਜ਼ੇ, ਆਦਿ ਵਜੋਂ ਸੰਗਠਿਤ ਕਰਨ ਵਿੱਚ ਸਹਾਇਤਾ ਕਰਦਾ ਹੈ। ਆਰਥਿਕ ਵਰਗੀਕਰਣ 4-ਅੰਕ ਵਾਲੀ ਮੁੱਖ ਮੱਦ ਦੇ ਪਹਿਲੇ ਅੰਕ ਵਿੱਚ ਸ਼ਾਮਲ ਨੰਬਰਿੰਗ ਲਾਜਿਕ ਰਾਹੀਂ ਹਾਸਲ ਕੀਤਾ ਜਾਂਦਾ ਹੈ। ਉਦਾਹਰਣ ਲਈ 0 ਅਤੇ 1 ਰੈਵੀਨਿਊ ਪ੍ਰਾਪਤੀਆਂ ਲਈ ਹੈ, 2 ਅਤੇ 3 ਰੈਵੀਨਿਊ ਖਰਚੇ ਲਈ ਹੈ, ਆਦਿ। ਆਰਥਿਕ ਵਰਗੀਕਰਣ ਅੰਤਰੀਵ ਪਰਿਭਾਸ਼ਾ ਅਤੇ ਕੁਝ ਆਬਜੈਕਟ ਮੱਦਾਂ ਦੀ ਵੰਡ ਰਾਹੀਂ ਵੀ ਹਾਸਲ ਕੀਤਾ ਜਾਂਦਾ ਹੈ। ਉਦਾਹਰਣ ਲਈ ਆਮ ਤੌਰ ਤੇ ਆਬਜੈਕਟ ਮੱਦ "ਤਨਖਾਹ" ਰੈਵੀਨਿਊ ਖਰਚਾ ਹੁੰਦਾ ਹੈ,ਆਬਜੈਕਟ ਮੱਦ "ਨਿਰਮਾਣ" ਪੂੰਜੀਗਤ ਖਰਚਾ ਹੁੰਦਾ ਹੈ। ਬਜਟ ਦਸਤਾਵੇਜ਼ਾਂ ਵਿੱਚ ਆਬਜੈਕਟ ਮੱਦ ਨਿਮਿੱਤਣ ਦੀ ਮੁਢਲੀ ਇਕਾਈ ਹੈ।

**ਚਾਰਟ 1.3: ਸਰਕਾਰ ਦੇ ਲੇਖਿਆਂ ਦੀ ਬਣਤਰ**




*ਸ੍ਰੋਤ : ਵਿੱਤ ਲੇਖੇ*

## ਬਜਟਰੀ ਪ੍ਰੀਕਿਰਿਆਵਾਂ

ਭਾਰਤ ਦੇ ਸੰਵਿਧਾਨ ਦੇ ਅਨੁਛੇਦ 202 ਅਨੁਸਾਰ ਰਾਜ ਦੇ ਰਾਜਪਾਲ, ਰਾਜ ਦੀਆਂ ਅਨੁਮਾਨਿਤ ਪ੍ਰਾਪਤੀਆਂ ਅਤੇ ਖਰਚੇ ਦੀ ਵਿਵਰਣੀ ਨੂੰ ਇੱਕ ਸਲਾਨਾ ਵਿੱਤੀ ਵਿਵਰਣੀ ਦੇ ਰੂਪ ਵਿੱਚ ਰਾਜ ਦੀ ਵਿਧਾਨਪਾਲਿਕਾ ਦੇ ਸਨਮੁੱਖ ਪੇਸ਼ ਕਰਵਾਉਂਦੇ ਹਨ। ਅਨੁਛੇਦ 203 ਦੇ ਅਨੁਸਾਰ ਇਹ ਵਿਵਰਣੀ ਰਾਜ ਵਿਧਾਨਪਾਲਿਕਾ ਨੂੰ ਗ੍ਰਾਂਟਾਂ ਦੀਆਂ ਮੰਗਾਂ/ਨਿਮਿੱਤਣਾਂ ਦੇ ਰੂਪ ਵਿੱਚ ਪੇਸ਼ ਕੀਤੀ ਜਾਂਦੀ ਹੈ ਅਤੇ ਇਨ੍ਹਾਂ ਦੀ ਮਨਜ਼ੂਰੀ ਤੋਂ ਬਾਅਦ ਸੰਚਿਤ ਫੰਡ ਵਿੱਚੋਂ ਲੋੜੀਂਦਾ ਧਨ ਹਾਸਲ ਕਰਨ ਲਈ ਅਨੁਛੇਦ 204 ਅਧੀਨ ਵਿਧਾਨਪਾਲਿਕਾ ਵੱਲੋਂ ਨਿਮਿੱਤਣ ਬਿਲ ਪਾਸ ਕੀਤਾ ਜਾਂਦਾ ਹੈ।

ਰਾਜ ਦਾ ਬਜਟ ਮੈਨੂਅਲ ਬਜਟ ਤਿਆਰ ਕਰਨ ਦੀ ਪ੍ਰੀਕਿਰਿਆ ਦਾ ਵੇਰਵਾ ਦਿੰਦਾ ਹੈ ਅਤੇ ਰਾਜ ਸਰਕਾਰ ਨੂੰ ਇਸ ਦੇ ਬਜਟ ਅਨੁਮਾਨਾਂ ਨੂੰ ਤਿਆਰ ਕਰਨ ਵਿੱਚ ਅਤੇ ਇਸ ਦੇ ਖਰਚਿਆਂ ਦੀਆਂ ਗਤੀਵਿਧੀਆਂ ਦੀ ਨਿਗਰਾਨੀ ਕਰਨ ਲਈ ਮਾਰਗ ਦਰਸ਼ਨ ਕਰਦਾ ਹੈ। ਬਜਟ ਦੀ ਲੇਖਾ ਪ੍ਰੀਖਿਆ ਪੜਤਾਲ ਦੇ ਨਤੀਜੇ ਅਤੇ ਰਾਜ ਸਰਕਾਰ ਦੀਆਂ ਹੋਰ ਬਜਟਰੀ ਪਹਿਲਕਦਮੀਆਂ ਦੇ ਲਾਗੂਕਰਣ ਨੂੰ ਇਸ ਰਿਪੋਰਟ ਦੇ ਅਧਿਆਇ III ਵਿੱਚ ਵਿਸਥਾਰਤ ਕੀਤਾ ਗਿਆ ਹੈ।

## 1.4.1 ਵਿੱਤਾਂ ਦੀ ਤਸਵੀਰ

ਸਾਰਣੀ 1.2 ਸਾਲ 2020-21 ਅਤੇ 2021-22 ਲਈ ਅਸਲ ਵਿੱਤੀ ਨਤੀਜਿਆਂ ਅਤੇ ਸਾਲ 2021-22 ਲਈ ਬਜਟ ਅਨੁਮਾਨਾਂ (ਬੀ ਈ) ਅਤੇ ਜੀ ਐਸ ਡੀ ਪੀ ਨੂੰ ਆਮ੍ਹਣੇ-ਸਾਮ੍ਹਣੇ ਦਰਸਾਉਂਦੀ ਹੈ।

**ਸਾਰਣੀ 1.2: ਵਿੱਤਾਂ ਦੀ ਤਸਵੀਰ**

*(₹ ਕਰੋੜ ਵਿੱਚ)*

| ਲੜੀ ਨੰ. | ਭਾਗ | 2020-21 (ਅਸਲ) | 2021-22 (ਬਜਟ ਅਨੁਮਾਨ) | 2021-22 (ਅਸਲ) | ਬਜਟ ਅਨੁਮਾਨ ਨੂੰ ਅਸਲਾਂ ਦੀ ਪ੍ਰਤੀਸ਼ਤਤਾ | ਜੀ ਐਸ ਡੀ ਪੀ ਨੂੰ ਅਸਲਾਂ ਦੀ ਪ੍ਰਤੀਸ਼ਤਤਾ |
|---|---|---|---|---|---|---|
| 1. | ਕਰ ਰੈਵੀਨਿਊ | 40,691.04 | 49,460.75 | 52,615.65 | 106.38 | 9.01 |
| | *ਆਪਣਾ ਕਰ ਰੈਵੀਨਿਊ* | 30,052.83 | 37,434.04 | 37,326.86 | 99.71 | 6.39 |
| | ਕੇਂਦਰੀ ਕਰਾਂ/ ਡਿਊਟੀਆਂ ਦਾ ਹਿੱਸਾ | 10,638.21 | 12,026.71 | 15,288.79 | 127.12 | 2.62 |
| 2. | ਗੈਰ ਕਰ ਰੈਵੀਨਿਊ | 4,152.13 | 7,758.48 | 4,783.77 | 61.66 | 0.82 |
| 3. | ਸਹਾਇਤਾ ਗ੍ਰਾਂਟਾਂ ਅਤੇ ਯੋਗਦਾਨ | 24,205.01 | 38,038.37 | 20,768.89 | 54.60 | 3.56 |
| **4.** | **ਰੈਵੀਨਿਊ ਪ੍ਰਾਪਤੀਆਂ (1+2+3)** | 69,048.18 | 95,257.60 | 78,168.31 | 82.06 | 13.38 |
| 5. | ਕਰਜ਼ੇ ਅਤੇ ਪੇਸ਼ਗੀਆਂ ਦੀ ਵਸੂਲੀ | 50.37 | 5.00 | 206.73 | 4,134.60 | 0.04 |
| 6. | ਹੋਰ ਪ੍ਰਾਪਤੀਆਂ | 0.02 | 0.00 | 0.00 | 0.00 | 0.00 |
| 7. | ਉਧਾਰ ਅਤੇ ਹੋਰ ਦੇਣਦਾਰੀਆਂ* | 22,584.16^ | 24,239.68 | 27,847.26$ | 114.88 | 4.77 |
| **8.** | **ਪੂੰਜੀਗਤ ਪ੍ਰਾਪਤੀਆਂ (5+6+7)** | 22,634.55 | 24,244.68 | 28,053.99 | 115.71 | 4.80 |
| 9. | **ਕੁੱਲ ਪ੍ਰਾਪਤੀਆਂ (4+8)** | 91,682.73 | 1,19,502.28 | 1,06,222.30 | 88.89 | 18.19 |
| **10.** | **ਰੈਵੀਨਿਊ ਖਰਚਾ** | 86,344.62 | 1,03,879.91 | 96,636.51 | 93.03 | 16.55 |
| 11. | ਵਿਆਜ ਅਦਾਇਗੀਆਂ# | 18,152.50 | 21,240.52 | 19,063.51 | 89.75 | 3.26 |
| 12. | ਪੂੰਜੀਗਤ ਖਰਚਾ | 4,382.32 | 14,134.27 | 8,009.98 | 56.67 | 1.37 |
| 13. | ਕਰਜ਼ੇ ਅਤੇ ਪੇਸ਼ਗੀਆਂ | 955.79 | 1,488.10 | 1,575.81 | 105.89 | 0.27 |
| **14.** | **ਕੁੱਲ ਖਰਚਾ (10+12+13)** | 91,682.73 | 1,19,502.28 | 1,06,222.30 | 88.89 | 18.19 |
| **15.** | **ਰੈਵੀਨਿਊ ਘਾਟਾ (4-10)** | (-)17,296.44 | (-)8,622.31 | (-)18,468.20 | 214.19 | (-) 3.16 |
| **16.** | **ਵਿੱਤੀ ਘਾਟਾ {(4+5+6)-14)}** | (-)22,584.16 | (-)24,239.68 | (-)27,847.26 | 114.88 | (-) 4.77 |
| **17.** | **ਮੁੱਢਲਾ ਘਾਟਾ(-) / ਵਾਧਾ (+) (16-11)** | (-)4,431.66 | (-)2,999.16 | (-)8,783.75 | 292.87 | (-)1.50 |

*ਸ੍ਰੋਤ : ਵਿੱਤ ਲੇਖੇ*

* *ਉਧਾਰ ਅਤੇ ਹੋਰ ਦੇਣਦਾਰੀਆਂ: ਜਨਤਕ ਕਰਜ਼ੇ ਦਾ ਨਿਰੋਲ (ਪ੍ਰਾਪਤੀਆਂ-ਅਦਾਇਗੀਆਂ) + ਅਚੇਤ ਫੰਡ ਦਾ ਨਿਰੋਲ +ਲੋਕ ਲੇਖੇ ਦਾ ਨਿਰੋਲ (ਪ੍ਰਾਪਤੀਆਂ-ਅਦਾਇਗੀਆਂ) + ਮੁਢਲੇ ਅਤੇ ਅੰਤਿਮ ਬਕਾਏ ਦਾ ਨਿਰੋਲ।*

^ *ਇਸ ਵਿੱਚ ਜੀ ਐਸ ਟੀ ਮੁਆਵਜ਼ੇ ਦੀ ਕਮੀ ਦੇ ਬਦਲੇ ਵਿੱਚ ਭਾਰਤ ਸਰਕਾਰ ਤੋਂ ਬੈਕ ਟੂ ਬੈਕ ਕਰਜ਼ਿਆਂ ਵਜੋਂ ₹ 8,359 ਕਰੋੜ ਸ਼ਾਮਲ ਹਨ।*

$ *ਇਸ ਵਿੱਚ ਜੀ ਐਸ ਟੀ ਮੁਆਵਜ਼ੇ ਦੀ ਕਮੀ ਦੇ ਬਦਲੇ ਵਿੱਚ ਭਾਰਤ ਸਰਕਾਰ ਤੋਂ ਬੈਕ ਟੂ ਬੈਕ ਕਰਜ਼ਿਆਂ ਵਜੋਂ ₹ 12,132.41 ਕਰੋੜ ਸ਼ਾਮਲ ਹਨ।*

\# *ਲੜੀ ਨੰ 10 ਤੇ ਦਰਸਾਏ ਗਏ ਰੈਵੀਨਿਊ ਖਰਚੇ ਵਿੱਚ ਸ਼ਾਮਲ ਹੈ।*

ਸਾਲ 2021-22 ਦੌਰਾਨ ਰਾਜ ਦੀਆਂ ਰੈਵੀਨਿਊ ਪ੍ਰਾਪਤੀਆ ਭਾਵੇਂ ਪਿਛਲੇ ਸਾਲ ਨਾਲੋਂ 13 *ਪ੍ਰਤੀਸ਼ਤ* ਨਾਲ ਵਧੀਆਂ, ਪ੍ਰੰਤੂ ਇਹ ਬਜਟ ਅਨੁਮਾਨਾਂ ਨਾਲੋਂ 18 *ਪ੍ਰਤੀਸ਼ਤ* ਘੱਟ ਸਨ। ਚਾਲੂ ਸਾਲ ਦੌਰਾਨ ਰੈਵੀਨਿਊ ਪ੍ਰਾਪਤੀਆਂ (₹ 78,168 ਕਰੋੜ) ਨਾਲੋਂ ਰੈਵੀਨਿਊ ਖਰਚਾ (₹ 96,636 ਕਰੋੜ) ਵੱਧ ਸੀ, ਜਿਸ ਦੇ ਨਤੀਜੇਂ ਵਜੋਂ ₹ 18,468 ਕਰੋੜ ਦਾ ਰੈਵੀਨਿਊ ਘਾਟਾ ਹੋਇਆ।

ਜੀ ਐਸ ਟੀ (ਰਾਜਾਂ ਨੂੰ ਮੁਆਵਜ਼ਾ) ਐਕਟ, 2017 ਅਧੀਨ ਵਸਤਾਂ ਅਤੇ ਸੇਵਾਵਾਂ ਕਰ (ਜੀ ਐਸ ਟੀ) ਦਾ ਮੁਆਵਜ਼ਾ ਰਾਜ ਸਰਕਾਰ ਦਾ ਰੈਵੀਨਿਊ ਹੈ। ਪ੍ਰੰਤੂ ਸਾਲ 2021-22 ਦੌਰਾਨ ਜੀ ਐਸ ਟੀ ਮੁਆਵਜ਼ਾ ਫੰਡ ਵਿੱਚ ਨਾਕਾਫੀ ਬਕਾਇਆ ਹੋਣ ਕਾਰਣ ਰੈਵੀਨਿਊ ਪ੍ਰਾਪਤੀਆਂ ਵਜੋਂ

₹ 4,442 ਕਰੋੜ ਦਾ ਜੀ ਐਸ ਟੀ ਮੁਆਵਜ਼ਾ ਪ੍ਰਾਪਤ ਕਰਨ ਤੋਂ ਇਲਾਵਾ ਪੰਜਾਬ ਸਰਕਾਰ ਨੇ ਰਾਜ ਸਰਕਾਰ ਲਈ ਬਗੈਰ ਮੁੜ-ਅਦਾਇਗੀ ਦੀ ਕਿਸੇ ਜ਼ਿੰਮੇਵਾਰੀ ਦੇ, ਰਾਜ ਸਰਕਾਰ ਦੀਆਂ ਕਰਜ਼ਾ ਪ੍ਰਾਪਤੀਆਂ ਅਧੀਨ ₹ 12,132 ਕਰੋੜ ਦੇ ਬੈਕ-ਟੂ-ਬੈਕ ਕਰਜ਼ੇ ਵੀ ਪ੍ਰਾਪਤ ਕੀਤੇ।

### 1.4.2 ਸਰਕਾਰ ਦੀਆਂ ਜਾਇਦਾਦਾਂ ਅਤੇ ਦੇਣਦਾਰੀਆਂ ਦੀ ਤਸਵੀਰ

ਸਰਕਾਰ ਦੇ ਲੇਖੇ ਸਰਕਾਰ ਦੀਆਂ ਵਿੱਤੀ ਦੇਣਦਾਰੀਆਂ ਅਤੇ ਕੀਤੇ ਗਏ ਖਰਚੇ ਵਿੱਚੋਂ ਸਿਰਜੀਆਂ ਜਾਇਦਾਦਾਂ ਦੀ ਤਸਵੀਰ ਖਿੱਚਦੇ ਹਨ। ***ਅੰਤਿਕਾ 1.2*** ਪਿਛਲੇ ਸਾਲ ਦੀ ਤੁਲਨਾ ਵਿੱਚ ਅਜਿਹੀਆਂ ਦੇਣਦਾਰੀਆਂ ਅਤੇ ਜਾਇਦਾਦਾਂ ਦੀ 31 ਮਾਰਚ 2022 ਨੂੰ ਸਥਿਤੀ ਦਾ ਸਾਰ ਮੁਹੱਈਆ ਕਰਵਾਉਂਦੀ ਹੈ। ਦੇਣਦਾਰੀਆਂ ਵਿੱਚ ਮੁੱਖ ਤੌਰ ਤੇ ਅੰਦਰੂਨੀ ਉਧਾਰ, ਭਾਰਤ ਸਰਕਾਰ ਤੋਂ ਕਰਜ਼ੇ ਅਤੇ ਪੇਸ਼ਗੀਆਂ, ਲੋਕ ਲੇਖੇ ਤੋਂ ਪ੍ਰਾਪਤੀਆਂ ਅਤੇ ਰਾਖਵੇਂ ਫੰਡ ਸ਼ਾਮਲ ਹਨ, ਅਤੇ ਜਾਇਦਾਦਾਂ ਵਿੱਚ ਮੁੱਖ ਤੌਰ ਤੇ ਪੂੰਜੀਗਤ ਖਰਚਾ ਅਤੇ ਰਾਜ ਸਰਕਾਰ ਵਲੋਂ ਦਿੱਤੇ ਗਏ ਕਰਜ਼ੇ ਅਤੇ ਪੇਸ਼ਗੀਆਂ ਅਤੇ ਕੈਸ਼ ਬਕਾਏ ਸ਼ਾਮਲ ਹਨ। ਜਾਇਦਾਦਾਂ ਅਤੇ ਦੇਣਦਾਰੀਆਂ ਦੀ ਸੰਖੇਪਕ ਸਥਿਤੀ **ਸਾਰਣੀ** 1.3 ਵਿੱਚ ਦਰਸਾਈ ਗਈ ਹੈ।

**ਸਾਰਣੀ 1.3: ਜਾਇਦਾਦਾਂ ਅਤੇ ਦੇਣਦਾਰੀਆਂ ਦੀ ਸੰਖੇਪਕ ਸਥਿਤੀ**

*(₹ ਕਰੋੜ ਵਿੱਚ)*

| ਦੇਣਦਾਰੀਆਂ | | | | | ਜਾਇਦਾਦਾਂ | | | | |
|---|---|---|---|---|---|---|---|---|---|
| | | **2020-21** | **2021-22** | *ਪ੍ਰਤੀਸ਼ਤ ਵਾਧਾ/ ਘਾਟਾ* | | | **2020-21** | **2021-22** | *ਪ੍ਰਤੀਸ਼ਤ ਵਾਧਾ/ ਘਾਟਾ* |
| **ਸੰਚਿਤ ਫੰਡ** | | | | | | | | | |
| ੳ | ਅੰਦਰੂਨੀ ਕਰਜ਼ਾ | 2,10,393.75 | 2,20,196.34 | 4.66 | ੳ | ਸਕਲ ਪੂੰਜੀਗਤ ਖਰਚਾ | 70,457.79 | 78,467.77 | 11.37 |
| ਅ | ਭਾਰਤ ਸਰਕਾਰ* ਤੋਂ ਕਰਜ਼ੇ ਅਤੇ ਪੇਸ਼ਗੀਆਂ | 12,999.91 | 25,094.25 | 93.03 | ਅ | ਕਰਜ਼ੇ ਅਤੇ ਪੇਸ਼ਗੀਆਂ | 36,300.59 | 37,669.67 | 3.77 |
| **ਅਚੇਤ ਫੰਡ** | | **25.00** | **25.00** | **0.00** | | | | | |
| **ਲੋਕ ਲੇਖਾ** | | | | | | | | | |
| ੳ | ਛੋਟੀਆਂ ਬੱਚਤਾਂ, ਪ੍ਰਾਵੀਡੈਂਟ ਫੰਡ, ਆਦਿ | 22,149.54 | 22,187.70 | 0.17 | ੳ | ਵਿਭਾਗੀ ਅਫਸਰਾਂ ਕੋਲ ਪੇਸ਼ਗੀਆਂ | 0.42 | 0.42 | 0.00 |
| ਅ | ਡਿਪਾਜ਼ਿਟਸ | 3,904.66 | 4,785.10 | 22.55 | ਅ | ਰੈਮੀਟੈਂਸਜ਼ | 83.90 | 75.45 | (-) 10.07 |
| ੲ | ਰਾਖਵੇਂ ਫੰਡ | 9,794.91 | 12,636.52 | 29.01 | ੲ | ਸਸਪੈਂਸ ਅਤੇ ਫੁਟਕਲ | 0.66 | 130.37 | 19653.03 |
| ਸ | ਰੈਮੀਟੈਂਸਜ਼ | -- | -- | 0.00 | ਕੈਸ਼ ਬਕਾਇਆ (ਚਿੰਨ੍ਹਤ ਫੰਡਾਂ ਵਿੱਚ ਨਿਵੇਸ਼ ਸਮੇਤ) | | **9,247.83** | **6,871.64** | **(-) 25.69** |
| ਹ | ਸਸਪੈਂਸ ਅਤੇ ਫੁਟਕਲ | 157.65 | 92.86 | (-)41.10 | **ਜੋੜ** | | **1,16,091.19** | **1,23,215.32** | **6.14** |
| | | | | | **ਰਾਉਂਡਿੰਗ ਆਫ ਕਰਨ ਕਰਕੇ ਆਇਆ ਅੰਤਰ** | | **--** | **0.02** | |
| | | | | | **ਰੈਵੀਨਿਊ ਲੇਖੇ ਵਿੱਚ ਘਾਟਾ** | | **1,43,334.23** | **1,61,802.43** | **12.88** |
| **ਜੋੜ** | | **2,59,425.42** | **2,85,017.77** | **9.87** | | | **2,59,425.42** | **2,85,017.77** | **9.87** |

*ਸ੍ਰੋਤ: ਵਿੱਤ ਲੇਖੇ*

* *ਇਸ ਵਿੱਚ 2020-21 ਅਤੇ 2021-22 ਦੌਰਾਨ ਜੀ ਐਸ ਟੀ ਮੁਆਵਜ਼ੇ ਦੀ ਕਮੀ ਦੇ ਬਦਲੇ ਵਿੱਚ ਭਾਰਤ ਸਰਕਾਰ ਤੋਂ ਲਏ ਗਏ ਬੈਕ ਟੂ ਬੈਕ ਕਰਜ਼ੇ ਦੇ ਕ੍ਰਮਵਾਰ ₹ 8,359 ਕਰੋੜ ਅਤੇ ₹ 20,491.41 ਕਰੋੜ ( ₹ 8,359 ਕਰੋੜ + ₹ 12,132.41 ਕਰੋੜ) ਸ਼ਾਮਲ ਹਨ।*

## 1.5 ਵਿੱਤੀ ਬਕਾਇਆ: ਘਾਟੇ ਅਤੇ ਕੁੱਲ ਕਰਜ਼ੇ ਦੇ ਟੀਚਿਆਂ ਦੀ ਪ੍ਰਾਪਤੀ

ਜਦੋਂ ਕੋਈ ਸਰਕਾਰ ਰੈਵੀਨਿਊ ਵਜੋਂ ਕੀਤੀ ਗਈ ਉਗਰਾਹੀ ਤੋਂ ਵੱਧ ਖਰਚਾ ਕਰਦੀ ਹੈ ਤਾਂ ਇਹ ਘਾਟਾ ਸਹੇੜਦੀ ਹੈ। ਸਰਕਾਰ ਦੇ ਘਾਟੇ ਨੂੰ ਕਾਬੂ ਵਿੱਚ ਰੱਖਣ ਦੇ ਕਈ ਉਪਾਅ ਹਨ।

ਘਾਟਿਆਂ ਨੂੰ ਉਧਾਰ ਲੈ ਕੇ ਪੂਰਿਆ ਜਾਂਦਾ ਹੈ ਜਿਸ ਨਾਲ ਸਰਕਾਰ ਦਾ ਕਰਜ਼ਾ ਵਧਦਾ ਹੈ। ਘਾਟਿਆਂ ਅਤੇ ਕਰਜ਼ੇ ਦੀਆਂ ਧਾਰਨਾਵਾਂ ਦਾ ਨੇੜਲਾ ਸਬੰਧ ਹੈ। ਘਾਟਿਆਂ ਨੂੰ ਇੱਕ ਵਹਾਅ ਵਜੋਂ ਸਮਝਿਆ ਜਾ ਸਕਦਾ ਹੈ, ਜੋ ਕਿ ਕਰਜ਼ੇ ਦੇ ਭੰਡਾਰ ਵਿੱਚ ਵਾਧਾ ਕਰਦੇ ਹਨ। ਜੇਕਰ ਸਰਕਾਰ, ਸਾਲ ਦਰ ਸਾਲ ਕਰਜ਼ਾ ਲੈਣਾ ਜਾਰੀ ਰੱਖਦੀ ਹੈ ਤਾਂ ਇਸ ਨਾਲ ਕਰਜ਼ਾ ਇਕੱਠਾ ਹੋ ਜਾਂਦਾ ਹੈ ਅਤੇ ਸਰਕਾਰ ਨੂੰ ਵਿਆਜ ਵਜੋਂ ਜ਼ਿਆਦਾ ਅਤੇ ਹੋਰ ਜ਼ਿਆਦਾ ਅਦਾਇਗੀਆਂ ਕਰਨੀਆਂ ਪੈਂਦੀਆਂ ਹਨ। ਇਹ ਵਿਆਜ ਅਦਾਇਗੀਆਂ ਆਪਣੇ ਆਪ ਵਿੱਚ ਹੀ ਕਰਜ਼ੇ ਵਿੱਚ ਯੋਗਦਾਨ ਪਾਉਂਦੀਆਂ ਹਨ।

ਉਧਾਰ ਲੈ ਕੇ ਸਰਕਾਰ ਘਟੀ ਹੋਈ ਖਪਤ ਦਾ ਬੋਝ ਆਉਣ ਵਾਲੀਆਂ ਪੀੜ੍ਹੀਆਂ ਤੇ ਪਾਉਂਦੀ ਹੈ। ਇਹ ਇਸ ਕਰਕੇ ਹੈ ਕਿਉਂਕਿ ਇਹ ਵਰਤਮਾਨ ਵਿੱਚ ਜੀਵਤ ਲੋਕਾਂ ਨੂੰ ਬਾਂਡਜ਼ ਜਾਰੀ ਕਰਕੇ ਉਧਾਰ ਲੈਂਦੀ ਹੈ ਪ੍ਰੰਤੂ ਲੱਗਭਗ ਵੀਹ ਸਾਲਾਂ ਬਾਅਦ ਇਹ ਕਰ ਵਧਾ ਕੇ ਜਾਂ ਖਰਚਾ ਘੱਟ ਕਰਕੇ ਬਾਂਡਜ਼ ਨੂੰ ਚੁਕਤਾ ਕਰਨ ਦਾ ਫੈਸਲਾ ਕਰ ਸਕਦੀ ਹੈ। ਇਸ ਨਾਲ ਇਹ ਵੀ ਹੁੰਦਾ ਹੈ ਕਿ ਸਰਕਾਰ ਦੁਆਰਾ ਲੋਕਾਂ ਤੋਂ ਲਏ ਉਧਾਰ ਨਿੱਜੀ ਸੈਕਟਰ ਲਈ ਉਪਲੱਬਧ ਬੱਚਤਾਂ ਨੂੰ ਵੀ ਘੱਟ ਕਰਦੇ ਹਨ। ਇਸ ਨਾਲ ਜਿਸ ਮਾਤਰਾ ਵਿੱਚ ਪੂੰਜੀ ਨਿਰਮਾਣ ਅਤੇ ਵਿਕਾਸ ਘਟਦਾ ਹੈ, ਓਨਾ ਹੀ ਕਰਜ਼ਾ ਅਗਲੀਆਂ ਪੀੜ੍ਹੀਆਂ ਤੇ 'ਬੋਝ' ਬਣਦਾ ਹੈ।

ਪ੍ਰੰਤੂ, ਜੇਕਰ ਸਰਕਾਰ ਦੇ ਘਾਟੇ, ਉਤਪਾਦਨ ਵਧਾਉਣ ਦਾ ਆਪਣਾ ਉਦੇਸ਼ ਹਾਸਲ ਕਰਨ ਵਿੱਚ ਸਫਲ ਹੁੰਦੇ ਹਨ ਤਾਂ ਵੱਧ ਆਮਦਨ ਹੋਵੇਗੀ ਅਤੇ ਇਸ ਕਰਕੇ ਵੱਧ ਬੱਚਤ ਹੋਵੇਗੀ। ਇਸ ਸੂਰਤ ਵਿੱਚ ਸਰਕਾਰ ਅਤੇ ਉਦਯੋਗ ਦੋਵੇਂ ਹੋਰ ਉਧਾਰ ਲੈ ਸਕਦੇ ਹਨ। ਇਸ ਨਾਲ ਇਹ ਵੀ ਹੈ ਕਿ ਜੇਕਰ ਸਰਕਾਰ ਬੁਨਿਆਦੀ ਢਾਂਚੇ ਵਿੱਚ ਨਿਵੇਸ਼ ਕਰਦੀ ਹੈ ਤਾਂ ਅਗਲੀਆਂ ਪੀੜ੍ਹੀਆਂ ਬਿਹਤਰ ਸਥਿਤੀ ਵਿੱਚ ਹੋ ਸਕਦੀਆਂ ਹਨ, ਬਸ਼ਰਤੇ ਕਿ ਅਜਿਹੇ ਨਿਵੇਸ਼ਾਂ ਤੇ ਪ੍ਰਤੀਫਲ ਵਿਆਜ ਦੀ ਦਰ ਤੋਂ ਜ਼ਿਆਦਾ ਹੋਵੇ। ਉਤਪਾਦਨ ਵਿੱਚ ਵਾਧੇ ਨਾਲ ਅਸਲ ਕਰਜ਼ਾ ਵਾਪਸ ਕੀਤਾ ਜਾ ਸਕਦਾ ਹੈ। ਉਦੋਂ ਇਸ ਕਰਜ਼ੇ ਨੂੰ ਬੋਝ ਨਹੀਂ ਸਮਝਿਆ ਜਾਣਾ ਚਾਹੀਦਾ। ਕਰਜ਼ੇ ਵਿੱਚ ਵਾਧੇ ਨੂੰ ਸਮੁੱਚੇ ਅਰਥਚਾਰੇ ਦੇ ਵਿਕਾਸ ਦੇ ਪੱਖ (ਰਾਜ ਦੇ ਜੀ ਡੀ ਪੀ) ਤੋਂ ਸਮਝਣਾ ਪਵੇਗਾ।

ਸਰਕਾਰ ਦੇ ਘਾਟੇ ਨੂੰ ਕਰਾਂ ਵਿੱਚ ਵਾਧਾ ਕਰਕੇ ਜਾਂ ਖਰਚੇ ਵਿੱਚ ਕਟੌਤੀ ਕਰਕੇ ਘੱਟ ਕੀਤਾ ਜਾ ਸਕਦਾ ਹੈ। ਜਦੋਂਕਿ ਜ਼ਿਆਦਾ ਜ਼ੋਰ ਸਰਕਾਰੀ ਖਰਚੇ ਵਿੱਚ ਕਟੌਤੀ ਕਰਨ ਤੇ ਰਿਹਾ ਹੈ। ਇਸ ਨੂੰ ਪ੍ਰੋਗਰਾਮਾਂ ਦੀ ਬਿਹਤਰ ਯੋਜਨਾਬੰਦੀ ਅਤੇ ਬਿਹਤਰ ਪ੍ਰਸ਼ਾਸਨ ਰਾਹੀਂ, ਸਰਕਾਰੀ ਗਤੀਵਿਧੀਆਂ ਨੂੰ ਜ਼ਿਆਦਾ ਕੁਸ਼ਲ ਬਣਾ ਕੇ ਹਾਸਲ ਕੀਤਾ ਜਾ ਸਕਦਾ ਸੀ।

ਕੇਂਦਰੀ ਅਤੇ ਵੱਖ ਵੱਖ ਰਾਜ ਸਰਕਾਰਾਂ ਨੇ, ਰੈਵੀਨਿਊ ਘਾਟੇ ਨੂੰ ਖਤਮ ਕਰਕੇ, ਵਿੱਤੀ ਘਾਟੇ ਅਤੇ ਸਮੁੱਚੇ/ਬਕਾਇਆ ਕਰਜ਼ੇ ਨੂੰ ਸਵੀਕਾਰਯੋਗ ਪੱਧਰ ਤੱਕ ਘਟਾਕੇ, ਸੋਧਿਤ ਕਰਜ਼ ਪ੍ਰਬੰਧਨ ਸਥਾਪਤ ਕਰਕੇ, ਅਤੇ ਮੀਡੀਅਮ ਟਰਮ ਫਰੇਮਵਰਕ ਵਿੱਚ ਪਾਰਦਰਸ਼ਤਾ ਵਿੱਚ ਸੁਧਾਰ ਕਰਕੇ, ਵਿੱਤੀ ਪ੍ਰਬੰਧਨ ਵਿੱਚ ਸਿਆਣਪਤਾ ਨੂੰ ਯਕੀਨੀ ਬਣਾਉਣ ਦੇ ਉਦੇਸ਼ ਨਾਲ, ਵਿੱਤੀ ਜ਼ਿੰਮੇਵਾਰੀ ਅਤੇ ਬਜਟ ਪ੍ਰਬੰਧਨ

(ਐਫ ਆਰ ਬੀ ਐਮ) ਐਕਟ ਪਾਸ ਕੀਤਾ। ਇਸ ਪ੍ਰਸੰਗ ਵਿੱਚ ਇਹ ਐਕਟ ਘਾਟੇ ਦੇ ਉਪਾਵਾਂ ਅਤੇ ਕਰਜ਼ੇ ਦੇ ਪੱਧਰ ਦੇ ਸਬੰਧ ਵਿੱਚ ਰਾਜ ਦੁਆਰਾ ਪਾਲਣਾ ਕੀਤੇ ਜਾਣ ਵਾਲੇ ਆਂਕਣਯੋਗ ਟੀਚੇ ਮੁਹੱਈਆ ਕਰਵਾਉਂਦਾ ਹੈ।

ਰਾਜ ਸਰਕਾਰ ਨੇ, ਰੈਵੀਨਿਊ ਵਾਧੇ ਦੀ ਪ੍ਰਾਪਤੀ, ਵਿੱਤੀ ਘਾਟੇ ਨੂੰ ਕਾਬੂ ਕਰਕੇ ਅਤੇ ਸਿਆਣਪ ਭਰੇ ਕਰਜ਼ ਪ੍ਰਬੰਧਨ ਰਾਹੀਂ, ਦੀਰਘ ਕਾਲੀਨ ਵਿੱਤੀ ਸਥਿਰਤਾ ਯਕੀਨੀ ਬਣਾਉਣ ਲਈ ਮਈ 2003 ਵਿੱਚ ਪੰਜਾਬ ਐਫ ਆਰ ਬੀ ਐਮ ਐਕਟ, 2003 ਬਣਾਇਆ। ਇਸ ਤੋਂ ਬਾਅਦ ਮਾਰਚ 2011 ਵਿੱਚ, ਰਾਜ ਸਰਕਾਰ ਨੇ ਤੇਰਵੇਂ ਵਿੱਤ ਕਮਿਸ਼ਨ (ਟੀ ਐਫ ਸੀ) ਦੀਆਂ ਸਿਫਾਰਸ਼ਾਂ 'ਤੇ ਐਫ ਆਰ ਬੀ ਐਮ ਐਕਟ ਨੂੰ ਸੋਧਿਆ ਅਤੇ ਐਫ ਆਰ ਬੀ ਐਮ (ਸੋਧ) ਐਕਟ, 2011 ਬਣਾਇਆ, ਜਿਸ ਦੇ ਅਧਾਰ ਤੇ ਸਾਲ 2014-15 ਤੱਕ ਦੇ ਵਿੱਤੀ ਟੀਚੇ ਨਿਰਧਾਰਤ ਕੀਤੇ ਗਏ ਸਨ।

ਚੌਂਦਵੇਂ ਵਿੱਤ ਕਮਿਸ਼ਨ (14ਵੇਂ ਐਫ ਸੀ) ਨੇ ਸਿਫਾਰਸ਼ ਕੀਤੀ ਕਿ ਰਾਜ ਸਰਕਾਰ ਵਿੱਤੀ ਘਾਟੇ ਉੱਤੇ ਕਾਨੂੰਨੀ ਲਚਕਦਾਰ ਸੀਮਾਵਾਂ ਦੀ ਵਿਵਸਥਾ ਕਰਨ ਲਈ ਅਤੇ ਇਸ ਦੇ ਨਾਲ-ਨਾਲ ਇਹ ਯਕੀਨੀ ਬਣਾਉਣ ਲਈ ਕਿ ਅਧੂਰੇ ਅਤੇ ਚਲ ਰਹੇ ਪੂੰਜੀਗਤ ਪ੍ਰੋਜੈਕਟਾਂ ਦੀਆਂ ਦੇਣਦਾਰੀਆਂ ਇਕੱਠੀਆਂ ਨਾ ਹੋਣ, ਸਲਾਨਾ ਬਜਟ ਉਪਬੰਧ ਦੇ ਉਚਿਤ ਗੁਣਾਂਕ ਤਕ ਨਵੇਂ ਪੂੰਜੀਗਤ ਕਾਰਜਾਂ ਦੀ ਮਨਜ਼ੂਰੀ ਉੱਤੇ ਕਾਨੂੰਨੀ ਸੀਮਾਂ ਲਾਉਣ ਲਈ, ਆਪਣੇ ਐਫ ਆਰ ਬੀ ਐਮ ਐਕਟ ਨੂੰ ਸੋਧ ਸਕਦੀ ਹੈ।

ਚੌਂਦਵੇਂ ਐਫ ਸੀ ਨੇ ਗਰੰਟੀਆਂ, ਬਜਟ ਤੋਂ ਬਾਹਰੀ ਉਧਾਰਾਂ ਅਤੇ ਵਿੱਤੀ ਤੌਰ ਤੇ ਕਮਜ਼ੋਰ ਜਨਤਕ ਖੇਤਰ ਦੇ ਅਦਾਰਿਆਂ ਦੇ ਇਕੱਠੇ ਹੋਏ ਘਾਟਿਆਂ ਤੋਂ ਉਪਜੇ ਜੋਖਮਾਂ ਦੇ ਪ੍ਰਸੰਗ ਵਿੱਚ, ਰਾਜ ਦੇ ਕਰਜ਼ੇ ਦੀ ਸਥਿਤੀ ਦਾ ਮੁਲਾਂਕਣ ਕਰਨ ਲਈ, ਬਜਟ ਵਿਚਲੇ ਕੁੱਲ ਐਕਸਟੈਂਡਡ ਕਰਜ਼ੇ ਦੀ ਤੁਲਨਾ, ਵਿਸ਼ਲੇਸ਼ਣ, ਅਤੇ ਸਲਾਨਾ ਰਿਪੋਰਟਿੰਗ ਕਰਨ ਲਈ, ਰਾਜ ਸਰਕਾਰ ਨੂੰ ਬਜਟ ਦੇ ਪੂਰਕ ਵਜੋਂ ਇੱਕ ਖਾਕਾ ਅਪਣਾਏ ਜਾਣ ਦੀ ਵੀ ਸਿਫਾਰਸ਼ ਕੀਤੀ। ਰਾਜ ਸਰਕਾਰ ਨੂੰ ਵਿੱਤੀ ਪ੍ਰਬੰਧਨ ਕਾਨੂੰਨ ਨੂੰ ਵਧੇਰੇ ਮਹੱਤਤਾ ਅਤੇ ਕਾਨੂੰਨੀ ਮਾਨਤਾ ਦੇਣ ਲਈ, ਭਾਰਤ ਦੇ ਸੰਵਿਧਾਨ ਦੇ ਅਨੁਛੇਦ 293(1) ਦਾ ਵਿਸ਼ੇਸ਼ ਤੌਰ ਤੇ ਹਵਾਲਾ ਦਿੰਦੇ ਹੋਏ, ਮੌਜੂਦਾ ਐਫ ਆਰ ਬੀ ਐਮ ਐਕਟ ਦੀ ਥਾਂ ਤੇ ਇੱਕ ਕਰਜ਼ ਸੀਮਾਂ ਅਤੇ ਵਿੱਤੀ ਜ਼ਿੰਮੇਵਾਰੀ ਕਾਨੂੰਨ ਬਣਾਉਣ ਦੀ ਸਿਫ਼ਾਰਸ਼ ਕੀਤੀ ਗਈ ਸੀ।

ਰਾਜ ਸਰਕਾਰ ਨੇ ਮਾਰਚ 2020 ਵਿੱਚ 14ਵੇਂ ਐਫ ਸੀ ਦੀਆਂ ਸਿਫਾਰਸ਼ਾਂ ਅਨੁਸਾਰ ਆਪਣੇ ਐਫ ਆਰ ਬੀ ਐਮ ਐਕਟ ਵਿੱਚ ਸੋਧ ਕੀਤੀ। ਵਿੱਤੀ ਘਾਟੇ 'ਤੇ ਕਾਨੂੰਨੀ ਲਚਕਦਾਰ ਸੀਮਾ ਵਿੱਤੀ ਸਾਲ 2019-20 ਵਿੱਚ ਅਡੀਸ਼ਨਲ ₹ 928 ਕਰੋੜ ਤੋਂ ਇਲਾਵਾ ਜੀ ਐਸ ਡੀ ਪੀ ਦਾ ਤਿੰਨ *ਪ੍ਰਤੀਸ਼ਤ* ਨਿਰਧਾਰਤ ਕੀਤੀ ਗਈ ਸੀ।

ਪੰਦਰਵੇਂ ਵਿੱਤ ਕਮਿਸ਼ਨ (15ਵੇਂ ਐਫ ਸੀ) ਅਨੁਸਾਰ ਰਾਜ ਸਰਕਾਰ ਨੇ ਮਾਰਚ 2021 ਵਿੱਚ ਆਪਣੇ ਐਫ ਆਰ ਬੀ ਐਮ ਐਕਟ ਵਿੱਚ ਹੋਰ ਸੋਧ ਕੀਤੀ। ਵਿੱਤੀ ਘਾਟੇ ਤੇ ਕਨੂੰਨੀ ਲਚਕਦਾਰ ਸੀਮਾਂ ਜੀ ਐਸ ਡੀ ਪੀ ਦੇ ਚਾਰ ਪ੍ਰਤੀਸ਼ਤ ਅਤੇ ਵਿੱਤੀ ਸਾਲ 2020-21 ਵਿੱਚ, ਇਸ ਵਿੱਚ ਨਿਰਧਾਰਤ ਸੁਧਾਰਾਂ ਦੀ ਸ਼ਰਤ ਤੇ, ਇਸ ਤੋਂ ਇੱਕ *ਪ੍ਰਤੀਸ਼ਤ* ਵੱਧ ਨਿਰਧਾਰਤ ਕੀਤੀ ਗਈ ਸੀ ਅਤੇ ਇਸ ਤੋਂ ਬਾਅਦ ਤਿੰਨ *ਪ੍ਰਤੀਸ਼ਤ* ਤੇ ਜਾਂ ਭਾਰਤ ਸਰਕਾਰ ਦੁਆਰਾ ਸਮੇਂ-ਸਮੇਂ ਤੇ ਦਿੱਤੀ ਗਈ ਆਗਿਆ

ਅਨੁਸਾਰ ਬਰਕਰਾਰ ਰੱਖਣੀ ਸੀ। ਵਿੱਤੀ ਸਾਲ 2020-21 ਵਿੱਚ ਵਧੀਕ ਇੱਕ *ਪ੍ਰਤੀਸ਼ਤ* ਹੇਠ ਲਿਖੇ ਸੁਧਾਰਾਂ ਦੀ ਸ਼ਰਤ ਤੇ ਹੋਵੇਗਾ:

(i) ਇੱਕ ਰਾਸ਼ਟਰ ਇੱਕ ਰਾਸ਼ਨ ਕਾਰਡ ਪ੍ਰਣਾਲੀ ਦਾ ਲਾਗੂਕਰਣ;

(ii) ਕਾਰੋਬਾਰ ਕਰਨ ਵਿੱਚ ਸੌਖ ਲਈ ਸੁਧਾਰ;

(iii) ਸ਼ਹਿਰੀ ਸਥਾਨਕ ਸੰਸਥਾ/ਯੂਟਿਲਟੀ ਸੁਧਾਰ; ਅਤੇ

(iv) ਪਾਵਰ ਸੈਕਟਰ ਵਿੱਚ ਸੁਧਾਰ।

ਹਰ ਇੱਕ ਸੁਧਾਰ ਦੀ ਮੱਹਤਤਾ ਜੀ ਐਸ ਡੀ ਪੀ ਦਾ 0.25 *ਪ੍ਰਤੀਸ਼ਤ* ਸੀ, ਜਿਸਦਾ ਜੋੜ ਇੱਕ *ਪ੍ਰਤੀਸ਼ਤ* ਬਣਦਾ ਹੈ।

ਰਾਜ ਸਰਕਾਰ ਨੇ ਜਨਵਰੀ 2022 ਵਿੱਚ ਆਪਣੇ ਐਫ ਆਰ ਬੀ ਐਮ ਐਕਟ ਵਿੱਚ ਹੋਰ ਸੋਧ ਕੀਤੀ। ਸਾਲ 2021-22 ਵਿੱਚ ਵਿੱਤੀ ਘਾਟੇ ਦੀ ਕਨੂੰਨੀ ਲਚਕਦਾਰ ਸੀਮਾਂ ਜੀ ਐਸ ਡੀ ਪੀ ਦਾ 3.50 *ਪ੍ਰਤੀਸ਼ਤ* ਅਤੇ ਜੀ ਐਸ ਡੀ ਪੀ ਦਾ ਵਧੀਕ 0.50 *ਪ੍ਰਤੀਸ਼ਤ* ਰਾਜ ਦੁਆਰਾ ਕੀਤੇ ਪੂੰਜੀਗਤ ਖਰਚੇ ਦੇ ਅਧਾਰ ਤੇ ਤੈਅ ਕੀਤਾ ਜਾਣਾ ਸੀ ਅਤੇ ਬਾਅਦ ਵਿੱਚ ਤਿੰਨ *ਪ੍ਰਤੀਸ਼ਤ* ਤੇ ਜਾਂ ਸਮੇਂ ਸਮੇਂ ਤੇ ਭਾਰਤ ਸਰਕਾਰ ਦੀ ਆਗਿਆ ਅਨੁਸਾਰ ਬਰਕਰਾਰ ਰੱਖਿਆ ਜਾਣਾ ਸੀ। ਯੋਜਿਤ ਜੀ ਐਸ ਡੀ ਪੀ ਦੀ 0.50 *ਪ੍ਰਤੀਸ਼ਤ* ਵਧੀਕ ਸੀਮਾਂ ਦੀ ਆਗਿਆ ਤਾ ਮਿਲਣੀ ਸੀ ਜੇਕਰ ਰਾਜ ਸਰਕਾਰ ਨੇ 2021-22 ਦੌਰਾਨ ਭਾਰਤ ਸਰਕਾਰ ਵੱਲੋਂ ਨਿਯਤ ਕੀਤੇ ₹ 5,421 ਕਰੋੜ ਦੇ ਟੀਚੇ ਦਾ ਦਸੰਬਰ 2021 ਤੱਕ ਘੱਟ ਤੋਂ ਘੱਟ 70 *ਪ੍ਰਤੀਸ਼ਤ* ਖਰਚ ਕੀਤਾ ਹੁੰਦਾ। ਰਾਜ ਸਰਕਾਰ ਨੇ ਦਸੰਬਰ 2021 ਤੱਕ ਪੂੰਜੀਗਤ ਆਊਟਲੇਅ ਤੇ ₹ 6,039.61 ਖਰਚ ਕੀਤਾ ਅਤੇ ਇਸ ਲਈ ਇਹ ਯੋਜਿਤ ਜੀ ਐਸ ਡੀ ਸੀ ਦੀ 0.50 *ਪ੍ਰਤੀਸ਼ਤ* ਵਧੀਕ ਸੀਮਾ ਲਈ ਯੋਗ ਸੀ। ਇਸ ਅਨੁਸਾਰ 2021-22 ਲਈ ਵਿੱਤੀ ਘਾਟੇ ਦੀ ਕਨੂੰਨੀ ਲਚਕਦਾਰ ਸੀਮਾ ₹ 23,362 ਕਰੋੜ (₹ 5,84,042 ਕਰੋੜ ਦੇ ਜੀ ਐਸ ਡੀ ਪੀ ਦਾ ਚਾਰ *ਪ੍ਰਤੀਸ਼ਤ*) ਸੀ।

ਇਸ ਤੋਂ ਇਲਾਵਾ, ਐਫ ਆਰ ਬੀ ਐਮ ਐਕਟ ਅਧੀਨ ਸਾਲ 2015-20 ਦੇ ਸਮੇਂ ਲਈ ਵਿੱਤੀ ਮਜ਼ਬੂਤੀਕਰਨ ਰੋਡਮੈਪ (ਐਫ ਸੀ ਆਰ) ਤਿਆਰ ਕੀਤਾ ਗਿਆ ਅਤੇ ਸਾਲ 2017-18[1] ਤੋਂ ਲਾਗੂ ਕੀਤਾ ਗਿਆ। ਐਫ ਸੀ ਆਰ ਅਧੀਨ 2021-22 ਤੋਂ 2023-24 ਦੇ ਸਾਲਾਂ ਲਈ ਟੀਚੇ ਸਾਲ 2021-22 ਲਈ ਸਲਾਨਾ ਵਿੱਤੀ ਵਿਵਰਣੀ (ਏ ਐਫ ਐਸ) ਵਿੱਚ ਚਿਤਵੇ ਗਏ ਸਨ। ਐਫ ਸੀ ਆਰ ਵਿੱਚ ਨਿਰਧਾਰਤ ਟੀਚਿਆਂ ਦੀ 2017-18 ਤੋਂ 2021-22 ਦੇ ਸਮੇਂ ਦੌਰਾਨ ਪਾਲਣਾ ਨੂੰ **ਸਾਰਣੀ 1.4** (ੳ) ਵਿੱਚ ਦਰਸਾਇਆ ਗਿਆ ਹੈ।

1 ਸਾਲ 2017-18 ਲਈ ਐਫ ਸੀ ਆਰ ਵਿੱਚ ਸਾਲ 2016-17 ਦੇ ਟੀਚੇ ਵੀ ਸ਼ਾਮਲ ਸਨ।

**ਸਾਰਣੀ 1.4 (ੳ): ਐਫ ਆਰ ਬੀ ਐਮ ਐਕਟ ਅਧੀਨ ਰਾਜ ਐਫ ਸੀ ਆਰ ਦੇ ਉਪਬੰਧਾਂ ਦੀ ਪਾਲਣਾ**

| ਵਿੱਤੀ ਮਾਪਦੰਡ | | ਐਫ ਸੀ ਆਰ ਵਿੱਚ ਨਿਰਧਾਰਤ ਟੀਚਿਆਂ ਦੀ ਤੁਲਨਾ ਵਿੱਚ ਪ੍ਰਾਪਤੀ | | | | |
|---|---|---|---|---|---|---|
| | | 2017-18 | 2018-19 | 2019-20 | 2020-21 | 2021-22 |
| ਰੈਵੀਨਿਊ ਘਾਟਾ (-) / ਵਾਧਾ (+) (₹ ਕਰੋੜ ਵਿੱਚ) | ਟ | (-)14,310 | (-)11,919 | (-)11,687 | (-)7,712 | (-)8,622 |
| | ਪ੍ਰ | (-)9,455 ✓ | (-)13,135 ✗ | (-)14,285 ✗ | (-)17,296 ✗ | (-)18,468 ✗ |
| ਵਿੱਤੀ ਘਾਟਾ (-) / ਵਾਧਾ (+) (₹ ਕਰੋੜ ਵਿੱਚ) | ਟ | (-)20,821 | (-)17,650 | (-)18,171 | (-)21,188 | (-)23,362 |
| | ਪ੍ਰ | (-)12,494 ✓ | (-)16,059 ✓ | (-)16,826 ✓ | (-)22,584 ✗ | (-)27,847 ✗ |
| ਕੁੱਲ ਬਕਾਇਆ ਕਰਜ਼ੇ ਦੀ ਜੀ ਐਸ ਡੀ ਪੀ ਨੂੰ ਰੇਸ਼ੋ (*ਪ੍ਰਤੀਸ਼ਤ* ਵਿੱਚ) | ਟ | 41.04 | 40.96 | 39.74 | 38.53 | 45.05 |
| | ਪ੍ਰ* | 41.43 ✗ | 41.35 ✗ | 42.71 ✗ | 46.88 ✗ | 44.74 ✓ |

*ਸ੍ਰੋਤ : ਸਾਲ 2017-18 ਤੋਂ 2021-22 ਲਈ ਸਲਾਨਾ ਵਿੱਤੀ ਵਿਵਰਣੀਆਂ* — *ਟ: ਟੀਚੇ ਪ੍ਰ: ਪ੍ਰਾਪਤੀ*

*$ ਇਸ ਵਿੱਚ 2020-21 ਅਤੇ 2021-22 ਦੌਰਾਨ ਜੀ ਐਸ ਟੀ ਮੁਆਵਜ਼ੇ ਦੀ ਕਮੀ ਦੇ ਬਦਲੇ ਜੀ ਓ ਆਈ ਤੋਂ ਪ੍ਰਾਪਤ ਕ੍ਰਮਵਾਰ ₹ 8,359 ਕਰੋੜ ਅਤੇ ₹ 20,491.41 ਕਰੋੜ ( ₹ 8,359 ਕਰੋੜ ਜਮ੍ਹਾਂ ₹ 12,132.41 ਕਰੋੜ) ਦੇ ਬੈਕ-ਟੂ-ਬੈਕ ਕਰਜ਼ੇ ਸ਼ਾਮਲ ਨਹੀਂ ਹਨ ਜਿਨ੍ਹਾਂ ਨੂੰ ਕਿ ਦਿਸ਼ਾ ਨਿਰਦੇਸ਼ਾਂ (ਅਗਸਤ 2020) ਅਨੁਸਾਰ ਕਿਸੇ ਵੀ ਮਾਪਦੰਡ ਰਾਹੀਂ ਰਾਜ ਦਾ ਕਰਜ਼ਾ ਨਹੀਂ ਸਮਝਿਆ ਜਾਣਾ ਸੀ।*

15ਵੇਂ ਐਫ ਸੀ ਦੁਆਰਾ ਤੈਅ ਕੀਤੇ ਗਏ ਅਤੇ ਰਾਜ ਦੇ ਬਜਟ ਵਿੱਚ ਪ੍ਰੋਜੈਕਟ ਕੀਤੇ ਗਏ ਟੀਚਿਆਂ ਦੀ ਤੁਲਨਾ ਵਿੱਚ ਸਾਲ 2021-22 ਦੌਰਾਨ ਜੀ ਐਸ ਡੀ ਪੀ ਨਾਲ ਸਬੰਧਤ ਮੁੱਖ ਵਿੱਤੀ ਜੋੜਾਂ ਦੀਆਂ ਪ੍ਰਾਪਤੀਆਂ ਨੂੰ **ਸਾਰਣੀ 1.4 (ਅ)** ਵਿੱਚ ਦਿੱਤਾ ਗਿਆ ਹੈ।

**ਸਾਰਣੀ 1.4(ਅ): ਸਾਲ 2021-22 ਦੌਰਾਨ ਮੁੱਖ ਵਿੱਤੀ ਜੋੜਾਂ ਨਾਲ ਸਬੰਧਤ ਟੀਚਿਆਂ ਦੀ ਤੁਲਨਾ ਵਿੱਚ ਪ੍ਰਾਪਤੀਆਂ**

| ਵਿੱਤੀ ਵੇਰੀਏਬਲਜ਼ | 15ਵੇਂ ਐਫ ਸੀ ਦੁਆਰਾ ਤੈਅ ਕੀਤੇ ਗਏ ਟੀਚੇ | ਬਜਟ ਵਿਚਲੇ ਟੀਚੇ | ਅਸਲ* | ਅਸਲਾਂ ਦੇ ਅੰਤਰ ਦੀ ਪ੍ਰਤੀਸ਼ਤਤਾ | |
|---|---|---|---|---|---|
| | | | | 15ਵੇਂ ਐਫ ਸੀ ਦੇ ਟੀਚਿਆਂ ਨਾਲੋਂ | ਬਜਟ ਵਿਚਲੇ ਟੀਚਿਆਂ ਨਾਲੋਂ |
| ਰੈਵੀਨਿਊ ਘਾਟਾ/ਜੀ ਐਸ ਡੀ ਪੀ (*ਪ੍ਰਤੀਸ਼ਤ*) | (-)1.66 | (-)1.42 | (-)3.16 | (-)1.50 | (-)1.74 |
| ਵਿੱਤੀ ਘਾਟਾ/ਜੀ ਐਸ ਡੀ ਪੀ (*ਪ੍ਰਤੀਸ਼ਤ*) | (-)4.00 | (-)3.99 | (-)4.77 | (-)0.77 | (-)0.78 |
| ਕੁੱਲ ਬਕਾਇਆ ਕਰਜ਼ਾ/ਜੀ ਐਸ ਡੀ ਪੀ (*ਪ੍ਰਤੀਸ਼ਤ*) | 45.20 | 45.05 | 44.74$ | (-)0.46 | (-)0.31 |

*ਸ੍ਰੋਤ: 15ਵੇਂ ਐਫ ਸੀ ਦੀਆਂ ਸਿਫਾਰਸ਼ਾਂ, ਸਲਾਨਾ ਵਿੱਤੀ ਵਿਵਰਣੀ ਅਤੇ ਵਿੱਤ ਲੇਖੇ*

*ਨੋਟ: ਘਾਟੇ ਦੀਆਂ ਰਾਸ਼ੀਆਂ ਮਾਈਨਸ ਵਿੱਚ ਦਰਸਾਈਆਂ ਗਈਆਂ ਹਨ।*

** ਈ ਐਸ ਓ, ਪੰਜਾਬ ਸਰਕਾਰ ਦੁਆਰਾ ਪ੍ਰਕਾਸ਼ਿਤ ₹ 5,84,042 ਕਰੋੜ ਦੇ ਜੀ ਐਸ ਡੀ ਪੀ ਅੰਕੜਿਆਂ ਦੇ ਅਧਾਰ 'ਤੇ ਗਣਨਾ ਕੀਤੀ ਗਈ।*

*$ 2020-22 ਦੌਰਾਨ ਜੀ ਐਸ ਟੀ ਮੁਆਵਜ਼ੇ ਦੀ ਕਮੀ ਦੇ ਬਦਲੇ ਜੀ ਓ ਆਈ ਤੋਂ ਪ੍ਰਾਪਤ ₹ 20,491.41 ਕਰੋੜ ਦੇ ਬੈਕ-ਟੂ-ਬੈਕ ਕਰਜ਼ਿਆਂ ਤੋਂ ਬਗੈਰ ।*

ਸਰਕਾਰ, ਸਾਲ 2021-22 ਦੌਰਾਨ ਰੈਵੀਨਿਊ ਘਾਟਾ-ਜੀ ਐਸ ਡੀ ਪੀ ਅਤੇ ਵਿੱਤੀ ਘਾਟਾ-ਜੀ ਐਸ ਡੀ ਪੀ ਰੇਸ਼ੋਆਂ ਨੂੰ 15 ਵੇਂ ਐਫ ਸੀ ਦੁਆਰਾ ਨਿਰਧਾਰਤ ਪੱਧਰਾਂ ਅਤੇ ਬਜਟ ਅਨੁਮਾਨਾਂ ਵਿੱਚ ਬਣਾਈਆਂ ਪ੍ਰੋਜੈਕਸ਼ਨਾਂ ਦੇ ਅੰਦਰ ਰੱਖਣ ਵਿੱਚ ਅਸਫਲ ਰਹੀ ਸੀ।ਪ੍ਰੰਤੂ ਕੁੱਲ ਬਕਾਇਆ ਕਰਜ਼ਾ-ਜੀ ਐਸ ਡੀ ਪੀ ਰੇਸ਼ੋ ਨਿਰਧਾਰਤ ਹੋਏ ਪੱਧਰਾਂ ਤੱਕ ਰਿਹਾ।

ਪੰਜਾਬ ਐਫ ਆਰ ਬੀ ਐਮ ਐਕਟ, 2003 ਅਨੁਸਾਰ, ਮੀਡੀਅਮ-ਟਰਮ ਵਿੱਤੀ ਪਾਲਿਸੀ (ਐਮ ਟੀ ਐਫ ਪੀ) ਸਟੇਟਮੈਂਟ, ਨਿਰਧਾਰਤ ਵਿੱਤੀ ਸੂਚਕਾਂ ਲਈ ਬੁਨਿਆਦੀ ਮਨੌਤਾਂ ਨਿਸ਼ਚਤ ਕਰਨ ਦੇ ਨਾਲ-ਨਾਲ ਇੱਕ ਤਿੰਨ ਸਾਲਾਂ ਰੋਲਿੰਗ ਟੀਚਾ ਤੈਅ ਕਰੇਗੀ। ਮੀਡੀਅਮ ਟਰਮ ਵਿੱਤੀ ਪਾਲਿਸੀ (ਐਮ ਟੀ ਐਫ ਪੀ) ਵਿੱਚ ਬਣਾਈਆਂ ਪ੍ਰੋਜੈਕਸ਼ਨਾਂ ਦੀ ਤੁਲਨਾ ਵਿੱਚ ਅਸਲਾਂ ਨੂੰ **ਸਾਰਣੀ** 1.5 ਵਿੱਚ ਦਰਸਾਇਆ ਗਿਆ ਹੈ।

**ਸਾਰਣੀ 1.5: ਸਾਲ 2021-22 ਲਈ ਮੀਡੀਅਮ ਟਰਮ ਵਿੱਤੀ ਪਾਲਿਸੀ ਵਿਚਲੀਆਂ ਪ੍ਰੋਜੈਕਸ਼ਨਾਂ ਦੀ ਤੁਲਨਾ ਵਿੱਚ ਅਸਲ**

*(₹ ਕਰੋੜ ਵਿੱਚ)*

| ਲੜੀ ਨੰ. | ਵਿੱਤੀ ਵੇਰੀਏਬਲਜ਼ | ਐਮ ਟੀ ਐਫ ਪੀ ਅਨੁਸਾਰ ਪ੍ਰੋਜੈਕਸ਼ਨ | ਅਸਲ (2021-22) | ਅੰਤਰ (*ਪ੍ਰਤੀਸ਼ਤ* ਵਿੱਚ) |
|---|---|---|---|---|
| 1. | ਆਪਣਾ ਕਰ ਰੈਵੀਨਿਊ | 37,434 | 37,327 | (-)0.29 |
| 2. | ਗੈਰ-ਕਰ ਰੈਵੀਨਿਊ | 7,759 | 4,783 | (-)38.36 |
| 3. | ਕੇਂਦਰੀ ਕਰਾਂ ਅਤੇ ਡਿਊਟੀਆਂ ਦਾ ਹਿੱਸਾ | 12,027 | 15,289 | (+)27.12 |
| 4. | ਭਾਰਤ ਸਰਕਾਰ ਤੋਂ ਸਹਾਇਤਾ ਗ੍ਰਾਂਟਾਂ* | 38,038 | 20,769* | (-)45.40 |
| **5.** | **ਰੈਵੀਨਿਊ ਪ੍ਰਾਪਤੀਆਂ (1+2+3+4)** | **95,258** | **78,168** | **(-)17.94** |
| **6.** | **ਰੈਵੀਨਿਊ ਖਰਚਾ** | **1,03,880** | **96,636** | **(-)6.97** |
| **7.** | **ਰੈਵੀਨਿਊ ਘਾਟਾ (-)/ ਵਾਧਾ (+) (5-6)** | **(-)8,622** | **(-)18,468** | **(-)114.20** |
| **8.** | **ਵਿੱਤੀ ਘਾਟਾ (-)/ ਵਾਧਾ (+)** | **(-)24,240** | **(-)27,847** | **(-)14.88** |
| **9.** | **ਕਰਜ਼ਾ – ਜੀ ਐਸ ਡੀ ਪੀ ਰੇਸ਼ੋ (*ਪ੍ਰਤੀਸ਼ਤ*)** | **45.05** | **44.74#** | **(-)0.31** |
| **10.** | **ਪ੍ਰਚੱਲਤ ਕੀਮਤਾਂ 'ਤੇ ਜੀ ਐਸ ਡੀ ਪੀ ਵਾਧਾ ਦਰ (*ਪ੍ਰਤੀਸ਼ਤ*)** | **0.18** | **9.67** | **(+)9.49** |

*ਸ੍ਰੋਤ: ਵਿੱਤ ਲੇਖੇ*

** ਇਸ ਵਿੱਚ ਸਾਲ 2021-22 ਲਈ ਪੰਦਰਵੇਂ ਐਫ ਸੀ ਦੁਆਰਾ ਸਿਫਾਰਸ਼ ਕੀਤੀ ₹ 10,081 ਕਰੋੜ ਦੀ ਪੋਸਟ ਡੈਵੋਲਿਊਸ਼ਨ ਰੈਵੀਨਿਊ ਘਾਟਾ ਗ੍ਰਾਂਟ ਸ਼ਾਮਲ ਹੈ।*

*# ਸਾਲ 2020-22 ਦੌਰਾਨ ਜੀ ਐਸ ਟੀ ਮੁਆਵਜ਼ੇ ਦੀ ਕਮੀ ਦੇ ਬਦਲੇ ਭਾਰਤ ਸਰਕਾਰ ਤੋਂ ₹ 20,491 ਕਰੋੜ ਦੇ ਬੈਕ-ਟੂ-ਬੈਕ ਕਰਜ਼ਿਆਂ ਤੋਂ ਬਗੈਰ, ਜਿਸ ਨੂੰ ਕਿ ਦਿਸ਼ਾ ਨਿਰਦੇਸ਼ਾਂ (ਅਗਸਤ 2020) ਅਨੁਸਾਰ ਕਿਸੇ ਵੀ ਮਾਪਦੰਡ ਰਾਹੀਂ ਰਾਜ ਦਾ ਕਰਜ਼ਾ ਨਹੀਂ ਸਮਝਿਆ ਜਾਣਾ ਸੀ।*

ਸਾਲ 2021-22 ਦੌਰਾਨ ਰੈਵੀਨਿਊ ਪ੍ਰਾਪਤੀਆਂ ਦੇ ਸਾਰੇ ਭਾਗਾਂ ਵਿੱਚ 0.29 *ਪ੍ਰਤੀਸ਼ਤ* ਅਤੇ 45.40 *ਪ੍ਰਤੀਸ਼ਤ* ਦੀ ਰੇਂਜ ਵਿਚਕਾਰ ਕਮੀ ਕਾਰਣ, ਸਰਕਾਰ ਰੈਵੀਨਿਊ ਘਾਟੇ ਨੂੰ ਐਮ ਟੀ ਐਫ ਪੀ ਵਿੱਚ ਪ੍ਰੋਜੈਕਟ ਕੀਤੇ ਪੱਧਰ ਤੱਕ ਰੱਖਣ ਵਿੱਚ ਅਸਮਰੱਥ ਰਹੀ, ਸਿਵਾਏ ਕੇਂਦਰੀ ਕਰ ਅਤੇ ਡਿਊਟੀਆਂ ਦੇ ਹਿੱਸੇ ਦੇ ਜਿਸ ਵਿੱਚ 27.12 *ਪ੍ਰਤੀਸ਼ਤ* ਦਾ ਵਾਧਾ ਦਰਜ਼ ਕੀਤਾ ਗਿਆ। ਇਸ ਦੇ ਨਤੀਜੇ ਵਜੋਂ ਵਿੱਤੀ ਘਾਟਾ ਵੀ ਐਮ ਟੀ ਐਫ ਪੀ ਵਿੱਚ ਪ੍ਰਯੋਜਿਤ ਟੀਚੇ ਤੋਂ ਵਧ ਗਿਆ।

**ਚਾਰਟ** 1.4 ਅਤੇ **ਚਾਰਟ** 1.5 ਸਾਲ 2017-22 ਦੇ ਸਮੇ ਦੌਰਾਨ ਕ੍ਰਮਵਾਰ ਘਾਟੇ ਦੇ ਮਾਪਦੰਡਾਂ ਵਿੱਚ ਰੁਝਾਨਾਂ ਅਤੇ ਜੀ ਐਸ ਡੀ ਪੀ ਦੀ ਤੁਲਨਾ ਵਿੱਚ ਰੁਝਾਨਾਂ ਨੂੰ ਪੇਸ਼ ਕਰਦੇ ਹਨ।

**ਚਾਰਟ 1.4: ਘਾਟੇ ਦੇ ਮਾਪਦੰਡਾਂ ਵਿੱਚ ਰੁਝਾਨ**




*ਸ੍ਰੋਤ : ਵਿੱਤ ਲੇਖੇ*

**ਚਾਰਟ 1.5: ਜੀ ਐਸ ਡੀ ਪੀ ਦੀ ਤੁਲਨਾ ਵਿੱਚ ਵਾਧੇ/ਘਾਟੇ ਵਿੱਚ ਰੁਝਾਨ**




*ਸ੍ਰੋਤ : ਵਿੱਤ ਲੇਖੇ*

**ਰੈਵੀਨਿਊ ਘਾਟਾ** ਰੈਵੀਨਿਊ ਪ੍ਰਾਪਤੀਆਂ ਨਾਲੋਂ ਰੈਵੀਨਿਊ ਖਰਚੇ ਦੇ ਵੱਧ ਹੋਣ ਨੂੰ ਦਰਸਾਉਂਦਾ ਹੈ, ਜਿਸ ਨੂੰ ਕਿ ਐਫ ਆਰ ਬੀ ਐਮ ਐਕਟ, 2003 ਅਨੁਸਾਰ 2008-09 ਤੱਕ ਘਟਾ ਕੇ ਸਿਫਰ ਤੱਕ ਲੈਕੇ ਆਉਣਾ ਸੀ, ਸਾਲ 2017-18 ਵਿੱਚ ਇਹ ₹ 9,455 ਕਰੋੜ (ਜੀ ਐਸ ਡੀ ਪੀ ਦਾ 2.01 *ਪ੍ਰਤੀਸ਼ਤ*) ਤੋਂ ਵਧਕੇ ਸਾਲ 2021-22 ਵਿੱਚ ₹ 18,468 ਕਰੋੜ (ਜੀ ਐਸ ਡੀ ਪੀ ਦਾ 3.16 *ਪ੍ਰਤੀਸ਼ਤ*) ਹੋ ਗਿਆ। ਜੀ ਐਸ ਡੀ ਪੀ ਦੀ *ਪ੍ਰਤੀਸ਼ਤਤਾ* ਵਜੋਂ ਰੈਵੀਨਿਊ ਘਾਟੇ ਵਿੱਚ ਪਿਛਲੇ ਸਾਲ (3.25 *ਪ੍ਰਤੀਸ਼ਤ*) ਦੀ ਤੁਲਨਾ ਵਿੱਚ 2021-22 ਵਿੱਚ ਥੋੜੀ ਜਿਹੀ ਗਿਰਾਵਟ (3.16 *ਪ੍ਰਤੀਸ਼ਤ*) ਆਈ ਸੀ

**ਵਿੱਤੀ ਘਾਟਾ**, ਜਿਹੜਾ ਕਿ ਰਾਜ ਦੇ ਕੁੱਲ ਉਧਾਰਾਂ ਭਾਵ ਇਸ ਦੇ ਕੁੱਲ ਰੀਸੋਰਸ ਗੈਪ ਨੂੰ ਦਰਸਾਉਂਦਾ ਹੈ, 2020-21 ਵਿੱਚ ₹ 22,584 ਕਰੋੜ (ਜੀ ਐਸ ਡੀ ਪੀ ਦਾ 4.24 *ਪ੍ਰਤੀਸ਼ਤ*) ਤੋਂ ਵੱਧ ਨੇ 2021-22 ਵਿੱਚ ₹ 27,847 ਕਰੋੜ (ਜੀ ਐਸ ਡੀ ਪੀ ਦਾ 4.77 *ਪ੍ਰਤੀਸ਼ਤ*) ਹੋ ਗਿਆ।

**ਮੁਢਲਾ ਘਾਟਾ**, ਜਿਹੜਾ ਕਿ ਮੁਢਲੇ ਖਰਚੇ ( ਵਿਆਜ ਦੇ ਭੁਗਤਾਨਾਂ ਨੂੰ ਛੱਡਕੇ ਕੁੱਲ ਖਰਚਾ) ਦੇ ਗੈਰ-ਕਰਜ਼ਾ ਪ੍ਰਾਪਤੀਆਂ ਨਾਲੋਂ ਵੱਧ ਹੋਣ ਨੂੰ ਦਰਸਾਉਂਦਾ ਹੈ, ਸਾਲ 2020-21 ਵਿੱਚ ₹ 4,432 ਕਰੋੜ (ਜੀ ਐਸ ਡੀ ਪੀ ਦਾ 0.83 *ਪ੍ਰਤੀਸ਼ਤ*) ਅਤੇ 2021-22 ਵਿੱਚ ₹ 8,784 ਕਰੋੜ (ਜੀ ਐਸ ਡੀ ਪੀ ਦਾ 1.50 *ਪ੍ਰਤੀਸ਼ਤ*) ਸੀ। ਸਾਲ 2017-18, 2018-19 ਅਤੇ 2019-20 ਵਿੱਚ ਕ੍ਰਮਵਾਰ ₹ 2,840 ਕਰੋੜ (ਜੀ ਐਸ ਡੀ ਪੀ ਦਾ 0.60 *ਪ੍ਰਤੀਸ਼ਤ*), ₹ 247 ਕਰੋੜ (ਜੀ ਐਸ ਡੀ ਪੀ ਦਾ 0.05 *ਪ੍ਰਤੀਸ਼ਤ*) ਅਤੇ ₹ 741 ਕਰੋੜ (ਜੀ ਐਸ ਡੀ ਪੀ ਦਾ 0.14 *ਪ੍ਰਤੀਸ਼ਤ*) ਦਾ ਮੁਢਲਾ ਵਾਧਾ ਸੀ। ਇਹ ਗੈਰ-ਕਰਜ਼ਾ ਪ੍ਰਾਪਤੀਆਂ ਦੇ ਮੁਢਲੇ ਖਰਚੇ ਨਾਲੋਂ ਵਧੇਰੇ ਹੋਣ ਨੂੰ ਦਰਸਾਉਂਦਾ ਹੈ।

ਰਾਜ ਸਰਕਾਰ ਨੇ ਕਿਹਾ (ਦਸੰਬਰ 2022) ਕਿ ਇੱਕ ਪਾਸੇ ਕੋਵਿਡ-19 ਮਹਾਂਮਾਰੀ ਕਰਕੇ ਰੈਵੀਨਿਊ ਵਾਧੇ ਤੇ ਦੁਸ਼ਪ੍ਰਭਾਵ ਪਏ ਅਤੇ ਦੂਜੇ ਪਾਸੇ ਰਾਜ ਸਰਕਾਰ ਨੇ ਆਮ ਆਦਮੀ ਨੂੰ ਰਾਹਤ ਦੇਣ ਵਾਸਤੇ ਵੱਡਾ ਖਰਚਾ ਕੀਤਾ, ਜੋ ਕਿ ਘਾਟਿਆਂ ਦੇ ਵਧਣ ਲਈ ਮੁੱਖ ਕਾਰਣ ਸੀ। ਰਾਜ ਸਰਕਾਰ ਦੁਆਰਾ ਐਫ ਆਰ ਬੀ ਐਮ ਦਿਸ਼ਾ ਨਿਰਦੇਸ਼ਾਂ ਦੀ ਪਾਲਣਾ ਲਈ ਉਪਰਾਲੇ ਕੀਤੇ ਜਾਣੇ ਚਾਹੀਦੇ ਹਨ।

### 1.5.1 ਭਾਰਤ ਸਰਕਾਰ ਦੁਆਰਾ ਨਿਰਧਾਰਤ ਸੀਮਾਵਾਂ ਅਨੁਸਾਰ, ਉਧਾਰਾਂ ਦੇ ਸਬੰਧ ਵਿੱਚ, ਰਾਜ ਸਰਕਾਰ ਦੀ ਕਾਰਗੁਜ਼ਾਰੀ

ਭਾਰਤ ਦੇ ਸੰਵਿਧਾਨ ਦਾ ਅਨੁਛੇਦ 293(3) ਹੋਰ ਗੱਲਾਂ ਦੇ ਨਾਲ-ਨਾਲ ਇਹ ਵਿਵਸਥਾ ਕਰਦਾ ਹੈ ਕਿ ਕੋਈ ਵੀ ਰਾਜ ਭਾਰਤ ਸਰਕਾਰ (ਜੀ ਓ ਆਈ ) ਦੀ ਮਨਜ਼ੂਰੀ ਤੋਂ ਬਗੈਰ ਕੋਈ ਕਰਜ਼ਾ ਨਹੀਂ ਲੈ ਸਕਦਾ ਜੇਕਰ ਕਿਸੇ ਕਰਜ਼ੇ ਦਾ ਜੋ ਕਿ ਉਸ ਰਾਜ ਨੂੰ ਭਾਰਤ ਸਰਕਾਰ ਵੱਲੋਂ ਦਿੱਤਾ ਗਿਆ ਹੈ, ਕੁਝ ਹਿੱਸਾ ਅਜੇ ਬਕਾਇਆ ਰਹਿੰਦਾ ਹੋਵੇ।

ਭਾਰਤ ਸਰਕਾਰ ਦੇ ਵਿੱਤ ਮੰਤਰਾਲੇ, ਖਰਚ ਵਿਭਾਗ ਨੇ ਵਿੱਤੀ ਸਾਲ 2021-22 ਲਈ ਰਾਜ ਸਰਕਾਰ ਦੀ ਨਿਰੋਲ ਉਧਾਰ ਦੀ ਸੀਮਾਂ ₹ 22,951 ਕਰੋੜ[2] ਨਿਰਧਾਰਤ ਕੀਤੀ (ਮਾਰਚ 2021) ਅਤੇ ਰਾਜ ਸਰਕਾਰ ਨੂੰ ਸਾਰੇ ਸਰੋਤਾਂ ਤੋਂ ਆਪਣੇ ਇੰਨਕਰੀਮੈਂਟਲ ਉਧਾਰਾਂ ਨੂੰ ਇਸ ਸੀਮਾਂ ਦੇ ਅੰਦਰ ਰੱਖਣ ਨੂੰ ਯਕੀਨੀ ਬਣਾਏ ਜਾਣ ਦੀ ਹਦਾਇਤ ਕੀਤੀ। ਇਸ ₹ 22,951 ਕਰੋੜ ਦੀ ਉਧਾਰ ਦੀ ਸੀਮਾਂ ਵਿੱਚ ₹ 2,869 ਕਰੋੜ (ਜੀ ਐਸ ਡੀ ਪੀ ਦਾ 0.50 *ਪ੍ਰਤੀਸ਼ਤ* ) ਦੀ ਵਧੀਕ ਸੀਮਾਂ ਸ਼ਾਮਲ ਸੀ ਜਿਸਦੀ ਆਗਿਆ ਉਦੋਂ ਦਿੱਤੀ ਜਾਣੀ ਸੀ ਜਦੋਂ ਭਾਰਤ ਸਰਕਾਰ ਵੱਲੋਂ 2021-22 ਲਈ ਰੱਖੇ ਗਏ ₹ 5,421 ਕਰੋੜ ਦੇ ਪੂੰਜੀਗਤ ਖਰਚੇ ਦੇ ਟੀਚੇ ਦਾ ਰਾਜ ਸਰਕਾਰ ਵਲੋਂ ਦਸੰਬਰ 2021 ਤੱਕ ਘੱਟ ਤੋਂ ਘੱਟ 70 *ਪ੍ਰਤੀਸ਼ਤ* ਖਰਚ ਕਰ ਲਿਆ ਜਾਂਦਾ। ਰਾਜ ਸਰਕਾਰ ਨੇ

---

2 ਸਾਲ 2021-22 ਦੇ ਜੀ ਐਸ ਡੀ ਪੀ (₹ 5,73,763 ਕਰੋੜ) ਦਾ ਚਾਰ *ਪ੍ਰਤੀਸ਼ਤ* ਜੋ ਕਿ ਭਾਰਤ ਸਰਕਾਰ ਦੁਆਰਾ 15ਵੇਂ ਐਫ ਸੀ ਦੁਆਰਾ ਨਿਰਧਾਰਤ ਵਿਧੀ ਅਨੁਸਾਰ ਅਨੁਮਾਨਤ ਜੀ ਐਸ ਡੀ ਪੀ ਦੇ ਅਧਾਰ ਤੇ ਆਂਕਿਆ ਗਿਆ, ਪ੍ਰੰਤੂ ਆਰਥਿਕ ਅਤੇ ਅੰਕੜਾ ਸੰਗਠਨ, ਪੰਜਾਬ ਸਰਕਾਰ ਅਨੁਸਾਰ 22 ਜੁਲਾਈ 2022 ਦੀ ਸਥਿਤੀ ਅਨੁਸਾਰ ਸਾਲ 2021-22 ਲਈ ਜੀ ਐਸ ਡੀ ਪੀ ਨੂੰ ਸੋਧ ਕੇ ₹ 5,84,042 ਕਰੋੜ ਕਰ ਦਿੱਤਾ ਗਿਆ ਸੀ।

ਦਸੰਬਰ 2021 ਤੱਕ ਪੂੰਜੀਗਤ ਆਊਟਲੇਅ ਤੇ ₹ 6,040 ਕਰੋੜ ਖਰਚ ਕੀਤੇ। ਇਸ ਲਈ ਰਾਜ ਸਰਕਾਰ ਪ੍ਰਯੋਜਿਤ ਜੀ ਐਸ ਡੀ ਪੀ ਦੇ 0.50 *ਪ੍ਰਤੀਸ਼ਤ* ਦੀ ਵਧੀਕ ਸੀਮਾਂ ਲਈ ਯੋਗ ਸੀ।

ਉਧਾਰਾਂ ਅਤੇ ਹੋਰ ਦੇਣਦਾਰੀਆਂ ਨਾਮਕ ਵਿੱਤ ਲੇਖਿਆਂ ਦੀ ਵਿਵਰਣੀ 6 ਅਨੁਸਾਰ ਵਿੱਤੀ ਸਾਲ 2021-22 ਦੌਰਾਨ ਰਾਜ ਦੇ ਇਨਕਰੀਮੈਂਟਲ ਉਧਾਰ ਅਤੇ ਹੋਰ ਦੇਣਦਾਰੀਆਂ ₹ 11,608 ਕਰੋੜ[3] ਸਨ, ਜੋ ਕਿ ₹ 23,362 ਕਰੋੜ (ਸੋਧਿਤ ਜੀ ਐਸ ਡੀ ਪੀ ਅਰਥਾਤ ₹ 5,84,042 ਕਰੋੜ ਦਾ ਚਾਰ *ਪ੍ਰਤੀਸ਼ਤ*) ਦੀ ਉਧਾਰਾਂ ਦੀ ਸੀਮਾਂ ਦੇ ਅੰਦਰ ਸੀ।

## 1.6 ਲੇਖਾ ਪ੍ਰੀਖਿਆ ਦੁਆਰਾ ਪੜਤਾਲ ਉਪਰੰਤ ਘਾਟੇ

ਰੈਵੀਨਿਊ ਖਰਚੇ ਨੂੰ ਪੂੰਜੀਗਤ ਵਜੋਂ ਗਲਤ ਵਰਗੀਕਰਣ ਕਰਨ ਅਤੇ ਬਜਟ ਤੋਂ ਬਾਹਰੀ ਵਿੱਤੀ ਆਪਰੇਸ਼ਨਾਂ ਨਾਲ ਘਾਟੇ ਦੇ ਅੰਕੜਿਆਂ ਤੇ ਅਸਰ ਪੈਂਦਾ ਹੈ। ਇਸ ਤੋਂ ਇਲਾਵਾ, ਬਿਲਕੁੱਲ ਸਪਸ਼ਟ ਦੇਣਦਾਰੀਆਂ ਨੂੰ ਅੱਗੇ ਪਾਉਣਾ, ਸੈੱਸ/ਰਾਇਲਟੀ ਨੂੰ ਸੰਚਿਤ ਫੰਡ ਵਿੱਚ ਜਮ੍ਹਾਂ ਨਾ ਕਰਵਾਉਣਾ, ਨਵੀਂ ਪੈਨਸ਼ਨ ਸਕੀਮ, ਸਿੰਕਿੰਗ ਅਤੇ ਰਿਡੰਪਸ਼ਨ ਫੰਡ, ਆਦਿ ਨੂੰ ਘੱਟ ਯੋਗਦਾਨ ਕਰਨਾ, ਵੀ ਰੈਵੀਨਿਊ ਅਤੇ ਵਿੱਤੀ ਘਾਟੇ ਦੇ ਅੰਕੜਿਆਂ ਤੇ ਅਸਰ ਪਾਉਂਦੇ ਹਨ। ਘਾਟੇ ਦੇ ਅਸਲ ਅੰਕੜਿਆਂ ਨੂੰ ਜਾਣਨ ਲਈ ਅਜਿਹੀਆਂ ਅਨਿਯਮਤਾਵਾਂ ਦੇ ਅਸਰ ਨੂੰ ਖਤਮ ਕਰਨ ਦੀ ਜਰੂਰਤ ਹੈ। ਲੇਖਾ ਪ੍ਰੀਖਿਆ ਵਿੱਚ ਪੜਤਾਲ ਉਪਰੰਤ ਘਾਟਿਆਂ ਦੇ ਵਿਸ਼ਲੇਸ਼ਣ ਨੂੰ **ਸਾਰਣੀ 1.6** ਵਿੱਚ ਦਿੱਤਾ ਗਿਆ ਹੈ।

**ਸਾਰਣੀ 1.6: ਰੈਵੀਨਿਊ ਘਾਟਾ ਅਤੇ ਵਿੱਤੀ ਘਾਟਾ, ਲੇਖਾ ਪ੍ਰੀਖਿਆ ਦੁਆਰਾ ਪੜਤਾਲ ਉਪਰੰਤ**

| ਵੇਰਵੇ | ਰੈਵੀਨਿਊ ਘਾਟੇ 'ਤੇ ਅਸਰ (ਘੱਟ ਦਰਸਾਏ ਗਏ(+) / ਵੱਧ ਦਰਸਾਏ ਗਏ (-) *(₹ ਕਰੋੜ ਵਿੱਚ)* | ਵਿੱਤੀ ਘਾਟੇ 'ਤੇ ਅਸਰ (ਘੱਟ ਦਰਸਾਏ ਗਏ(+) / ਵੱਧ ਦਰਸਾਏ ਗਏ (-) *(₹ ਕਰੋੜ ਵਿੱਚ)* | ਪੈਰ੍ਹੇ ਦਾ ਹਵਾਲਾ |
|---|---|---|---|
| ਨੈਸ਼ਨਲ ਸਕਿਓਰਟੀ ਡਿਪਸਜ਼ਿਟਰੀ ਲਿਮਟਡ (ਐਨ ਐਸ ਡੀ ਐਲ) ਨੂੰ ਘੱਟ ਯੋਗਦਾਨ | (+)20.39 | (+)20.39 | 2.4.1.2 (i) |
| ਐਸ ਡੀ ਆਰ ਐਫ (ਐਮ ਐਚ-2245) ਤੋਂ ਕੀਤਾ ਅਸਵੀਕਾਰਯੋਗ ਖਰਚਾ | (+)455.04 | (+)455.04 | 2.5.2.2 |
| ਗਰੰਟੀ ਰਿਡੰਪਸ਼ਨ ਫੰਡ ਨੂੰ ਗਰੰਟੀ ਫੀਸ ਟਰਾਂਸਫਰ ਨਾ ਕਰਨਾ | (+)38.24 | (+)38.24 | 2.5.2.3 |
| ਰਾਜ ਦੇ ਸੰਚਿਤ ਫੰਡ ਵਿੱਚ ਰਾਜ ਲੈਵੀਜ਼ ਜਮ੍ਹਾਂ ਨਾ ਕਰਵਾਉਣਾ | (-)17.89 | (-)17.89 | 4.1 |
| ਪੰਜਾਬ ਭਵਨ ਅਤੇ ਹੋਰ ਨਿਰਮਾਣ ਕਾਮੇ ਭਲਾਈ ਬੋਰਡ ਨੂੰ ਕਿਰਤ ਸੈਸ ਟਰਾਂਸਫਰ ਨਾ ਕਰਨਾ | (+)15.96 | (+)15.96 | 4.1.5 |
| ਵਿਆਜਯੋਗ ਡਿਪਾਜ਼ਿਟਸ/ ਰਾਖਵੇਂ ਫੰਡਾਂ ਦੀ ਦੇਣਦਾਰੀ ਨਾ ਨਿਭਾਉਣਾ | (+)82.13 | (+)82.13 | 4.3 |
| **ਜੋੜ** | **(+)593.87** | **(+)593.87** | |

*ਸ੍ਰੋਤ: ਵਿੱਤ ਲੇਖੇ*

3 ਜੀ ਐਸ ਟੀ ਮੁਆਵਜ਼ੇ ਦੀ ਕਮੀ ਦੇ ਬਦਲੇ ਭਾਰਤ ਸਰਕਾਰ ਤੋਂ ₹ 12,132 ਕਰੋੜ ਦੇ ਬੈਕ-ਟੂ-ਬੈਕ ਕਰਜ਼ਿਆਂ ਨੂੰ ਛੱਡਕੇ, ਜਿਸ ਨੂੰ ਕਿ ਦਿਸ਼ਾ ਨਿਰਦੇਸ਼ਾਂ (ਅਗਸਤ 2020) ਅਨੁਸਾਰ ਕਿਸੇ ਵੀ ਮਾਪਦੰਡ ਰਾਹੀਂ ਰਾਜ ਦਾ ਕਰਜ਼ਾ ਨਹੀਂ ਸਮਝਿਆ ਜਾਣਾ ਸੀ।

ਸਾਲ 2021-22 ਦੌਰਾਨ ਰੈਵੀਨਿਊ ਘਾਟਾ ਅਤੇ ਵਿੱਤੀ ਘਾਟਾ ਕ੍ਰਮਵਾਰ ₹ 18,468 ਕਰੋੜ (ਜੀ ਐਸ ਡੀ ਪੀ ਦਾ 3.16 *ਪ੍ਰਤੀਸ਼ਤ*) ਅਤੇ ₹ 27,847 ਕਰੋੜ (ਜੀ ਐਸ ਡੀ ਪੀ ਦਾ 4.77 *ਪ੍ਰਤੀਸ਼ਤ*) ਸੀ, ਜਿਵੇਂ ਕਿ **ਚਾਰਟ** 1.4 ਅਤੇ 1.5 ਵਿੱਚ ਦਰਸਾਇਆ ਗਿਆ ਹੈ। ਜੇਕਰ ਉਕਤ ਵਿੱਤੀ ਲੈਣ-ਦੇਣ ਨੂੰ ਲੇਖੇ ਵਿੱਚ ਲੈ ਲਿਆ ਜਾਂਦਾ ਤਾਂ ਅਸਲ ਰੈਵੀਨਿਊ ਘਾਟਾ ਅਤੇ ਵਿੱਤੀ ਘਾਟਾ ਕ੍ਰਮਵਾਰ ₹ 19,062 ਕਰੋੜ (ਜੀ ਐਸ ਡੀ ਪੀ ਦਾ 3.26 *ਪ੍ਰਤੀਸ਼ਤ*) ਅਤੇ ₹ 28,441 ਕਰੋੜ (ਜੀ ਐਸ ਡੀ ਪੀ ਦਾ 4.87 *ਪ੍ਰਤੀਸ਼ਤ*) ਹੋਣਾ ਸੀ ਅਤੇ ਅਸਲ ਰੈਵੀਨਿਊ ਘਾਟਾ ਅਤੇ ਵਿੱਤੀ ਘਾਟਾ ਵਿੱਤੀ ਮਜ਼ਬੂਤੀਕਰਨ ਰੋਡਮੈਪ (ਐਫ ਸੀ ਆਰ) ਦੇ ਟੀਚਿਆਂ ਤੋਂ ਕ੍ਰਮਵਾਰ ₹ 10,440 ਕਰੋੜ (121.08 *ਪ੍ਰਤੀਸ਼ਤ*) ਅਤੇ ₹ 5,079 ਕਰੋੜ (21.74 *ਪ੍ਰਤੀਸ਼ਤ*) ਵੱਧ ਹਣਾ ਸੀ। ਇਸ ਦੇ ਨਤੀਜੇ ਵਜੋਂ ਰੈਵੀਨਿਊ ਘਾਟੇ ਨੂੰ ਵੀ 3.22 *ਪ੍ਰਤੀਸ਼ਤ* ਨਾਲ ਅਤੇ ਵਿੱਤੀ ਘਾਟੇ ਨੂੰ 2.13 *ਪ੍ਰਤੀਸ਼ਤ* ਨਾਲ ਘੱਟ ਕਰਕੇ ਦਰਸਾਇਆ ਗਿਆ ਸੀ।

## 1.7 ਲੇਖਾ ਪ੍ਰੀਖਿਆ ਉਪਰੰਤ – ਕੁੱਲ ਬਕਾਇਆ ਕਰਜ਼ਾ

ਪੰਜਾਬ ਵਿੱਤੀ ਜ਼ਿੰਮੇਵਾਰੀ ਅਤੇ ਬਜਟ ਪ੍ਰਬੰਧਨ (ਐਫ ਆਰ ਬੀ ਐਮ) ਐਕਟ, 2003, ਅਨੁਸਾਰ ਕੁੱਲ ਦੇਣਦਾਰੀਆਂ ਤੋਂ ਭਾਵ ਭਾਰਤ ਦੇ ਸੰਵਿਧਾਨ ਦੇ ਅਨੁਛੇਦ 266 ਵਿੱਚ ਦੱਸੇ ਅਨੁਸਾਰ ਰਾਜ ਦੇ ਸੰਚਿਤ ਫੰਡ ਅਤੇ ਰਾਜ ਦੇ ਲੋਕ ਲੇਖੇ ਅਧੀਨ ਦੇਣਦਾਰੀਆਂ ਤੋਂ ਹੈ। ਬਕਾਇਆ ਕਰਜ਼ੇ/ਦੇਣਦਾਰੀਆਂ ਨੂੰ ਵੱਖ ਵੱਖ ਭਾਗਾਂ ਵਿੱਚ ਵੰਡਿਆ ਜਾ ਸਕਦਾ ਹੈ, ਜਿਵੇਂ ਕਿ ਹੇਠਾਂ **ਸਾਰਣੀ** 1.7 ਵਿੱਚ ਦਿੱਤਾ ਗਿਆ ਹੈ।

**ਸਾਰਣੀ 1.7 : 31 ਮਾਰਚ 2022 ਨੂੰ ਬਕਾਇਆ ਕਰਜ਼ੇ/ ਦੇਣਦਾਰੀਆਂ ਦੇ ਭਾਗ**

*(₹ ਕਰੋੜ ਵਿੱਚ)*

| ਵਿੱਤ ਲੇਖਿਆਂ ਅਨੁਸਾਰ ਉਧਾਰ ਅਤੇ ਹੋਰ ਦੇਣਦਾਰੀਆਂ | ਰਾਸ਼ੀ |
|---|---|
| **ਅੰਦਰੂਨੀ ਕਰਜ਼ਾ (ੳ)** | **2,20,196.34** |
| ਵਿਆਜਯੋਗ ਮਾਰਕੀਟ ਕਰਜ਼ੇ | 1,65,099.00 |
| ਵਿਆਜਹੀਣ ਮਾਰਕੀਟ ਕਰਜ਼ੇ | 0.03 |
| ਕੰਪੈਨਸੇਸ਼ਨ ਅਤੇ ਹੋਰ ਬਾਂਡਜ਼ | 1,4642.35 |
| ਹੋਰ ਵਿੱਤੀ ਸੰਸਥਾਵਾਂ, ਆਦਿ ਤੋਂ ਕਰਜ਼ੇ | 27,440.47 |
| ਕੇਂਦਰ ਸਰਕਾਰ ਦੇ ਰਾਸ਼ਟਰੀ ਛੋਟੀਆਂ ਬੱਚਤਾਂ ਫੰਡ ਨੂੰ ਜਾਰੀ ਵਿਸ਼ੇਸ਼ ਸਕਿਓਰਿਟੀਆਂ | 13,014.49 |
| **ਕੇਂਦਰ ਸਰਕਾਰ ਤੋਂ ਕਰਜ਼ੇ ਅਤੇ ਪੇਸ਼ਗੀਆਂ (ਅ)** | **25,094.25** |
| ਨਾਲ-ਪਲਾਨ ਕਰਜ਼ੇ | 12.24 |
| ਰਾਜ ਪਲਾਨ ਸਕੀਮਾਂ ਲਈ ਕਰਜ਼ੇ | 1,782.21 |
| ਹੋਰ | 23,299.80* |
| **ਲੋਕ ਲੇਖੇ ਦੀਆਂ ਦੇਣਦਾਰੀਆਂ (ੲ)** | **36,369.10** |
| ਛੋਟੀਆਂ ਬੱਚਤਾਂ, ਪਰਾਵੀਡੈਂਟ ਫੰਡ,ਆਦਿ | 22,187.70 |
| ਡਿਪਾਜ਼ਿਟਸ | 4,785.10 |
| ਰਾਖਵੇਂ ਫੰਡ | 9,509.26 |
| ਸਸਪੈਂਸ ਅਤੇ ਫੁਟਕਲ ਬਕਾਏ | (-)37.51 |
| ਰੈਮੀਟੈਂਸਜ਼ | (-)75.45 |
| **ਜੋੜ (ੳ+ ਅ+ ੲ)** | **2,81,659.69** |

*ਸ੍ਰੋਤ: ਵਿੱਤ ਲੇਖੇ*

* *ਇਸ ਵਿੱਚ ਜੀ ਐਸ ਟੀ ਮੁਆਵਜ਼ੇ ਦੀ ਕਮੀ ਦੇ ਬਦਲੇ ਵਿੱਚ ਭਾਰਤ ਸਰਕਾਰ ਤੋਂ ₹ 20,491 ਕਰੋੜ (2020-21 ਵਿੱਚ ₹ 8,359 ਕਰੋੜ ਅਤੇ 2021-22 ਵਿੱਚ ₹ 12,132 ਕਰੋੜ) ਦੇ ਬੈਕ-ਟੂ-ਬੈਕ ਕਰਜ਼ੇ ਸ਼ਾਮਲ ਹਨ।*

ਸਸਪੈਂਸ, ਫੁਟਕਲ ਅਤੇ ਰੈਮੀਟੈਂਸਜ਼ ਬਕਾਇਆਂ ਨੂੰ ਹਿਸਾਬ ਵਿੱਚ ਨਾ ਲੈਣ ਕਰਕੇ ਸਾਲ 2021-22 ਦੇ ਅਖੀਰ ਤੇ, ਰਾਜ ਦਾ ਸਮੁੱਚਾ ਬਕਾਇਆ ਕਰਜ਼ਾ/ ਦੇਣਦਾਰੀਆਂ ਨੂੰ ₹ 112.96 ਕਰੋੜ ਨਾਲ ਵਧਾ ਕੇ ਦਰਸਾਇਆ ਗਿਆ ਸੀ ਅਤੇ ਇਸ ਕਰਕੇ ਇਸ ਨੂੰ ਜੀ ਐਸ ਡੀ ਪੀ ਦੇ ਸਬੰਧ ਵਿੱਚ 0.02 *ਪ੍ਰਤੀਸ਼ਤ* ਨਾਲ ਵਧਾ ਕੇ ਦਰਸਾਇਆ ਗਿਆ ਸੀ। ਚਾਲੂ ਸਾਲ ਦੌਰਾਨ ਐਮ ਟੀ ਐਫ ਪੀ ਸਟੇਟਮੈਂਟ ਅਧੀਨ 44.72 *ਪ੍ਰਤੀਸ਼ਤ*[4] ਤੇ ਜੀ ਐਸ ਡੀ ਪੀ ਨੂੰ ਦੇਣਦਾਰੀਆਂ, 45.05 *ਪ੍ਰਤੀਸ਼ਤ* ਦੇ ਨਾਰਮੇਟਿਵ ਅਸੈਸਮੈਂਟ ਦੇ ਟਾਕਰੇ ਵਿੱਚ, ਘੱਟ ਸਨ।

4 ਸਾਲ 2020-22 ਦੌਰਾਨ ਜੀ ਐਸ ਟੀ ਮੁਆਵਜ਼ੇ ਦੀ ਕਮੀ ਦੇ ਬਦਲੇ ਭਾਰਤ ਸਰਕਾਰ ਤੋਂ ₹ 20,491.41 ਕਰੋੜ ਦੇ ਬੈਕ-ਟੂ-ਬੈਕ ਕਰਜ਼ਿਆਂ ਨੂੰ ਛੱਡਕੇ ਜਿਨ੍ਹਾਂ ਨੂੰ ਕਿ ਦਿਸ਼ਾ ਨਿਰਦੇਸ਼ਾਂ (ਅਗਸਤ 2020) ਅਨੁਸਾਰ ਕਿਸੇ ਵੀ ਮਾਪਦੰਡ ਰਾਹੀਂ ਰਾਜ ਦਾ ਕਰਜ਼ਾ ਨਹੀਂ ਸਮਝਿਆ ਜਾਣਾ ਸੀ।

# ਅਧਿਆਇ -II

# ਰਾਜ ਦੇ ਵਿੱਤ

# ਅਧਿਆਇ-II

# ਰਾਜ ਦੇ ਵਿੱਤ

## 2.1 ਮੁੱਖ ਵਿੱਤੀ ਜੋੜਾਂ ਵਿੱਚ 2020-21 ਦੀ ਤੁਲਨਾ ਵਿੱਚ 2021-22 ਵਿੱਚ ਹੋਏ ਵੱਡੇ ਬਦਲਾਅ

ਪਿਛਲੇ ਸਾਲ ਦੀ ਤੁਲਨਾ ਵਿੱਚ ਵਿੱਤੀ ਸਾਲ 2021-22 ਦੌਰਾਨ ਰਾਜ ਦੇ ਮੁੱਖ ਵਿੱਤੀ ਜੋੜਾਂ ਵਿੱਚ ਹੋਏ ਵੱਡੇ ਬਦਲਾਅ **ਸਾਰਣੀ 2.1** ਵਿੱਚ ਦਿੱਤੇ ਗਏ ਹਨ।

**ਸਾਰਣੀ 2.1: ਮੁੱਖ ਵਿੱਤੀ ਜੋੜਾਂ ਵਿੱਚ 2020-21 ਦੀ ਤੁਲਨਾ ਵਿੱਚ 2021-22 ਵਿੱਚ ਹੋਏ ਬਦਲਾਅ**

| | |
|---|---|
| **ਰੈਵੀਨਿਊ ਪ੍ਰਾਪਤੀਆਂ** | • ਰਾਜ ਦੀਆਂ ਰੈਵੀਨਿਊ ਪ੍ਰਾਪਤੀਆਂ 13.21 *ਪ੍ਰਤੀਸ਼ਤ* ਨਾਲ ਵਧੀਆਂ<br>• ਰਾਜ ਦੀਆਂ ਆਪਣੀਆਂ ਕਰ ਪ੍ਰਾਪਤੀਆਂ 24.20 *ਪ੍ਰਤੀਸ਼ਤ* ਨਾਲ ਵਧੀਆਂ<br>• ਆਪਣੀਆਂ ਗੈਰ-ਕਰ ਪ੍ਰਾਪਤੀਆਂ 15.20 *ਪ੍ਰਤੀਸ਼ਤ* ਨਾਲ ਵਧੀਆਂ<br>• ਕੇਂਦਰੀ ਕਰਾਂ ਅਤੇ ਡਿਊਟੀਆਂ ਵਿੱਚ ਰਾਜ ਦਾ ਹਿੱਸਾ 43.71 *ਪ੍ਰਤੀਸ਼ਤ* ਨਾਲ ਵਧਿਆ<br>• ਭਾਰਤ ਸਰਕਾਰ ਤੋਂ ਸਹਾਇਤਾ ਗ੍ਰਾਂਟਾਂ 14.20 *ਪ੍ਰਤੀਸ਼ਤ* ਨਾਲ ਘਟੀਆਂ |
| **ਰੈਵੀਨਿਊ ਖਰਚਾ** | • ਰੈਵੀਨਿਊ ਖਰਚਾ 11.92 *ਪ੍ਰਤੀਸ਼ਤ* ਨਾਲ ਵਧਿਆ<br>• ਆਮ ਸੇਵਾਵਾਂ 'ਤੇ ਰੈਵੀਨਿਊ ਖਰਚਾ 9.22 *ਪ੍ਰਤੀਸ਼ਤ* ਨਾਲ ਵਧਿਆ<br>• ਸਮਾਜਿਕ ਸੇਵਾਵਾਂ 'ਤੇ ਰੈਵੀਨਿਊ ਖਰਚਾ 16.88 *ਪ੍ਰਤੀਸ਼ਤ* ਨਾਲ ਵਧਿਆ<br>• ਆਰਥਿਕ ਸੇਵਾਵਾਂ 'ਤੇ ਰੈਵੀਨਿਊ ਖਰਚਾ 30.81 *ਪ੍ਰਤੀਸ਼ਤ* ਨਾਲ ਵਧਿਆ<br>• ਸਹਾਇਤਾ ਗ੍ਰਾਂਟਾਂ ਅਤੇ ਯੋਗਦਾਨਾਂ 'ਤੇ ਖਰਚਾ 35.39 *ਪ੍ਰਤੀਸ਼ਤ* ਨਾਲ ਘਟਿਆ |
| **ਪੂੰਜੀਗਤ ਖਰਚਾ** | • ਪੂੰਜੀਗਤ ਖਰਚਾ 82.79 *ਪ੍ਰਤੀਸ਼ਤ* ਨਾਲ ਵਧਿਆ<br>• ਆਮ ਸੇਵਾਵਾਂ 'ਤੇ ਪੂੰਜੀਗਤ ਆਊਟਲੇਅ 25.32 *ਪ੍ਰਤੀਸ਼ਤ* ਨਾਲ ਵਧਿਆ<br>• ਸਮਾਜਿਕ ਸੇਵਾਵਾਂ 'ਤੇ ਪੂੰਜੀਗਤ ਆਊਟਲੇਅ 29.32 *ਪ੍ਰਤੀਸ਼ਤ* ਨਾਲ ਵਧਿਆ<br>• ਆਰਥਿਕ ਸੇਵਾਵਾ 'ਤੇ ਪੂੰਜੀਗਤ ਆਊਟਲੇਅ 151.74 *ਪ੍ਰਤੀਸ਼ਤ* ਨਾਲ ਵਧਿਆ |
| **ਕਰਜ਼ੇ ਅਤੇ ਪੇਸ਼ਗੀਆਂ** | • ਕਰਜ਼ੇ ਅਤੇ ਪੇਸ਼ਗੀਆਂ ਦੀਆਂ ਵਸੂਲੀਆਂ 310.42 *ਪ੍ਰਤੀਸ਼ਤ* ਨਾਲ ਵਧੀਆਂ<br>• ਕਰਜ਼ੇ ਅਤੇ ਪੇਸ਼ਗੀਆਂ ਦੀ ਅਦਾਇਗੀ 64.87 *ਪ੍ਰਤੀਸ਼ਤ* ਨਾਲ ਵਧ ਗਈ |
| **ਜਨਤਕ ਕਰਜ਼ਾ** | • ਜਨਤਕ ਕਰਜ਼ਾ ਪ੍ਰਾਪਤੀਆਂ 20.54 *ਪ੍ਰਤੀਸ਼ਤ** ਨਾਲ ਘਟੀਆਂ<br>• ਜਨਤਕ ਕਰਜ਼ੇ ਦੀ ਮੁੜ ਅਦਾਇਗੀ 29.63 *ਪ੍ਰਤੀਸ਼ਤ* ਨਾਲ ਵਧ ਗਈ |
| **ਲੋਕ ਲੇਖਾ** | • ਲੋਕ ਲੇਖਾ ਪ੍ਰਾਪਤੀਆਂ 21.46 *ਪ੍ਰਤੀਸ਼ਤ* ਨਾਲ ਵਧੀਆਂ<br>• ਲੋਕ ਲੇਖੇ ਦੀ ਅਦਾਇਗੀ 17.71 *ਪ੍ਰਤੀਸ਼ਤ* ਨਾਲ ਵਧ ਗਈ |
| **ਕੈਸ਼ ਬਕਾਇਆ** | • ਕੈਸ਼ ਬਕਾਇਆ 25.69 *ਪ੍ਰਤੀਸ਼ਤ* ਨਾਲ ਘਟਿਆ |

*ਸ੍ਰੋਤ: ਵਿੱਤ ਲੇਖੇ*

* *ਜੀ ਐਸ ਟੀ ਮੁਆਵਜ਼ੇ ਦੀ ਘਾਟ ਦੇ ਬਦਲੇ ਭਾਰਤ ਸਰਕਾਰ ਤੋਂ 2020-21 ਅਤੇ 2021-22 ਦੌਰਾਨ ਕ੍ਰਮਵਾਰ ₹ 8,359 ਕਰੋੜ ਅਤੇ ₹ 12,132.41 ਕਰੋੜ ਦੇ ਬੈਕ-ਟੂ-ਬੈਕ ਕਰਜ਼ਿਆਂ ਨੂੰ ਛੱਡ ਕੇ, ਜੋ ਕਿ ਰਾਜ ਸਰਕਾਰ ਦੁਆਰਾ ਆਪਣੇ ਸ੍ਰੋਤਾਂ ਤੋਂ ਵਾਪਸ ਨਹੀ ਕੀਤੇ ਜਾਣੇ ਹਨ।*

## 2.2 ਫੰਡਾਂ ਦੇ ਸ੍ਰੋਤ ਅਤੇ ਵਰਤੋਂ

ਪਿਛਲੇ ਸਾਲ ਨਾਲੋਂ ਚਾਲੂ ਸਾਲ ਦੌਰਾਨ ਰਾਜ ਦੇ ਫੰਡਾਂ ਦੇ ਸ੍ਰੋਤ ਅਤੇ ਵਰਤੋਂ ਦੇ ਕੰਪੋਨੈਟਾਂ ਦੀ ਤੁਲਨਾ ਸਾਰਣੀ 2.2 ਵਿੱਚ ਦਿੱਤੀ ਗਈ ਹੈ।

**ਸਾਰਣੀ 2.2: ਸਾਲ 2020-21 ਅਤੇ 2021-22 ਦੌਰਾਨ ਫੰਡਾਂ ਦੇ ਸ੍ਰੋਤ ਅਤੇ ਵਰਤੋਂ ਦੇ ਵੇਰਵੇ**

*(₹ ਕਰੋੜ ਵਿੱਚ)*

| | ਵੇਰਵੇ | 2020-21 | 2021-22 | ਵਾਧਾ (+)/ਗਿਰਾਵਟ (-)(*ਪ੍ਰਤੀਸ਼ਤ*) |
|---|---|---|---|---|
| ਸ੍ਰੋਤ | ਆਰ ਬੀ ਆਈ ਕੋਲ ਮੁਢਲਾ ਕੈਸ਼ ਬਕਾਇਆ | 2,125 | 9,248 | (+) 7,123 (335) |
| | ਰੈਵੀਨਿਊ ਪ੍ਰਾਪਤੀਆਂ | 69,048 | 78,168 | (+) 9,120 (13) |
| | ਕਰਜ਼ੇ ਅਤੇ ਪੇਸ਼ਗੀਆ ਦੀਆਂ ਵਸੂਲੀਆਂ | 50 | 207 | (+) 157 (314) |
| | ਜਨਤਕ ਕਰਜ਼ਾ ਪ੍ਰਾਪਤੀਆਂ (ਨਿਰੋਲ)* | 29,061 | 21,897 | (-)7,164 (-25) |
| | ਲੋਕ ਲੇਖਾ ਪ੍ਰਾਪਤੀਆਂ (ਨਿਰੋਲ) | 646 | 3,574 | (+)2,928 (453) |
| | **ਜੋੜ** | **1,00,930** | **1,13,094** | **(+) 12,164 (12)** |
| ਵਰਤੋਂ | ਰੈਵੀਨਿਊ ਖਰਚਾ | 86,344 | 96,636 | (+)10,292 (12) |
| | ਪੂੰਜੀਗਤ ਖਰਚਾ | *4,382* | *8,010* | *(+)3,628 (83)* |
| | ਕਰਜ਼ੇ ਅਤੇ ਪੇਸ਼ਗੀਆਂ ਦੀ ਅਦਾਇਗੀ | *956* | *1,576* | *(+)620 (65)* |
| | ਆਰ ਬੀ ਆਈ ਕੋਲ ਅੰਤਿਮ ਕੈਸ਼ ਬਕਾਇਆ | 9,248 | 6,872 | (-)2,376 (-26) |
| | **ਜੋੜ** | **1,00,930** | **1,13,094** | **(+) 12,164 (12)** |

*ਸ੍ਰੋਤ: ਵਿੱਤ ਲੇਖੇ*

* *ਇਸ ਵਿੱਚ 2020-21 ਅਤੇ 2021-22 ਦੌਰਾਨ ਕ੍ਰਮਵਾਰ ₹ 8,359 ਕਰੋੜ ਅਤੇ 12,132 ਕਰੋੜ ਦੇ ਭਾਰਤ ਸਰਕਾਰ ਤੋਂ ਜੀ ਐਸ ਟੀ ਦੇ ਮੁਆਵਜ਼ੇ ਦੀ ਕਮੀ ਦੇ ਬਦਲੇ ਪ੍ਰਾਪਤ ਕੀਤੇ ਬੈਕ ਟੂ ਬੈਕ ਕਰਜ਼ੇ ਸ਼ਾਮਲ ਹਨ।*

*ਅੰਤਿਕਾ 2.1* ਚਾਲੂ ਸਾਲ ਦੇ ਨਾਲ ਨਾਲ ਪਿਛਲੇ ਸਾਲ ਦੌਰਾਨ ਰਾਜ ਦੀਆਂ ਧਨ ਪ੍ਰਾਪਤੀਆਂ ਅਤੇ ਅਦਾਇਗੀਆਂ ਅਤੇ ਸਮੁੱਚੀ ਵਿੱਤੀ ਸਥਿਤੀ ਦੇ ਵੇਰਵੇ ਮੁਹੱਈਆ ਕਰਵਾਉਂਦੀ ਹੈ।

**ਚਾਰਟ 2.1: ਸਾਧਨਾਂ ਦੀ ਰਚਨਾ (ਪ੍ਰਤੀਸ਼ਤ ਵਿੱਚ)**




**ਚਾਰਟ 2.2: ਸਾਧਨਾਂ ਦੀ ਵਰਤੋਂ (ਪ੍ਰਤੀਸ਼ਤ ਵਿੱਚ)**




*ਸ੍ਰੋਤ: ਵਿੱਤ ਲੇਖੇ*

ਸਾਲ 2021-22 ਦੌਰਾਨ ਰਾਜ ਦੇ ਸੰਚਿਤ ਫੰਡ ਵਿੱਚ ਸਾਧਨਾਂ ਦੀ ਰਚਨਾ ਅਤੇ ਵਰਤੋਂ ਨੂੰ **ਚਾਰਟ** 2.1 **ਅਤੇ ਚਾਰਟ** 2.2 ਵਿੱਚ ਦਿੱਤਾ ਗਿਆ ਹੈ।

## 2.3 ਰਾਜ ਦੇ ਸਾਧਨ

ਰਾਜ ਦੇ ਸਾਧਨਾਂ ਦਾ ਵਰਣਨ ਹੇਠਾਂ ਕੀਤਾ ਗਿਆ ਹੈ:

1. **ਰੈਵੀਨਿਊ ਪ੍ਰਾਪਤੀਆਂ** ਵਿੱਚ ਕਰ ਰੈਵੀਨਿਊ (ਆਪਣਾ ਕਰ ਰੈਵੀਨਿਊ ਜਮ੍ਹਾ ਕੇਂਦਰੀ ਕਰਾਂ/ਡਿਊਟੀਆਂ ਦਾ ਹਿੱਸਾ), ਗੈਰ-ਕਰ ਰੈਵੀਨਿਊ ਅਤੇ ਭਾਰਤ ਸਰਕਾਰ (ਜੀ ਓ ਆਈ) ਤੋਂ ਸਹਾਇਤਾ ਗ੍ਰਾਂਟਾਂ ਸ਼ਾਮਲ ਹਨ।

2. **ਪੂੰਜੀਗਤ ਪ੍ਰਾਪਤੀਆਂ** ਵਿੱਚ ਫੁਟਕਲ ਪੂੰਜੀਗਤ ਪ੍ਰਾਪਤੀਆਂ ਜਿਵੇਂ ਕਿ ਵਿਨਿਵੇਸ਼ ਤੋਂ ਆਮਦਨ, ਕਰਜ਼ਿਆਂ ਅਤੇ ਪੇਸ਼ਗੀਆਂ ਦੀਆਂ ਵਸੂਲੀਆਂ, ਅੰਦਰੂਨੀ ਸ੍ਰੋਤਾਂ (ਮਾਰਕੀਟ ਕਰਜ਼ੇ, ਵਿੱਤੀ ਸੰਸਥਾਵਾਂ/ਕਮਰਸ਼ੀਅਲ ਬੈਂਕਾਂ ਤੋਂ ਉਧਾਰ) ਤੋਂ ਕਰਜ਼ਾ ਪ੍ਰਾਪਤੀਆਂ ਅਤੇ ਭਾਰਤ ਸਰਕਾਰ ਤੋਂ ਕਰਜ਼ੇ ਅਤੇ ਪੇਸ਼ਗੀਆਂ ਸ਼ਾਮਲ ਹਨ।

   ਰੈਵੀਨਿਊ ਅਤੇ ਪੂੰਜੀਗਤ ਪ੍ਰਾਪਤੀਆਂ ਦੋਵੇਂ ਰਾਜ ਦੇ ਸੰਚਿਤ ਫੰਡ ਦਾ ਹਿੱਸਾ ਬਣਦੀਆਂ ਹਨ।

3. **ਨਿਰੋਲ ਲੋਕ ਲੇਖਾ ਪ੍ਰਾਪਤੀਆਂ**: ਕੁੱਝ ਵਿੱਤੀ ਕਾਰਵਿਹਾਰਾਂ, ਜਿਵੇਂ ਕਿ ਛੋਟੀਆਂ ਬੱਚਤਾਂ, ਪ੍ਰਾਵੀਡੈਂਟ ਫੰਡ, ਰਾਖਵੇਂ ਫੰਡ, ਡਿਪਾਜ਼ਿਟਸ, ਸਸਪੈਂਸ, ਰੈਮੀਟੈਂਸਜ਼, ਆਦਿ ਨਾਲ ਸਬੰਧਤ ਅਜਿਹੀਆਂ ਧਨ ਪ੍ਰਾਪਤੀਆਂ ਅਤੇ ਅਦਾਇਗੀਆਂ ਹਨ ਜੋਕਿ ਸੰਚਿਤ ਫੰਡ ਦਾ ਹਿੱਸਾ ਨਹੀਂ ਬਣਦੀਆਂ।

   ਇਨ੍ਹਾਂ ਨੂੰ ਸੰਵਿਧਾਨ ਦੇ ਅਨੁਛੇਦ 266(2) ਅਧੀਨ ਸਥਾਪਤ ਕੀਤੇ ਗਏ ਲੋਕ ਲੇਖੇ ਵਿੱਚ ਰੱਖਿਆ ਜਾਂਦਾ ਹੈ ਅਤੇ ਇਹ ਰਾਜ ਵਿਧਾਨਪਾਲਿਕਾ ਦੀ ਵੋਟ ਅਧੀਨ ਨਹੀਂ ਹੁੰਦੀਆਂ। ਇੱਥੇ, ਸਰਕਾਰ ਇੱਕ ਬੈਂਕਰ ਵੱਜੋਂ ਕੰਮ ਕਰਦੀ ਹੈ। ਅਦਾਇਗੀਆਂ ਤੋਂ ਬਾਅਦ ਬਕਾਇਆ ਸਰਕਾਰ ਕੋਲ ਵਰਤੋਂ ਲਈ ਉਪਲੱਬਧ ਫੰਡ ਹੈ।

### 2.3.1 ਰਾਜ ਦੀਆਂ ਪ੍ਰਾਪਤੀਆਂ

ਇਹ ਪੈਰ੍ਹਾ ਸਮੁੱਚੀਆਂ ਪ੍ਰਾਪਤੀਆਂ ਦੀ ਰਚਨਾ ਬਾਰੇ ਦਸਦਾ ਹੈ। ਰੈਵੀਨਿਊ ਅਤੇ ਪੂੰਜੀਗਤ ਪ੍ਰਾਪਤੀਆਂ ਤੋਂ ਇਲਾਵਾ, ਲੋਕ ਲੇਖੇ (ਇਸ ਵਿੱਚੋਂ ਕੀਤੀ ਗਈ ਅਦਾਇਗੀ ਉਪਰੰਤ ਨਿਰੋਲ) ਵਿੱਚ ਉਪਲਬਧ ਫੰਡ ਵੀ ਸਰਕਾਰ ਵੱਲੋਂ ਆਪਣੇ ਘਾਟੇ ਨੂੰ ਫਾਈਨਾਂਸ ਕਰਨ ਲਈ ਵਰਤੇ ਜਾਂਦੇ ਹਨ। ਰਾਜ ਦੀਆਂ ਕੁੱਲ ਪ੍ਰਾਪਤੀਆਂ ਦੀ ਰਚਨਾ ਨੂੰ **ਚਾਰਟ** 2.3 ਵਿੱਚ ਦਰਸਾਇਆ ਗਿਆ ਹੈ।

**ਚਾਰਟ 2.3: 2021-22 ਦੌਰਾਨ ਰਾਜ ਦੀਆਂ ਧਨ-ਪ੍ਰਾਪਤੀਆਂ ਦੀ ਰਚਨਾ**




*ਸ੍ਰੋਤ: ਵਿੱਤ ਲੇਖੇ*

* *ਇਸ ਵਿੱਚ ₹ 12,132 ਕਰੋੜ ਦਾ ਭਾਰਤ ਸਰਕਾਰ ਤੋਂ ਜੀ ਐਸ ਟੀ ਦੇ ਮੁਆਵਜ਼ੇ ਦੀ ਕਮੀ ਬਦਲੇ ਲਿਆ ਗਿਆ ਬੈਕ ਟੂ ਬੈਕ ਕਰਜ਼ਾ ਸ਼ਾਮਲ ਹੈ।*

ਸਾਲ 2021-22 ਦੌਰਾਨ ਰਾਜ ਸਰਕਾਰ ਦੇ ₹ 1,21,119 ਕਰੋੜ ਦੇ ਕੁੱਲ ਸਾਧਨਾਂ ਵਿੱਚੋਂ, ਰੈਵੀਨਿਊ ਪ੍ਰਾਪਤੀਆਂ (₹ 78,168 ਕਰੋੜ) 64.54 *ਪ੍ਰਤੀਸ਼ਤ* ਸਨ। ਕੁੱਲ ਸਾਧਨਾਂ ਦਾ 32.51 *ਪ੍ਰਤੀਸ਼ਤ* ਅਤੇ 2.95 *ਪ੍ਰਤੀਸ਼ਤ* ਕ੍ਰਮਵਾਰ ਪੂੰਜੀਗਤ ਪ੍ਰਾਪਤੀਆਂ (₹ 39,377 ਕਰੋੜ) ਅਤੇ ਨਿਰੋਲ ਲੋਕ ਲੇਖਾ ਪ੍ਰਾਪਤੀਆਂ (₹ 3,574 ਕਰੋੜ) ਸਨ।

## 2.3.2 ਰਾਜ ਦੀਆਂ ਰੈਵੀਨਿਊ ਪ੍ਰਾਪਤੀਆਂ

### *2.3.2.1 ਰੈਵੀਨਿਊ ਪ੍ਰਾਪਤੀਆਂ ਦਾ ਰੁਝਾਨ ਅਤੇ ਵਾਧਾ*

ਪੰਜ ਸਾਲਾਂ (2017-2022) ਦੇ ਸਮੇਂ ਦੌਰਾਨ ਸਕਲ ਰਾਜ ਘਰੇਲੂ ਉਤਪਾਦ (ਜੀ ਐਸ ਡੀ ਪੀ) ਦੇ ਸਬੰਧ ਵਿੱਚ ਰੈਵੀਨਿਊ ਪ੍ਰਾਪਤੀਆਂ ਦੇ ਰੁਝਾਨ ਅਤੇ ਵਾਧੇ ਨੂੰ **ਸਾਰਣੀ** 2.3 ਵਿੱਚ ਦਰਸਾਇਆ ਗਿਆ ਹੈ। ਇਸੇ ਸਮੇਂ ਦੌਰਾਨ ਰੈਵੀਨਿਊ ਪ੍ਰਾਪਤੀਆਂ ਦੇ ਰੁਝਾਨ ਅਤੇ ਰਚਨਾ ਨੂੰ ***ਅੰਤਿਕਾ 2.2*** ਵਿੱਚ ਪੇਸ਼ ਕੀਤਾ ਗਿਆ ਹੈ।

**ਸਾਰਣੀ 2.3: ਰੈਵੀਨਿਊ ਪ੍ਰਾਪਤੀਆਂ ਵਿੱਚ ਰੁਝਾਨ**

*(₹ ਕਰੋੜ ਵਿੱਚ)*

| ਮਾਪਦੰਡ | 2017-18 | 2018-19 | 2019-20 | 2020-21 | 2021-22 |
|---|---|---|---|---|---|
| **ਰੈਵੀਨਿਊ ਪ੍ਰਾਪਤੀਆਂ (ਆਰ ਆਰ)** | **53,010** | **62,269** | **61,575** | **69,048** | **78,168** |
| ਆਰ ਆਰ ਦੇ ਵਾਧੇ ਦੀ ਦਰ (*ਪ੍ਰਤੀਸ਼ਤ*) | 10.47 | 17.47 | (-)1.11 | 12.14 | 13.21 |
| **ਕਰ ਰੈਵੀਨਿਊ** | **41,040** | **43,579** | **40,341** | **40,691** | **52,616** |
| *ਆਪਣਾ ਕਰ ਰੈਵਿਨਿਊ* | *30,423* | *31,574* | *29,995* | *30,053* | *37,327* |
| *ਕੇਂਦਰੀ ਕਰਾਂ ਅਤੇ ਡਿਊਟੀਆਂ ਵਿੱਚ ਰਾਜ ਦਾ ਹਿੱਸਾ* | *10,617* | *12,005* | *10,346* | *10,638* | *15,289* |
| **ਗੈਰ-ਕਰ ਰੈਵੀਨਿਊ** | **4,319** | **7,582** | **6,654** | **4,152** | **4,783** |
| **ਭਾਰਤ ਸਰਕਾਰ ਤੋਂ ਸਹਾਇਤਾ ਗ੍ਰਾਂਟਾਂ** | **7,651** | **11,108** | **14,580** | **24,205** | **20,769** |
| ਆਪਣਾ ਰੈਵੀਨਿਊ (ਆਪਣਾ ਕਰ ਅਤੇ ਗੈਰ-ਕਰ ਰੈਵੀਨਿਊ) | 34,742 | 39,156 | 36,649 | 34,205 | 42,110 |
| ਆਪਣੇ ਰੈਵੀਨਿਊ ਦੇ ਵਾਧੇ ਦੀ ਦਰ (*ਪ੍ਰਤੀਸ਼ਤ*) | 3.37 | 12.71 | (-)6.40 | (-)6.67 | 23.11 |
| ਜੀ ਐਸ ਡੀ ਪੀ (2011-12 ਲੜੀ) | 4,71,014 | 5,12,510 | 5,37,031 | 5,32,555 (ਕਿਊ) | 5,84,042 (ਏ) |
| ਜੀ ਐਸ ਡੀ ਪੀ ਦੇ ਵਾਧੇ ਦੀ ਦਰ (*ਪ੍ਰਤੀਸ਼ਤ*) | 10.31 | 8.81 | 4.78 | (-)0.83 | 9.67 |
| ਆਰ ਆਰ /ਜੀ ਐਸ ਡੀ ਪੀ (*ਪ੍ਰਤੀਸ਼ਤ*) | 11.25 | 12.15 | 11.47 | 12.97 | 13.38 |
| **ਬਾਇਐਂਸੀ ਰੇਸ਼ੋ**[1] | | | | | |
| **ਜੀ ਐਸ ਡੀ ਪੀ ਦੇ ਸਬੰਧ ਵਿੱਚ ਰੈਵੀਨਿਊ ਬਾਇਐਂਸੀ** | 1.02 | 1.98 | (-) 0.23 | --* | 1.37 |
| **ਜੀ ਐਸ ਡੀ ਸੀ ਦੇ ਸਬੰਧ ਵਿੱਚ ਰਾਜ ਦੀ ਆਪਣੀ ਬਾਇਐਂਸੀ** | 0.33 | 1.44 | (-) 1.34 | --* | 2.39 |

*ਸ੍ਰੋਤ: ਰੈਵੀਨਿਊ ਪ੍ਰਾਪਤੀਆਂ ਲਈ ਵਿੱਤ ਲੇਖੇ ਅਤੇ ਜੀ ਐਸ ਡੀ ਪੀ ਅੰਕੜਿਆਂ ਲਈ ਆਰਥਿਕ ਅਤੇ ਅੰਕੜਾ ਸੰਗਠਨ, ਪੰਜਾਬ ਸਰਕਾਰ*

*ਕਿਊ- ਕਵਿੱਕ ਅਨੁਮਾਨ ਅਤੇ ਏ-ਅਡਵਾਂਸ ਅਨੁਮਾਨ*

* *ਬਾਇਐਂਸੀ ਰੇਸ਼ੋ ਦੀ ਗਣਨਾ ਨਹੀਂ ਕੀਤੀ ਗਈ ਸੀ ਕਿਉਂ ਜੋ ਜੀ ਐਸ ਡੀ ਪੀ ਵਿਕਾਸ ਦਰ ਨੈਗੇਟਿਵ ਸੀ।*

**ਸਾਰਣੀ** 2.3 ਦਰਸਾਉਂਦੀ ਹੈ ਕਿ ਰੈਵੀਨਿਊ ਪ੍ਰਾਪਤੀਆਂ 2017-18 ਵਿੱਚ ₹ 53,010 ਕਰੋੜ ਤੋਂ 47.46 *ਪ੍ਰਤੀਸ਼ਤ* ਨਾਲ ਵਧ ਕੇ 2021-22 ਵਿੱਚ ₹ 78,168 ਕਰੋੜ ਹੋ ਗਈਆਂ। ਪੰਜ ਸਾਲ ਦੇ ਸਮੇਂ ਦੌਰਾਨ ਇਹ 10.43 *ਪ੍ਰਤੀਸ਼ਤ* ਦੀ ਸਲਾਨਾ ਔਸਤ ਵਾਧਾ ਦਰ ਨਾਲ ਵਧੀਆਂ। ਕਰ ਰੈਵੀਨਿਊ ਅਤੇ ਗੈਰ ਕਰ ਰੈਵੀਨਿਊ 2020-21 ਦੀ ਤੁਲਨਾਂ ਵਿੱਚ 2021-22 ਵਿੱਚ ਕ੍ਰਮਵਾਰ ₹ 11,925 ਕਰੋੜ (29.30 *ਪ੍ਰਤੀਸ਼ਤ*) ਅਤੇ ₹ 631 ਕਰੋੜ (15.20 *ਪ੍ਰਤੀਸ਼ਤ*) ਨਾਲ ਵਧਿਆ। ਜੀ ਐਸ ਡੀ ਪੀ ਦੇ ਸਬੰਧ ਵਿੱਚ ਰੈਵੀਨਿਊ ਬਾਇਐਂਸੀ 2017-18 ਵਿੱਚ 1.02 *ਪ੍ਰਤੀਸ਼ਤ* ਤੋਂ ਵੱਧ

1 ਬਾਇਐਂਸੀ ਰੇਸ਼ੋ ਮੁਢਲੇ ਵੇਰੀਏਬਲ ਵਿੱਚ ਦਿੱਤੇ ਗਏ ਬਦਲਾਅ ਜਾਂ ਇਸ ਦੇ ਸਬੰਧ ਵਿੱਚ ਕਿਸੇ ਵਿੱਤੀ ਵੇਰੀਏਬਲ ਦੀ ਲਚਕ ਜਾਂ ਬਦਲਾਅ ਦੀ ਡਿਗਰੀ ਨੂੰ ਦਰਸਾਉਂਦੀ ਹੈ।

ਕੇ 2021-22 ਵਿੱਚ 1.37 ਪ੍ਰਤੀਸ਼ਤ ਹੋ ਗਈ। ਜੀ ਐਸ ਡੀ ਪੀ ਦੇ ਸਬੰਧ ਵਿੱਚ ਰਾਜ ਦੀ ਆਪਣੀ ਰੈਵੀਨਿਊ ਬਾਇਐਂਸੀ ਵੀ 2017-18 ਵਿੱਚ 0.33 *ਪ੍ਰਤੀਸ਼ਤ* ਤੋਂ ਚੋਖਾ ਵਾਧਾ ਦਰਜ ਕਰਦੇ ਹੋਏ 2021-22 ਵਿੱਚ 2.39 *ਪ੍ਰਤੀਸ਼ਤ* ਹੋ ਗਈ। ਪਿਛਲੇ ਸਾਲਾਂ ਦੀ ਤੁਲਨਾ ਵਿੱਚ 2021-22 ਵਿੱਚ ਆਪਣੀ ਰੈਵੀਨਿਊ ਬਾਇਐਂਸੀ ਵਿੱਚ ਤਿੱਖਾ ਵਾਧਾ ਮੁੱਖ ਤੌਰ ਤੇ ਰਾਜ ਦੀ ਆਪਣੀ ਕਰ ਰੈਵੀਨਿਊ ਵਿੱਚ ਵੱਡੇ ਵਾਧੇ ਕਰਕੇ ਸੀ। ਮੁੱਖ ਵਾਧਾ ਐਸ ਜੀ ਐਸ ਟੀ, ਵਿਕਰੀਆਂ, ਵਪਾਰ ਆਦਿ ਤੇ ਕਰ, ਵਾਹਨਾਂ ਤੇ ਕਰ ਅਤੇ ਸਟੈਂਪ ਡਿਊਟੀ ਤੇ ਰਜਿਸਟ੍ਰੇਸ਼ਨ ਫੀਸ ਅਧੀਨ ਪ੍ਰਾਪਤੀਆਂ ਵਿੱਚ ਸੀ। ਇਨ੍ਹਾ ਮੱਦਾਂ ਅਧੀਨ ਵਾਧਾ ਕੋਵਿਡ-19 ਮਹਾਂਮਾਰੀ ਉਪਰੰਤ ਕਾਰੋਬਾਰੀ ਗਤੀਵਿਧੀਆਂ ਦਾ ਪੂਰੀ ਸਮਰੱਥਾ ਨਾਲ ਫਿਰ ਤੋਂ ਸ਼ੁਰੂ ਹੋਣਾ ਅਤੇ ਸਿਹਤਮੰਦ ਆਰਥਿਕ ਬਹਾਲੀ ਸੀ। ਚਾਲੂ ਸਾਲ ਦੌਰਾਨ ਪਿਛਲੇ ਸਾਲ ਦੀ ਤੁਲਨਾ ਵਿੱਚ ਗੈਰ-ਕਰ ਰੈਵੀਨਿਊ ਵਿੱਚ ਵੀ ਵਾਧਾ ਹੋਇਆ ਸੀ। ਆਪਣੇ ਕਰ ਰੈਵੀਨਿਊ ਅਤੇ ਗੈਰ ਕਰ ਰੈਵੀਨਿਊ ਦੇ ਭਾਗਾਂ ਵਿੱਚਲੇ ਰੁਝਾਨਾਂ ਦੀ ਕ੍ਰਮਵਾਰ ਪੈਰ੍ਹਾ 2.3.2.2 (i) ਅਤੇ 2.3.2.2 (ii) ਵਿੱਚ ਚਰਚਾ ਕੀਤੀ ਗਈ ਹੈ।

ਰੈਵੀਨਿਊ ਪ੍ਰਾਪਤੀਆਂ ਵਿੱਚਲੇ ਰੁਝਾਨਾਂ ਨੂੰ ਚਾਰਟ 2.4 ਵਿੱਚ ਦਰਸਾਇਆ ਗਿਆ ਹੈ।

**ਚਾਰਟ 2.4: ਰੈਵੀਨਿਊ ਪ੍ਰਾਪਤੀਆਂ ਦੇ ਰੁਝਾਨ**




*ਸ੍ਰੋਤ: ਵਿੱਤ ਲੇਖੇ*

ਰੈਵੀਨਿਊ ਪ੍ਰਾਪਤੀਆਂ ਦੀ ਰਚਨਾ ਦੇ ਰੁਝਾਨ ਚਾਰਟ 2.5 ਵਿੱਚ ਦਿੱਤੇ ਗਏ ਹਨ।

**ਚਾਰਟ 2.5: ਰੈਵੀਨਿਊ ਪ੍ਰਾਪਤੀਆ ਦੇ ਭਾਗਾਂ ਦਾ ਰੁਝਾਨ**




*ਸ੍ਰੋਤ: ਵਿੱਤ ਲੇਖੇ*

### *2.3.2.2 ਰਾਜ ਦੇ ਆਪਣੇ ਸਾਧਨ*

### *(i) ਆਪਣਾ ਕਰ ਰੈਵੀਨਿਊ*

ਰਾਜ ਦੇ ਆਪਣੇ ਕਰ ਰੈਵੀਨਿਊ ਵਿੱਚ ਰਾਜ ਵਸਤਾਂ ਅਤੇ ਸੇਵਾਵਾਂ ਕਰ (ਐਸ ਜੀ ਐਸ ਟੀ), ਰਾਜ ਆਬਕਾਰੀ, ਵਾਹਨਾਂ ਤੇ ਕਰ, ਸਟੈਂਪ ਡਿਊਟੀ ਅਤੇ ਰਜਿਸਟ੍ਰੇਸ਼ਨ ਫੀਸ, ਭੌਂ ਮਾਲੀਆ, ਵਸਤਾਂ ਅਤੇ ਯਾਤਰੀਆਂ 'ਤੇ ਕਰ, ਆਦਿ ਸ਼ਾਮਲ ਹਨ।

ਸਾਲ 2017-22 ਦੇ ਸਮੇਂ ਦੌਰਾਨ ਆਪਣੇ ਕਰ ਰੈਵੀਨਿਊ ਦੇ ਰੁਝਾਨ ਅਤੇ ਇਸਦੇ ਭਾਗਾਂ ਦੇ ਵਿਸ਼ਲੇਸ਼ਣ ਕ੍ਰਮਵਾਰ **ਚਾਰਟ** 2.6 ਅਤੇ **ਸਾਰਣੀ** 2.4 ਵਿੱਚ ਦਰਸਾਏ ਗਏ ਹਨ।

**ਚਾਰਟ 2.6: ਸਾਲ 2017-22 ਦੌਰਾਨ ਆਪਣੇ ਕਰ ਰੈਵੀਨਿਊ ਦੇ ਰੁਝਾਨ**




*ਸ੍ਰੋਤ: ਵਿੱਤ ਲੇਖੇ*

**ਸਾਰਣੀ 2.4: ਰਾਜ ਦੇ ਆਪਣੇ ਕਰ ਰੈਵੀਨਿਊ ਦੇ ਭਾਗ**

*(₹ ਕਰੋੜ ਵਿੱਚ)*

| ਰੈਵੀਨਿਊ ਮੱਦ | 2017-18 | 2018-19 | 2019-20 | 2020-21 | 2021-22 | ਸਪਾਰਕਲਾਈਨ |
|---|---|---|---|---|---|---|
| ਵਿਕਰੀ, ਵਪਾਰ ਆਦਿ ਤੇ ਕਰ | 11,160 | 6,572 | 5,223 | 5,372 | 6,869 | |
| ਐਸ ਜੀ ਐਸ ਟੀ | 7,901 | 13,273 | 12,751 | 11,819 | 15,542 | |
| ਰਾਜ ਆਬਕਾਰੀ | 5,136 | 5,072 | 4,865 | 6,164 | 6,157 | |
| ਵਾਹਨਾਂ ਤੇ ਕਰ | 1,911 | 1,861 | 1,994 | 1,472 | 2,359 | |
| ਸਟੈਂਪ ਡਿਊਟੀ ਅਤੇ ਰਜਿਸਟਰੇਸ਼ਨ ਫੀਸ | 2,135 | 2,298 | 2,258 | 2,470 | 3,308 | |
| ਭੌਂ ਮਾਲੀਆ | 91 | 69 | 66 | 68 | 84 | |
| ਵਸਤਾਂ ਅਤੇ ਯਾਤਰੀਆਂ ਤੇ ਕਰ | 0 | 0 | 0 | 3 | 0 | |
| ਹੋਰ ਕਰ | 2,089 | 2,429 | 2,838 | 2,685 | 3,008 | |
| **ਜੋੜ** | **30,423** | **31,574** | **29,995** | **30,053** | **37,327** | |

*ਸ੍ਰੋਤ: ਵਿੱਤ ਲੇਖੇ*

ਕੁੱਲ ਆਪਣੇ ਕਰ ਰੈਵੀਨਿਊ ਵਿੱਚ ਪਿਛਲੇ ਸਾਲ ਨਾਲੋਂ ਚਾਲੂ ਸਾਲ ਦੌਰਾਨ ₹ 7,274 ਕਰੋੜ (24.20 *ਪ੍ਰਤੀਸ਼ਤ*) ਦਾ ਮਾਮੂਲੀ ਵਾਧਾ ਹੋਇਆ। ਮੁੱਖ ਵਾਧਾ ਐਸ ਜੀ ਐਸ ਟੀ (₹ 3,723 ਕਰੋੜ), ਵਿਕਰੀਆਂ, ਵਪਾਰ ਆਦਿ ਤੇ ਕਰ (₹ 1,497 ਕਰੋੜ), ਵਾਹਨਾਂ ਤੇ ਕਰ (₹ 887 ਕਰੋੜ) ਅਤੇ ਸਟੈਂਪ ਡਿਊਟੀ ਤੇ ਰਜਿਸਟ੍ਰੇਸ਼ਨ ਫੀਸ (₹ 838 ਕਰੋੜ) ਅਧੀਨ ਪ੍ਰਾਪਤੀਆਂ ਵਿੱਚ ਸੀ।

ਰਾਜ ਵਸਤਾਂ ਅਤੇ ਸੇਵਾਵਾਂ ਕਰ (ਐਸ ਜੀ ਐਸ ਟੀ) ਵਿੱਚ ਵਾਧੇ ਦਾ ਕਾਰਨ ਕੋਵਿਡ-19 ਮਹਾਂਮਾਰੀ ਤੋਂ ਬਾਅਦ ਗਤੀਵਿਧੀਆਂ ਦਾ ਪੁਰ ਜ਼ੋਰ ਸ਼ੁਰੂ ਹੋਣਾ ਅਤੇ ਸਿਹਤਮੰਦ ਆਰਥਿਕ ਬਹਾਲੀ ਹੋਣਾ, ਵਸਤਾਂ ਦੀਆਂ ਥੋਕ ਅਤੇ ਪ੍ਰਚੂਨ ਕੀਮਤਾਂ ਵਿੱਚ ਵਾਧੇ ਅਤੇ ਵਿਭਾਗ ਵੱਲੋਂ ਪਾਲਣਾ ਵਧਾਉਣ ਨੂੰ ਦੱਸਿਆ ਗਿਆ ਸੀ। ਇਸ ਤੋਂ ਇਲਾਵਾ ਵਿਕਰੀਆਂ ਤੇ ਕਰ ਵਿੱਚ ਵਾਧਾ, ਵਿੱਤੀ ਸਾਲ 2021-22 ਵਿੱਚ ਕੋਵਿਡ-19 ਦੇ ਘੱਟ ਪ੍ਰਭਾਵ ਕਰਕੇ ਆਰਥਿਕ ਗਤੀਵਿਧੀ ਵਿੰਚ ਵਾਧੇ ਕਾਰਨ ਪਟ੍ਰੋਲ ਡੀਜ਼ਲ ਦੀ ਵੱਧ ਖਪਤ ਹੋਣ ਕਰਕੇ ਵੈਟ ਰੈਵੀਨਿਊ ਵਿੱਚ ਵਾਧਾ ਹੋਣ ਕਰਕੇ ਸੀ। ਵਿੱਤੀ ਸਾਲ 2021-22 ਵਿੱਚ ਡੀਜ਼ਲ ਅਤੇ ਪਟ੍ਰੋਲ ਦੀਆਂ ਪ੍ਰਚੂਨ ਕੀਮਤਾਂ ਵੀ ਕਾਫੀ ਉੱਚੀਆਂ ਰਹੀਆਂ ਸਨ। ਵਾਹਨਾਂ ਤੇ ਕਰਾਂ ਵਿੱਚ ਵਾਧਾ ਵਾਹਨਾਂ ਦੀ ਵੱਧ ਸੰਖਿਆ ਵਿੱਚ ਰਜਿਸਟ੍ਰੇਸ਼ਨ ਹੋਣ ਕਰਕੇ ਅਤੇ ਸਾਰੇ ਕਮਰੀਸ਼ਅਲ ਵਾਹਨਾਂ ਅਤੇ ਸਟੇਜ ਕੈਰਿਜ ਅਤੇ ਸਿੱਖਿਆ ਸੰਸਥਾਵਾਂ ਦੀਆਂ ਬੱਸਾਂ ਜਿਨ੍ਹਾਂ ਨੂੰ ਪੰਜਾਬ ਸਰਕਾਰ ਵੱਲੋਂ 2020-21 ਦੌਰਾਨ ਛੋਟ ਦਿੱਤੀ ਗਈ ਸੀ, ਤੇ ਕਰ ਬਹਾਲੀ ਹੋਣ ਕਰਕੇ ਸੀ। ਸਟੈਂਪ ਡਿਊਟੀ ਅਤੇ ਰਜਿਸਟ੍ਰੇਸ਼ਨ ਫੀਸ ਵਿੱਚ ਵਾਧਾ 2021-22 ਦੌਰਾਨ ਕੁਲੈਕਟਰ ਦਰਾਂ ਵਿੱਚ ਵਾਧੇ ਅਤੇ ਰਜਿਸਟ੍ਰੇਸ਼ਨਾਂ ਦੀ ਸੰਖਿਆ ਵਿੱਚ ਵਾਧੇ ਕਰਕੇ ਸੀ।

### *(ੳ) ਰਾਜ ਵਸਤਾਂ ਅਤੇ ਸੇਵਾਵਾਂ ਕਰ (ਐਸ ਜੀ ਐਸ ਟੀ )*

ਜੀ ਐਸ ਟੀ (ਰਾਜਾਂ ਨੂੰ ਮੁਆਵਜ਼ਾ) ਐਕਟ, 2017, ਅਨੁਸਾਰ ਵਸਤਾਂ ਅਤੇ ਸੇਵਾਵਾਂ ਕਰ ਦੇ ਲਾਗੂ ਹੋਣ ਕਾਰਣ ਰੈਵੀਨਿਊ ਵਿੱਚ ਹੋਈ ਕਮੀ ਲਈ ਰਾਜਾਂ ਨੂੰ ਪੰਜ ਸਾਲਾਂ ਦੇ ਸਮੇਂ ਲਈ ਅਧਾਰ ਸਾਲ ਤੋਂ 14 *ਪ੍ਰਤੀਸ਼ਤ* ਦੀ ਸਲਾਨਾ ਵਾਧਾ ਦਰ ਮੰਨਦੇ ਹੋਏ ਮੁਆਵਜ਼ਾ ਦਿੱਤਾ ਜਾਵੇਗਾ। ਪੰਜਾਬ ਦੇ ਮਾਮਲੇ ਵਿੱਚ 2015-16 ਦੇ ਅਧਾਰ ਸਾਲ ਦੌਰਾਨ ਫਾਈਨਲ ਕੀਤੀ ਗਈ ਰੈਵੀਨਿਊ ਦੀ ਰਾਸ਼ੀ ₹ 14,975.46 ਕਰੋੜ ਸੀ।

2017-18 ਤੋਂ 2020-21 ਦੇ ਸਮੇਂ ਦੌਰਾਨ ਅਧਾਰ ਸਾਲ ਦੇ ਅੰਕੜੇ ਅਨੁਸਾਰ ਪ੍ਰੋਜੈਕਟਿਡ ਰੈਵੀਨਿਊ, ਉਗਰਾਹੀ ਗਈ ਅਸਲ ਰੈਵੀਨਿਊ ਅਤੇ ਭਾਰਤ ਸਰਕਾਰ ਤੋਂ ਬਣਦੇ ਅਤੇ ਪ੍ਰਾਪਤ ਕੀਤੇ ਮੁਆਵਜ਼ੇ ਨੂੰ **ਸਾਰਣੀ 2.5** ਵਿੱਚ ਦਿੱਤਾ ਗਿਆ ਹੈ।

**ਸਾਰਣੀ 2.5: ਜੀ ਐਸ ਟੀ ਦੀ ਉਗਰਾਹੀ ਅਤੇ ਭਾਰਤ ਸਰਕਾਰ ਤੋਂ ਮੁਆਵਜ਼ੇ ਦਾ ਵੇਰਵਾ**

*(₹ ਕਰੋੜ ਵਿੱਚ)*

| ਸਾਲ | ਪ੍ਰੋਜੈਕਟਿਡ ਰੈਵੀਨਿਊ ਦੀ ਰਾਸ਼ੀ | ਉਗਰਾਹੀ ਗਈ ਰੈਵੀਨਿਊ ਦੀ ਰਾਸ਼ੀ# | ਬਣਦੀ ਮੁਆਵਜ਼ਾ ਰਾਸ਼ੀ | ਪ੍ਰਾਪਤ ਹੋਈ ਮੁਆਵਜ਼ਾ ਰਾਸ਼ੀ | ਕਮੀ (-) ਵੱਧ (+) |
|---|---|---|---|---|---|
| **1** | **2** | **3** | **4=2-3** | **5** | **6=5-4** |
| 2017-18[2] | 14,596.58 | 9,486.15 | 5,110.43 | 4,037.00 | (-)1,073.43 |
| 2018-19 | 22,186.80 | 12,482.76 | 9,704.04 | 7,129.00 | (-)2,575.04 |
| 2019-20 | 25,292.96 | 12,676.00 | 12,616.96 | 8,804.54 | (-)3,812.42 |
| 2020-21 | 28,833.97 | 11,685.98 | 17,147.99 | 18,053.05 | (+) 905.06 |
| 2021-22 | 32,870.00 | 15,482.79 | 17,387.21 | 16,574.74 | (-)812.47 |
| **ਜੋੜ** | **1,23,780.31** | **61,813.68** | **1,23,780.31** | **61,813.68** | **(-)7,368.30** |

*ਸ੍ਰੋਤ : ਸਬੰਧਤ ਸਾਲਾਂ ਦੇ ਵਿੱਤ ਲੇਖੇ, ਅਤੇ ਆਬਕਾਰੀ ਤੇ ਕਰ ਵਿਭਾਗ*

*# ਇਸ ਵਿੱਚ ਵੈਟ ਅਤੇ ਸੀ ਐਸ ਟੀ (ਰਿਫੰਡਾਂ ਉਪਰੰਤ ਨਿਰੋਲ) ਦੀਆਂ ਪ੍ਰੀ ਜੀ ਐਸ ਟੀ ਰਾਸ਼ੀਆਂ ਅਤੇ ਪਟ੍ਰੋਲੀਅਮ ਉਤਪਾਦਾਂ ਅਤੇ ਸ਼ਰਾਬ 'ਤੇ ਵੈਟ ਅਤੇ ਜੀ ਐਸ ਟੀ ਨੂੰ ਛੱਡਕੇ ਜੀ ਐਸ ਟੀ ਵਿੱਚ ਮਿਲਾ ਦਿੱਤੇ ਗਏ ਕਰਾਂ ਦੀ ਰੈਵੀਨਿਊ ਸ਼ਾਮਲ ਹੈ।*

** ਇਸ ਵਿੱਚ ਸਾਲ 2020-21 ਅਐ 2021-22 ਦੌਰਾਨ ਭਾਰਤ ਸਰਕਾਰ ਵੱਲੋਂ ਰਾਜ ਸਰਕਾਰ ਨੂੰ ਕਰਜ਼ੇ ਵਜੋਂ ਦਿੱਤੇ ਗਏ ਅਤੇ ਮੁੱਖ ਮੱਦ '6004-ਕੇਂਦਰ ਸਰਕਾਰ ਤੋਂ ਕਰਜ਼ੇ ਅਤੇ ਪੇਸ਼ਗੀਆਂ 09-ਰਾਜਾਂ/ਵਿਧਾਨਪਾਲਿਕਾ ਵਾਲੇ ਕੇਂਦਰੀ ਸ਼ਾਸਤ ਪ੍ਰਦੇਸ਼ ਦੀਆਂ ਸਕੀਮਾਂ '101-ਬਲਾਕ ਕਰਜੇ' ਅਧੀਨ ਇੰਦਰਾਜ ਕੀਤੇ ਗਏ ਕ੍ਰਮਵਾਰ 8,359 ਕਰੋੜ ਅਤੇ 12,132.41 ਕਰੋੜ ਸ਼ਾਮਲ ਹਨ।*

ਰਾਜ ਵਿੱਚ ਜੀ ਐਸ ਟੀ ਦੀ ਉਗਰਾਹੀ ਵਿੱਚ ਵਾਧਾ ਪ੍ਰੋਜੈਕਟਿਡ ਵਾਧੇ ਨਾਲੋਂ ਘੱਟ ਸੀ ਅਤੇ 2017-22 ਦੌਰਾਨ ₹ 1,23,780.31 ਕਰੋੜ ਦੀ ਪ੍ਰੋਜੈਕਟਿਡ ਜੀ ਐਸ ਟੀ ਪ੍ਰਾਪਤੀ ਦੇ ਟਾਕਰੇ ਵਿੱਚ ਕੁੱਲ ₹ 61,966.63 ਕਰੋੜ ਦੀ ਕਮੀ ਸੀ। ਭਾਰਤ ਸਰਕਾਰ ਨੇ ਮਾਰਚ 2022 ਤੱਕ ਮੁਆਵਜ਼ੇ ਵਜੋਂ ₹ 54,598.33 ਕਰੋੜ ਜਾਰੀ ਕੀਤੇ, ਜਿਸ ਵਿੱਚ ਜੀ ਐਸ ਟੀ ਮੁਆਵਜ਼ੇ ਦੀ ਕਮੀ ਦੇ ਬਦਲੇ ਵਿੱਚ ਭਾਰਤ ਸਰਕਾਰ ਤੋਂ ਬੈਕ ਟੂ ਬੈਕ ਕਰਜ਼ੇ ਵਜੋਂ ਜਾਰੀ ਹੋਏ ₹ 20,491.41 ਕਰੋੜ ਸ਼ਾਮਲ ਸਨ।

ਰਾਜ ਸਰਕਾਰ ਨੇ ਕਿ ਕਿਹਾ (ਦਸੰਬਰ 2022) ਕਿ ਬਕਾਇਆ ਮੁਆਵਜ਼ਾ ਜਾਰੀ ਕਰਨ ਲਈ ਭਾਰਤ ਸਰਕਾਰ ਕੋਲ ਜ਼ੋਰ ਨਾਲ ਮਾਮਲਾ ਉਠਾਇਆ ਜਾ ਰਿਹਾ ਸੀ।

---

2 ਸਾਲ 2017-18 ਦੀ ਰਾਸ਼ੀ ਨੌ ਮਹੀਨੀਆਂ ਭਾਵ ਕਿ ਜੁਲਾਈ 2017 ਤੋਂ ਮਾਰਚ 2018 ਤੱਕ ਦੇ ਸਮੇਂ ਨਾਲ ਸਬੰਧਤ ਹੈ।

### *(ਅ) ਜੀ ਐਸ ਟੀ ਪ੍ਰਾਪਤੀਆਂ ਦੀ ਲੇਖਾ ਪ੍ਰੀਖਿਆ*

ਭਾਰਤ ਸਰਕਾਰ ਦੇ ਜੀ ਐਸ ਟੀ ਐਨ ਪਰਿਸਰ ਵਿਖੇ ਪੈਨ-ਇੰਡੀਆ ਡਾਟਾ ਨੂੰ ਪਹੁੰਚ ਮੁਹੱਈਆ ਕਰਵਾਉਣ ਲਈ ਫੈਸਲੇ ਬਾਰੇ 22 ਜੂਨ 2020 ਨੂੰ ਸੂਚਨਾ ਦਿੱਤੀ ਗਈ ਸੀ। ਪੰਜਾਬ ਜੋਕਿ ਮਾਡਲ-II ਰਾਜ ਹੈ, ਦੇ ਮਾਮਲੇ ਵਿੱਚ ਦਸੰਬਰ 2020 ਵਿੱਚ ਪ੍ਰਧਾਨ ਮਹਾਂਲੇਖਾਕਾਰ (ਲੇਖਾ ਪ੍ਰੀਖਿਆ) ਪੰਜਾਬ ਦੇ ਦਫਤਰ ਨੂੰ ਬੈਕ ਐਂਡ ਐਪਲੀਕੇਸ਼ਨ ਤੱਕ ਰੋਲ-ਅਧਾਰਤ ਪਹੁੰਚ ਮੁਹੱਈਆ ਕਰਵਾਈ ਗਈ ਸੀ। ਪ੍ਰੰਤੂ, ਇਹ ਪਹੁੰਚ ਸਿਰਫ ਉਨ੍ਹਾਂ ਦੇ ਪਰਿਸਰ ਤੱਕ ਹੀ ਸੀਮਤ ਸੀ ਅਤੇ ਰਿਮੋਟ ਐਕਸੈਸ ਮੁਹੱਈਆ ਕਰਵਾਉਣ ਦਾ ਮਾਮਲਾ ਵਿਚਾਰ ਅਧੀਨ ਸੀ। ਇਸ ਲਈ ਜੀ ਐਸ ਟੀ ਐਨ ਡਾਟਾ ਤੱਕ ਲੇਖਾ ਪ੍ਰੀਖਿਆ ਦੀ ਪਹੁੰਚ ਮੁਹੱਈਆ ਕਰਵਾਉਣ ਦੇ ਭਾਰਤ ਸਰਕਾਰ ਦੇ ਫੈਸਲੇ ਦੇ ਪੂਰੀ ਤਰਾਂ ਲਾਗੂਕਰਣ ਨੂੰ ਪੈਂਡਿੰਗ ਰਖਦੇ ਹੋਏ, ਸਾਲ 2021-22 ਦੇ ਲੇਖੇ, ਨਮੂਨਾ ਲੇਖਾ ਪ੍ਰੀਖਿਆ ਦੇ ਅਧਾਰ ਤੇ ਪ੍ਰਮਾਣਿਤ ਕੀਤੇ ਗਏ ਹਨ, ਜਿਵੇਂ ਕਿ ਉਸ ਸਮੇਂ ਕੀਤਾ ਜਾਂਦਾ ਸੀ, ਜਦੋਂ ਰਿਕਾਰਡ ਮੈਨੂਅਲੀ ਤਿਆਰ ਕੀਤੇ ਜਾਂਦੇ ਸਨ।

### *(ੲ) ਰੈਵੀਨਿਊ ਦੇ ਬਕਾਇਆਂ ਅਤੇ ਕਰ ਨਿਰਧਾਰਣ ਦੇ ਬਕਾਇਆਂ ਦਾ ਵਿਸ਼ਲੇਸ਼ਣ*

ਰੈਵੀਨਿਊ ਦੇ ਬਕਾਏ, ਸਰਕਾਰ ਨੂੰ ਦੇਣੀ ਬਣਦੀ ਰੈਵੀਨਿਊ ਦੀ ਪ੍ਰਾਪਤੀ ਵਿੱਚ ਦੇਰੀ ਦਾ ਸੰਕੇਤ ਦਿੰਦੇ ਹਨ। ਇਸੇ ਤਰ੍ਹਾਂ, ਅਸੈਸਮੈਂਟ ਦੇ ਬਕਾਏ ਉਸ ਸੰਭਾਵਿਤ ਰੈਵੀਨਿਊ ਦਾ ਸੰਕੇਤ ਦਿੰਦੇ ਹਨ ਜੋ ਕਿ ਦੇਰੀ ਨਾਲ ਕੀਤੀ ਗਈ ਅਸੈਸਮੈਂਟ ਕਾਰਨ ਬਲਾਕ ਹੋ ਜਾਂਦੀ ਹੈ। ਦੋਵੇਂ ਤਰਾਂ ਦੇ ਮਾਮਲੇ ਰਾਜ ਨੂੰ ਸੰਭਾਵੀ ਰੈਵੀਨਿਊ ਪ੍ਰਾਪਤੀਆਂ ਤੋਂ ਵਾਂਝਾ ਕਰਦੇ ਹਨ, ਜਿਸਦਾ ਕਿ ਅੰਤ ਵਿੱਚ ਰੈਵੀਨਿਊ ਘਾਟੇ ਤੇ ਅਸਰ ਪੈਂਦਾ ਹੈ।

### *ਰੈਵੀਨਿਊ ਦੇ ਬਕਾਏ*

31 ਮਾਰਚ 2022 ਨੂੰ ਰੈਵੀਨਿਊ ਦੀਆਂ ਪ੍ਰਮੁੱਖ ਮੱਦਾਂ ਦੇ ਸਬੰਧ ਵਿੱਚ ਰੈਵੀਨਿਊ ਦੇ ਬਕਾਏ ₹ 17,170 ਕਰੋੜ ਸਨ, ਜਿਸਦੇ ਵਿੱਚੋਂ ₹ 4,278.48 ਕਰੋੜ ਪੰਜ ਸਾਲਾਂ ਤੋਂ ਵੱਧ ਸਮੇਂ ਲਈ ਬਕਾਇਆ ਸਨ, ਜਿਵੇਂ ਕਿ **ਸਾਰਣੀ** 2.6 ਵਿੱਚ ਦਰਸਾਇਆ ਗਿਆ ਹੈ।

**ਸਾਰਣੀ 2.6: ਰੈਵੀਨਿਊ ਦੇ ਬਕਾਏ**

*(₹ ਕਰੋੜ ਵਿੱਚ)*

| ਲੜੀ ਨੰ. | ਰੈਵੀਨਿਊ ਦੀ ਮੱਦ | 31 ਮਾਰਚ 2022 ਨੂੰ ਬਕਾਇਆ ਰਾਸ਼ੀ | 31 ਮਾਰਚ 2022 ਨੂੰ ਪੰਜ ਸਾਲਾਂ ਤੋਂ ਵੱਧ ਸਮੇਂ ਲਈ ਬਕਾਇਆ ਰਾਸ਼ੀ |
|---|---|---|---|
| 1. | ਵਿਕਰੀ, ਵਪਾਰ, ਆਦਿ ਤੇ ਕਰ/ਵੈਟ | 15,086.79 | 3,826.39 |
| 2. | ਵਸਤਾਂ ਅਤੇ ਸੇਵਾਵਾਂ ਕਰ | 958.41 | 0.00 |
| 3. | ਜੰਗਲਾਤ ਅਤੇ ਜੰਗਲੀ ਜੀਵ | 42.72 | 36.40 |
| 4. | ਰਾਜ ਆਬਕਾਰੀ | 356.97 | 209.87 |
| 5. | ਵਾਹਨਾਂ ਤੇ ਕਰ | 246.08 | 32.34 |
| 6. | ਭੋਂ ਰੈਵੀਨਿਊ | 303.22 | 0.00 |
| 7. | ਅਸ਼ਟਾਮ ਅਤੇ ਰਜਿਸਟ੍ਰੇਸ਼ਨ ਫੀਸ | 175.81 | 173.48 |
| **ਜੋੜ** | | **17,170.00** | **4,278.48** |

*ਸ੍ਰੋਤ: ਵਿਭਾਗੀ ਸੂਚਨਾ*

### *ਕਰ ਨਿਰਧਾਰਣ ਵਿੱਚ ਬਕਾਏ*

ਸਾਲ ਦੇ ਆਰੰਭ ਵਿੱਚ ਵਿਕਰੀ ਕਰ/ਵੈਟ ਅਤੇ ਜੀ ਐਸ ਟੀ ਨਾਲ ਸਬੰਧਤ ਬਕਾਇਆ ਮਾਮਲਿਆਂ, ਸਾਲ ਦੌਰਾਨ ਕਰ ਨਿਰਧਾਰਣ ਲਈ ਡਿਊ ਹੋਏ ਮਾਮਲਿਆਂ, ਸਾਲ ਦੌਰਾਨ ਨਿਪਟਾਏ ਗਏ ਮਾਮਲਿਆਂ ਅਤੇ ਸਾਲ ਦੇ ਅੰਤ ਤੇ ਅੰਤਿਮ ਰੂਪ ਦੇਣ ਲਈ ਬਕਾਇਆ ਮਾਮਲਿਆਂ ਦੀ ਗਿਣਤੀ ਬਾਰੇ ਸੂਚਨਾ, ਜਿਵੇਂ ਕਿ ਆਬਕਾਰੀ ਅਤੇ ਕਰ ਵਿਭਾਗ ਵੱਲੋਂ ਭੇਜੀ ਗਈ ਹੈ, **ਸਾਰਣੀ** 2.7 ਵਿੱਚ ਦਰਸਾਈ ਗਈ ਹੈ।

**ਸਾਰਣੀ 2.7: ਕਰ ਨਿਰਧਾਰਣ ਦੇ ਬਕਾਏ**

| ਲੜੀ ਨੰ. | ਰੈਵੀਨਿਊ ਦੀ ਮੱਦ | 2021-22 ਦੇ ਆਰੰਭ ਵਿੱਚ ਬਕਾਇਆ ਮਾਮਲੇ | 2021-22 ਦੌਰਾਨ ਨਿਰਧਾਰਣ ਲਈ ਡਿਊ ਹੋਏ ਨਵੇਂ ਮਾਮਲੇ | ਨਿਰਧਾਰਣ ਲਈ ਡਿਊ ਕੁੱਲ ਮਾਮਲੇ | 2021-22 ਦੌਰਾਨ ਨਿਪਟਾਏ ਗਏ ਮਾਮਲੇ | ਸਾਲ ਦੇ ਅੰਤ ਤੇ ਬਕਾਇਆ | ਨਿਪਟਾਰੇ ਦੀ ਪ੍ਰਤੀਸ਼ਤਤਾ |
|---|---|---|---|---|---|---|---|
| 1. | ਵਿਕਰੀ, ਵਪਾਰ, ਆਦਿ 'ਤੇ ਕਰ/ਵੈਟ | 44,577* | 21,553 | 66,130 | 29,008 | 37,122 | 43.87 |

*ਸ੍ਰੋਤ: ਵਿਭਾਗੀ ਸੂਚਨਾ*

* *ਸਾਲ 2020-21 ਦੇ ਅੰਤਿਮ ਬਕਾਏ ਦਾ ਮੁਢਲੇ ਬਕਾਏ ਨਾਲ 12,575 ਮਾਮਲਿਆਂ ਦਾ ਅੰਤਰ ਰਾਜ ਸਰਕਾਰ ਦੀ ਸੋਧਿਤ ਕਰ ਨਿਰਧਾਰਣ ਨੀਤੀ ਕਾਰਣ ਹੈ।*

ਸਾਲ 2021-22 ਦੇ ਅੰਤ ਤੇ 37,122 ਮਾਮਲਿਆਂ ਦੀ ਤੁਲਨਾ ਵਿੱਚ, 2017-22 ਦੌਰਾਨ ਸਬੰਧਤ ਵੱਖ-ਵੱਖ ਸਾਲਾਂ ਦੇ ਅੰਤ ਤੇ ਬਕਾਇਆ ਮਾਮਲਿਆਂ ਦੀ ਸੰਖਿਆ 1,06,781 (2017-18); 94,605 (2018-19); 72,667 (2019-20); 57,152 (2020-21) ਸੀ। ਇਸ ਸਮੇਂ ਦੌਰਾਨ ਨਿਪਟਾਰਾ ਕੀਤੇ ਗਏ ਮਾਮਲੇ 19.47 *ਪ੍ਰਤੀਸ਼ਤ* ਅਤੇ 54.32 *ਪ੍ਰਤੀਸ਼ਤ* ਦੀ ਰੇਂਜ ਦੇ ਵਿਚਕਾਰ ਸਨ।

### *(ਸ) ਵਿਭਾਗ ਵੱਲੋਂ ਪਕੜੀ ਗਈ ਕਰ ਚੋਰੀ, ਰਿਫੰਡ ਮਾਮਲਿਆਂ, ਆਦਿ ਦੇ ਵੇਰਵੇ*

ਕਰ ਚੋਰੀ ਦੇ ਪਕੜੇ ਗਏ ਮਾਮਲੇ, ਅੰਤਿਮ ਤੌਰ ਤੇ ਨਿਪਟਾਏ ਗਏ ਮਾਮਲੇ ਅਤੇ ਵਧੀਕ ਕਰ ਲਈ ਕੀਤੀਆਂ ਗਈਆਂ ਮੰਗਾਂ, ਰਾਜ ਸਰਕਾਰ ਦੇ ਰੈਵੀਨਿਊ ਇਕੱਠੇ ਕਰਨ ਦੇ ਯਤਨਾਂ ਦਾ ਮਹੱਤਵਪੂਰਣ ਸੂਚਕ ਹਨ। ਰਿਫੰਡ ਮਾਮਲਿਆਂ ਦਾ ਤੁਰੰਤ ਨਿਪਟਾਰਾ ਕਰਨਾ, ਸਬੰਧਤ ਵਿਭਾਗ ਦੀ ਕਾਰਗੁਜ਼ਾਰੀ ਦਾ ਇੱਕ ਮਹਤੱਵਪੂਰਣ ਸੂਚਕ ਹੈ।

ਸਾਲ 2020-21 ਦੌਰਾਨ ਆਬਕਾਰੀ ਅਤੇ ਕਰ ਵਿਭਾਗ ਵੱਲੋਂ ਕਰ ਚੋਰੀ ਦੇ ਪਕੜੇ ਗਏ ਮਾਮਲੇ, ਅੰਤਿਮ ਤੌਰ ਤੇ ਨਿਪਟਾਏ ਗਏ ਮਾਮਲੇ ਅਤੇ ਹੋਰ ਕਰ ਲਈ ਕੀਤੀ ਗਈ ਮੰਗ ਦੇ ਵੇਰਵੇ; ਅਤੇ ਰਿਫੰਡ ਮਾਮਲਿਆਂ ਦੇ ਵੇਰਵੇ ਜਿਵੇਂ ਕਿ ਸਬੰਧਤ ਵਿਭਾਗਾਂ ਵੱਲੋਂ ਰਿਪੋਰਟ ਕੀਤੇ ਗਏ ਹਨ, ਕ੍ਰਮਵਾਰ **ਸਾਰਣੀ** 2.8 ਅਤੇ **ਸਾਰਣੀ** 2.9 ਵਿੱਚ ਦਰਸਾਏ ਗਏ ਹਨ।

**ਸਾਰਣੀ 2.8: ਪਕੜੀ ਗਈ ਕਰ ਚੋਰੀ**

| ਲੜੀ ਨੰ. | ਰੈਵੀਨਿਊ ਦੀ ਮੱਦ | 31 ਮਾਰਚ 2021 ਨੂੰ ਬਕਾਇਆ ਮਾਮਲੇ | 2021-22 ਦੌਰਾਨ ਪਕੜੇ ਗਏ ਮਾਮਲੇ | ਜੋੜ | ਮਾਮਲਿਆਂ ਦੀ ਗਿਣਤੀ ਜਿਨ੍ਹਾਂ ਵਿੱਚ ਅਸੈਸਮੈਂਟ /ਜਾਂਚ ਮੁਕੰਮਲ ਹੋਈ ਅਤੇ ਦੰਡ ਆਦਿ ਸਮੇਤ ਵਧੀਕ ਮੰਗ ਕੀਤੀ ਗਈ | | 31 ਮਾਰਚ 2022 ਨੂੰ ਅੰਤਿਮ ਨਿਪਟਾਰਾ ਹੋਣ ਨੂੰ ਰਹਿੰਦੇ ਮਾਮਲਿਆਂ ਦੀ ਗਿਣਤੀ |
|---|---|---|---|---|---|---|---|
| | | | | | ਮਾਮਲਿਆਂ ਦੀ ਗਿਣਤੀ | ਮੰਗ ਦੀ ਰਾਸ਼ੀ (₹ ਕਰੋੜ ਵਿੱਚ) | |
| 1. | ਵਸਤਾਂ ਅਤੇ ਸੇਵਾਵਾਂ ਕਰ | 25# | 39 | 64 | 20 | 13.67 | 44 |
| **ਜੋੜ** | | | **39** | **64** | **20** | **13.67** | **44** |

*ਸ੍ਰੋਤ: ਵਿਭਾਗੀ ਸੂਚਨਾ*

*#ਵਿਭਾਗ ਨੇ ਪਿਛਲੇ ਸਾਲ ਦੇ ਅੰਤਿਮ ਬਕਾਏ ਅਤੇ ਚਾਲੂ ਸਾਲ ਦੇ ਮੁਢਲੇ ਬਕਾਏ ਵਿੱਚ ਅੰਤਰ ਦਾ ਕਾਰਣ ਸੂਚਨਾ ਇੱਕਤਰ ਕਰਨ ਦੇ ਸ੍ਰੋਤ/ਵਿਧੀ ਨੂੰ ਦੱਸਿਆ (ਅਕਤੂਬਰ 2022)।*

**ਸਾਰਣੀ 2.9: ਰਿਫੰਡ ਮਾਮਲਿਆਂ ਦੇ ਵੇਰਵੇ**

*(₹ ਕਰੋੜ ਵਿੱਚ)*

| ਲੜੀ ਨੰ. | ਵੇਰਵੇ | ਜੀ ਐਸ ਟੀ | | ਵਿਕਰੀ ਕਰ/ਵੈਟ | | ਰਾਜ ਆਬਕਾਰੀ | | ਵਾਹਨਾਂ 'ਤੇ ਕਰ | |
|---|---|---|---|---|---|---|---|---|---|
| | | ਮਾਮਲਿਆਂ ਦੀ ਗਿਣਤੀ | ਰਾਸ਼ੀ | ਮਾਮਲਿਆਂ ਦੀ ਗਿਣਤੀ | ਰਾਸ਼ੀ | ਮਾਮਲਿਆਂ ਦੀ ਗਿਣਤੀ | ਰਾਸ਼ੀ | ਮਾਮਲਿਆਂ ਦੀ ਗਿਣਤੀ | ਰਾਸ਼ੀ |
| 1. | ਸਾਲ ਦੇ ਸ਼ੁਰੂ ਵਿੱਚ ਬਕਾਇਆ ਪਏ ਕਲੇਮ | 1,948 | 263.51 | 1,181 | 74.46* | 208# | 27.12# | 4 | 0.02 |
| 2. | ਸਾਲ ਦੌਰਾਨ ਪ੍ਰਾਪਤ ਹੋਏ ਕਲੇਮ | 9,284 | 1,573.27 | 1,822 | 221.13 | 4 | 0.13 | 0 | 0.00 |
| 3. | ਸਾਲ ਦੌਰਾਨ ਕੀਤੇ ਗਏ ਰਿਫੰਡ | 8,968 | 1,335.49 | 2,089 | 169.64 | 3 | 0.43 | 0 | 0.00 |
| 4. | ਸਾਲ ਦੌਰਾਨ ਰੱਦ ਕੀਤੇ ਗਏ ਰਿਫੰਡ | 1,225 | 300.02 | 531 | 68.83 | 0 | 0.00 | 0 | 0.00 |
| 5. | ਸਾਲ ਦੇ ਅੰਤ ਵਿੱਚ ਪਿਆ ਬਕਾਇਆ | 1,039 | 201.27 | 383 | 57.12 | 209 | 26.82 | 4 | 0.02 |

*ਸ੍ਰੋਤ: ਵਿਭਾਗੀ ਸੂਚਨਾ*

** 2021-22 ਦੇ ਅੰਤਿਮ ਬਕਾਏ ਨਾਲੋਂ ₹ 0.02 ਕਰੋੜ ਦਾ ਅੰਤਰ ਹੈ। ਇਹ ਮਾਮਲਾ ਕਰਬੰਦੀ ਕਮਿਸ਼ਨਰ ਪੰਜਾਬ ਕੋਲ ਉਠਾਇਆ ਗਿਆ ਸੀ। ਉਨਾਂ ਦੇ ਉੱਤਰ ਦੀ ਉਡੀਕ ਹੈ (ਨਵੰਬਰ 2022)।*

*# ਵਿਭਾਗ ਵੱਲੋਂ ਇੱਕ ਜ਼ਿਲੇ ਦੇ ਸਬੰਧ ਵਿੱਚ ਸੂਚਨਾਂ ਨੂੰ ਦਰੁਸਤ ਕਰਨ ਕਰਕੇ 2020-21 ਦੇ ਅੰਤਿਮ ਬਕਾਏ ਨਾਲੋਂ ਅੰਤਰ ਹੈ।*

### *(ii) ਗੈਰ-ਕਰ ਰੈਵੀਨਿਊ*

ਗੈਰ-ਕਰ ਰੈਵੀਨਿਊ ਵਿੱਚ ਵਿਆਜ ਪ੍ਰਾਪਤੀਆਂ, ਲਾਭਅੰਸ਼ ਅਤੇ ਲਾਭ, ਖਣਨ ਪ੍ਰਾਪਤੀਆਂ, ਵਿਭਾਗੀ ਪ੍ਰਾਪਤੀਆਂ, ਆਦਿ ਸ਼ਾਮਲ ਹਨ। ਰਾਜ ਦੇ ਗੈਰ-ਕਰ ਰੈਵੀਨਿਊ ਦੇ ਭਾਗਾਂ ਵਿੱਚ 2017-22 ਦੌਰਾਨ ਰੁਝਾਨਾਂ ਨੂੰ **ਸਾਰਣੀ** 2.10 ਵਿੱਚ ਦਰਸਾਇਆ ਗਿਆ ਹੈ।

**ਸਾਰਣੀ 2.10: ਰਾਜ ਦੀ ਗੈਰ-ਕਰ ਰੈਵੀਨਿਊ ਦੇ ਭਾਗ**

*(₹ ਕਰੋੜ ਵਿੱਚ)*

| ਰੈਵੀਨਿਊ ਦੀ ਮੱਦ | 2017-18 | 2018-19 | 2019-20 | 2020-21 | 2021-22 | ਸਪਾਰਕਲਾਈਨ |
|---|---|---|---|---|---|---|
| ਵਿਆਜ ਪ੍ਰਾਪਤੀਆਂ | 1,404.94 | 1,455.26 | 2,105.51 | 144.38 | 181.08 | |
| ਲਾਭਅੰਸ਼ ਅਤੇ ਲਾਭ | 4.45 | 4.24 | 4.24 | 1.26 | 6.66 | |
| ਹੋਰ ਗੈਰ-ਕਰ ਪ੍ਰਾਪਤੀਆਂ | 2,909.00 | 6,122.79 | 4,544.33 | 4,006.49 | 4,596.03 | |
| ੳ) ਵੱਡੀ ਅਤੇ ਦਰਮਿਆਨੀ ਸਿੰਜਾਈ | 71.37 | 24.22 | 92.49 | 91.92 | 108.14 | |
| ਅ) ਸੜ੍ਹਕ ਟਰਾਂਸਪੋਰਟ | 158.69 | 208.99 | 176.35 | 110.17 | 99.77 | |
| ੲ) ਸ਼ਹਿਰੀ ਵਿਕਾਸ | 72.43 | 65.31 | 44.53 | 49.78 | 92.52 | |
| ਸ) ਸਿੱਖਿਆ, ਖੇਡਾਂ, ਕਲਾ ਅਤੇ ਸੱਭਿਆਚਾਰ | 41.87 | 56.75 | 196.22 | 137.70 | 155.19 | |
| ਹ) ਗੈਰ-ਲੋਹ ਖਣਨ | 122.40 | 36.13 | 90.88 | 120.56 | 136.53 | |
| ਕ) ਪੈਨਸ਼ਨ ਅਤੇ ਹੋਰ ਰਿਟਾਇਰਮੈਂਟ ਲਾਭ | 32.14 | 26.03 | 121.88 | 209.90 | 148.35 | |
| ਖ) ਫੁਟਕਲ ਆਮ ਸੇਵਾਵਾਂ | 1,478.97 | 4,851.58 | 2,743.87 | 2,208.41 | 2,375.91 | |
| ਗ) ਹੋਰ ਜਾਂ ਫੁਟਕਲ | 931.13 | 853.78 | 1,078.11 | 1,078.05 | 1,479.62 | |
| **ਜੋੜ** | **4,318.39** | **7,582.29** | **6,654.08** | **4,152.13** | **4,783.77** | |

*ਸ੍ਰੋਤ: ਵਿੱਤ ਲੇਖੇ*

ਸਾਲ 2021-22 ਦੌਰਾਨ ਪਿਛਲੇ ਸਾਲ ਨਾਲੋਂ ਕੁੱਲ ਗੈਰ-ਕਰ ਰੈਵੀਨਿਊ ਵਿੱਚ ₹ 631.64 ਕਰੋੜ (15.21 *ਪ੍ਰਤੀਸ਼ਤ*) ਦਾ ਵਾਧਾ ਸੀ ਜੋ ਕਿ ਮੁੱਖ ਤੌਰ ਤੇ ਵਿਆਜ ਪ੍ਰਾਪਤੀਆਂ ਵਿੱਚ ₹ 36.70 ਕਰੋੜ ਅਤੇ ਹੋਰ ਗੈਰ-ਕਰ ਪ੍ਰਾਪਤੀਆਂ ਵਿੱਚ ₹ 589.54 ਕਰੋੜ ਦੇ ਵਾਧੇ ਕਰਕੇ ਸੀ। ਹੋਰ ਗੈਰ-ਕਰ ਪ੍ਰਾਪਤੀਆਂ ਵਿੱਚ ਵਾਧਾ ਮੁੱਖ ਤੌਰ ਤੇ ਫੁਟਕਲ ਆਮ ਸੇਵਾਵਾਂ (₹ 167.50 ਕਰੋੜ) ਅਤੇ ਹੋਰ ਜਾਂ ਫੁਟਕਲ (₹ 401.57 ਕਰੋੜ) ਅਧੀਨ ਸੀ।

### *2.3.2.3 ਕੇਂਦਰ ਤੋਂ ਟਰਾਂਸਫਰਾਂ*

ਕੇਂਦਰ ਤੋਂ ਪਿਛਲੇ ਦਸ ਸਾਲਾਂ ਲਈ ਟਰਾਂਸਫਰਾਂ ਵਿੱਚ ਰੁਝਾਨਾਂ ਨੂੰ ਚਾਰਟ 2.7 ਵਿੱਚ ਦਰਸਾਇਆ ਗਿਆ ਹੈ।

**ਚਾਰਟ 2.7: ਕੇਂਦਰ ਤੋਂ ਟਰਾਂਸਫਰਾਂ ਵਿੱਚ ਰੁਝਾਨ**




*ਸ੍ਰੋਤ: ਵਿੱਤ ਲੇਖੇ*

### *(i) ਕੇਂਦਰੀ ਕਰ ਟਰਾਂਸਫਰ*

ਤੇਰਵ੍ਹੇਂ ਵਿੱਤ ਕਮਿਸ਼ਨ, ਚੌਦਵੇਂ ਵਿੱਤ ਕਮਿਸ਼ਨ ਅਤੇ ਪੰਦਰਵੇਂ ਵਿੱਤ ਕਮਿਸ਼ਨ ਦੀਆਂ ਪ੍ਰੋਜੈਕਸ਼ਨਾਂ ਦੀ ਤੁਲਨਾ ਵਿੱਚ ਸਾਲ 2010-11 ਤੋਂ 2020-21 ਦੇ ਸਮੇਂ ਦੌਰਾਨ ਰਾਜ ਸਰਕਾਰ ਨੂੰ ਕੇਂਦਰੀ ਕਰਾਂ ਅਤੇ ਡਿਊਟੀਆਂ ਵਿੱਚੋਂ ਜਾਰੀ ਹੋਏ ਅਸਲ ਹਿੱਸੇ ਨੂੰ **ਸਾਰਣੀ** 2.11 ਵਿੱਚ ਸਾਰਣੀਬੱਧ ਕੀਤਾ ਗਿਆ ਹੈ।

**ਸਾਰਣੀ 2.11: ਕੇਂਦਰੀ ਕਰਾਂ ਅਤੇ ਡਿਊਟੀਆਂ ਵਿੱਚ ਰਾਜ ਦਾ ਹਿੱਸਾ:ਵਿੱਤ ਕਮਿਸ਼ਨ ਦੀਆਂ ਪ੍ਰੋਜੈਕਸ਼ਨਾਂ ਦੀ ਤੁਲਨਾ ਵਿੱਚ ਅਸਲ ਵੰਡ**

*(₹ ਕਰੋੜ ਵਿੱਚ)*

| ਸਾਲ | ਵਿੱਤ ਕਮਿਸ਼ਨ ਦੀਆਂ ਪ੍ਰੋਜੈਕਸ਼ਨਾਂ | ਐਫ ਸੀ ਆਰ ਵਿੱਚ ਪ੍ਰੋਜੈਕਸ਼ਨਾਂ | ਅਸਲ ਕਰ ਵੰਡ | ਅੰਤਰ |
|---|---|---|---|---|
| **1** | **2** | **3** | **4** | **5 (4-3)** |
| 2010-11 | ਸੇਵਾ ਕਰ ਨੂੰ ਛੱਡ ਕੇ ਸਾਰੇ ਵੰਡਣਯੋਗ ਕਰਾਂ ਦੀਆਂ ਨਿਰੋਲ ਪ੍ਰਾਪਤੀਆਂ ਦਾ 1.389 *ਪ੍ਰਤੀਸ਼ਤ* ਅਤੇ ਵੰਡਣਯੋਗ ਸੇਵਾ ਕਰ ਦੀਆਂ ਨਿਰੋਲ ਪ੍ਰਾਪਤੀਆਂ ਦਾ 1.411 *ਪ੍ਰਤੀਸ਼ਤ* (13ਵੇਂ ਐਫ ਸੀ ਦੀਆਂ ਸਿਫਾਰਸ਼ਾਂ ਅਨੁਸਾਰ) | 3,207 | 3,051 | (-)156 |
| 2011-12 | | 3,665 | 3,554 | (-)111 |
| 2012-13 | | 4,398 | 4,059 | (-)339 |
| 2013-14 | | 5,278 | 4,432 | (-)846 |
| 2014-15 | | 6,333 | 4,703 | (-)1,630 |
| 2015-16 | ਸੇਵਾ ਕਰ ਨੂੰ ਛੱਡ ਕੇ ਸਾਰੇ ਵੰਡਣ ਯੋਗ ਕਰਾਂ ਦੀਆਂ ਨਿਰੋਲ ਪ੍ਰਾਪਤੀਆਂ ਦਾ 1.577 *ਪ੍ਰਤੀਸ਼ਤ* ਅਤੇ ਵੰਡਣਯੋਗ ਸੇਵਾ ਕਰ ਦੀਆਂ ਨਿਰੋਲ ਪ੍ਰਾਪਤੀਆਂ ਦਾ 1.589 *ਪ੍ਰਤੀਸ਼ਤ* (14ਵੇਂ ਐਫ ਸੀ ਦੀਆਂ ਸਿਫਾਰਸ਼ਾਂ ਅਨੁਸਾਰ) | 8,009* | 8,009 | -- |
| 2016-17 | | 9,600* | 9,600 | -- |
| 2017-18 | ਰਾਜ ਸਰਕਾਰ ਦੇ ਵਿੱਤੀ ਮਜਬੂਤੀਕਰਣ ਰੋਡ ਮੈਪ ਅਨੁਸਾਰ | 10,617* | 10,617 | -- |
| 2018-19 | | 12,009 | 12,005 | (-)4 |
| 2019-20 | | 13,319 | 10,346 | (-)2,973 |
| 2020-21 | ਕਰਾਂ (ਵੰਡਣਯੋਗ ਪੂਲ) ਦੀਆਂ ਨਿਰੋਲ ਪ੍ਰਾਪਤੀਆਂ ਦਾ 1.788 *ਪ੍ਰਤੀਸ਼ਤ* (*15ਵੇਂ* ਐਫ ਸੀ ਦੀਆਂ ਸਿਫਾਰਸ਼ਾਂ ਅਨੁਸਾਰ) | 9,834 | 10,638 | (+)804 |
| 2021-22 | ਕਰਾਂ ਦੀਆਂ ਨਿਰੋਲ ਪ੍ਰਾਪਤੀਆਂ ਦਾ 1.807 *ਪ੍ਰਤੀਸ਼ਤ* (ਵੰਡਣਯੋਗ ਪੂਲ) (*15ਵੇਂ* ਵਿੱਤ ਕਮਿਸ਼ਨ ਦੀਆਂ ਸਿਫਾਰਸ਼ਾਂ ਅਨੁਸਾਰ) | 12,027 | 15,289 | (+)3,262 |

*ਸ੍ਰੋਤ:: 13ਵੇਂ, 14ਵੇਂ ਅਤੇ 15ਵੇਂ ਐਫ ਸੀ ਦੀਆਂ ਰਿਪੋਰਟਾਂ, ਵਿੱਤ ਲੇਖੇ ਅਤੇ ਸਲਾਨਾ ਵਿੱਤੀ ਵਿਵਰਣੀਆਂ*

* *ਰਾਜ ਸਰਕਾਰ ਵਲੋਂ ਸਾਲ 2015-16 ਤੋਂ 2019-20 ਲਈ ਵਿੱਤੀ ਮਜ਼ਬੂਤੀਕਰਨ ਰੋਡਮੈਪ (ਐਫ ਸੀ ਆਰ) 2017-18 ਵਿੱਚ ਬਣਾਇਆ ਗਿਆ ਸੀ ਅਤੇ ਸਾਲ 2015-16, 2016-17 ਅਤੇ 2017-18 ਲਈ ਵੰਡੇ ਗਏ ਕਰ ਦੀਆਂ ਅਸਲ ਰਾਸ਼ੀਆਂ ਨੂੰ ਸਬੰਧਤ ਸਾਲਾਂ ਲਈ ਪ੍ਰੋਜੈਕਟਿਡ ਰਾਸ਼ੀਆਂ ਵਜੋਂ ਲਿਆ ਗਿਆ ਸੀ।*

ਪਿਛਲੇ ਸਾਲ ਨਾਲੋਂ ਸਾਲ 2021-22 ਦੌਰਾਨ ਕੇਂਦਰੀ ਕਰਾਂ ਅਤੇ ਡਿਊਟੀਆਂ ਵਿੱਚ ਰਾਜ ਸਰਕਾਰ ਦਾ ਹਿੱਸਾ ₹ 4,651 ਕਰੋੜ (43.72 *ਪ੍ਰਤੀਸ਼ਤ*) ਨਾਲ ਵੱਧ ਗਿਆ।

ਪੰਦਰ੍ਹਵੇਂ ਵਿੱਤ ਕਮਿਸ਼ਨ (2020-26) ਦੇ ਸਮੇਂ ਦੇ ਪਹਿਲੇ ਦੋ ਸਾਲਾਂ (2020-22) ਦੌਰਾਨ ਕਰਾਂ ਅਤੇ ਡਿਊਟੀਆਂ ਵਿੱਚ ਰਾਜ ਦਾ ₹ 25,927 ਕਰੋੜ ਦਾ ਹਿੱਸਾ ਚੌਦਵੇਂ ਵਿੱਤ ਕਮਿਸ਼ਨ ਦੌਰਾਨ (2015-20) ਕੁੱਲ ਹਿੱਸੇ ਦਾ 51.26 *ਪ੍ਰਤੀਸ਼ਤ* ਸੀ।

ਕੇਂਦਰੀ ਕਰ ਟਰਾਂਸਫਰਾਂ ਦੇ ਭਾਗਾਂ ਵਿੱਚ ਰੁਝਾਨਾਂ ਨੂੰ **ਸਾਰਣੀ 2.12** ਵਿੱਚ ਦਰਸਾਇਆ ਗਿਆ ਹੈ।

**ਸਾਰਣੀ 2.12: ਕੇਂਦਰੀ ਕਰ ਟਰਾਂਸਫਰਾਂ**

*(₹ ਕਰੋੜ ਵਿੱਚ)*

| ਮੱਦ | 2017-18 | 2018-19 | 2019-20 | 2020-21 | 2021-22 |
|---|---|---|---|---|---|
| ਕੇਂਦਰੀ ਵਸਤਾਂ ਅਤੇ ਸੇਵਾਵਾਂ ਕਰ (ਸੀ ਜੀ ਐਸ ਟੀ) | 151.60 | 2,964.16 | 2,935.85 | 3,179.01 | 4,580.49 |
| ਏਕੀਕ੍ਰਿਤ ਵਸਤਾਂ ਅਤੇ ਸੇਵਾਵਾਂ ਕਰ (ਆਈ ਜੀ ਐਸ ਟੀ) | 1,072.32 | 236.60 | --* | --# | -- |
| ਕਾਰਪੋਰੇਸ਼ਨ ਕਰ | 3,252.81 | 4,176.53 | 3,527.47 | 3,197.28 | 4,161.71 |
| ਕਾਰਪੋਰੇਸ਼ਨ ਕਰ ਤੋਂ ਇਲਾਵਾ ਆਮਦਨ 'ਤੇ ਕਰ | 2,746.76 | 3,075.85 | 2,764.01 | 3,276.09 | 4,714.62 |
| ਕਸਟਮਜ਼ | 1,072.00 | 851.31 | 655.78 | 576.80 | 1,091.09 |
| ਕੇਂਦਰੀ ਆਬਕਾਰੀ ਡਿਊਟੀਆਂ | 1,120.50 | 565.74 | 455.97 | 359.30 | 557.39 |
| ਸੇਵਾ ਕਰ | 1,201.05 | 109.29 | -- | 42.87 | 166.80 |
| ਹੋਰ ਕਰ[3] | (-)0.10 | 25.66 | 6.77 | 7.03 | 16.69 |
| **ਜੋੜ** | **10,616.94** | **12,005.14** | **10,345.85** | **10,638.38** | **15,288.79** |
| ਪਿਛਲੇ ਸਾਲ ਨਾਲੋਂ ਵਾਧੇ/ਗਿਰਾਵਟ ਦੀ ਪ੍ਰਤੀਸ਼ਤਤਾ | 10.60 | 13.08 | (-)13.82 | 2.83 | 43.71 |
| ਕੁੱਲ ਕੇਂਦਰੀ ਕਰ ਟਰਾਂਸਫਰਾਂ ਦੀ ਰੈਵੀਨਿਊ ਪ੍ਰਾਪਤੀਆਂ ਨੂੰ ਪ੍ਰਤੀਸ਼ਤਤਾ | 20.03 | 19.28 | 16.80 | 15.41 | 19.56 |

*ਸ੍ਰੋਤ: ਵਿੱਤ ਲੇਖੇ*

* *ਭਾਰਤ ਸਰਕਾਰ ਤੋਂ 2019-20 ਦੌਰਾਨ ਪ੍ਰਾਪਤ ਹੋਈ ₹ 7,166.64 ਕਰੋੜ ਦੀ ਰਾਸ਼ੀ ਮੁੱਖ ਮੱਦ 0006-ਐਸ ਜੀ ਐਸ ਟੀ ਅਧੀਨ ਲੇਖਾ ਬੱਧ ਕੀਤੀ ਗਈ ਸੀ।*

\# *ਕੰਟਰੋਲਰ ਜਨਰਲ ਆਫ ਅਕਾਊਂਟਸ, ਨਵੀਂ ਦਿੱਲੀ ਦੁਆਰਾ ਜਾਰੀ ਕੀਤੀ ਗਈ ਸੋਧ ਸਲਿੱਪ ਅਨੁਸਾਰ (ਛੋਟੀ ਮੱਦ-901) ਉਪ-ਮੁੱਖ ਮੱਦਾਂ '01-ਵਸਤਾਂ ਅਤੇ ਸੇਵਾਵਾਂ ਦੇ ਅਯਾਤ/ਨਿਰਯਾਤ 'ਤੇ ਆਈ ਜੀ ਐਸ ਟੀ' ਅਤੇ '02-ਵਸਤਾਂ ਅਤੇ ਸੇਵਾਵਾਂ ਦੀ ਘਰੇਲੂ ਸਪਲਾਈ 'ਤੇ ਆਈ ਜੀ ਐਸ ਟੀ' ਅਧੀਨ ਰਾਜਾਂ ਨੂੰ ਸੌਂਪੀਆਂ ਜਾਣ ਵਾਲੀਆਂ ਨਿਰੋਲ ਪ੍ਰਾਪਤੀਆਂ ਦੇ ਹਿੱਸੇ ਦਾ ਇੰਦਰਾਜ ਕਰਨਾ 01 ਅਪ੍ਰੈਲ 2020 ਤੋਂ ਬੰਦ ਕਰ ਦਿੱਤਾ ਗਿਆ ਹੈ।*

### *(ii) ਭਾਰਤ ਸਰਕਾਰ ਤੋਂ ਸਹਾਇਤਾ ਗ੍ਰਾਂਟਾਂ*

ਭਾਰਤ ਸਰਕਾਰ ਤੋਂ ਸਹਾਇਤਾ ਗ੍ਰਾਂਟਾਂ (ਜੀ ਆਈ ਏ) ਅਤੇ ਇਨ੍ਹਾਂ ਦੇ ਭਾਗਾਂ ਵਿੱਚ ਰੁਝਾਨ ਨੂੰ **ਸਾਰਣੀ** 2.13 ਵਿੱਚ ਦਰਸਾਇਆ ਗਿਆ ਹੈ।

3 ਇਸ ਵਿੱਚ ਵੈਲਥ 'ਤੇ ਕਰ, ਆਮਦਨ ਅਤੇ ਖਰਚੇ 'ਤੇ ਹੋਰ ਕਰ, ਵਸਤਾਂ ਅਤੇ ਸੇਵਾਵਾਂ 'ਤੇ ਹੋਰ ਕਰ ਅਤੇ ਡਿਊਟੀਆਂ ਸਾਮਲ ਹਨ।

**ਸਾਰਣੀ 2.13: ਭਾਰਤ ਸਰਕਾਰ ਤੋਂ ਸਹਾਇਤਾ ਗ੍ਰਾਂਟਾਂ**

*(₹ ਕਰੋੜ ਵਿੱਚ)*

| ਮੱਦ | 2017-18 | 2018-19 | 2019-20 | 2020-21 | 2021-22 |
|---|---|---|---|---|---|
| ਕੇਂਦਰੀ ਪ੍ਰਯੋਜਿਤ ਪਲਾਨ ਸਕੀਮਾਂ* ਲਈ ਗ੍ਰਾਂਟਾਂ | (-)0.63 | (-)74.21 | (-)68.84 | (-)0.48 | (-)4.03 |
| ਕੇਂਦਰੀ ਪ੍ਰਯੋਜਿਤ ਸਕੀਮਾਂ ਲਈ ਗ੍ਰਾਂਟਾਂ | 3,096.13 | 3,091.70 | 2,864.31 | 2,880.41 | 3,678.16 |
| ਵਿੱਤ ਕਮਿਸ਼ਨ ਦੀਆਂ ਗ੍ਰਾਂਟਾਂ# | 355.69 | 719.54 | 2,710.13 | 11,481.23 | 12,435.61 |
| ਰਾਜਾਂ/ ਵਿਧਾਨ ਪਾਲਿਕਾ ਵਾਲੇ ਕੇਂਦਰੀ ਸ਼ਾਸਤ ਪ੍ਰਦੇਸ਼ਾਂ ਨੂੰ ਹੋਰ ਟਰਾਂਸਫਰਾਂ/ਗ੍ਰਾਂਟਾਂ | 4,199.81 | 7,370.34 | 9,074.43 | 9,843.85 | 4,659.15 |
| **ਜੋੜ** | **7,651.00** | **11,107.37** | **14,580.03** | **24,205.01** | **20,768.89** |
| ਪਿਛਲੇ ਸਾਲ ਨਾਲੋਂ ਵਾਧੇ/ਗਿਰਾਵਟ ਦੀ ਪ੍ਰਤੀਸ਼ਤਤਾ | 60.20 | 45.18 | 31.26 | 66.01 | (-)14.20 |
| ਰੈਵੀਨਿਊ ਪ੍ਰਾਪਤੀਆਂ ਨੂੰ ਸਹਾਇਤਾ ਗ੍ਰਾਂਟਾਂ ਦੀ ਪ੍ਰਤੀਸ਼ਤਤਾ | 14.43 | 17.84 | 23.68 | 35.06 | 26.57 |

*ਸ੍ਰੋਤ : ਵਿੱਤ ਲੇਖੇ*

* *01 ਅਪ੍ਰੈਲ 2017 ਤੋਂ ਨਾਨ ਪਲਾਨ ਅਤੇ ਪਲਾਨ ਗ੍ਰਾਂਟਾਂ ਨੂੰ ਮਿਲਾ ਦਿੱਤਾ ਗਿਆ ਹੈ।*

# *ਸਾਲ 2020-21 ਅਤੇ 2021-22 ਲਈ ਇਸ ਵਿੱਚ ਕ੍ਰਮਵਾਰ ₹ 7,658.90 ਅਤੇ ₹ 10,080.99 ਕਰੋੜ ਦੀ ਪੋਸਟ ਡੈਵੋਲਿਊਸ਼ਨ ਰੈਵੀਨਿਊ ਘਾਟਾ ਗ੍ਰਾਂਟ ਸ਼ਾਮਲ ਹੈ, ਜਿਵੇਂ ਕਿ 15ਵੇਂ ਐਫ ਸੀ ਦੁਆਰਾ ਸਿਫਾਰਸ਼ ਕੀਤੀ ਗਈ ਸੀ।*

**ਸਾਰਣੀ** 2.13 ਦਰਸਾਉਂਦੀ ਹੈ ਕਿ ਸਾਲ 2017-18 ਤੋਂ 2021-22 ਦੇ ਸਮੇਂ ਦੌਰਾਨ ਭਾਰਤ ਸਰਕਾਰ ਤੋਂ ਸਹਾਇਤਾ ਗ੍ਰਾਂਟਾਂ ਵਿੱਚ 37.69 *ਪ੍ਰਤੀਸ਼ਤ* ਦੀ ਸਲਾਨਾ ਔਸਤ ਦਰ ਨਾਲ ਵਾਧਾ ਹੋਇਆ। ਸਾਲ 2021-22 ਲਈ ਰਾਜ ਨੂੰ ਹੋਰ ਟਰਾਂਸਫਰਾਂ ਵਿੱਚ ਜੀ ਐਸ ਟੀ ਮੁਆਵਜ਼ੇ ਦਾ ₹ 4,442.34 ਕਰੋੜ ਸ਼ਾਮਲ ਹੈ। ਪਿਛਲੇ ਸਾਲ ਨਾਲੋਂ ਚਾਲੂ ਸਾਲ ਦੌਰਾਨ ਸਹਾਇਤਾ ਗ੍ਰਾਂਟਾਂ ਵਿੱਚ ਗਿਰਾਵਟ (14.20 *ਪ੍ਰਤੀਸ਼ਤ*) ਰਾਜਾਂ/ਵਿਧਾਨਪਾਲਿਕਾਂ ਵਾਲੇ ਸੰਘੀ ਖੇਤਰਾਂ ਨੂੰ (₹ 5,184.70 ਕਰੋੜ (52.67 *ਪ੍ਰਤੀਸ਼ਤ*) ਹੋਰ ਟਰਾਂਸਫਰਾਂ/ਗ੍ਰਾਂਟਾਂ ਵਿੱਚ ਚੋਖੀ ਗਿਰਾਵਟ ਕਰਕੇ ਸੀ ਜਿਸ ਦਾ ਕਾਰਨ ਜੀ ਐਸ ਟੀ ਮੁਆਵਜ਼ੇ ਵਿੱਚ ₹ 5,251.71 ਕਰੋੜ ਦੀ ਗਿਰਾਵਟ ਸੀ ਜੋ ਕਿ ਪਿਛਲੇ ਸਾਲ ਦੀ ਤੁਲਨਾ ਵਿੱਚ 2021-22 ਵਿੱਚ ਕੇਂਦਰੀ ਸੜਕ ਫੰਡ ਦੇ ਅਨੁਦਾਨ ਵਿੱਚ ਹੋਏ ₹ 52.17 ਕਰੋੜ ਦੇ ਵਾਧੇ ਕਾਰਨ ਅੰਸ਼ਕ ਤੌਰ ਤੇ ਆਫਸੈਟ ਹੋ ਗਈ, ਇਸ ਤੋਂ ਇਲਾਵਾ, ਰੈਵੀਨਿਊ ਪ੍ਰਾਪਤੀਆਂ ਵਿੱਚ ਸਹਾਇਤਾ ਗ੍ਰਾਂਟਾਂ ਦਾ ਯੋਗਦਾਨ 2017-18 ਵਿੱਚ 14.43 *ਪ੍ਰਤੀਸ਼ਤ* ਤੋਂ ਵਧ ਕੇ 2021-22 ਵਿੱਚ 26.57 *ਪ੍ਰਤੀਸ਼ਤ* ਹੋ ਗਿਆ।

### *(ੳ) ਕੇਂਦਰੀ ਪ੍ਰਾਯੋਜਿਤ ਸਕੀਮਾਂ ਲਈ ਅਨੁਦਾਨ*

ਕੇਂਦਰੀ ਪ੍ਰਯੋਜਿਤ ਸਕੀਮਾਂ ਲਈ 2021-22 ਦੌਰਾਨ ₹ 3,678 ਦੇ ਅਨੁਦਾਨਾਂ ਵਿੱਚੋਂ ਮੁੱਖ ਰਾਸ਼ੀਆਂ ਹੇਠ ਲਿਖਤ ਨੂੰ ਦਿੱਤੀਆਂ ਗਈਆਂ ਸਨ :-

- ਅਰਬਨ ਰੀਜੁਵੈਨੇਸ਼ਨ ਮਿਸ਼ਨ: ਏ ਐਮ ਆਰ ਯੂ ਟੀ (ਅਟਲ ਮਿਸ਼ਨ ਫਾਰ ਰੀਜੁਵੈਨੇਸ਼ਨ ਅਤੇ ਟਰਾਂਸਫੋਰਮੇਸ਼ਨ ਅਤੇ ਸਮਾਰਟ ਸਿਟੀਜ਼ ਮਿਸ਼ਨ -ਸ਼ਹਿਰੀ ਮੁੜ ਸੁਰਜੀਤ ਮਿਸ਼ਨ-500 ਸ਼ਹਿਰ (₹ 649 ਕਰੋੜ -ਪਿਛਲੇ ਸਾਲ ਨਾਲੋਂ 433.86 *ਪ੍ਰਤੀਸ਼ਤ* ਵਾਧਾ);
- ਰਾਸ਼ਟਰੀ ਸਿੱਖਿਆ ਮਿਸ਼ਨ-ਸਮੱਗਰਾ ਸਿੱਖਿਆ ਅਭਿਆਨ (ਪਹਿਲਾ ਨਾਂਅ ਸਰਵ ਸਿੱਖਿਆ ਅਭਿਆਨ) (₹ 506 ਕਰੋੜ - ਪਿਛਲੇ ਸਾਲ ਨਾਲੋਂ 3.86 *ਪ੍ਰਤੀਸ਼ਤ* ਦੀ ਗਿਰਾਵਟ);

- ਰਾਸ਼ਟਰੀ ਸਿਹਤ ਮਿਸ਼ਨ: (ਐਨ ਐਚ ਐਮ)-ਰਾਸ਼ਟਰੀ ਪੇਂਡੂ ਸਿਹਤ ਮਿਸ਼ਨ (₹ 526 ਕਰੋੜ- ਪਿਛਲੇ ਸਾਲ ਨਾਲੋਂ 19.13 *ਪ੍ਰਤੀਸ਼ਤ* ਦੀ ਗਿਰਾਵਟ);
- ਅਰਬਨ ਰੀਜੁਵੈਨੇਸ਼ਨ ਮਿਸ਼ਨ: ਏ ਐਮ ਆਰ ਯੂ ਟੀ (ਅਟਲ ਮਿਸ਼ਨ ਫਾਰ ਰੀਜੁਵੈਨੇਸ਼ਨ ਅਤੇ ਟਰਾਂਸਫੋਰਮੇਸ਼ਨ ਅਤੇ ਸਮਾਰਟ ਸਿਟੀਜ਼ ਮਿਸ਼ਨ)- 100 ਸਮਾਰਟ ਸ਼ਹਿਰਾਂ ਦੇ ਵਿਕਾਸ ਕਰਨ ਲਈ ਮਿਸ਼ਨ (₹ 370 ਕਰੋੜ- ਪਿਛਲੇ ਸਾਲ ਤੋਂ 100 *ਪ੍ਰਤੀਸ਼ਤ* ਦਾ ਵਾਧਾ); ਅਤੇ
- ਮਹਾਤਮਾ ਗਾਂਧੀ ਰਾਸ਼ਟਰੀ ਰੁਜ਼ਗਾਰ ਗਰੰਟੀ ਪ੍ਰੋਗਰਾਮ (₹ 269 ਕਰੋੜ-ਪਿਛਲੇ ਸਾਲ ਤੋਂ 22.35 *ਪ੍ਰਤੀਸ਼ਤ* ਦਾ ਵਾਧਾ)

### *(ਅ) ਪੰਦਰ੍ਹਵੇਂ ਵਿੱਤ ਕਮਿਸ਼ਨ ਦੀਆਂ ਗ੍ਰਾਂਟਾਂ*

ਰਾਜਾਂ ਨੂੰ ਪੰਦਰ੍ਹਵੇਂ ਵਿੱਤ ਕਮਿਸ਼ਨ (15ਵੇਂ ਐਫ ਸੀ) ਦੀਆਂ ਗ੍ਰਾਂਟਾਂ ਸਥਾਨਕ ਸੰਸਥਾਵਾਂ ਅਤੇ ਰਾਜ ਆਫਤ ਰਿਸਪਾਂਸ ਫੰਡ (ਐਸ ਡੀ ਆਰ ਐਫ) ਪੋਸਟ ਡੈਵੋਲਿਊਸ਼ਨ ਰੈਵੀਨਿਊ ਡੈਫੀਸਿਟ ਅਤੇ ਸਿਹਤ ਖੇਤਰ ਲਈ ਸਨ। ਭਾਰਤ ਸਰਕਾਰ ਦੁਆਰਾ ਦਿੱਤੀਆਂ ਗਈਆਂ ਗ੍ਰਾਂਟਾਂ ਦੇ ਵੇਰਵੇ **ਸਾਰਣੀ** 2.14 ਵਿੱਚ ਦਿੱਤੇ ਗਏ ਹਨ।

**ਸਾਰਣੀ 2.14: ਸਹਾਇਤਾ-ਗ੍ਰਾਂਟਾਂ ਦੀ ਸਿਫਾਰਸ਼ ਕੀਤੀ ਗਈ ਰਾਸ਼ੀ, ਅਸਲ ਰਲੀਜ਼ ਅਤੇ ਟਰਾਂਸਫਰਾਂ**

***(₹ ਕਰੋੜ ਵਿੱਚ)***

| ਟਰਾਂਸਫਰਾਂ | | 15ਵੇਂ ਐਫ ਸੀ ਦੀ 2020-21 ਲਈ ਸਿਫਾਰਸ਼ | ਭਾਰਤ ਸਰਕਾਰ ਵੱਲੋਂ 2020-21 ਦੌਰਾਨ ਅਸਲ ਰਿਲੀਜ਼ | ਰਾਜ ਸਰਕਾਰ ਵੱਲੋ ਰਿਲੀਜ਼ |
|---|---|---|---|---|
| | | | | ਜੋੜ (ਭਾਰਤ ਸਰਕਾਰ ਵੱਲੋਂ ਰਿਲੀਜ਼ ਦੀ ਪ੍ਰਤੀਸ਼ਤਤਾ) |
| **(i) ਪੀ ਆਰ ਆਈਜ਼ ਨੂੰ ਗ੍ਰਾਂਟਾਂ** | | **1,026.00** | **718.20** | **718.20 (100)** |
| (ੳ) ਸ਼ਰਤ ਸਹਿਤ ਗ੍ਰਾਂਟ | | 615.60 | 307.80 | 307.80 (100) |
| (ਅ) ਸ਼ਰਤ ਰਹਿਤ ਗ੍ਰਾਂਟ | | 410.40 | 410.40 | 410.40 (100) |
| **(ii) ਯੂ ਐਲ ਬੀਜ਼ ਨੂੰ ਗ੍ਰਾਂਟਾਂ** | | **505.00** | **493.75** | **292.75 (59)** |
| (ੳ) ਇੱਕ ਮਿਲੀਅਨ ਤੋਂ ਵੱਧ ਵਾਲੇ ਸ਼ਹਿਰ (ਆਲੇ ਦੁਆਲੇ ਦੀ ਹਵਾ ਦੀ ਗੁਣਵੱਤਾ ਲਈ) | | 45.00 | 33.75* | 33.75 (100) |
| (ਅ) ਇੱਕ ਮਿਲੀਅਨ ਤੋਂ ਵੱਧ ਵਾਲੇ ਸ਼ਹਿਰ (ਐਸ ਡਬਲਿਯੂ ਐਮ ਅਤੇ ਸੈਨੀਟੇਸ਼ਨ ਲਈ) | | 90.00 | 90.00 | 0.00 (0) |
| (ੲ) ਗੈਰ-ਇੱਕ ਮਿਲੀਅਨ ਤੋਂ ਵੱਧ ਵਾਲੇ ਸ਼ਹਿਰ (ਸਥਾਨਕ ਲੋੜਾਂ ਲਈ ਸ਼ਰਤ-ਰਹਿਤ ਗ੍ਰਾਂਟ) | | 148.00 | 148.00 | 148.00 (100) |
| (ਸ) ਗੈਰ-ਇੱਕ ਮਿਲੀਅਨ ਤੋਂ ਵੱਧ ਵਾਲੇ ਸ਼ਹਿਰ (ਪੀਣਯੋਗ ਪਾਣੀ, ਰੇਨ ਵਾਟਰ ਹਾਰਵੈਸਟਿੰਗ, ਐਸ ਡਬਲਿਯੂ ਐਮ ਅਤੇ ਸੈਨੀਟੇਸ਼ਨ ਲਈ ਸ਼ਰਤ ਸਹਿਤ ਗ੍ਰਾਂਟਾਂ) | | 222.00 | 222.00 | 111.00 (50) |
| **ਸਥਾਨਕ ਸੰਸਥਾਵਾਂ ਲਈ ਕੁੱਲ** | | **1,531.00** | **1,211.95** | **1,010.95 (83)** |
| **ਐਸ ਡੀ ਆਰ ਐਫ** | ਕੇਂਦਰ ਦਾ ਹਿੱਸਾ | 495.00 | 396.00 | 396.00 (100) |
| | ਰਾਜ ਦਾ ਹਿੱਸਾ | 165.00 | | 132.00 |
| **ਐਸ ਡੀ ਆਰ ਐਫ ਲਈ ਜੋੜ** | | **660.00** | **396.00** | **528.00** |
| **ਸਿਹਤ ਸੈਕਟਰ ਲਈ ਗ੍ਰਾਂਟ** | | **401.00** | **399.66** | **248.96 (62)** |
| **ਸਪੁਰਦਗੀਆਂ ਤੋਂ ਬਾਅਦ ਰੈਵੀਨਿਊ ਡੈਫੀਸਿਟ ਗ੍ਰਾਂਟ** | | **10,081.00** | **10,081.00** | **--** |

*ਸ੍ਰੋਤ: 15ਵੇਂ ਐਫ ਸੀ ਦੀ ਰਿਪੋਰਟ ਅਤੇ ਵਿਭਾਗੀ ਸੂਚਨਾ*

*ਪੀ ਆਰ ਆਈਜ਼-ਪੰਚਾਇਤੀ ਰਾਜ ਸੰਸਥਾਵਾਂ ਅਤੇ ਯੂ ਐਲ ਬੀਜ਼-ਸ਼ਹਿਰੀ ਸਥਾਨਕ ਸੰਸਥਾਵਾਂ*

* *ਕਾਰਗੁਜ਼ਾਰੀ ਮੁਲਾਂਕਣ ਅਤੇ ਭਾਰਤ ਸਰਕਾਰ ਦੇ ਵਾਤਾਵਰਣ ਮੰਤਰਾਲੇ, ਜੀ ਓ ਆਈ ਦੀ ਸਿਫਾਰਸ਼ ਦੇ ਅਧਾਰ ਤੇ, ਭਾਰਤ ਸਰਕਾਰ ਦੁਆਰਾ ₹ 45 ਕਰੋੜ ਦੀ ਸਿਫਾਰਸ਼ ਦੇ ਵਿਰੁੱਧ ₹ 33.75 ਕਰੋੜ ਰਿਲੀਜ਼ ਕੀਤੇ ਗਏ ਸਨ।*

- 15ਵੇਂ ਐਫ ਸੀ ਦੁਆਰਾ ਪੀ ਆਰ ਆਈਜ਼ ਦੇ ਸਬੰਧ ਵਿੱਚ ਸਿਫਾਰਸ਼ ਕੀਤੀ ₹ 1,026 ਕਰੋੜ ਦੀ ਰਾਸ਼ੀ ਦੇ ਵਿਰੁੱਧ, ਭਾਰਤ ਸਰਕਾਰ ਨੇ 2021-22 ਦੌਰਾਨ ₹ 718.20 ਕਰੋੜ[4] ਜਾਰੀ ਕੀਤੇ ਅਤੇ ਬਾਕੀ ਰਹਿੰਦੀ ₹ 307.80 ਕਰੋੜ ਦੀ ਰਾਸ਼ੀ 2022-23 ਦੌਰਾਨ ਜਾਰੀ ਕੀਤੀ ਗਈ ਸੀ। ਭਾਰਤ ਸਰਕਾਰ ਵਲੋਂ ਜਾਰੀ ਕੀਤੀ ਗਈ ਰਾਸ਼ੀ ਪੰਜਾਬ ਸਰਕਾਰ ਦੁਆਰਾ ਇਸੇ ਸਮੇਂ ਦੌਰਾਨ ਜਾਰੀ ਕੀਤੀ ਗਈ ਸੀ।

- ਯੂ ਐਲ ਬੀਜ਼ ਦੇ ਸਬੰਧ ਵਿੱਚ, ₹ 505.00 ਕਰੋੜ ਦੀ ਸਿਫਾਰਸ਼ ਕੀਤੀ ਰਾਸ਼ੀ ਦੇ ਵਿਰੁੱਧ ਭਾਰਤ ਸਰਕਾਰ ਨੇ 2021-22 ਦੌਰਾਨ ₹ 493.75 ਕਰੋੜ ਜਾਰੀ ਕੀਤੇ। ਭਾਰਤ ਸਰਕਾਰ ਦੁਆਰਾ ਜਾਰੀ ₹ 493.75 ਕਰੋੜ ਦੇ ਵਿਰੁੱਧ, ਰਾਜ ਸਰਕਾਰ ਨੇ 2021-22 ਦੌਰਾਨ ₹ 292.75 ਕਰੋੜ ਜਾਰੀ ਕੀਤੇ ਅਤੇ ਬਾਕੀ ਰਹਿੰਦੇ ₹ 201 ਕਰੋੜ 2022-23 ਵਿੱਚ ਜਾਰੀ ਕੀਤੇ ਗਏ ਸਨ।

- ਐਸ ਡੀ ਆਰ ਐਫ ਦੇ ਸਬੰਧ ਵਿੱਚ, 15ਵੇਂ ਐਫ ਸੀ ਨੇ ਕੇਂਦਰ ਅਤੇ ਰਾਜ ਦਾ ਹਿੱਸਾ 75:25 ਦੀ ਰੇਸ਼ੋ ਵਿੱਚ ਸਿਫਾਰਸ਼ ਕੀਤਾ ਸੀ। ₹ 495 ਕਰੋੜ ਦੇ ਸਿਫਾਰਸ਼ ਕੀਤੇ ਹਿੱਸੇ ਦੇ ਵਿਰੁੱਧ, ਭਾਰਤ ਸਰਕਾਰ ਨੇ 2021-22 ਦੌਰਾਨ ₹ 396 ਕਰੋੜ ਅਤੇ 2022-23 ਦੌਰਾਨ ₹ 99 ਕਰੋੜ ਜਾਰੀ ਕੀਤੇ। ਪੰਜਾਬ ਸਰਕਾਰ ਨੇ 2021-22 ਦੌਰਾਨ ₹ 528 ਕਰੋੜ (ਭਾਰਤ ਸਰਕਾਰ ਹਿੱਸਾ: ₹ 396 ਕਰੋੜ ਅਤੇ ਰਾਜ ਦਾ ਹਿੱਸਾ: ₹ 132 ਕਰੋੜ) ਜਾਰੀ ਕੀਤੇ।

- ਸਿਹਤ ਖੇਤਰ ਲਈ ਗ੍ਰਾਂਟਾਂ ਦੇ ਸਬੰਧ ਵਿੱਚ, ਭਾਰਤ ਸਰਕਾਰ ਨੇ 15ਵੇਂ ਐਫ ਸੀ ਦੁਆਰਾ ਸਿਫਾਰਸ਼ ਕੀਤੇ ₹ 401 ਕਰੋੜ ਦੇ ਵਿਰੁੱਧ ₹ 399.66 ਕਰੋੜ ਜਾਰੀ ਕੀਤੇ। ਭਾਰਤ ਸਰਕਾਰ ਦੁਆਰਾ ਜਾਰੀ ਕੀਤੇ ਗਏ ₹ 399.66 ਕਰੋੜ ਵਿੱਚੋਂ, ਪੰਜਾਬ ਸਰਕਾਰ ਨੇ 2021-22 ਵਿੱਚ ₹ 248.96 ਕਰੋੜ ਅਤੇ 2022-23 ਵਿੱਚ ₹ 150.70 ਕਰੋੜ ਜਾਰੀ ਕੀਤੇ।

### 2.3.3 ਪੂੰਜੀਗਤ ਪ੍ਰਾਪਤੀਆਂ

ਪੂੰਜੀਗਤ ਪ੍ਰਾਪਤੀਆਂ ਵਿੱਚ ਫੁਟਕਲ ਪੂੰਜੀਗਤ ਪ੍ਰਾਪਤੀਆਂ ਜਿਵੇਂ ਕਿ ਵਿਨਿਵੇਸ਼ ਤੋਂ ਵੱਟਕ, ਕਰਜ਼ੇ ਅਤੇ ਪੇਸ਼ਗੀਆਂ ਦੀਆਂ ਵਸੂਲੀਆਂ, ਅੰਦਰੂਨੀ ਸ੍ਰੋਤਾਂ (ਮਾਰਕੀਟ ਕਰਜ਼ੇ, ਵਿੱਤੀ ਸੰਸਥਾਵਾਂ/ਕਮਰਸ਼ੀਅਲ ਬੈਂਕਾਂ ਤੋਂ ਉਧਾਰ) ਤੋਂ ਕਰਜ਼ਾ ਪ੍ਰਾਪਤੀਆਂ ਅਤੇ ਭਾਰਤ ਸਰਕਾਰ ਕੋਲੋਂ ਕਰਜ਼ੇ ਅਤੇ ਪੇਸ਼ਗੀਆਂ ਸ਼ਾਮਲ ਹਨ।

ਸਾਲ 2017-18 ਤੋਂ 2021-22 ਦੌਰਾਨ ਪੂੰਜੀਗਤ ਪ੍ਰਾਪਤੀਆਂ ਅਤੇ ਇਨ੍ਹਾਂ ਦੇ ਹਿੱਸਿਆ ਦੇ ਰੁਝਾਨਾਂ ਨੂੰ **ਸਾਰਣੀ** 2.15 ਵਿੱਚ ਦਰਸਾਇਆ ਗਿਆ ਹੈ।

---

[4] ਵਿੱਤ ਲੇਖਿਆਂ ਦੀ ਸਟੇਟਮੈਂਟ ਨੰ. 14 ਵਿੱਚ ਦਿਖਾਈ ਦੇਣ ਵਾਲੇ ₹ 347.00 ਕਰੋੜ ਤੋਂ ਵੱਖਰਾ ਹੈ, ਜੋ ਕਿ ਸਾਲ 2020-21 ਨਾਲ ਸਬੰਧਤ ਸੀ ਪਰ ਭਾਰਤ ਸਰਕਾਰ ਵੱਲੋਂ 2021-22 ਵਿੱਚ ਜਾਰੀ ਕੀਤਾ ਗਿਆ ਹੈ।

**ਸਾਰਣੀ 2.15: ਪੂੰਜੀਗਤ ਪ੍ਰਾਪਤੀਆਂ ਦੇ ਵਾਧੇ ਅਤੇ ਰਚਨਾ ਵਿੱਚ ਰੁਝਾਨ**

*(₹ ਕਰੋੜ ਵਿੱਚ)*

| ਰਾਜ ਦੀਆਂ ਪ੍ਰਾਪਤੀਆਂ ਦੇ ਸ੍ਰੋਤ | 2017-18 | 2018-19 | 2019-20 | 2020-21 | 2021-22 |
|---|---|---|---|---|---|
| **ਪੂੰਜੀਗਤ ਪ੍ਰਾਪਤੀਆਂ** | **18,590** | **23,788** | **43,891** | **34,077** | **27,244** |
| ਫੁਟਕਲ ਪੂੰਜੀਗਤ ਪ੍ਰਾਪਤੀਆਂ | 0 | 0 | 0 | 0 | 0 |
| ਕਰਜ਼ਿਆਂ ਅਤੇ ਪੇਸ਼ਗੀਆਂ ਦੀ ਵਸੂਲੀ | 73 | 849 | 16,070 | 50 | 207 |
| ਜਨਤਕ ਕਰਜ਼ਾ ਪ੍ਰਾਪਤੀਆਂ | 18,517 | 22,939 | 27,821 | 34,027 | 27,037 |
| *ਅੰਦਰੂਨੀ ਕਰਜ਼ਾ* * | 18,057 | 21,621 | 27,676 | 33,595 | 26,584 |
| *ਵਾਧਾ ਦਰ (ਪ੍ਰਤੀਸ਼ਤ)* | (-)66.92 | 19.74 | 28.01 | 21.39 | (-)20.87 |
| *ਭਾਰਤ ਸਰਕਾਰ ਤੋਂ ਕਰਜ਼ੇ ਅਤੇ ਪੇਸ਼ਗੀਆਂ* # | 460 | 1,318 | 145 | 432 | 453 |
| *ਵਾਧਾ ਦਰ (ਪ੍ਰਤੀਸ਼ਤ)* | (-)29.77 | 186.52 | (-)89.00 | 197.93 | 4.86 |
| ਕਰਜ਼ਾ ਪੂੰਜੀਗਤ ਪ੍ਰਾਪਤੀਆਂ ਦੇ ਵਾਧੇ ਦੀ ਦਰ*(ਪ੍ਰਤੀਸ਼ਤ)* | (-)66.48 | 23.88 | 21.28 | 22.31 | (-)20.54 |
| ਗੈਰ-ਕਰਜ਼ਾ ਪੂੰਜੀਗਤ ਪ੍ਰਾਪਤੀਆਂ ਦੇ ਵਾਧੇ ਦੀ ਦਰ*(ਪ੍ਰਤੀਸ਼ਤ)* | (-)59.67 | 1,063.01 | 1,792.82 | (-)99.69 | 314.00 |
| ਜੀ ਐਸ ਡੀ ਪੀ ਦੇ ਵਾਧੇ ਦੀ ਦਰ*(ਪ੍ਰਤੀਸ਼ਤ)* | 10.31 | 8.81 | 4.78 | (-)0.83 | 9.67 |
| ਪੂੰਜੀਗਤ ਪ੍ਰਾਪਤੀਆਂ ਦੇ ਵਾਧੇ ਦੀ ਦਰ *(ਪ੍ਰਤੀਸ਼ਤ)* | (-)66.45 | 27.96 | 84.51 | (-)22.36 | (-)20.05 |

*ਸ੍ਰੋਤ: ਵਿੱਤ ਲੇਖੇ*

* *ਵੇਅਜ਼ ਅਤੇ ਮੀਨਜ਼ ਪੇਸ਼ਗੀਆਂ ਓਵਰਡਰਾਫਟ/ਸਪੈਸ਼ਲ ਡਰਾਇੰਗ ਸੁਵਿਧਾ, ਅਧੀਨ ਨਿਰੋਲ ਰਾਸ਼ੀ ਸਮੇਤ, ਜਿਹੜੀ ਕਿ 2020-21 ਦੌਰਾਨ ਨਿੱਲ ਸੀ।*

\# *ਸਾਲ 2020-21 ਅਤੇ 2021-22 ਦੇ ਦੌਰਾਨ, ਇਸ ਵਿੱਚ ਜੀ ਐਸ ਟੀ ਮੁਆਵਜ਼ੇ ਦੀ ਘਾਟ ਦੇ ਬਦਲੇ ਜੀ ਓ ਆਈ ਤੋਂ ਕ੍ਰਮਵਾਰ ₹ 8,359 ਕਰੋੜ ਅਤੇ ₹ 12,132 ਕਰੋੜ ਦੇ ਬੈਕ-ਟੂ-ਬੈਕ ਕਰਜ਼ਿਆਂ ਨੂੰ ਛੱਡ ਕੇ ਜੋ ਰਾਜ ਦੁਆਰਾ ਆਪਣੇ ਸ੍ਰੋਤਾਂ ਤੋਂ ਵਾਪਸ ਨਹੀਂ ਕੀਤੇ ਜਾਣੇ ਹਨ।*

ਚਾਲੂ ਸਾਲ ਦੌਰਾਨ, ਜੀ ਐਸ ਟੀ ਮੁਆਵਜ਼ੇ ਦੀ ਘਾਟ ਦੇ ਬਦਲੇ 2020-2022 ਦੌਰਾਨ ਜੀ ਓ ਆਈ ਦੁਆਰਾ ਦਿੱਤੇ ਗਏ ਕਰਜ਼ਿਆਂ ਨੂੰ ਛੱਡ ਕੇ, ਜੋ ਰਾਜ ਦੁਆਰਾ ਆਪਣੇ ਸ੍ਰੋਤਾਂ ਤੋਂ ਅਦਾ ਨਹੀਂ ਕੀਤੇ ਜਾਣੇ ਹਨ, ਜਨਤਕ ਕਰਜ਼ੇ ਦੀਆਂ ਪ੍ਰਾਪਤੀਆਂ ਵਿੱਚ ਪਿਛਲੇ ਸਾਲ ਤੋਂ ₹ 6,990 ਕਰੋੜ (20.54 *ਪ੍ਰਤੀਸ਼ਤ*) ਦੀ ਕਮੀ ਹੋਈ। ਪਿਛਲੇ ਸਾਲ ਨਾਲੋਂ ਅੰਦਰੂਨੀ ਕਰਜ਼ਿਆਂ ਵਿੱਚ ₹ 7,011 ਕਰੋੜ (20.87 *ਪ੍ਰਤੀਸ਼ਤ*) ਦੀ ਗਿਰਾਵਟ ਆਈ।

## 2.3.4 ਸਾਧਨ ਜੁਟਾਉਣ ਵਿੱਚ ਰਾਜ ਦੀ ਕਾਰਗੁਜ਼ਾਰੀ

ਸਾਧਨ ਜੁਟਾਉਣ ਦੀ ਰਾਜ ਦੀ ਕਾਰਗੁਜ਼ਾਰੀ ਦਾ ਮੁਲਾਂਕਣ, ਇਸ ਦੇ ਆਪਣੇ ਸਾਧਨਾਂ, ਜਿਸ ਵਿੱਚ ਇਸ ਦੇ ਆਪਣੇ ਕਰ ਅਤੇ ਗੈਰ-ਕਰ ਸਾਧਨ ਸ਼ਾਮਲ ਹਨ।

ਪੰਦਰਵੇਂ ਵਿੱਤ ਕਮਿਸ਼ਨ (15ਵੇਂ ਐਫ ਸੀ) ਦੀ ਅਸੈਸਮੈਂਟ ਅਤੇ ਬਜਟ ਅਨੁਮਾਨਾਂ ਦੀ ਤੁਲਨਾ ਵਿੱਚ ਸਾਲ 2021-22 ਲਈ ਰਾਜ ਦੀਆਂ ਆਪਣੀਆਂ ਅਸਲ ਕਰ ਅਤੇ ਗੈਰ-ਕਰ ਪ੍ਰਾਪਤੀਆਂ ਨੂੰ **ਸਾਰਣੀ 2.16** ਵਿੱਚ ਦਿੱਤਾ ਗਿਆ।

**ਸਾਰਣੀ 2.16: ਸਾਲ 2021-22 ਦੌਰਾਨ ਪ੍ਰੋਜੈਕਸ਼ਨਾਂ ਦੀ ਤੁਲਨਾ ਵਿੱਚ ਕਰ ਅਤੇ ਗੈਰ-ਕਰ ਰੈਵੀਨਿਓ**

*(₹ ਕਰੋੜ ਵਿੱਚ)*

| ਸਾਧਨ | 15ਵੇਂ ਐਫ ਸੀ ਦੀਆਂ ਪ੍ਰੋਜੈਕਸ਼ਨਾਂ | ਬਜਟ ਅਨੁਮਾਨ | ਅਸਲ | ਅਸਲ ਦੀ ਹੇਠਾਂ ਲਿਖਿਆਂ ਨਾਲੋਂ ਅੰਤਰ ਦੀ ਪ੍ਰਤੀਸ਼ਤਤਾ | |
|---|---|---|---|---|---|
| | | | | 15ਵੇਂ ਐਫ ਸੀ ਦੀਆਂ ਪ੍ਰੋਜੈਕਸ਼ਨਾਂ | ਬਜਟ ਅਨੁਮਾਨ |
| **ਆਪਣਾ ਕਰ-ਰੈਵੀਨਿਊ** | 35,988 | 49,461 | 37,327 | 3.72 | (-)24.53 |
| **ਗੈਰ ਕਰ-ਰੈਵੀਨਿਓ** | 4,935 | 7,758 | 4,783 | (-)3.08 | (-)38.35 |

*ਸ੍ਰੋਤ:15ਵੇਂ ਐਫ ਸੀ ਦੀ ਰਿਪੋਰਟ, ਸਲਾਨਾ ਵਿੱਤੀ ਵਿਵਰਣੀ ਅਤੇ ਵਿੱਤ ਲੇਖੇ*

ਰਾਜ ਸਰਕਾਰ ਦਾ ਆਪਣਾ ਕਰ ਰੈਵੀਨਿਊ, 15ਵੇਂ ਐਫ ਸੀ ਦੁਆਰਾ ਬਣਾਈਆਂ ਪ੍ਰੋਜੈਕਸ਼ਨਾਂ ਤੋਂ 3.72 *ਪ੍ਰਤੀਸ਼ਤ* ਵੱਧ ਪਰ ਬਜਟ ਅਨੁਮਾਨਾਂ ਨਾਲੋਂ 24.53 *ਪ੍ਰਤੀਸ਼ਤ* ਘਟ ਗਿਆ। ਗੈਰ-ਕਰ ਰੈਵੀਨਿਊ, 15ਵੇਂ ਐਫ ਐਫ ਸੀ ਦੁਆਰਾ ਬਣਾਈਆਂ ਪ੍ਰੋਜੈਕਸ਼ਨਾਂ ਨਾਲੋਂ 3.08 *ਪ੍ਰਤੀਸ਼ਤ* ਨਾਲ ਘੱਟ ਸੀ ਅਤੇ ਬਜਟ ਅਨੁਮਾਨਾਂ ਤੋਂ 38.35 *ਪ੍ਰਤੀਸ਼ਤ* ਨਾਲ ਘੱਟ ਸੀ।

## 2.4 ਸਾਧਨਾਂ ਦੀ ਵਰਤੋਂ

ਰਾਜ ਸਰਕਾਰ ਨੂੰ ਵਿੱਤੀ ਜ਼ਿੰਮੇਵਾਰੀ ਕਾਨੂੰਨਾਂ ਦੇ ਢਾਂਚੇ ਦੇ ਅੰਦਰ ਰਹਿ ਕੇ ਖਰਚਾ ਕਰਨ ਦੀ ਅਤੇ ਇਸ ਦੇ ਨਾਲ ਨਾਲ ਇਹ ਯਕੀਨੀ ਬਣਾਉਣ ਦੀ ਜ਼ਿੰਮੇਵਾਰੀ ਸੌਂਪੀ ਗਈ ਹੈ ਕਿ ਰਾਜ ਵਿੱਚ ਚਲ ਰਹੀ ਵਿੱਤੀ ਸੁਧਾਰ ਅਤੇ ਮਜ਼ਬੂਤੀਕਰਣ ਦੀ ਪ੍ਰਕ੍ਰਿਆ, ਪੂੰਜੀਗਤ ਬੁਨਿਆਦੀ ਢਾਂਚੇ ਅਤੇ ਸਮਾਜਿਕ ਸੈਕਟਰ ਦੇ ਵਿਕਾਸ ਵੱਲ ਸੇਧਿਤ ਖਰਚੇ ਦੀ ਕੀਮਤ ਤੇ ਨਾ ਹੋਵੇ। ਰਾਜ ਵਿੱਚ ਖਰਚੇ ਦੀ ਵੰਡ ਦਾ ਵਿਸ਼ਲੇਸ਼ਣ ਅਗਲੇ ਪੈਰ੍ਹਿਆਂ ਵਿੱਚ ਦਿੱਤਾ ਗਿਆ ਹੈ।

### ਖਰਚੇ ਵਿੱਚ ਵਾਧਾ ਅਤੇ ਇਸ ਦੀ ਰਚਨਾ

**ਰੈਵੀਨਿਊ ਖਰਚਾ:** ਰੱਖ-ਰਖਾਅ, ਮੁਰੰਮਤ, ਦੇਖ-ਰੇਖ ਅਤੇ ਕੰਮਕਾਜ ਦੇ ਅਜਿਹੇ ਖਰਚੇ, ਜਿਹੜੇ ਕਿ ਜਾਇਦਾਦਾਂ ਨੂੰ ਕਾਰਜਸ਼ੀਲ ਹਾਲਤ ਵਿੱਚ ਰੱਖਣ ਲਈ ਲੋੜੀਂਦੇ ਹਨ ਅਤੇ ਅਮਲਾ ਤੇ ਪ੍ਰਬੰਧਕੀ ਖਰਚਿਆਂ ਸਮੇਤ ਹੋਰ ਸਾਰੇ ਅਜਿਹੇ ਖਰਚਿਆਂ ਨੂੰ ਜਿਹੜੇ ਕਿ ਸੰਗਠਨ ਨੂੰ ਨਿੱਤ ਪ੍ਰਤੀ ਦਿਨ ਚਲਾਉਣ ਲਈ ਕੀਤੇ ਜਾਂਦੇ ਹਨ, ਰੈਵੀਨਿਊ ਖਰਚੇ ਵਜੋਂ ਵਰਗੀਕ੍ਰਿਤ ਕੀਤਾ ਜਾਵੇਗਾ।

**ਪੂੰਜੀਗਤ ਖਰਚਾ**: ਕਿਸੇ ਪ੍ਰੋਜੈਕਟ ਦੀ ਆਰੰਭਿਕ ਉਸਾਰੀ ਲਈ ਕੀਤੇ ਸਾਰੇ ਖਰਚਿਆਂ ਨੂੰ ਅਤੇ ਇਸ ਦੇ ਨਾਲ ਨਾਲ ਸੇਵਾ ਲਈ ਖੋਲ੍ਹਣ ਤੋਂ ਪਹਿਲਾਂ ਵਿਚਕਾਰਲੇ ਸਮੇ ਦੌਰਾਨ ਕੰਮ ਦੇ ਰੱਖ-ਰਖਾਅ ਲਈ ਕੀਤੇ ਜਾਂਦੇ ਖਰਚੇ ਅਤੇ ਸਮੱਰਥ ਅਥਾਰਟੀ ਦੁਆਰਾ ਨਿਯਮਾਂ ਅਧੀਨ ਮਨਜ਼ੂਰ ਕੀਤੇ ਹੋਰ ਵਾਧੇ ਅਤੇ ਸੁਧਾਰ ਦੇ ਖਰਚਿਆਂ ਨੂੰ, ਪੂੰਜੀਗਤ ਖਰਚਾ ਵਜੋਂ ਵਰਗੀਕ੍ਰਿਤ ਕੀਤਾ ਜਾਵੇਗਾ।

**ਕਰਜ਼ੇ ਅਤੇ ਪੇਸ਼ਗੀਆਂ**: ਸਰਕਾਰ ਦੁਆਰਾ ਜਨਤਕ ਖੇਤਰ ਦੇ ਅਦਾਰਿਆਂ (ਪੀ ਐਸ ਯੂ) ਅਤੇ ਹੋਰ ਪਾਰਟੀਆਂ ਨੂੰ ਕਰਜ਼ੇ ਅਤੇ ਪੇਸ਼ਗੀਆਂ।

ਸਮੁੱਚੇ ਖਰਚੇ ਅਤੇ ਇਸ ਦੇ ਭਾਗਾਂ ਦਾ ਰੁਝਾਨ **ਸਾਰਣੀ** 2.17 ਅਤੇ **ਚਾਰਟ** 2.8 ਵਿੱਚ ਦਰਸਾਇਆ ਗਿਆ ਹੈ।

**ਸਾਰਣੀ 2.17: ਕੁੱਲ ਖਰਚਾ ਅਤੇ ਇਸ ਦੀ ਰਚਨਾ**

*(₹ ਕਰੋੜ ਵਿੱਚ)*

| ਮਾਪਦੰਡ | 2017-18 | 2018-19 | 2019-20 | 2020-21 | 2021-22 |
|---|---|---|---|---|---|
| ਕੁੱਲ ਖਰਚਾ (ਟੀ ਈ ) | 65,577 | 79,177 | 94,471 | 91,682 | 1,06,222 |
| ਰੈਵੀਨਿਊ ਖਰਚਾ (ਆਰ ਈ) | 62,465 | 75,404 | 75,860 | 86,344 | 96,636 |
| ਪੂੰਜੀਗਤ ਖਰਚਾ ( ਸੀ ਈ) | 2,352 | 2,412 | 17,828 | 4,382 | 8,010 |
| ਕਰਜ਼ੇ ਅਤੇ ਪੇਸ਼ਗੀਆਂ | 760 | 1,361 | 783 | 956 | 1,576 |
| ਜੀ ਐਸ ਡੀ ਪੀ ਦੀ ਪ੍ਰਤੀਸ਼ਤਤਾ ਵਜੋਂ | | | | | |
| ਟੀ ਈ /ਜੀ ਐਸ ਡੀ ਪੀ | 13.92 | 15.45 | 17.59 | 17.22 | 18.19 |
| ਆਰ ਈ/ਜੀ ਐਸ ਡੀ ਪੀ | 13.26 | 14.71 | 14.13 | 16.21 | 16.55 |
| ਸੀ ਈ /ਜੀ ਐਸ ਡੀ ਪੀ | 0.50 | 0.47 | 3.32 | 0.82 | 1.37 |

*ਸ੍ਰੋਤ:ਵਿੱਤ ਲੇਖੇ*

**ਚਾਰਟ 2.8: ਕੁੱਲ ਖਰਚਾ: ਇਸ ਦੇ ਭਾਗਾਂ ਦੇ ਹਿੱਸਿਆਂ ਵਿੱਚ ਰੁਝਾਨ**




*ਸ੍ਰੋਤ: ਵਿੱਤ ਲੇਖੇ*

**ਸਾਰਣੀ** 2.17 ਦਰਸਾਉਂਦੀ ਹੈ ਕਿ ਕੁੱਲ ਖਰਚਾ 2017-18 ਵਿੱਚ ₹ 65,577 ਕਰੋੜ ਤੋਂ ₹ 40,645 ਕਰੋੜ (61.98 *ਪ੍ਰਤੀਸ਼ਤ*) ਨਾਲ ਵਧਕੇ 2021-22 ਵਿੱਚ ₹ 1,06,222 ਕਰੋੜ ਹੋ ਗਿਆ, ਜਿਹੜਾ ਕਿ ਪੰਜ ਸਾਲਾਂ ਦੇ ਸਮੇ ਦੌਰਾਨ ਜੀ ਐਸ ਡੀ ਪੀ ਦੇ 13.92 *ਪ੍ਰਤੀਸ਼ਤ* ਤੋਂ 18.19 *ਪ੍ਰਤੀਸ਼ਤ* ਤੱਕ ਦੀ ਰੇਂਜ ਵਿਚਕਾਰ ਸੀ। **ਚਾਰਟ** 2.8 ਦਰਸਾਉਂਦਾ ਹੈ ਕਿ ਰੈਵੀਨਿਊ ਖਰਚਾ 2017-22 ਦੌਰਾਨ ਕੁੱਲ ਖਰਚੇ ਦਾ ਪ੍ਰਮੁੱਖ ਹਿੱਸਾ (80 ਤੋਂ 95 *ਪ੍ਰਤੀਸ਼ਤ)* ਸੀ। ਦੂਜੇ ਪਾਸੇ, ਪੂੰਜੀਗਤ ਖਰਚਾ, ਸਾਲ 2019-20 ਨੂੰ ਛੱਡ ਕੇ ਤਿੰਨ ਅਤੇਂ ਅੱਠ ਪ੍ਰਤੀਸ਼ਤ ਦੇ ਵਿਚਕਾਰ ਬਣਿਆ ਰਿਹਾ ਜਦੋਂ ਕਿ ਇਹ ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਿਟਡ (ਪੀ ਐਸ ਪੀ ਸੀ ਐਲ) ਵਿੱਚ ਯੂ ਡੀ ਏ ਵਾਈ ਦੇ ₹ 15,628 ਕਰੋੜ ਦੇ ਕਰਜ਼ਿਆਂ ਨੂੰ ਇਕਿਊਟੀ ਵਿੱਚ ਤਬਦੀਲ ਕਰਨ ਕਰਕੇ 19 *ਪ੍ਰਤੀਸ਼ਤ* ਸੀ, ਜਿਵੇਂ ਕਿ 31 ਮਾਰਚ 2020 ਨੂੰ ਖਤਮ ਹੋਏ ਸਾਲ ਲਈ ਭਾਰਤ ਦੇ ਲੇਖਾ ਨਿਰੀਖਕ ਅਤੇ ਮਹਾਂ ਲੇਖਾ ਪਰੀਖਕ ਦੀ ਰਾਜ ਦੇ ਵਿੱਤਾਂ ਉੱਤੇ ਲੇਖਾ ਪ੍ਰੀਖਿਆ ਰਿਪੋਰਟ ਦੇ ਪੈਰ੍ਹਾ 2.4.2.2 (v) ਵਿੱਚ ਚਰਚਾ ਕੀਤੀ ਗਈ ਹੈ।

ਰਾਜ ਸਰਕਾਰ ਨੇ ਕਿਹਾ (ਦਸੰਬਰ 2022) ਕਿ 2023-24 ਦੌਰਾਨ ਇਸ ਖੇਤਰ ਵਿੱਚ ਕੁੱਝ ਸੁਧਾਰ ਲਿਆਉਣ ਲਈ ਗੰਭੀਰ ਯਤਨ ਕੀਤੇ ਜਾਣਗੇ।

2017-22 ਦੌਰਾਨ ਖਰਚੇ ਦੇ ਵੱਖ ਵੱਖ ਸੈਕਟਰਾਂ ਦੇ ਤੁਲਨਾਤਮਕ ਹਿੱਸੇ ਨੂੰ **ਸਾਰਣੀ 2.18** ਅਤੇ **ਚਾਰਟ 2.9** ਵਿੱਚ ਦਰਸਾਇਆ ਗਿਆ ਹੈ।

**ਸਾਰਣੀ 2.18: ਖਰਚੇ ਦੇ ਵੱਖ ਵੱਖ ਸੈਕਟਰਾਂ ਦਾ ਤੁਲਨਾਤਮਕ ਹਿੱਸਾ**

*(₹ ਕਰੋੜ ਵਿੱਚ)*

| ਮਾਪਦੰਡ | 2017-18 | 2018-19 | 2019-20 | 2020-21 | 2021-22 |
|---|---|---|---|---|---|
| ਆਮ ਸੇਵਾਵਾਂ | 34,680 | 37,100 | 38,769 | 43,464 | 47,504 |
| ਸਮਾਜਿਕ ਸੇਵਾਵਾਂ | 16,386 | 19,367 | 20,449 | 23,926 | 28,245 |
| ਆਰਥਿਕ ਸੇਵਾਵਾਂ | 12,450 | 19,084 | 31,260 | 17,365 | 25,039 |
| ਹੋਰ (ਸਥਾਨਕ ਸੰਸਥਾਵਾਂ ਨੂੰ ਗ੍ਰਾਂਟਾਂ ਅਤੇ ਕਰਜ਼ੇ ਤੇ ਪੇਸ਼ਗੀਆਂ) | 2,061 | 3,626 | 3,993 | 6,927 | 5,434 |

*ਸ੍ਰੋਤ: ਵਿੱਤ ਲੇਖੇ*

**ਚਾਰਟ 2.9: ਕੁੱਲ ਖਰਚਾ – ਗਤੀਵਿਧੀਆਂ ਅਨੁਸਾਰ ਖਰਚਾ**




*ਸ੍ਰੋਤ: ਵਿੱਤ ਲੇਖੇ*

**ਚਾਰਟ 2.9** ਦਰਸਾਉਂਦਾ ਹੈ ਕਿ ਸਾਲ 2017-22 ਦੌਰਾਨ ਕੁੱਲ ਖਰਚੇ ਵਿੱਚ ਵੱਖ-ਵੱਖ ਭਾਗਾਂ ਦੀ ਤੁਲਨਾਤਮਕ ਹਿੱਸੇਦਾਰੀ ਘਟਦੀ-ਵਧਦੀ ਰਹੀ। ਕੁੱਲ ਖਰਚੇ ਵਿੱਚ ਸਮਾਜਿਕ ਸੇਵਾਵਾਂ, ਆਰਥਿਕ ਸੇਵਾਵਾਂ ਅਤੇ ਸਥਾਨਕ ਸੇਵਾਵਾਂ ਨੂੰ ਗ੍ਰਾਂਟਾਂ ਅਤੇ ਕੁੱਲ ਖਰਚਿਆਂ ਵਿੱਚ ਕਰਜ਼ੇ ਅਤੇ ਪੇਸ਼ਗੀ ਦਾ ਹਿੱਸਾ 2017-18 ਵਿੱਚ 24.99 *ਪ੍ਰਤੀਸ਼ਤ*, 18.99 *ਪ੍ਰਤੀਸ਼ਤ* ਅਤੇ 3.14 *ਪ੍ਰਤੀਸ਼ਤ* ਤੋਂ ਵੱਧ ਕੇ 2021-22 ਵਿੱਚ ਕ੍ਰਮਵਾਰ 26.59 *ਪ੍ਰਤੀਸ਼ਤ*, 23.57 *ਪ੍ਰਤੀਸ਼ਤ* ਅਤੇ 5.12 *ਪ੍ਰਤੀਸ਼ਤ* ਅਤੇ ਹੋ ਗਿਆ, ਜਦੋਂ ਕਿ ਉਸ ਸਮੇਂ ਦੌਰਾਨ ਜਨਰਲ ਸੇਵਾਵਾਂ ਦੀ ਦਰ 52.88 *ਪ੍ਰਤੀਸ਼ਤ* ਤੋਂ ਘੱਟ ਕੇ 44.72 *ਪ੍ਰਤੀਸ਼ਤ* ਹੋ ਗਈ ਸੀ। । **ਚਾਰਟ 2.10** ਫੰਕਸ਼ਨ ਅਨੁਸਾਰ ਖਰਚੇ ਦੀ ਰਚਨਾ ਨੂੰ ਦਰਸਾਉਂਦਾ ਹੈ।

**ਚਾਰਟ 2.10: 2021-22 ਦੌਰਾਨ ਫੰਕਸ਼ਨ ਅਨੁਸਾਰ ਖਰਚੇ ਦੀ ਰਚਨਾ**




*ਸ੍ਰੋਤ: ਵਿੱਤ ਲੇਖੇ*

## 2.4.1 ਰੈਵੀਨਿਊ ਖਰਚਾ

ਰੈਵੀਨਿਊ ਖਰਚਾ ਸੇਵਾਵਾਂ ਦੇ ਮੌਜੂਦਾ ਪੱਧਰ ਨੂੰ ਬਰਕਰਾਰ ਰੱਖਣ ਲਈ ਅਤੇ ਪਹਿਲੀਆਂ ਦੇਣਦਾਰੀਆਂ ਦੇ ਭੁਗਤਾਨ ਕਰਨ ਲਈ ਕੀਤਾ ਜਾਂਦਾ ਹੈ। ਇਸ ਤਰ੍ਹਾਂ, ਇਸ ਦੇ ਨਤੀਜੇ ਵਜੋਂ ਰਾਜ ਦੇ ਬੁਨਿਆਦੀ ਢਾਂਚੇ ਅਤੇ ਸੇਵਾਵਾਂ ਦੇ ਨੈਟਵਰਕ ਵਿੱਚ ਕੋਈ ਵਾਧਾ ਨਹੀਂ ਹੁੰਦਾ। ਰੈਵੀਨਿਊ ਖਰਚੇ ਵਿੱਚ ਵਾਧਾ, ਇਸ ਦੀ ਕੁੱਲ ਖਰਚੇ, ਜੀ ਐਸ ਡੀ ਪੀ ਅਤੇ ਰੈਵੀਨਿਊ ਪ੍ਰਾਪਤੀਆਂ ਨੂੰ ਰੇਸ਼ੋ ਨੂੰ **ਸਾਰਣੀ** 2.19 ਵਿੱਚ ਅਤੇ ਰੈਵੀਨਿਊ ਖਰਚੇ ਦੀ ਸੈਕਟਰ ਵਾਰ ਵੰਡ ਨੂੰ **ਚਾਰਟ** 2.11 ਵਿੱਚ ਦਰਸਾਇਆ ਗਿਆ ਹੈ।

**ਸਾਰਣੀ 2.19: ਰੈਵੀਨਿਊ ਖਰਚਾ-ਮੁਢਲੇ ਮਾਪਦੰਡ**

*(₹ ਕਰੋੜ ਵਿੱਚ)*

| ਮਾਪਦੰਡ | 2017-18 | 2018-19 | 2019-20 | 2020-21 | 2021-22 |
|---|---|---|---|---|---|
| ਕੁੱਲ ਖਰਚਾ (ਟੀ ਈ) | 65,577 | 79,177 | 94,471 | 91,682 | 1,06,222 |
| ਰੈਵੀਨਿਊ ਖਰਚਾ (ਆਰ ਈ) | 62,465 | 75,404 | 75,860 | 86,344 | 96,636 |
| ਆਰ ਈ ਦੇ ਵਾਧੇ ਦੀ ਦਰ (*ਪ੍ਰਤੀਸ਼ਤ*) | 12.96 | 20.71 | 0.60 | 13.82 | 11.92 |
| ਟੀ ਈ ਦੀ ਪ੍ਰਤੀਸ਼ਤਤਾ ਵਜੋਂ ਰੈਵੀਨਿਊ ਖਰਚਾ | 95.25 | 95.23 | 80.30 | 94.18 | 90.98 |
| ਆਰ ਈ/ਜੀ ਐਸ ਡੀ ਪੀ (*ਪ੍ਰਤੀਸ਼ਤ*) | 13.26 | 14.71 | 14.13 | 16.21 | 16.55 |
| ਰੈਵੀਨਿਊ ਪ੍ਰਾਪਤੀਆਂ | 53,010 | 62,269 | 61,575 | 69,048 | 78,168 |
| ਆਰ ਆਰ ਦੇ ਵਾਧੇ ਦੀ ਦਰ (*ਪ੍ਰਤੀਸ਼ਤ*) | 10.47 | 17.47 | (-)1.11 | 12.14 | 13.21 |
| ਆਰ ਆਰ ਦੀ ਪ੍ਰਤੀਸ਼ਤਤਾ ਵਜੋਂ ਆਰ ਈ | 117.84 | 121.09 | 123.20 | 125.05 | 123.63 |
| ਜੀ ਐਸ ਡੀ ਪੀ ਦੇ ਵਾਧੇ ਦੀ ਦਰ (*ਪ੍ਰਤੀਸ਼ਤ*) | 10.31 | 8.81 | 4.78 | (-)0.83 | 9.67 |
| **ਰੈਵੀਨਿਊ ਖਰਚੇ ਦੀ ਬਾਇਅਨਸੀ ਨਾਲ** | | | | | |
| ਜੀ ਐਸ ਡੀ ਪੀ (ਰੇਸ਼ੋ) | 1.26 | 2.35 | 0.13 | --* | 1.23 |
| ਰੈਵੀਨਿਊ ਪ੍ਰਾਪਤੀਆਂ (ਰੇਸ਼ੋ) | 1.24 | 1.19 | (-)0.54 | 1.14 | 0.90 |

*ਸ੍ਰੋਤ: ਵਿੱਤ ਲੇਖੇ*

* *ਬਾਇਅਨਸੀ ਰੇਸ਼ੋ ਦੀ ਗਣਨਾ ਨਹੀਂ ਕੀਤੀ ਗਈ ਕਿਉਂਕਿ ਜੀ ਐਸ ਡੀ ਪੀ ਵਾਧਾ ਨਕਾਰਾਤਮਕ ਸੀ।*

ਰੈਵੀਨਿਊ ਖਰਚਾ 2017-18 ਵਿੱਚ ₹ 34,171 ਕਰੋੜ ਤੋਂ ₹ 62,465 ਕਰੋੜ (54.70 *ਪ੍ਰਤੀਸ਼ਤ*) ਨਾਲ ਵਧ ਕੇ 2021-22 ਵਿੱਚ ₹ 96,636 ਕਰੋੜ ਹੋ ਗਿਆ। ਇਹ 12 *ਪ੍ਰਤੀਸ਼ਤ* ਦੀ ਸਾਲਾਨਾ ਔਸਤ ਵਾਧਾ ਦਰ ਨਾਲ ਵਧਿਆ, ਜਦੋਂ ਕਿ ਜੀ ਐਸ ਡੀ ਪੀ ਦੀ ਪ੍ਰਤੀਸ਼ਤਤਾ ਵਜੋਂ, ਉਸੇ ਸਮੇਂ ਦੌਰਾਨ ਇਹ 13.26 *ਪ੍ਰਤੀਸ਼ਤ* ਤੋਂ 16.55 *ਪ੍ਰਤੀਸ਼ਤ* ਤੱਕ ਵਧਿਆ। ਰੈਵੀਨਿਊ ਪ੍ਰਾਪਤੀਆਂ ਦੇ ਸੰਦਰਭ ਵਿੱਚ ਰੈਵੀਨਿਊ ਖਰਚਿਆਂ ਦੀ ਬਾਇਅਨਸੀ ਵਿੱਚ ਵੀ 2021-22 ਵਿੱਚ ਸੁਧਾਰ ਹੋਇਆ।

**ਚਾਰਟ 2.11: ਸਾਲ 2021-22 ਦੌਰਾਨ ਰੈਵੀਨਿਊ ਖਰਚੇ ਦੀ ਸੈਕਟਰ-ਵਾਰ ਵੰਡ**




*ਸ੍ਰੋਤ: ਵਿੱਤ ਲੇਖੇ*

## *2.4.1.1 ਰੈਵੀਨਿਊ ਖਰਚੇ ਵਿੱਚ ਮੁੱਖ ਬਦਲਾਅ*

ਰੈਵੀਨਿਊ ਖਰਚਾ 2020-21 ਵਿੱਚ ₹ 86,344 ਕਰੋੜ ਤੋਂ ₹ 10,292 ਕਰੋੜ (₹ 11.92 *ਪ੍ਰਤੀਸ਼ਤ*) ਨਾਲ ਚੋਖਾ ਵਧ ਕੇ 2021-22 ਵਿੱਚ ₹ 96,636 ਕਰੋੜ ਹੋ ਗਿਆ। ਪਿਛਲੇ ਸਾਲ ਦੀ ਤੁਲਨਾ ਵਿੱਚ ਰਾਜ ਦੇ ਰੈਵੀਨਿਊ ਖਰਚੇ ਦੇ ਸਬੰਧ ਵਿੱਚ ਚਾਲੂ ਸਾਲ ਦੌਰਾਨ ਲੇਖੇ ਦੀਆਂ ਵੱਖ ਵੱਖ ਮੁੱਖ ਮੱਦਾਂ ਅਧੀਨ ਹੋਏ ਮੱਹਤਵਪੂਰਣ ਬਦਲਾਅ **ਸਾਰਣੀ** 2.20 ਵਿੱਚ ਦਰਸਾਏ ਗਏ ਹਨ।

**ਸਾਰਣੀ 2.20:** 2020-21 ਦੀ ਤੁਲਨਾ ਵਿੱਚ 2021-22 ਦੌਰਾਨ ਰੈਵੀਨਿਊ ਖਰਚੇ ਵਿੱਚ ਬਦਲਾਅ

*(₹ ਕਰੋੜ ਵਿੱਚ)*

| ਲੇਖੇ ਦੀਆਂ ਮੁੱਖ ਮੱਦਾਂ | 2020-21 | 2021-22 | ਵਾਧਾ (+)/ਗਿਰਾਵਟ (-) |
|---|---|---|---|
| 2235-ਸਮਾਜਿਕ ਸੁਰੱਖਿਆ ਅਤੇ ਭਲਾਈ | 3,212.66 | 5,487.65 | 2,274.99 |
| 2801-ਪਾਵਰ | 2,189.41 | 4,382.98 | 2,193.57 |
| 2401-ਫਸਲ ਪਾਲਣ | 6,895.84 | 8,568.18 | 1,672.34 |
| 2071-ਪੈਨਸ਼ਨਾਂ ਅਤੇ ਹੋਰ ਰਿਟਾਇਰਮੈਂਟ ਲਾਭ | 13,680.00 | 14,729.94 | 1,049.94 |
| 2049-ਵਿਆਜ ਦਾ ਭੁਗਤਾਨ | 18,152.50 | 19,063.50 | 911.00 |
| 2048- ਕਰਜ਼ੇ ਵਿੱਚ ਕਟੌਤੀ ਜਾਂ ਬਚਣ ਲਈ ਨਮਿੱਤਣ | 925.01 | 1,820.02 | 895.01 |
| 2055-ਪੁਲਿਸ | 6,138.20 | 7,021.71 | 883.51 |
| 2245-ਕੁਦਰਤੀ ਆਫਤਾਂ ਦੇ ਕਾਰਨ ਰਾਹਤ | 620.05 | 1,427.76 | 807.71 |
| 2202-ਆਮ ਸਿੱਖਿਆ | 11,599.18 | 12,339.27 | 740.09 |
| 3604-ਸਥਾਨਕ ਸੰਸਥਾਵਾਂ ਅਤੇ ਪੰਚਾਇਤੀ ਰਾਜ ਸੰਸਥਾਵਾਂ ਨੂੰ ਮੁਆਵਜਾ ਅਤੇ ਸਪੁਰਦਗੀਆਂ | 5,971.31 | 3,858.69 | (-)2,112.62 |

*ਸ੍ਰੋਤ: ਵਿੱਤ ਲੇਖੇ*

**ਸਾਰਣੀ** 2.20 ਦਰਸਾਉਂਦੀ ਹੈ:

- 'ਸਮਾਜਿਕ ਸੁਰੱਖਿਆ ਅਤੇ ਭਲਾਈ' ਅਧੀਨ ₹ 2,275 ਕਰੋੜ (70.81 *ਪ੍ਰਤੀਸ਼ਤ*) ਦਾ ਵਾਧਾ, ਜੋ ਮੁੱਖ ਤੌਰ ਤੇ 'ਸਮਾਜਿਕ ਸੁਰੱਖਿਆ ਸਕੀਮਾਂ ਅਧੀਨ ਪੈਨਸ਼ਨਾਂ' ਵਿੱਚ ₹ 1,091 ਕਰੋੜ ਦਾ ਵਾਧਾ ਅਤੇ 'ਅਨੁਸੂਚਿਤ ਜਾਤੀਆਂ ਲਈ ਵਿਸ਼ੇਸ਼ ਕੰਪੋਨੈਂਟ ਯੋਜਨਾ' ਵਿੱਚ ₹ 919 ਕਰੋੜ ਦੇ ਵਾਧਾ ਕਾਰਨ ਸੀ ਜੋ ਕਿ ਬਜ਼ੁਰਗ/ਵਿਧਵਾਵਾਂ ਅਤੇ ਬੇਸਹਾਰਾ/ਅਪੰਗ ਵਿਅਕਤੀਆਂ ਨੂੰ ਪੈਨਸ਼ਨ ਦੀ ਦਰਾਂ ਵਿੱਚ ਸੋਧ ਕਰਕੇ ਸੀ;

- ਬਿਜਲੀ ਵਿੱਚ ₹ 2,194 ਕਰੋੜ ਦਾ ਵਾਧਾ ਜੋ ਮੁੱਖ ਤੌਰ ਤੇ ਪੰਜਾਬ ਰਾਜ ਬਿਜਲੀ ਬੋਰਡ ਦੀ ਦਿਹਾਤੀ ਬਿਜਲੀਕਰਨ ਦੇ ਕਾਰਨ 'ਬਿਜਲੀ ਬੋਰਡਾਂ ਦੀ ਸਹਾਇਤਾ' ਵਿੱਚ ₹ 2,155 ਕਰੋੜ ਦੇ ਵਾਧੇ ਕਰਕੇ ਹੋਇਆ ਸੀ;

- 'ਫਸਲ ਪਾਲਣ' ਵਿੱਚ ₹ 1,672 ਕਰੋੜ ਦਾ ਵਾਧਾ ਜੋ ਮੁੱਖ ਤੌਰ ਤੇ ਕਿਸਾਨਾਂ ਨੂੰ ਕਰਜ਼ਾ ਰਾਹਤ ਵਿੱਚ ₹ 409 ਕਰੋੜ ਅਤੇ ਪੰਜਾਬ ਪੇਂਡੂ ਵਿਕਾਸ ਬੋਰਡ ਨੂੰ ₹ 279 ਕਰੋੜ ਦੀ ਗ੍ਰਾਂਟ ਦੇ ਵਾਧੇ ਕਾਰਨ 'ਹੋਰ ਖਰਚਿਆਂ' ਵਿੱਚ ₹ 688 ਕਰੋੜ ਦੇ ਵਾਧੇ ਕਾਰਨ ਹੋਇਆ, ₹ 552 ਕਰੋੜ ਲਈ ਖੇਤੀਬਾੜੀ ਫਾਰਮਾਂ ਵਿੱਚ ਅਤੇ 'ਅਨੁਸੂਚਿਤ ਜਾਤੀਆਂ ਲਈ ਵਿਸ਼ੇਸ਼ ਕੰਪਨੈਂਟ ਪਲਾਨ' ਵਿੱਚ ₹ 288 ਕਰੋੜ, ਜੋ ਕਿ ਕਿਸਾਨਾਂ ਨੂੰ ਕਰਜ਼ਾ ਰਾਹਤ ਅਤੇ ਬਿਜਲੀ ਸਬਸਿਡੀ ਵਿੱਚ ਵਾਧਾ ਕਰਨ ਲਈ ਜ਼ਿੰਮੇਵਾਰ ਸੀ;

- 'ਪੈਨਸ਼ਨ ਅਤੇ ਹੋਰ ਰਿਟਾਇਰਮੈਂਟ ਲਾਭ' ਦੇ ਅਧੀਨ ₹ 1,050 ਕਰੋੜ ਦਾ ਵਾਧਾ ਜੋ ਮੁੱਖ ਤੌਰ ਤੇ 'ਸੁਪਰੈਨੁਏਸ਼ਨ ਅਤੇ ਰਿਟਾਇਰਮੈਂਟ ਅਲਾਊਂਸ' ਵਿੱਚ ₹ 765 ਕਰੋੜ, 'ਲੀਵ ਇਕੈਸ਼ਮੈਂਟ ਬੈਨਿਫਿਟਜ਼' ਵਿੱਚ ₹ 365 ਕਰੋੜ ਦਾ ਘਾਟੇ ਦੁਆਰਾ 'ਗਰੈਚੁਟੀਜ਼' ਵਿੱਚ ₹ 437 ਕਰੋੜ ਅਤੇ 'ਕਮਿਊਟਡ ਵੈਲਿਊ ਆਫ ਪੈਨਸ਼ਨਾਂ' ਦੇ ₹ 127 ਕਰੋੜ ਅੰਸ਼ਕ ਤੌਰ ਤੇ ਆਫਸੈੱਟ ਹੋਇਆ। ਇਸ ਦਾ ਕਾਰਨ ਰਾਜ ਸਰਕਾਰ ਵਲੋਂ ਨੌਜਵਾਨਾਂ ਲਈ ਰੁਜ਼ਗਾਰ ਪੈਦਾ ਕਰਨ ਲਈ ਕਰਮਚਾਰੀਆਂ ਲਈ ਵਿਕਲਪਿਕ ਵਾਧੇ ਨੂੰ ਖਤਮ ਕਰਨ ਦੇ ਫੈਸਲੇ ਕਾਰਨ ਸੇਵਾ ਮੁਕਤੀ ਵਿੱਚ ਵਾਧਾ ਹੋਣਾ ਸੀ;

- 'ਵਿਆਜ ਅਦਾਇਗੀਆਂ' ਵਿੱਚ ₹ 911 ਕਰੋੜ ਦਾ ਵਾਧਾ ਜੋ ਮੁੱਖ ਤੌਰ ਤੇ ਰਾਜ ਸਰਕਾਰ ਦੁਆਰਾ ਕੇਂਦਰ ਸਰਕਾਰ ਦੇ ਰਾਸ਼ਟਰੀ ਸਮਾਲ ਸੇਵਿੰਗ ਫੰਡ ਨੂੰ ਜਾਰੀ ਕੀਤੇ ਗਏ 'ਵਿਸ਼ੇਸ਼ ਪ੍ਰਤੀਭੂਤੀਆਂ ਤੇ ਵਿਆਜ' ਵਿੱਚ ₹ 183 ਕਰੋੜ ਦੀ ਕਮੀ ਨਾਲ ਅੰਸ਼ਕ ਤੌਰ ਤੇ 'ਮਾਰਕੀਟ ਲੋਨ ਤੇ ਵਿਆਜ' ਵਿੱਚ ₹ 1,245 ਕਰੋੜ ਦੇ ਵਾਧੇ ਕਾਰਨ ਸੀ ਅਤੇ ਹੋਰ ਅੰਦਰੂਨੀ ਕਰਜੇ ਤੇ ਵਿਆਜ ਵਿੱਚ ₹ 120 ਕਰੋੜ;

- ਕੰਸੋਲੀਡੇਟਿਡ ਸਿੰਕਿੰਗ ਫੰਡ ਵਿੱਚ ਯੋਗਦਾਨ ਵਿੱਚ ₹ 895 ਕਰੋੜ ਦੇ ਵਾਧੇ ਕਾਰਨ 'ਐਪਰੋਪਰੀਏਸ਼ਨ ਆਫ ਰਿਡਕਸ਼ਨ ਜਾਂ ਅਬਓਡੈਂਸ ਆਫ ਡੈਬਟ' ਵਿੱਚ ₹ 895 ਕਰੋੜ ਦਾ ਵਾਧਾ;

- 'ਪੁਲਿਸ' ਵਿੱਚ ₹ 884 ਕਰੋੜ ਦਾ ਵਾਧਾ ਜੋ ਮੁੱਖ ਤੌਰ ਤੇ ਜ਼ਿਲ੍ਹਾ ਪੁਲਿਸ ਵਿੱਚ ₹ 653 ਕਰੋੜ, 'ਸਪੈਸ਼ਲ ਪੁਲਿਸ' ਵਿੱਚ ₹ 169 ਕਰੋੜ ਅਤੇ 'ਕ੍ਰਿਮਿਨਲ ਇਨਵੈਸਟੀਗੇਸ਼ਨ ਵਿਜੀਲੈਂਸ' ਵਿੱਚ ₹ 50 ਕਰੋੜ ਦੇ ਵਾਧੇ ਕਾਰਨ ਹੋਇਆ ਸੀ;

- 'ਕੁਦਰਤੀ ਆਫਤਾਂ ਤੇ ਕਾਰਨ ਰਾਹਤ' ਵਿੱਚ ₹ 808 ਕਰੋੜ ਦਾ ਵਾਧਾ ਜੋ ਮੁੱਖ ਤੌਰ ਤੇ 'ਰਿਜ਼ਰਵ ਫੰਡਾਂ ਅਤੇ ਜਮ੍ਹਾਂ ਖਾਤਿਆਂ ਵਿੱਚ ਟਰਾਂਸਫਰ ਸਟੇਟ ਡਿਜ਼ਾਸਟਰ ਰਿਸਪਾਂਸ ਫੰਡ' ਵਿੱਚ ₹ 464 ਕਰੋੜ, 'ਨੁਕਸਿਤ ਸਿੰਚਾਈ ਅਤੇ ਹੜ੍ਹ ਰੋਕਥਾਮ ਕਾਰਜਾਂ ਦੀ ਮੁਰੰਮਤ ਅਤੇ ਬਹਾਲੀ' ਵਿੱਚ ₹ 276 ਕਰੋੜ ਦੀ ਕਮੀ ਦੁਆਰਾ 'ਹੋਰ ਖਰਚਿਆਂ' ਵਿੱਚ ₹ 389 ਕਰੋੜ 'ਗਰੈਚੂਟੀ ਰਾਹਤ' ਵਿੱਚ ₹ 161 ਕਰੋੜ ਦਾ ਅੰਸ਼ਕ ਤੌਰ ਤੇ ਆਫਸੈਟ ਹੋਇਆ;

- 'ਆਮ ਸਿੱਖਿਆ' ਵਿੱਚ ₹ 740 ਕਰੋੜ ਦਾ ਵਾਧਾ ਜੋ ਮੁੱਖ ਤੌਰ ਤੇ 'ਸੈਕੰਡਰੀ ਸਿੱਖਿਆ' ਵਿੱਚ ₹ 709 ਕਰੋੜ ਅਤੇ 'ਐਲੀਮੈਂਟਰੀ ਸਿੱਖਿਆ' ਵਿੱਚ ₹ 151 ਕਰੋੜ ਦਾ ਵਾਧਾ 'ਯੂਨੀਵਰਸਿਟੀ ਅਤੇ ਹਾਇਰ ਐਜੂਕੇਸ਼ਨ' ਵਿੱਚ ₹ 119 ਕਰੋੜ ਦੀ ਕਮੀ ਦੁਆਰਾ ਅੰਸ਼ਕ ਤੌਰ ਤੇ ਹੋਇਆ ਸੀ; ਅਤੇ

- 'ਸਥਾਨਕ ਸੰਸਥਾਵਾਂ ਅਤੇ ਪੰਚਾਇਤੀ ਰਾਜ ਸੰਸਥਾਵਾਂ ਨੂੰ ਮੁਆਵਜਾ ਅਤੇ ਅਸਾਇਨਮੰਟ' ਦੇ ਅਧੀਨ ₹ 2,113 ਕਰੋੜ ਦੀ ਕਮੀ ਜੋ ਕਿ 'ਹੋਰ ਫੁਟਕਲ ਮੁਆਵਜ਼ੇ ਅਤੇ ਅਸਾਇਨਮੰਟ' ਵਿੱਚ ₹ 2,113 ਕਰੋੜ ਦੀ ਕਮੀ ਦੇ ਕਾਰਨ ਸੀ। 2020-21 ਵਿੱਚ ਸ਼ਹਿਰੀ ਸਥਾਨਕ ਸੰਸਥਾਵਾਂ ਅਤੇ ਪੰਚਾਇਤੀ ਰਾਜ ਸੰਸਥਾਵਾਂ ਵਿੱਚ ਵਾਧਾ 14ਵੇਂ ਐਫ ਸੀ ਸਿਫਾਰਸ਼ਾਂ ਅਨੁਸਾਰ ਬੈਕਲਾਗ ਨੂੰ ਕਲੀਅਰ ਕਰਨ ਦੇ ਕਾਰਨ ਸੀ।

### *2.4.1.2 ਵਚਨਬੱਧ ਖਰਚਾ*

ਰੈਵੀਨਿਊ ਲੇਖੇ ਵਿੱਚ ਰਾਜ ਸਰਕਾਰ ਦੇ ਵਚਨਬੱਧ ਖਰਚੇ ਵਿੱਚ ਵਿਆਜ ਅਦਾਇਗੀਆਂ; ਤਨਖਾਹਾਂ ਤੇ ਉਜਰਤਾਂ 'ਤੇ ਖਰਚਾ; ਅਤੇ ਪੈਨਸ਼ਨਾਂ ਸ਼ਾਮਲ ਹਨ। ਇਸ ਨੂੰ ਸਰਕਾਰੀ ਸਾਧਨਾਂ ਵਿੱਚੋਂ ਸਭ ਤੋਂ ਪਹਿਲਾਂ ਚਾਰਜ ਕੀਤਾ ਜਾਂਦਾ ਹੈ। ਵਚਨਬੱਧ ਖਰਚੇ ਦੇ ਵਧਣ ਦੇ ਰੁਝਾਨ ਨਾਲ ਸਰਕਾਰ ਕੋਲ ਵਿਕਾਸ ਖੇਤਰ ਲਈ ਘੱਟ ਲਚਕਤਾ ਰਹਿ ਜਾਂਦੀ ਹੈ। ਵਚਨਬੱਧ ਖਰਚੇ ਅਤੇ ਇਸਦੇ ਭਾਗਾਂ ਦੇ ਰੁਝਾਨ ਦਾ ਵਿਸ਼ਲੇਸ਼ਣ **ਸਾਰਣੀ** 2.21 ਵਿੱਚ ਦਰਸਾਇਆ ਹੈ ਅਤੇ ਰੈਵੀਨਿਊ ਖਰਚੇ ਵਿੱਚ ਵਚਨਬੱਧ ਖਰਚੇ ਦਾ ਹਿੱਸਾ **ਚਾਰਟ** 2.12 ਵਿੱਚ ਦਰਸਾਇਆ ਗਿਆ ਹੈ।

### ਸਾਰਣੀ 2.21: ਵਚਨਬੱਧ ਖਰਚੇ ਦੇ ਭਾਗ

*(₹ ਕਰੋੜ ਵਿੱਚ)*

| ਵਚਨਬੱਧ ਖਰਚੇ ਦੇ ਭਾਗ | 2017-18 | 2018-19 | 2019-20 | 2020-21 | 2021-22 |
|---|---|---|---|---|---|
| ਤਨਖਾਹਾਂ ਅਤੇ ਉਜਰਤਾਂ[5] | 23,255 | 24,376 | 24,729 | 25,607 | 28,124 |
| ਪੈਨਸ਼ਨਾਂ 'ਤੇ ਖਰਚਾ | 10,208 | 10,089 | 10,294 | 13,680 | 14,730 |
| ਵਿਆਜ ਅਦਾਇਗੀਆਂ | 15,334 | 16,306 | 17,567 | 18,153 | 19,064 |
| **ਜੋੜ** | **48,797** | **50,771** | **52,590** | **57,440** | **61,918** |
| ਰੈਵੀਨਿਊ ਪ੍ਰਾਪਤੀਆਂ (ਆਰ ਆਰ) ਦੀ *ਪ੍ਰਤੀਸ਼ਤਤਾ* ਵਜੋਂ | | | | | |
| ਤਨਖਾਹਾਂ ਅਤੇ ਉਜਰਤਾਂ | 43.87 | 39.15 | 40.16 | 37.09 | 35.98 |
| ਪੈਨਸ਼ਨਾਂ 'ਤੇ ਖਰਚਾ | 19.26 | 16.20 | 16.72 | 19.81 | 18.84 |
| ਵਿਆਜ ਅਦਾਇਗੀਆਂ | 28.93 | 26.19 | 28.53 | 26.29 | 24.39 |
| **ਜੋੜ** | **92.06** | **81.54** | **85.41** | **83.19** | **79.21** |
| ਰੈਵੀਨਿਊ ਖਰਚੇ (ਆਰ ਈ) ਦੀ *ਪ੍ਰਤੀਸ਼ਤਤਾ* ਵਜੋਂ | | | | | |
| ਤਨਖਾਹਾਂ ਅਤੇ ਉਜਰਤਾਂ | 37.23 | 32.33 | 32.60 | 29.66 | 29.10 |
| ਪੈਨਸ਼ਨਾਂ 'ਤੇ ਖਰਚਾ | 16.34 | 13.38 | 13.57 | 15.84 | 15.24 |
| ਵਿਆਜ ਅਦਾਇਗੀਆਂ | 24.55 | 21.62 | 23.16 | 21.02 | 19.73 |
| **ਜੋੜ** | **78.12** | **67.33** | **69.33** | **66.52** | **64.07** |
| ਗੈਰ-ਵਚਨਬੱਧ ਆਰ ਈ | 13,668 | 24,633 | 23,270 | 28,904 | 34,718 |
| ਆਰ ਈ ਦੀ *ਪ੍ਰਤੀਸ਼ਤਤਾ* | 21.88 | 32.67 | 30.67 | 33.48 | 35.93 |
| ਟੀ ਈ ਦੀ *ਪ੍ਰਤੀਸ਼ਤਤਾ* | 20.84 | 31.11 | 24.63 | 31.53 | 32.69 |
| ਸਬਸਿਡੀਆਂ | 6,982 | 13,361 | 10,161 | 9,748 | 14,516 |
| ਗੈਰ-ਵਚਨਬੱਧ ਖਰਚੇ ਦੀ ਪ੍ਰਤੀਸ਼ਤਤਾ ਵਜੋਂ ਸਬਸਿਡੀਆਂ | 51.08 | 54.24 | 43.67 | 33.72 | 41.81 |

*ਸ੍ਰੋਤ: ਵਿੱਤ ਲੇਖੇ*

**ਸਾਰਣੀ** 2.21 ਦਰਸਾਉਂਦੀ ਹੈ ਕਿ ਗੈਰ ਵਚਨਬੱਧ ਖਰਚੇ ਦੀ ਰੈਵੀਨਿਊ ਖਰਚੇ ਨੂੰ ਪ੍ਰਤੀਸ਼ਤਤਾ 2017-18 ਵਿੱਚ 21.88 *ਪ੍ਰਤੀਸ਼ਤ* ਤੋਂ ਵੱਧ ਕੇ 2021-22 ਵਿੱਚ 35.93 *ਪ੍ਰਤੀਸ਼ਤ* ਹੋ ਗਈ, ਜਿਸ ਵਿੱਚ ਸਬਸਿਡੀਆਂ ਦਾ 34 *ਪ੍ਰਤੀਸ਼ਤ* ਤੋਂ 54 *ਪ੍ਰਤੀਸ਼ਤ* ਵਿਚਕਾਰ ਮੁੱਖ ਹਿੱਸਾ ਸੀ।

### ਚਾਰਟ 2.12: ਰੈਵੀਨਿਊ ਖਰਚੇ ਵਿੱਚ ਵਚਨਬੱਧ ਖਰਚੇ ਦਾ ਹਿੱਸਾ




*ਸ੍ਰੋਤ: ਵਿੱਤ ਲੇਖੇ*

5 ਇਸ ਵਿੱਚ ਸਹਾਇਤਾ ਗ੍ਰਾਂਟਾਂ (ਤਨਖਾਹ) 2017-18 (₹ 3,225 ਕਰੋੜ); 2018-19 (₹ 3,491 ਕਰੋੜ); 2019-20 (₹ 3,248 ਕਰੋੜ); 2020-21 (₹ 3,795 ਕਰੋੜ); ਅਤੇ 2021-22 (₹ 3,899 ਕਰੋੜ) ਸ਼ਾਮਲ ਹਨ।

### ਤਨਖਾਹਾਂ ਅਤੇ ਉਜਰਤਾਂ

ਤਨਖਾਹਾਂ ਅਤੇ ਉਜਰਤਾਂ (₹ 28,124 ਕਰੋੜ) ਤੇ ਖਰਚ ਪਿਛਲੇ ਸਾਲ (₹ 25,607 ਕਰੋੜ) ਦੇ ਮੁਕਾਬਲੇ ਸਾਲ 2021-22 ਦੌਰਾਨ 9.83 *ਪ੍ਰਤੀਸ਼ਤ* ਵਧਿਆ ਅਤੇ ਰੈਵੀਨਿਊ ਖਰਚਿਆਂ ਦਾ 29.10 *ਪ੍ਰਤੀਸ਼ਤ* ਬਣਦਾ ਹੈ।

### ਵਿਆਜ ਅਦਾਇਗੀ

2021-22 ਦੌਰਾਨ, ਵਿਆਜ ਦੀ ਅਦਾਇਗੀ ₹ 19,064 ਕਰੋੜ (ਰੈਵੀਨਿਊ ਖਰਚੇ ਦਾ 19.73 *ਪ੍ਰਤੀਸ਼ਤ*) ਸੀ। ਬਾਜ਼ਾਰ ਉਧਾਰ ਤੇ ਵਿਆਜ (₹ 11,937 ਕਰੋੜ) ਸਟੇਟ ਬੈਂਕ ਆਫ ਇੰਡੀਆ ਅਤੇ ਹੋਰ ਬੈਂਕਾ (₹ 2,098 ਕਰੋੜ) ਤੋਂ ਕਰਜ਼ੇ ਅਤੇ ਕੇਂਦਰ ਸਰਕਾਰ ਦੇ ਨੈਸ਼ਨਲ ਸਮਾਲ ਸੇਵਿੰਗਜ ਫੰਡ (ਐਨ ਐਸ ਐਸ ਐਫ) ਨੂੰ ਜਾਰੀ ਕੀਤੀਆਂ ਵਿਸ਼ੇਸ਼ ਪ੍ਰਤੀਭੂਤੀਆਂ (₹ 1,432 ਕਰੋੜ) ਵਿਆਜ ਅਦਾਇਗੀਆਂ ਦੇ ਪ੍ਰਮੁੱਖ ਹਿੱਸੇ ਬਣੇ ਰਹੇ।

### ਪੈਨਸ਼ਨਾਂ

ਸਾਲ ਦੌਰਾਨ ਰਾਜ ਸਰਕਾਰ ਦੇ ਪੈਨਸ਼ਨਰਾਂ ਨੂੰ ਪੈਨਸ਼ਨ ਅਤੇ ਹੋਰ ਰਿਟਾਇਰਮੈਂਟ ਲਾਭਾਂ ਤੇ ਖਰਚ ₹ 14,730 ਕਰੋੜ ਸੀ ਅਤੇ ਇਹ ਰੈਵੀਨਿਊ ਖਰਚੇ ਦਾ 15.24 *ਪ੍ਰਤੀਸ਼ਤ* ਬਣਦਾ ਹੈ। ਸਾਲ ਦੇ ਦੌਰਾਨ, 2020-21 ਦੇ ਮੁਕਾਬਲੇ, ਸੇਵਾਮੁਕਤੀ ਅਤੇ ਸੇਵਾ ਨਿਵ੍ਰਿਤੀ ਭੱਤੇ (₹ 8,787 ਕਰੋੜ) ₹ 765 ਕਰੋੜ ਵਧੇ, ਪਰਿਵਾਰਕ ਪੈਨਸ਼ਨਾਂ (₹ 1,905 ਕਰੋੜ) ₹ 143 ਕਰੋੜ ਵਧੀਆਂ ਅਤੇ ਪੈਨਸ਼ਨਾਂ ਦੀ ਕਮਿਊਟਡ ਵੈਲਿਊ (₹ 414 ਕਰੋੜ) ਵਿੱਚ ₹ 127 ਕਰੋੜ ਦਾ ਵਾਧਾ ਹੋਇਆ।

### *(i) ਰਾਸ਼ਟਰੀ ਪੈਨਸ਼ਨ ਸਿਸਟਮ ਵਿੱਚ ਭੁਗਤਾਨ ਨਹੀਂ ਕੀਤੀਆਂ ਗਈਆਂ ਦੇਣਦਾਰੀਆਂ*

ਰਾਜ ਸਰਕਾਰ ਨੇ ਡਿਫਾਇੰਡ ਕੰਟਰੀਬਿਊਸ਼ਨ ਪੈਨਸ਼ਨ ਸਕੀਮ (ਡੀ ਸੀ ਪੀ ਐਸ), ਦੇ ਨਾਂ ਹੇਠ 'ਨੈਸ਼ਨਲ ਪੈਨਸ਼ਨ ਸਿਸਟਮ' (ਐਨ ਪੀ ਐਸ) ਦੀ ਸ਼ੁਰੂਆਤ ਕੀਤੀ (ਦਸੰਬਰ 2006) ਜੋ ਕਿ ਪੰਜਾਬ ਸਰਕਾਰ ਦੀ ਸੇਵਾ[6] ਵਿੱਚ 1 ਜਨਵਰੀ 2004 ਜਾਂ ਬਾਅਦ ਵਿੱਚ ਪ੍ਰਵੇਸ਼ ਕਰਨ ਵਾਲੇ ਸਾਰੇ ਕਰਮਚਾਰੀਆਂ ਤੇ ਲਾਗੂ ਸੀ। ਇਸ ਸਿਸਟਮ ਅਧੀਨ, ਕਰਮਚਾਰੀ ਮੁਢਲੀ ਤਨਖਾਹ ਅਤੇ ਮਹਿੰਗਾਈ ਭੱਤੇ ਦਾ 10 *ਪ੍ਰਤੀਸ਼ਤ* ਦਾ ਯੋਗਦਾਨ ਪਾਉਂਦੇ ਹਨ, ਅਤੇ ਇਸ ਦੇ ਬਰਾਬਰ ਦਾ ਯੋਗਦਾਨ ਰਾਜ ਸਰਕਾਰ ਪਾਉਂਦੀ ਹੈ (1 ਅਪ੍ਰੈਲ 2019 ਤੋਂ ਰਾਜ ਸਰਕਾਰ ਦਾ ਹਿੱਸਾ ਵਧਾ ਕੇ 14 *ਪ੍ਰਤੀਸ਼ਤ* ਕਰ ਦਿੱਤਾ ਗਿਆ ਹੈ)। ਕਰਮਚਾਰੀਆਂ ਦੇ ਯੋਗਦਾਨ ਦਾ ਲੋਕ ਲੇਖੇ ਅਧੀਨ ਮੁੱਖ ਮੱਦ '8342-ਹੋਰ ਡਿਪਾਜ਼ਿਟਸ, 117-ਡਿਫਾਇੰਡ ਕੰਟਰੀਬਿਊਸ਼ਨ ਪੈਨਸ਼ਨ ਸਕੀਮ' ਵਿੱਚ ਇੰਦਰਾਜ ਕੀਤਾ ਜਾਂਦਾ ਹੈ ਅਤੇ ਰੁਜ਼ਗਾਰਕਰਤਾ ਦਾ ਯੋਗਦਾਨ ਮੁੱਖ ਮੱਦ '2071-ਪੈਨਸ਼ਨ ਅਤੇ ਹੋਰ ਰਿਟਾਇਰਮੈਂਟ ਲਾਭ, 01-ਸਿਵਲ, 117-ਡਿਫਾਇੰਡ ਕੰਟਰੀਬਿਊਸ਼ਨ ਪੈਨਸ਼ਨ ਸਕੀਮ' ਨੂੰ ਡੈਬਿਟ ਕਰਕੇ ਮਨੋਨੀਤ ਅਥਾਰਟੀ ਭਾਵ ਕਿ ਨੈਸ਼ਨਲ ਸਕਿਓਰਟੀਜ਼ ਡਿਪੋਜ਼ਿਟਰੀ ਲਿਮਿਟਡ (ਐਨ ਐਸ ਡੀ ਐਲ) ਨੂੰ ਟਰਾਂਸਫਰ ਕਰ ਦਿੱਤਾ ਜਾਂਦਾ ਹੈ। ਰਾਜ ਸਰਕਾਰ ਨੇ ਪ੍ਰਕਿਰਿਆ ਨੂੰ ਹੋਰ ਸੋਧਿਆ (ਫਰਵਰੀ 2021)। ਸੋਧੀ ਹੋਈ ਪ੍ਰਕਿਰਿਆ ਦੇ ਅਨੁਸਾਰ, ਰਾਜ ਸਰਕਾਰ ਦਾ ਹਿੱਸਾ ਮੁੱਖ ਮੱਦ '2071-ਪੈਨਸ਼ਨ ਅਤੇ ਹੋਰ ਰਿਟਾਇਰਮੈਂਟ ਲਾਭ, 01-ਸਿਵਲ, 117-ਡਿਫਾਇੰਡ ਕੰਟਰੀਬਿਊਟਰੀ ਪੈਨਸ਼ਨ ਸਕੀਮ' ਨੂੰ ਡੈਬਿਟ ਕਰਕੇ ਮੁੱਖ ਮੱਦ '8342-ਹੋਰ ਡਿਪਾਜ਼ਿਟਸ, 117-ਡਿਫਾਇੰਡ ਕੰਟਰੀਬਿਊਟਰੀ ਪੈਨਸ਼ਨ ਸਕੀਮ' ਨੂੰ ਟਰਾਂਸਫਰ ਕੀਤਾ ਜਾਵੇਗਾ। ਇਸ

6 ਪੰਜਾਬ ਸਿਵਲ ਸੇਵਾ ਨਿਯਮਾਵਲੀ ਦੇ ਜਿਲਦ-1 ਭਾਗ-1 ਦੇ ਨਿਯਮ 1.2 ਵਿੱਚ ਲਿਖਤ ਸ਼੍ਰੇਣੀਆਂ ਲਈ।

ਤੋਂ ਬਾਅਦ ਕਰਮਚਾਰੀ ਦੇ ਹਿੱਸੇ ਦੇ ਨਾਲ ਰੁਜ਼ਗਾਰਕਰਤੇ ਦਾ ਹਿੱਸਾ ਲੋਕ ਲੇਖੇ ਤੋਂ ਐਨ ਐਸ ਡੀ ਐਲ ਨੂੰ ਟਰਾਂਸਫਰ ਕੀਤਾ ਜਾਵੇਗਾ। ਐਨ ਪੀ ਐਸ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਰੁਜ਼ਗਾਰਕਰਤਾ ਅਤੇ ਕਰਮਚਾਰੀਆਂ ਦੋਵਾਂ ਦੇ ਯੋਗਦਾਨ ਨੂੰ ਐਨ ਐਸ ਡੀ ਐਲ ਕੋਲ ਅੱਗੇ ਨਿਵੇਸ਼ ਕਰਨ ਲਈ ਜਮ੍ਹਾਂ ਕਰਵਾਉਣ ਦੀ ਜ਼ਿੰਮੇਵਾਰੀ ਰਾਜ ਸਰਕਾਰ ਦੀ ਹੈ।

ਭਾਵੇਂ ਰਾਜ ਸਰਕਾਰ ਨੇ ਡੀ ਸੀ ਪੀ ਐਸ ਨੂੰ ਜਨਵਰੀ 2004 ਤੋਂ ਲਾਗੂ ਕਰ ਦਿੱਤਾ ਸੀ, ਪ੍ਰੰਤੂ ਉਨ੍ਹਾਂ ਨੇ ਕਰਮਚਾਰੀਆਂ ਤੋਂ ਯੋਗਦਾਨ ਦੀ ਕਟੌਤੀ ਮੁੱਖ ਤੌਰ ਤੇ ਅਪ੍ਰੈਲ 2008[7] ਤੋਂ ਸ਼ੁਰੂ ਕੀਤੀ। ਕਰਮਚਾਰੀਆਂ ਦੇ ਹਿੱਸੇ ਦੇ ਜਨਵਰੀ 2004 ਤੋਂ ਮਾਰਚ 2008 ਦੇ ਸਮੇਂ ਦੇ ਬਕਾਏ ਦੀ ਵੀ ਅਪ੍ਰੈਲ 2008 ਤੋਂ ਮਾਰਚ 2011 ਦੌਰਾਨ 36 ਕਿਸ਼ਤਾਂ ਵਿੱਚ ਕਟੌਤੀ ਕੀਤੀ ਗਈ ਸੀ। ਭਾਵੇਂ ਰਾਜ ਸਰਕਾਰ ਨੇ 2008-09 ਤੋਂ ਯੋਗਦਾਨ ਪ੍ਰਾਪਤ ਕਰਨਾ ਸ਼ੁਰੂ ਕਰ ਦਿੱਤਾ ਸੀ ਪ੍ਰੰਤੂ ਉਸ ਦੁਆਰਾ ਇਹ ਅੱਗੇ ਪੈਨਸ਼ਨ ਫੰਡ ਵਿੱਚ ਟਰਾਂਸਫਰ ਕਰਨਾ 2010-11 ਤੋਂ ਬਾਅਦ ਸ਼ੁਰੂ ਕੀਤਾ ਗਿਆ ਸੀ।

ਸਕੀਮ ਦੇ ਉਪਬੰਧਾਂ ਅਨੁਸਾਰ, 2020-21 ਦੌਰਾਨ ਕਰਮਚਾਰੀਆਂ ਦੇ ਯੋਗਦਾਨ ਦੇ ₹ 961.47 ਕਰੋੜ ਦਾ ਲੋਕ ਲੇਖੇ ਵਿੱਚ ਮੁੱਖ ਮੱਦ '8342-ਹੋਰ ਡਿਪਾਜ਼ਿਟਸ, 117-ਸਰਕਾਰੀ ਕਰਮਚਾਰੀਆਂ ਲਈ ਡਿਫਾਇੰਡ ਕੰਟਰੀਬਿਊਸ਼ਨ ਪੈਨਸ਼ਨ ਸਕੀਮ' ਲਈ ਸਰਕਾਰ ਦੇ ਯੋਗਦਾਨ ਦੇ ₹ 1,325.67 ਕਰੋੜ ਮੁੱਖ ਮੱਦ '2071-ਪੈਨਸ਼ਨ ਅਤੇ ਹੋਰ ਰਿਟਾਇਰਮੈਂਟ ਲਾਭ 01-ਸਿਵਲ-117 ਡਿਫਾਇੰਡ ਕੰਟਰੀਬਿਊਸ਼ਨ ਪੈਨਸ਼ਨ ਸਕੀਮ' ਨੂੰ ਡੈਬਿਟ ਕਰਕੇ ਐਨ ਐਸ ਡੀ ਐਲ ਨੂੰ ਟਰਾਂਸਫਰ ਕਰ ਦਿੱਤੇ ਗਏ ਸਨ।

ਸਕੀਮਾਂ ਦੇ ਉਪਬੰਧਾਂ ਅਨੁਸਾਰ, 2021-22 ਦੌਰਾਨ, ਲੋਕ ਲੇਖੇ ਵਿੱਚ ਨਿਰਧਾਰਿਤ ਪ੍ਰਕਿਰਿਆ ਅਨੁਸਾਰ, ₹ 961.47 ਕਰੋੜ ਦੇ ਕਰਮਚਾਰੀਆਂ ਦੇ ਯੋਗਦਾਨ ਨੂੰ ਮੁੱਖ ਮੱਦ '8342-ਹੋਰ ਡਿਪਾਜ਼ਿਟ, 117-ਸਰਕਾਰੀ ਕਰਮਚਾਰੀਆਂ ਲਈ ਡਿਫਾਇੰਡ ਕੰਨਟਰੀਬਿਊਸ਼ਨ ਪੈਨਸ਼ਨ ਸਕੀਮ' ਦੇ ਅਧੀਨ ਬੁੱਕ ਕੀਤਾ ਗਿਆ ਸੀ। ਰਾਜ ਸਰਕਾਰ ਦੁਆਰਾ ਅਪਣਾਈ ਗਈ ਸੋਧੀ ਪ੍ਰਕਿਰਿਆ ਅਨੁਸਾਰ ਸਿੱਧਾ ਐਨ ਐਸ ਡੀ ਐਲ ਨੂੰ ਟਰਾਂਸਫਰ ਕਰਨ ਦੀ ਬਜਾਏ ਲੋਕ ਲੇਖੇ ਵਿੱਚ ਨਵੀਂ ਪੈਨਸ਼ਨ ਸਕੀਮ ਲਈ ਸਰਕਾਰ ਦਾ ₹ 1,325.67 ਕਰੋੜ ਦਾ ਹਿੱਸਾ ਮੁੱਖ ਮੱਦ '2071-ਪੈਨਸ਼ਨ ਅਤੇ ਹੋਰ ਰਿਟਾਇਰਮੈਂਟ ਲਾਭਾਂ, 01-ਸਿਵਲ, 117-ਡਿਫਾਇੰਡ ਕੰਟਰੀਬਿਊਟਰੀ ਪੈਨਸ਼ਨ ਸਕੀਮ' ਤੋਂ ਮੁੱਖ ਮੱਦ '8342-ਹੋਰ ਡਿਪਾਜ਼ਿਟ, 117-ਡਿਫਾਇੰਡ ਕੰਟਰੀਬਿਊਟਰੀ ਪੈਨਸ਼ਨ ਸਕੀਮ' ਨੂੰ ਟਰਾਂਸਫਰ ਕੀਤਾ।

2021-22 ਦੌਰਾਨ, ਲੋਕ ਲੇਖਾ ਵਿੱਚ ਪਏ ₹ 2,439.35 ਕਰੋੜ ਦੇ ਬਕਾਏ ਦੇ ਵਿਰੁੱਧ, ਰਾਜ ਸਰਕਾਰ ਨੇ 31 ਮਾਰਚ 2022 ਤੱਕ ₹ 148.99 ਕਰੋੜ ਦਾ ਬਕਾਇਆ ਛੱਡ ਕੇ, ₹ 2,290.36 ਕਰੋੜ ਐਨ ਐਸ ਡੀ ਐਲ ਨੂੰ ਟਰਾਂਸਫਰ ਕੀਤੇ, ਜੋ ਫੰਡ ਪ੍ਰਬੰਧਕਾਂ ਨੂੰ ਕਰਮਚਾਰੀਆਂ ਦੇ ਲੋੜੀਂਦੇ ਪੂਰੇ ਵੇਰਵਿਆਂ ਕਾਰਨ ਟਰਾਂਸਫਰ ਨਹੀਂ ਕੀਤਾ ਜਾ ਸਕਿਆ। ਇਸ ਤਰ੍ਹਾਂ ₹ 1,346.06 ਕਰੋੜ ਦੀ ਬਕਾਇਆ ਰਾਸ਼ੀ ਦੇ ਮੁਕਾਬਲੇ, ਸਰਕਾਰ ਨੇ ਅਸਲ ਵਿੱਚ ਚਾਲੂ ਸਾਲ ਦੌਰਾਨ ₹ 1,325.67 ਕਰੋੜ ਦਾ ਯੋਗਦਾਨ ਪਾਇਆ, ਜਿਸ ਦੇ ਨਤੀਜੇ ਵੱਲੋਂ ₹ 20.39 ਕਰੋੜ ਦਾ ਘੱਟ ਤਬਾਦਲਾ ਹੋਇਆ, ਜਿਸ ਨਾਲ ਰੈਵੀਨਿਊ ਅਤੇ ਵਿੱਤੀ ਘਾਟੇ ਨੂੰ ਇਸ ਹੱਦ ਤੱਕ ਘੱਟ ਕੀਤਾ ਗਿਆ।

ਇਸ ਤੋਂ ਇਲਾਵਾ, ਰਾਜ ਸਰਕਾਰ ਜਨਰਲ ਪ੍ਰੋਵੀਡੈਂਟ ਫੰਡ (ਜੀ ਪੀ ਐਫ) ਅੰਸ਼ਦਾਤਾਵਾਂ ਤੇ ਲਾਗੂ ਸਬੰਧਿਤ ਵਿਆਜ ਦਰਾਂ ਤੇ ਐਨ ਪੀ ਐਸ ਬਕਾਏ ਦੇ ਦੇਰੀ ਨਾਲ ਟਰਾਂਸਫਰ ਕਰਨ ਤੇ ਵਿਆਜ ਦਾ ਭੁਗਤਾਨ

7 ਸਾਲ 2006-08 ਦੌਰਾਨ ₹ 0.59 ਕਰੋੜ ਦੀ ਮਾਮੂਲੀ ਰਾਸ਼ੀ ਇਕੱਤਰ ਕੀਤੀ ਗਈ ਸੀ।

ਕਰਨ ਲਈ ਜਵਾਬਦੇਹ ਹੈ। ਇਸ ਤਰ੍ਹਾਂ, ਰਾਜ ਸਰਕਾਰ ਨੇ ਐਨ ਐਸ ਡੀ ਐਲ ਨੂੰ ਟਰਾਂਸਫਰ ਨਾ ਕੀਤੀ ਗਈ ਰਾਸ਼ੀ ਤੇ ਵਿਆਜ ਦੇਣਦਾਰੀ ਬਣਾਈ ਹੈ; ਆਪਣੇ ਕਰਮਚਾਰੀਆਂ ਦੇ ਫੰਡਾਂ ਦੀ ਗਲਤ ਵਰਤੋਂ ਕੀਤੀ ਅਤੇ ਪ੍ਰਭਾਵਿਤ ਕਰਮਚਾਰੀਆਂ ਦੇ ਕਾਰਨ ਲਾਭਾਂ ਦੇ ਸਬੰਧ ਵਿੱਚ ਅਨਿਸ਼ਚਿਤਤਾ ਪੈਦਾ ਕੀਤੀ।

ਕਰਮਚਾਰੀਆਂ ਦੇ ਹਿੱਸੇ ਦੀਆਂ ਪ੍ਰਾਪਤੀਆਂ, ਸਰਕਾਰ ਦਾ ਯੋਗਦਾਨ, ਇਸ ਤੇ ਬਣਦਾ ਵਿਆਜ ਅਤੇ ਪੈਨਸ਼ਨ ਫੰਡ ਵਿੱਚ ਨਿਵੇਸ਼ ਦੇ ਵੇਰਵੇ **ਸਾਰਣੀ** 2.22 ਵਿੱਚ ਦਰਸਾਏ ਗਏ ਹਨ।

**ਸਾਰਣੀ 2.22: ਡੀ ਸੀ ਪੀ ਐਸ ਅਧੀਨ ਯੋਗਦਾਨ ਅਤੇ ਨਿਵੇਸ਼ ਦੇ ਵੇਰਵੇ**

*(₹ ਕਰੋੜ ਵਿੱਚ)*

| ਸਾਲ | ਪ੍ਰਾਪਤੀਆਂ | | | | ਅਦਾਇਗੀ (ਪੈਨਸ਼ਨ ਫੰਡ ਨੂੰ ਟਰਾਂਸਫਰ ਕੀਤੇ ਗਏ) | ਘੱਟ ਟਰਾਂਸਫਰ ਕੀਤੇ (−) / ਵੱਧ ਟਰਾਂਸਫਰ ਕੀਤੇ (+) |
|---|---|---|---|---|---|---|
| | ਕਰਮਚਾਰੀਆਂ ਦਾ ਹਿੱਸਾ | ਸਰਕਾਰ ਦਾ ਯੋਗਦਾਨ | ਵਿਆਜ | ਜੋੜ | | |
| **1** | **2** | **3** | **4** | **5 (2+3+4)** | **6** | **7 (6-5)** |
| 2008-09 | 38.76* | 33.60 | 0.00 | 72.36 | 0.00 | (-)72.36 |
| 2009-10 | 45.38 | 36.26 | 0.00 | 81.64 | 0.00 | (-)81.64 |
| 2010-11 | 54.19 | 51.90 | 26.86 | 132.95 | 2.33 | (-)130.62 |
| 2011-12 | 79.19 | 85.00 | 22.45 | 186.64 | 26.45 | (-)160.19 |
| 2012-13 | 181.48 | 196.78 | 24.01 | 402.27 | 286.17 | (-)116.10 |
| 2013-14 | 242.81 | 230.00 | 22.78 | 495.59 | 481.53 | (-)14.06 |
| 2014-15 | 282.86 | 290.00 | 21.35 | 594.21 | 804.90 | (+)210.69 |
| 2015-16 | 389.39 | 390.00 | 18.48 | 797.87 | 902.69 | (+)104.82 |
| 2016-17 | 436.28 | 435.81 | 17.19 | 889.28 | 957.69 | (+)68.41 |
| 2017-18 | 532.59 | 520.55 | 15.55 | 1,068.69 | 1,058.51 | (-)10.18 |
| 2018-19 | 585.78 | 584.94 | 14.70 | 1,185.42 | 1,203.28 | (+)17.86 |
| 2019-20 | 746.67 | 707.69 | 0.00 | 1,454.36 | 1,436.41 | (-)17.95 |
| 2020-21 | 791.35 | 1,356.26 | 0.00 | 2,147.61 | 2,196.72 | (+)49.11 |
| 2021-22 | 961.47 | 1,325.67 | 0.00 | 2,287.14 | 2,290.36 | (+)3.22 |
| **ਜੋੜ** | **5,368.20** | **6,244.46** | **183.37** | **11,796.03** | **11,647.04** | **(-)148.99** |

*ਸ੍ਰੋਤ: ਵਿੱਤ ਲੇਖੇ*

* *ਇਸ ਵਿੱਚ ₹ 0.59 ਕਰੋੜ ਦੀ 2006-08 ਦੌਰਾਨ ਵਸੂਲੀ/ਪ੍ਰਾਪਤ ਕੀਤੀ ਗਈ ਰਾਸ਼ੀ ਸ਼ਾਮਲ ਹੈ ਜਿਸ ਨੂੰ ਕਿ 1 ਅਪ੍ਰੈਲ 2008 ਦੀ ਸਥਿਤੀ ਅਨੁਸਾਰ ਪੈਨਸ਼ਨ ਫੰਡ ਨੂੰ ਟਰਾਂਸਫਰ ਕੀਤਾ ਜਾਣਾ ਅਜੇ ਰਹਿੰਦਾ ਸੀ।*

2008-22 ਦੇ ਸਮੇਂ ਦੌਰਾਨ, ₹ 11,796.03 ਕਰੋੜ ਦੀਆਂ ਕੁੱਲ ਪ੍ਰਾਪਤੀਆਂ (ਕਰਮਚਾਰੀਆਂ ਦਾ ਹਿੱਸਾ: ₹ 5,368.20 ਕਰੋੜ, ਰਾਜ ਸਰਕਾਰ ਦਾ ਯੋਗਦਾਨ: ₹ 6,244.46 ਕਰੋੜ ਅਤੇ ਵਿਆਜ: ₹ 183.37 ਕਰੋੜ) ਦੇ ਵਿਰੁੱਧ, ₹ 11,647.04 ਕਰੋੜ ਦੀ ਰਾਸ਼ੀ ਪੈਨਸ਼ਨ ਫੰਡ ਨੂੰ ਟਰਾਂਸਫਰ ਕੀਤੀ ਗਈ ਸੀ। ਇੰਜ ₹ 148.99 ਕਰੋੜ ਘੱਟ ਟਰਾਂਸਫਰ ਹੋਏ ਸਨ ਜੋ ਕਿ ਰਾਜ ਸਰਕਾਰ ਦੀ ਅੱਗੇ ਪਾਈ ਗਈ ਦੇਣਦਾਰੀ ਹੈ।

ਐਨ ਐਸ ਡੀ ਐਲ ਨੂੰ ਘੱਟ ਯੋਗਦਾਨ/ਫੰਡਾਂ ਦੀ ਟਰਾਂਸਫਰ ਹੋਣਾ, ਕਰਮਚਾਰੀਆਂ ਦੇ ਪੈਨਸ਼ਨਰੀ ਲਾਭ ਤੇ ਅਸਰ ਪਵੇਗਾ। ਇਸ ਤੋਂ ਇਲਾਵਾ, ਸਰਕਾਰ ਦਾ ਯੋਗਦਾਨ ਜਾਰੀ ਕਰਨ ਵਿੱਚ ਅਤੇ ਪੈਨਸ਼ਨ ਫੰਡ ਨੂੰ ਟਰਾਂਸਫਰ ਕਰਨ ਵਿੱਚ ਹੋਈ ਦੇਰੀ ਕਾਰਣ, ਰਾਜ ਸਰਕਾਰ ਨੂੰ ₹ 183.37 ਕਰੋੜ ਦਾ ਟਾਲਣਯੋਗ ਵਿਆਜ ਸਹਿਣਾ ਪਿਆ।

### *2.4.1.3 ਸਬਸਿਡੀਆਂ*

**ਸਾਰਣੀ** 2.23, 2017-22 ਦੌਰਾਨ ਸਬਸਿਡੀਆਂ ਤੇ ਖਰਚੇ ਨੂੰ ਦਰਸਾਉਂਦੀ ਹੈ। ਸਬਸਿਡੀਆਂ ਪਿਛਲੇ ਸਾਲ ਨਾਲੋਂ ਚਾਲੂ ਸਾਲ ਦੌਰਾਨ ₹ 4,768 ਕਰੋੜ (48.91 *ਪ੍ਰਤੀਸ਼ਤ*) ਨਾਲ ਵਧ ਗਈਆਂ। ਇਹ ਵਾਧਾ ਮੁੱਖ ਤੌਰ

ਤੇ ਪਾਵਰ ਸਬਸਿਡੀ ਵਜੋਂ ₹ 3,786 ਕਰੋੜ ਕਿਸਾਨਾਂ ਨੂੰ ਕਰਜ਼ਾ ਰਾਹਤ ਕਰਕੇ ₹ 590 ਕਰੋੜ ਦੀ ਅਤੇ ਗੰਨਾ ਕਿਸਾਨਾਂ ਨੂੰ ਗੰਨੇ ਦੀ ਕੀਮਤ ਦੇ ਭੁਗਤਾਨ ਲਈ ਸਬਸਿਡੀ ਸਕੀਮ ਵਜੋਂ ₹ 175 ਕਰੋੜ ਕਰਕੇ ਸੀ।

**ਸਾਰਣੀ 2.23: 2017-22 ਦੌਰਾਨ ਸਬਸਿਡੀਆਂ ਤੇ ਖਰਚਾ**

| | 2017-18 | 2018-19 | 2019-20 | 2020-21 | 2021-22 |
|---|---|---|---|---|---|
| ਸਬਸਿਡੀਆਂ (₹ ਕਰੋੜ ਵਿੱਚ) | 6,982 | 13,361 | 10,161 | 9,748 | 14,516 |
| ਪਾਵਰ ਸਬਸਿਡੀ (₹ ਕਰੋੜ ਵਿੱਚ) | 6,578 | 9,036 | 9,394 | 9,657 | 13,443 |
| ਰੈਵੀਨਿਊ ਪ੍ਰਾਪਤੀਆਂ ਦੀ ਪ੍ਰਤੀਸ਼ਤਤਾ ਵਜੋਂ ਸਬਸਿਡੀਆਂ | 13.17 | 21.46 | 16.50 | 14.12 | 18.57 |
| ਰੈਵੀਨਿਊ ਖਰਚੇ ਦੀ ਪ੍ਰਤੀਸ਼ਤਤਾ ਵਜੋਂ ਸਬਸਿਡੀਆਂ | 11.18 | 17.72 | 13.39 | 11.29 | 15.02 |
| ਕੁੱਲ ਖਰਚੇ ਦੀ ਪ੍ਰਤੀਸ਼ਤਤਾ ਵਜੋਂ ਸਬਸਿਡੀਆਂ | 10.65 | 16.87 | 10.76 | 10.63 | 13.67 |
| ਰੈਵੀਨਿਊ ਘਾਟੇ ਦੀ ਪ੍ਰਤੀਸ਼ਤਤਾ ਵਜੋਂ ਸਬਸਿਡੀਆਂ | 73.84 | 101.72 | 71.13 | 56.36 | 78.60 |
| ਕੁੱਲ ਸਬਸਿਡੀ ਦੀ ਪ੍ਰਤੀਸ਼ਤਤਾ ਵਜੋਂ ਪਾਵਰ ਸਬਸਿਡੀ | 94.21 | 67.63 | 92.45 | 99.07 | 92.61 |

*ਸ੍ਰੋਤ: ਵਿੱਤ ਲੇਖੇ*

2017-22 ਦੌਰਾਨ ਪਾਵਰ ਸਬਸਿਡੀ, ਕੁੱਲ ਸਬਸਿਡੀਆਂ ਦਾ 68 *ਪ੍ਰਤੀਸ਼ਤ* ਅਤੇ 99 *ਪ੍ਰਤੀਸ਼ਤ* ਦੀ ਰੇਂਜ ਵਿਚਕਾਰ ਪ੍ਰਮੁੱਖ ਹਿੱਸਾ ਬਣਿਆ ਰਿਹਾ; ਅਤੇ ਸਬਸਿਡੀਆਂ ਨੇ ਰੈਵੀਨਿਊ ਘਾਟੇ ਵਿੱਚ 56 *ਪ੍ਰਤੀਸ਼ਤ* ਤੋਂ 102 *ਪ੍ਰਤੀਸ਼ਤ* ਦਾ ਯੋਗਦਾਨ ਦਿੱਤਾ।

### *(i) ਅਪ੍ਰਤੱਖ ਸਬਸਿਡੀਆਂ*

ਅਪ੍ਰਤੱਖ ਸਬਸਿਡੀਆਂ ਉਸ ਸਮੇਂ ਬਣਦੀਆਂ ਹਨ ਜਦੋਂ ਸਰਕਾਰ ਵਸਤਾਂ ਅਤੇ ਸੇਵਾਵਾਂ ਤੇ ਖਰਚੀ ਲਾਗਤ ਨਾਲੋਂ ਘੱਟ ਕੀਮਤ ਤੇ ਸਮਾਜਿਕ ਅਤੇ ਆਰਥਿਕ ਵਸਤਾਂ/ਸੇਵਾਵਾਂ ਮੁਹੱਈਆਂ ਕਰਵਾਉਂਦੀ ਹੈ। ਇਹ ਅਸਿੱਧੇ ਜਾਂ ਕਿਸੇ ਵਸਤੂ ਜਾਂ ਛੋਟਾਂ ਦੇ ਰੂਪ ਵਿੱਚ ਹੋ ਸਕਦੀ ਹੈ। ਸਾਲ 2021-22 ਦੌਰਾਨ ਦਿੱਤੀਆਂ ਕੁੱਝ ਅਪ੍ਰਤੱਖ ਸਬਸਿਡੀਆਂ ਦੇ ਵੇਰਵੇ **ਸਾਰਣੀ** 2.24 ਵਿੱਚ ਦਿਤੇ ਗਏ ਹਨ।

**ਸਾਰਣੀ 2.24: ਸਾਲ 2020-21 ਦੌਰਾਨ ਅਪ੍ਰੱਤਖ ਸਬਸਿਡੀਆਂ ਦੇ ਵੇਰਵੇ**

*(₹ ਕਰੋੜ ਵਿੱਚ)*

| ਲੜੀ ਨੰ. | ਸਕੀਮ | ਰਾਸ਼ੀ |
|---|---|---|
| 1. | 60 ਸਾਲ ਤੋ ਵੱਧ ਉਮਰ ਦੀਆ ਔਰਤਾਂ ਨੂੰ ਸਰਕਾਰੀ/ ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ (ਪੀ ਆਰ ਟੀ ਸੀ) ਦੀਆਂ ਬੱਸਾਂ ਵਿੱਚ ਮੁਫਤ ਰਿਆਇਤੀ ਸਫਰ ਦੀ ਸਹੂਲਤ ਦੇਣ ਬਦਲੇ ਟਰਾਂਸਪੋਰਟ ਵਿਭਾਗ ਨੂੰ ਪ੍ਰਤੀਪੂਰਤੀ | 246.79 |
| 2. | ਅਨੁਸੂਚਿਤ ਜਾਤੀ ਦੀਆਂ ਲੜਕੀਆਂ/ਵਿਧਵਾਵਾਂ/ਤਲਾਕਸ਼ੁਦਾ ਅਤੇ ਵਿਧਵਾਵਾਂ ਦੀਆਂ ਲੜਕੀਆਂ ਨੂੰ ਉਨ੍ਹਾਂ ਦੀ ਸ਼ਾਦੀ ਵੇਲੇ *ਅਸ਼ੀਰਵਾਦ* | 89.64 |
| 3. | ਪਛੜੀ ਸ਼੍ਰੇਣੀ ਅਤੇ ਈਸਾਈ ਲੜਕੀਆਂ/ਵਿਧਵਾਵਾਂ/ਤਲਾਕਸ਼ੁਦਾ ਅਤੇ ਕਿਸੇ ਵੀ ਜਾਤੀ ਦੀਆਂ ਵਿਧਵਾਵਾਂ ਦੀਆਂ ਲੜਕੀਆਂ ਨੂੰ ਉਨ੍ਹਾਂ ਦੀ ਸ਼ਾਦੀ ਵੇਲੇ *ਅਸ਼ੀਰਵਾਦ* | 44.99 |
| 4. | ਯੂਨੀਵਰਸਿਟੀਆਂ ਅਤੇ ਕਾਲਜਾਂ ਦੇ ਵਿਦਿਆਰਥੀਆਂ ਨੂੰ ਸਰਕਾਰੀ/ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ (ਪੀ ਆਰ ਟੀ ਸੀ) ਬੱਸਾਂ ਵਿੱਚ ਮੁਫਤ/ਰਿਆਇਤੀ ਸਹੂਲਤ ਦੇਣ ਲਈ ਟਰਾਂਸਪੋਰਟ ਵਿਭਾਗ/ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ (ਪੀ ਆਰ ਟੀ ਸੀ) ਨੂੰ ਪ੍ਰਤੀਪੂਰਤੀ | 22.79 |

| ਲੜੀ ਨੰ. | ਸਕੀਮ | ਰਾਸ਼ੀ |
|---|---|---|
| 5. | ਵਿਦਿਆਰਥੀਆਂ ਨੂੰ ਮੁਫਤ ਰਿਆਇਤੀ ਸਫਰ ਦੀ ਸਹੂਲਤ ਦੇਣ ਬਦਲੇ ਟਰਾਂਸਪੋਰਟ ਵਿਭਾਗ/ ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ ਪੀ ਆਰ ਟੀ ਸੀ ਨੂੰ ਪ੍ਰਤੀਪੂਰਤੀ | 6.26 |
| 6. | ਮੈਡੀਕਲ ਸਿੱਖਿਆ ਦੇ ਵਿਦਿਆਰਥੀਆਂ (ਪਾਸ ਹੋਲਡਰ) ਨੂੰ ਰਿਆਇਤੀ ਬੱਸ ਪਾਸ ਬਦਲੇ ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ ( ਪੀ ਆਰ ਟੀ ਸੀ) ਨੂੰ ਪ੍ਰਤੀਪੂਰਤੀ | 5.50 |
| 7. | ਇੰਜੀਨੀਅਰਿੰਗ ਕਾਲਜਾਂ/ਪੋਲੀਟੈਕਨੀਕਾਂ ਦੇ ਵਿਦਿਆਰਥੀਆਂ ਨੂੰ ਮੁਫਤ ਰਿਆਇਤੀ ਸਫਰ ਦੀ ਸਹੂਲਤ ਦੇਣ ਲਈ ਟਰਾਂਸਪੋਰਟ ਵਿਭਾਗ/ਪੀ ਆਰ ਟੀ ਸੀ ਨੂੰ ਪ੍ਰਤੀਪੂਰਤੀ | 3.50 |
| 8. | ਥੈਲੇਸੀਮੀਆ/ਕੈਂਸਰ ਰੋਗੀਆਂ ਨੂੰ ਰਿਆਇਤੀ ਬੱਸਾਂ ਪਾਸਾਂ ਬਦਲੇ ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ (ਪੀ ਆਰ ਟੀ ਸੀ)/ਪੰਜਾਬ ਰੋਡਵੇਜ਼ ਨੂੰ ਪ੍ਰਤੀਪੂਰਤੀ | 1.49 |
| | **ਜੋੜ** | **420.96** |

*ਸ੍ਰੋਤ : ਵਿਸਥਾਰਤ ਨਿਮਿੱਤਣ ਲੇਖੇ*

### *2.4.1.4 ਰਾਜ ਸਰਕਾਰ ਵਲੋਂ ਸਥਾਨਕ ਸੰਸਥਾਵਾਂ ਅਤੇ ਹੋਰ ਸੰਸਥਾਵਾਂ ਨੂੰ ਵਿੱਤੀ ਸਹਾਇਤਾ*

ਸਾਲ 201-18 ਤੋਂ 2021-22 ਦੇ ਸਮੇ ਦੌਰਾਨ ਸਥਾਨਕ ਸੰਸਥਾਵਾਂ ਅਤੇ ਹੋਰ ਸੰਸਥਾਵਾਂ ਨੂੰ ਗ੍ਰਾਂਟਾਂ ਦੇ ਰੂਪ ਵਿੱਚ ਦਿੱਤੀ ਗਈ ਸਹਾਇਤਾ ਨੂੰ **ਸਾਰਣੀ** 2.25 ਵਿੱਚ ਪੇਸ਼ ਕੀਤਾ ਗਿਆ ਹੈ।

**ਸਾਰਣੀ 2.25: ਸਥਾਨਕ ਸੰਸਥਾਵਾਂ ਅਤੇ ਹੋਰ ਸੰਸਥਾਵਾਂ ਨੂੰ ਵਿੱਤੀ ਸਹਾਇਤਾ**

*(₹ ਕਰੋੜ ਵਿੱਚ)*

| ਸੰਸਥਾਵਾਂ | 2017-18 | 2018-19 | 2019-20 | 2020-21 | 2021-22 |
|---|---|---|---|---|---|
| (ੳ) ਸਥਾਨਕ ਸੰਸਥਾਵਾਂ | | | | | |
| ਨਗਰ ਨਿਗਮਾਂ ਅਤੇ ਨਗਰ ਪਾਲਿਕਾਵਾਂ | 1,091.64 | 1,747.28 | 2,365.48 | 2,694.56 | 2,424.13 |
| ਪੰਚਾਇਤੀ ਰਾਜ ਸੰਸਥਾਵਾਂ | 230.36 | 530.18 | 885.81 | 3,313.12 | 1,463.61 |
| **ਜੋੜ (ੳ)** | **1,322.00** | **2,277.46** | **3,251.29** | **6,007.68** | **3,887.74** |
| (ਅ) ਹੋਰ | | | | | |
| ਵਿਦਿਅਕ ਸੰਸਥਾਵਾਂ (ਸਹਾਇਤਾ ਪ੍ਰਾਪਤ ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ, ਆਦਿ ) | 2,117.63 | 2,824.52 | 3,196.94 | 3,586.92 | 3,380.66 |
| ਵਿਕਾਸ ਅਥਾਰਟੀਆਂ | 0.00 | 0.00 | 1,309.29 | 1,518.84 | 1,184.78 |
| ਹਸਪਤਾਲ ਅਤੇ ਹੋਰ ਚੈਰੀਟੇਬਲ ਸੰਸਥਾਵਾਂ | 627.74 | 967.34 | 1,211.06 | 1,348.71 | 1,371.46 |
| ਹੋਰ ਸੰਸਥਾਵਾਂ | 2,095.85 | 2,795.04 | 914.70 | 2,560.30 | 2,075.40 |
| **ਜੋੜ (ਅ)** | **4,841.22** | **6,586.90** | **6,631.99** | **9,014.77** | **8,012.30** |
| **ਜੋੜ (ੳ+ਅ)** | **6,163.22** | **8,864.36** | **9,883.28** | **15,022.45** | **11,900.04** |
| ਰੈਵੀਨਿਊ ਖਰਚਾ | 62,465 | 75,404 | 75,860 | 86,344 | 96,636 |
| ਰੈਵੀਨਿਊ ਖਰਚੇ ਦੀ ਪ੍ਰਤੀਸ਼ਤਤਾ ਵਜੋਂ ਸਹਾਇਤਾ | 9.87 | 11.76 | 13.03 | 17.40 | 12.31 |

*ਸ੍ਰੋਤ: ਵਿੱਤ ਲੇਖੇ*

ਸਾਲ ਦੌਰਾਨ ਸਥਾਨਕ ਸੰਸਥਾਵਾਂ ਅਤੇ ਹੋਰ ਸੰਸਥਾਵਾਂ ਨੂੰ ਦਿੱਤੀ ਜਾਣ ਵਾਲੀ ਵਿੱਤੀ ਸਹਾਇਤਾ ਵਿੱਚ ਪਿਛਲੇ ਸਾਲ ਦੇ ਮੁਕਾਬਲੇ ₹ 3,122.41 ਕਰੋੜ (20.78 *ਪ੍ਰਤੀਸ਼ਤ*) ਦੀ ਕਮੀ ਆਈ ਹੈ। ਇਹ ਕਮੀ ਮੁੱਖ ਤੌਰ ਤੇ ਨਗਰ ਨਿਗਮਾਂ ਅਤੇ ਨਗਰ ਪਾਲਿਕਾਵਾਂ (270.43 ਕਰੋੜ : 10.04 *ਪ੍ਰਤੀਸ਼ਤ*) ਅਤੇ ਪੰਚਾਇਤੀ ਰਾਜ ਸੰਸਥਾਵਾਂ (₹ 1,849.51 ਕਰੋੜ : 55.82 *ਪ੍ਰਤੀਸ਼ਤ*) ਨੂੰ ਦਿੱਤੀ ਜਾਣ ਵਾਲੀ ਸਹਾਇਤਾ ਵਿੱਚ ਕਮੀ ਕਾਰਨ ਆਈ ਹੈ। ਪਿਛਲੇ ਸਾਲ ਦੇ ਦੌਰਾਨ, ਨਗਰ ਨਿਗਮਾਂ ਅਤੇ ਨਗਰ ਪਾਲਿਕਾਵਾਂ ਅਤੇ ਪੰਚਾਇਤੀ ਰਾਜ ਸੰਸਥਾਵਾਂ ਨੂੰ ਵਧੇਰੇ ਸਹਾਇਤਾ ਮੁੱਖ ਤੌਰ ਤੇ ਚੌਦਵੇਂ ਵਿੱਤ ਕਮੀਸ਼ਨ

(14ਵੇਂ ਐਫ ਸੀ) ਦੁਆਰਾ ਸਿਫਾਰਸ਼ ਕੀਤੀਆਂ ਗ੍ਰਾਂਟਾਂ ਦੇ ਬੈਕਲਾਗ ਨੂੰ ਕਲੀਅਰ ਕਰਨ ਅਤੇ ਪੰਦਰਵੇਂ ਵਿੱਤ ਕਮੀਸ਼ਨ (15ਵੇਂ ਐਫ ਸੀ) ਦੁਆਰਾ ਸਿਫਾਰਸ਼ ਕੀਤੀਆਂ ਗ੍ਰਾਂਟਾਂ ਦੇ ਭੁਗਤਾਨ ਦੇ ਕਾਰਨ ਸੀ। ਸਥਾਨਕ ਸੰਸਥਾਵਾਂ ਅਤੇ ਹੋਰ ਸੰਸਥਾਵਾਂ ਨੂੰ ਰੈਵੀਨਿਊ ਖਰਚਿਆਂ ਦੀ ਪ੍ਰਤੀਸ਼ਤਤਾ ਦੇ ਤੌਰ ਤੇ ਵਿੱਤੀ ਸਹਾਇਤਾ ਦੀ ਸਮੁੱਚੀ ਮਾਤਰਾ ਪਿਛਲੇ ਸਾਲ ਦੇ 17.40 *ਪ੍ਰਤੀਸ਼ਤ* ਤੋਂ ਮੌਜੂਦਾ ਸਾਲ ਦੌਰਾਨ ਘੱਟ ਕੇ 12.31 *ਪ੍ਰਤੀਸ਼ਤ* ਰਹਿ ਗਈ।

ਵਿੱਤੀ ਸਹਾਇਤਾ ਦੇ ਮੁੱਖ ਪ੍ਰਾਪਤ ਕਰਤਾ **ਸਾਰਣੀ** 2.26 ਵਿੱਚ ਦਰਸਾਏ ਗਏ ਹਨ।

**ਸਾਰਣੀ 2.26: ਸਾਲ 2021-22 ਦੌਰਾਨ ਵਿੱਤੀ ਸਹਾਇਤਾ ਦੇ ਪ੍ਰਮੁੱਖ ਪ੍ਰਾਪਤਕਰਤਾ**

***(₹ ਕਰੋੜ ਵਿੱਚ)***

| ਪ੍ਰਾਪਤ ਕਰਤਾ | ਸਕੀਮ | ਰਾਸ਼ੀ |
|---|---|---|
| ਡਾਇਰੈਕਟਰ ਸਥਾਨਕ ਸੰਸਥਾਵਾ | ਪੰਜਾਬ ਮਿਊਸਿਪਲ ਫੰਡ- ਨਗਰਪਾਲਿਕਾਵਾਂ/ਨਗਰ ਕੌਂਸਲਾਂ/ਸ਼ਹਿਰੀ ਸਥਾਨਕ ਸੰਸਥਾਵਾਂ ਨੂੰ ਸਹਾਇਤਾ | 1,450.00 |
| ਗ੍ਰਾਮ ਪੰਚਾਇਤ ਸਮਿਤੀਆਂ | ਪੀ ਆਰ ਆਈਜ਼ ਨੂੰ ਸਹਾਇਤਾ ਅਨੁਦਾਨ | 1,207.00 |
| ਰਾਸ਼ਟਰੀ ਸਿਹਤ ਮਿਸ਼ਨ | ਰਾਸ਼ਟਰੀ ਪੇਂਡੂ ਸਿਹਤ ਮਿਸ਼ਨ | 946.63 |
| ਸਰਕਾਰੀ ਸੈਕੰਡਰੀ ਸਕੂਲ | ਸੂਚਨਾ ਅਤੇ ਸੰਚਾਰ ਤਕਨਾਲੋਜੀ | 646.42 |
| ਸਥਾਨਕ ਸਹਿਰੀ ਸੰਸਥਾਵਾ | ਸਹਾਇਤਾ ਅਨੁਦਾਨ | 616.18 |
| ਪੰਜਾਬ ਬੁਨਿਆਦੀ ਢਾਂਚਾ ਵਿਕਾਸ ਬੋਰਡ | ਸਹਾਇਤਾ | 567.59 |
| ਸਰਕਾਰੀ ਸੈਕੰਡਰੀ ਸਕੂਲ | ਸਮਾਗਰਾ ਸਿਕਸ਼ਾ ਅਭਿਆਨ/ਰਾਸ਼ਟਰੀਆਂ ਮਧਿਆਮਿਕ ਸਿਕਸ਼ਾ ਅਭਿਆਨ | 503.15 |
| ਸਰਕਾਰੀ ਪ੍ਰਾਇਮਰੀ ਸਕੂਲ | ਸਮਾਗਰਾ ਸਿਕਸ਼ਾ ਅਭਿਆਨ | 479.55 |
| ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ | ਸਹਾਇਤਾ | 406.31 |
| ਗੈਰ-ਸਰਕਾਰੀ ਕਾਲਜ ਅਤੇ ਸੰਸਥਾਵਾ | ਸਹਾਇਤਾ | 288.01 |
| ਗ੍ਰਾਮ ਪੰਚਾਇਤ ਸਮਿਤੀਆਂ | ਮਹਾਤਮਾ ਗਾਂਧੀ ਨੈਂਸ਼ਨਲ ਪੇਂਡੂ ਰੁਜ਼ਗਾਰ ਗਰੰਟੀ ਸਕੀਮ | 356.03 |
| ਸਰਕਾਰੀ ਪ੍ਰਾਇਮਰੀ ਸਕੂਲ | ਮਿੱਡ-ਡੇ-ਮੀਲ | 341.15 |
| ਪੰਜਾਬੀ ਯੂਨੀਵਰਸਿਟੀ, ਪਟਿਆਲਾ | ਸਹਾਇਤਾ ਅਨੁਦਾਨ | 204.66 |

*ਸ੍ਰੋਤ: ਵਿੱਤ ਲੇਖੇ*

## 2.4.2 ਪੂੰਜੀਗਤ ਖਰਚਾ

ਪੂੰਜੀਗਤ ਖਰਚਾ ਮੁਢਲੇ ਤੌਰ ਤੇ ਸੜ੍ਹਕਾਂ, ਭਵਨਾਂ, ਆਦਿ ਜਿਹੀਆਂ ਸਥਿਰ ਬੁਨਿਆਦੀ ਢਾਂਚਾ ਜਾਇਦਾਦਾਂ ਦੀ ਸਿਰਜਣਾ ਲਈ ਕੀਤਾ ਗਿਆ ਖਰਚਾ ਹੈ। ਕੇਂਦਰ ਅਤੇ ਰਾਜ ਦੋਵਾਂ ਵਿੱਚ ਪੂੰਜੀਗਤ ਖਰਚਾ, ਬਜਟਰੀ ਸਹਾਇਤਾ ਅਤੇ ਬਜਟ ਤੋਂ ਉਪਰਲੇ ਸਾਧਨਾਂ ਤੋਂ/ਬਜਟ ਤੋਂ ਬਗੈਰ ਕੀਤਾ ਜਾ ਰਿਹਾ ਹੈ। ਇਸ ਵਿੱਚ ਰਾਜ ਸਰਕਾਰ ਵਲੋਂ ਕੰਪਨੀਆਂ/ਨਿਗਮਾਂ ਵਿੱਚ ਕੀਤੇ ਨਿਵੇਸ਼ ਵੀ ਸ਼ਾਮਲ ਹਨ। ਪਿਛਲੇ ਪੰਜ ਸਾਲਾਂ ਭਾਵ 2017-22 ਦੌਰਾਨ ਰਾਜ ਵਿੱਚ ਪੂੰਜੀਗਤ ਖਰਚੇ ਦਾ ਰੁਝਾਨ **ਚਾਰਟ** 2.13 ਵਿੱਚ ਦਿੱਤਾ ਗਿਆ ਹੈ।

**ਚਾਰਟ 2.13: ਰਾਜ ਵਿੱਚ ਪੂੰਜੀਗਤ ਖਰਚਾ**




*ਸ੍ਰੋਤ: ਵਿੱਤ ਲੇਖੇ ਅਤੇ ਸਬੰਧਤ ਸਾਲਾਂ ਦੀਆਂ ਸਲਾਨਾ ਵਿੱਤੀ ਵਿਵਰਣੀਆਂ*

**ਚਾਰਟ 2.13** ਦਰਸਾਉਂਦਾ ਹੈ ਕਿ ਪੰਜ ਸਾਲਾਂ ਦੇ ਸਮੇਂ ਦੇ ਦੌਰਾਨ ਪੂੰਜੀਗਤ ਖਰਚੇ ਵਿੱਚ ਉਤਰਾਅ-ਚੜ੍ਹਾਅ ਆਇਆ। ਇਹ 2017-18 ਵਿੱਚ ₹ 2,352 ਕਰੋੜ (ਕੁੱਲ ਖਰਚੇ ਦਾ 3.59 *ਪ੍ਰਤੀਸ਼ਤ*) ਤੋਂ ₹ 5,658 ਕਰੋੜ (240.56 *ਪ੍ਰਤੀਸ਼ਤ*) ਨਾਲ ਵਧ ਕੇ 2021-22 ਵਿੱਚ ₹ 8,010 ਕਰੋੜ (ਕੁੱਲ ਖਰਚੇ ਦਾ 7.54 *ਪ੍ਰਤੀਸ਼ਤ*) ਹੋ ਗਿਆ। ਇਸ ਤੋਂ ਇਲਾਵਾ, ਰਾਜ ਸਰਕਾਰ ਨੇ ਜਾਇਦਾਦਾਂ ਦੀ ਸਿਰਜਣਾ ਲਈ 2017-22 ਦੇ ਸਮੇਂ ਦੌਰਾਨ ₹ 4,053 ਕਰੋੜ[8] ਦੇ ਸਹਾਇਤਾਂ ਅਨੁਦਾਨ ਵੀ ਦਿੱਤੇ । ਪੂੰਜੀਗਤ ਖਰਚੇ ਲਈ ਬਚਤ ਦੀ ਵਰਤੋਂ ਸਾਲ 2019-20 ਨੂੰ ਛੱਡ ਕੇ ਜਦੋਂ ਇਹ ਪੀ ਐਸ ਪੀ ਸੀ ਐਲ ਵਿੱਚ ₹ 15,628 ਕਰੋੜ ਦੇ ਯੂ ਡੀ ਏ ਵਾਈ ਕਰਜਿਆਂ ਨੂੰ ਇਕੁਇਟੀ ਵਿੱਚ ਬਦਲਣ ਕਾਰਣ 78 *ਪ੍ਰਤੀਸ਼ਤ* ਸੀ, 2017-22 ਦੌਰਾਨ 38 *ਪ੍ਰਤੀਸ਼ਤ* ਅਤੇ 57 *ਪ੍ਰਤੀਸ਼ਤ* ਦੀ ਰੇਂਜ਼ ਵਿੱਚਕਾਰ ਸੀ, ਜਿਵੇਂ ਕਿ 31 ਮਾਰਚ 2020 ਨੂੰ ਸਮਾਪਤ ਹੋਏ ਸਾਲ ਲਈ ਭਾਰਤ ਲੇਖਾ ਨਿਰੀਖਕ ਅਤੇ ਮਹਾ ਲੇਖਾ ਪਰੀਖਕ ਰਾਜ ਦੇ ਵਿੱਤਾਂ ਉੱਤੇ ਲੇਖਾ ਪ੍ਰੀਖਿਆ ਰਿਪੋਰਟ ਦੇ ਪੈਰ੍ਹਾ 2.4.2.2 (v) ਵਿੱਚ ਚਰਚਾ ਕੀਤੀ ਗਈ ਹੈ।

### *2.4.2.1 ਪੂੰਜੀਗਤ ਖਰਚੇ ਵਿੱਚ ਮੁੱਖ ਬਦਲਾਅ*

ਪੂੰਜੀਗਤ ਖਰਚੇ ਵਿੱਚ 2020-21 ਦੀ ਤੁਲਨਾ ਵਿੱਚ 2021-22 ਦੌਰਾਨ ਹੋਏ ਮੁੱਖ ਬਦਲਾਅ **ਸਾਰਣੀ** 2.27 ਵਿੱਚ ਦਰਸਾਏ ਗਏ ਹਨ।

8 2017-18: ₹ 0.50 ਕਰੋੜ; 2018-19: ₹ 338.94 ਕਰੋੜ; 2019-20: ₹ 714.34 ਕਰੋੜ; 2020-21: ₹ 2,744.17 ਕਰੋੜ ਅਤੇ 2021-22: ₹ 255.24 ਕਰੋੜ।

**ਸਾਰਣੀ 2.27:** 2020-21 ਦੀ ਤੁਲਨਾ ਵਿੱਚ 2021-22 ਦੌਰਾਨ ਪੂੰਜੀਗਤ ਖਰਚਾ

*(₹ ਕਰੋੜ ਵਿੱਚ)*

| ਲੇਖੇ ਦੀਆਂ ਮੁੱਖ ਮੱਦਾਂ | 2020-21 | 2021-22 | ਵਾਧਾ (+) ਘਾਟਾ (-) |
|---|---|---|---|
| 4215-ਜਲਸਪਲਾਈ ਅਤੇ ਸੈਨੀਟੇਸ਼ਨ ਤੇ ਪੂੰਜੀਗਤ ਆਊਟਲੇਅ | 584.59 | 660.96 | (+) 76.37 |
| 4217-ਸ਼ਹਿਰੀ ਵਿਕਾਸ ਤੇ ਪੂੰਜੀਗਤ ਆਊਟਲੇਅ | 1,301.16 | 1,918.93 | (+) 617.77 |
| 4515-ਹੋਰ ਪੇਂਡੂ ਵਿਕਾਸ ਪ੍ਰੋਗਰਾਮਾਂ ਤੇ ਪੂੰਜੀਗਤ ਆਊਟਲੇਅ | 214.37 | 356.00 | (+) 141.63 |
| 4701-ਦਰਮਿਆਨੀ ਸਿੰਚਾਈ ਤੇ ਪੂੰਜੀਗਤ ਆਊਟਲੇਅ | 425.45 | 552.05 | (+) 126.60 |
| 4705-ਕਮਾਂਡ ਏਰੀਆ ਵਿਕਾਸ ਤੇ ਪੂੰਜੀਗਤ ਆਊਟਲੇਅ | 60.62 | 10.82 | (-) 49.80 |
| 4711- ਹੜ੍ਹ ਰੋਕਥਾਮ ਪ੍ਰੋਜੈਕਟਾਂ ਤੇ ਪੂੰਜੀਗਤ ਆਊਟਲੇਅ | 66.99 | 107.73 | (+) 40.74 |
| 4801-ਪਾਵਰ ਪ੍ਰੋਜੈਕਟਾਂ ਤੇ ਪੂੰਜੀਗਤ ਆਊਟਲੇਅ | 0.00 | 40.00 | (+) 40.00 |
| 5054-ਸੜ੍ਹਕਾਂ ਅਤੇ ਪੁਲਾਂ ਤੇ ਪੂੰਜੀਗਤ ਆਊਟਲੇਅ | 582.20 | 1,014.67 | (+) 432.47 |
| 5452-ਸੈਰ ਸਪਾਟੇ ਤੇ ਪੂੰਜੀਗਤ ਆਊਟਲੇਅ | 130.33 | 36.70 | (-) 93.63 |
| 5475-ਹੋਰ ਆਮ ਆਰਥਿਕ ਸੇਵਾਵਾਂ ਤੇ ਪੂੰਜੀਗਤ ਆਊਟਲੇਅ | 186.56 | 2,311.59 | (+) 2,125.03 |

*ਸ੍ਰੋਤ; ਵਿੱਤ ਲੇਖੇ*

**ਚਾਰਟ** 2.13 ਦਰਸਾਉਂਦਾ ਹੈ ਕਿ ਪੂੰਜੀਗਤ ਖਰਚੇ 2020-21 ਵਿੱਚ ₹ 4,382 ਕਰੋੜ ਤੋਂ ₹ 3,628 ਕਰੋੜ (82.79 *ਪ੍ਰਤੀਸ਼ਤ*) ਨਾਲ ਵੱਧ ਕੇ 2021-22 ਵਿੱਚ ₹ 8,010 ਕਰੋੜ ਰਹਿ ਗਿਆ। ਪੂੰਜੀਗਤ ਖਰਚੇ ਵਿੱਚ ਸਮੁੱਚਾ ਵਾਧਾ ਮੁੱਖ ਤੌਰ ਤੇ ਹੋਰ ਆਮ ਆਰਥਿਕ ਸੇਵਾਵਾਂ: ₹ 2,125 ਕਰੋੜ; ਸ਼ਹਿਰੀ ਵਿਕਾਸ ਤੇ ਪੂੰਜੀਗਤ ਆਊਟਲੇਅ: ₹ 618 ਕਰੋੜ; ਸੜਕਾਂ ਅਤੇ ਪੁਲਾਂ 'ਤੇ ਪੂੰਜੀਗਤ ਆਊਟਲੇਅ: ₹ 432 ਕਰੋੜ; ਦਰਮਿਆਨੀ ਸਿੰਜਾਈ ਤੇ ਪੂੰਜੀਗਤ ਆਊਟਲੇਅ: ₹ 127 ਕਰੋੜ ਆਦਿ ਦੇ ਕਾਰਣ ਸੀ, ਜਿਵੇਂ ਕਿ **ਸਾਰਣੀ** 2.27 ਵਿੱਚ ਵਿਸਥਾਰਤ ਕੀਤਾ ਗਿਆ ਹੈ। ਹੋਰ ਆਮ ਆਰਥਿਕ ਸੇਵਾਵਾਂ ਤੇ ਪੂੰਜੀਗਤ ਆਊਟਲੇਅ ਵਿੱਚ ₹ 2,125 ਕਰੋੜ ਦਾ ਵਾਧਾ ਮੁੱਖ ਤੌਰ ਤੇ 'ਮੁੱਖ ਕੰਮਾਂ' ਵਿੱਚ ₹ 1,390 ਕਰੋੜ ਅਤੇ 'ਅਨੁਸੂਚਿਤ ਜਾਤੀਆਂ ਲਈ ਸਪੈਸ਼ਲ ਕੰਪੋਨੈਂਟ ਪਲਾਨ' ਵਿੱਚ ₹ 679 ਕਰੋੜ ਦੇ ਕਾਰਣ ਸੀ।

### *2.4.2.2 ਪੂੰਜੀਗਤ ਖਰਚੇ ਦੀ ਗੁਣਵੱਤਾ*

ਜੇਕਰ ਰਾਜ ਸਰਕਾਰ ਘਾਟੇ ਵਿੱਚ ਚਲ ਰਹੀਆਂ ਅਜਿਹੀਆਂ ਸਰਕਾਰੀ ਕੰਪਨੀਆਂ ਵਿੱਚ ਨਿਵੇਸ਼ ਕਰਨਾ ਜਾਰੀ ਰੱਖਦੀ ਹੈ ਜਿਨ੍ਹਾਂ ਦੀ ਨੈਟ ਵਰਥ ਪੂਰੀ ਤਰ੍ਹਾਂ ਖਤਮ ਹੋ ਗਈ ਹੈ, ਤਾਂ ਨਿਵੇਸ਼ ਤੇ ਪ੍ਰਤੀਫਲ ਦੀਆਂ ਕੋਈ ਸੰਭਾਵਨਾਵਾਂ ਨਹੀਂ ਹਨ। ਇਸੇ ਤਰ੍ਹਾਂ, ਤਜਰਬਾ ਇਹ ਦਰਸਾਉਂਦਾ ਹੈ ਕਿ ਸ਼ੁਗਰ ਮਿੱਲਾਂ, ਵਿੱਤੀ ਕਾਰਪੋਰੇਸ਼ਨਾਂ, ਆਦਿ ਵਰਗੀਆਂ ਘਾਟੇ ਵਿੱਚ ਚਲ ਰਹੀਆਂ ਕਾਰਪੋਰੇਸ਼ਨਾਂ ਅਤੇ ਹੋਰ ਸੰਸਥਾਵਾਂ ਨੂੰ ਦਿੱਤੇ ਕਰਜ਼ਿਆਂ ਨੂੰ ਵੱਟੇ ਖਾਤੇ ਪਾਉਣਾ ਗੈਰ ਟਾਲਣਯੋਗ ਹੈ। ਅਜਿਹੇ ਵਿੱਤੀ ਆਪ੍ਰੇਸ਼ਨਾਂ ਵਿੱਚ ਪਾਰਦਰਸ਼ਤਾ ਲਿਆਉਣ ਲਈ ਲੋੜੀਂਦੇ ਕਦਮ ਚੁੱਕਣੇ ਪੈਣੇ ਹਨ। ਇਹ ਭਾਗ ਸਰਕਾਰ ਦੁਆਰਾ ਚਾਲੂ ਸਾਲ ਦੌਰਾਨ ਕੀਤੇ ਨਿਵੇਸ਼ਾਂ ਅਤੇ ਹੋਰ ਪੂੰਜੀਗਤ ਖਰਚੇ ਦਾ ਵਿਸ਼ਲੇਸ਼ਣ ਪੇਸ਼ ਕਰਦਾ ਹੈ।

### *(i)* ***ਕੰਪਨੀਆਂ, ਕਾਰਪੋਰੇਸ਼ਨਾਂ ਅਤੇ ਹੋਰ ਸੰਸਥਾਵਾਂ ਵਿੱਚ ਨਿਵੇਸ਼ ਦੀ ਗੁਣਵੱਤਾ***

ਕੰਪਨੀਆਂ, ਕਾਰਪੋਰੇਸ਼ਨਾਂ, ਅਤੇ ਹੋਰ ਸੰਸਥਾਵਾਂ ਜੋ ਕਿ ਘਾਟੇ ਵਿੱਚ ਚਲ ਰਹੀਆਂ ਹਨ ਜਾਂ ਜਿੱਥੇ ਨੈਟ ਵਰਥ ਪੂਰੀ ਤਰਾਂ ਖਤਮ ਹੋ ਗਈ ਹੈ, ਵਿੱਚ ਪੂੰਜੀਗਤ ਖਰਚਾ ਕਰਨਾ ਸਸਟੇਨੇਬਲ ਨਹੀਂ ਹੁੰਦਾ।

ਕੰਪਨੀਆਂ (ਜਿਵੇਂ ਕਿ ਡਿਸਕੌਮਜ਼), ਕਾਰਪੋਰੇਸ਼ਨਾਂ (ਜਿਵੇਂ ਕਿ ਐਸ ਸੀ ਅਤੇ ਐਸ ਟੀ ਵਿੱਤੀ ਕਾਰਪੋਰੇਸ਼ਨਾਂ) ਅਤੇ ਸਹਿਕਾਰੀ ਅਦਾਰੇ (ਜਿਵੇਂ ਕਿ ਖੰਡ ਮਿੱਲਾਂ), ਜਿਹੜੇ ਕਿ ਘਾਟੇ ਵਿੱਚ ਚਲ ਰਹੇ ਹਨ ਅਤੇ ਉਹ ਜਿੱਥੇ ਨੈਟ ਵਰਥ ਪੂਰੀ ਤਰਾਂ ਖਤਮ ਹੋ ਗਈ ਹੈ, ਵਿੱਚ ਕੀਤਾ ਗਿਆ ਨਿਵੇਸ਼ ਅਤੇ ਦਿੱਤੇ ਗਏ ਕਰਜ਼ੇ ਪੂੰਜੀਗਤ ਖਰਚੇ ਦੀ ਗੁਣਵੱਤਾ ਤੇ ਅਸਰ ਪਾਉਂਦੇ ਹਨ। ਜਨਤਕ ਖੇਤਰ ਦੇ ਅਦਾਰਿਆਂ (ਪੀ ਐਸ ਯੂਜ਼) ਵਿੱਚ ਨਿਵੇਸ਼ ਕੀਤੀ ਸ਼ੇਅਰ ਕੈਪੀਟਲ ਵਿੱਚ ਨਿਵੇਸ਼ ਤੇ ਪ੍ਰਤੀਫਲ ਅਤੇ ਵੱਖ ਵੱਖ ਸੰਸਥਾਵਾਂ ਨੂੰ ਦਿੱਤੇ ਗਏ ਕਰਜ਼ਿਆਂ ਦੀ ਮੁੜ ਅਦਾਇਗੀ ਦਾ ਇਤਿਹਾਸ, ਪੂੰਜੀਗਤ ਖਰਚੇ ਦੀ ਗੁਣਵੱਤਾ ਦੇ ਮਹੱਤਵਪੂਰਣ ਨਿਰਧਾਰਕ ਹਨ।

ਨਵੀਨਤਮ ਮੁਕੰਮਲ ਹੋਏ ਲੇਖਿਆਂ ਅਨੁਸਾਰ, 2021-22 ਦੇ ਅੰਤ ਵਿੱਚ, ਰਾਜ ਦੇ 33 ਕਾਰਜਸ਼ੀਲ ਪੀ ਐਸ ਯੂਜ਼ ਦੀ ਕੁੱਲ ਪੇਡ ਅਪ ਪੂੰਜੀ ₹ 23,516.93 ਕਰੋੜ ਸੀ, ਜਿਸ ਵਿੱਚੋਂ ਰਾਜ ਦੇ 23 ਪੀ ਐਸ ਯੂਜ਼ ਵਿੱਚ ਰਾਜ ਸਰਕਾਰ ਦਾ ਨਿਵੇਸ਼ (ਇਕਿਊਟੀ) ₹ 23,314.29 ਕਰੋੜ (99.14 *ਪ੍ਰਤੀਸ਼ਤ*) ਸੀ।

ਰਾਜ ਦੇ ਗਿਆਰ੍ਹਾਂ ਪੀ ਐਸ ਯੂਜ਼, ਜਿਨ੍ਹਾਂ ਵਿੱਚ ਰਾਜ ਸਰਕਾਰ ਨੇ ₹ 22,501.24 ਕਰੋੜ ਦਾ ਨਿਵੇਸ਼ ਕੀਤਾ ਸੀ, ਦੇ ਕੁੱਲ ਘਾਟੇ ਇੱਕਠੇ ਹੋ ਕੇ ₹ 13,465.82 ਕਰੋੜ ***(ਅੰਤਿਕਾ** 2.3)* ਹੋ ਗਏ।

ਇੱਕਠੇ ਹੋਏ ਘਾਟੇ ਵਾਲੇ ਉਪਰ ਦੱਸੇ ਗਏ 11 ਪੀ ਐਸ ਯੂਜ਼ ਵਿੱਚੋਂ ਅੱਠ ਦੀ ਨੈਟ ਵਰਥ ਪੂਰੀ ਤਰ੍ਹਾਂ ਖਤਮ ਹੋ ਗਈ ਸੀ ਅਤੇ ਇਨ੍ਹਾਂ ਦਾ ਨੈਟ ਵਰਥ ਨੇਗੇਟਿਵ ਹੋ ਚੁੱਕਾ ਸੀ। 31 ਮਾਰਚ 2022 ਨੂੰ ਇਨ੍ਹਾਂ ਅੱਠ ਪੀ ਐਸ ਯੂਜ਼ ਦਾ ਨੈਟ ਵਰਥ, ਇਨ੍ਹਾਂ ਪੀ ਐਸ ਯੂਜ਼ ਵਿੱਚ ₹ 462.86 ਕਰੋੜ (ਪੰਜਾਬ ਸਰਕਾਰ ਦਾ ਨਿਵੇਸ਼: ₹ 423.42 ਕਰੋੜ) ਦੇ ਇਕਿਊਟੀ ਨਿਵੇਸ਼ ਦੀ ਤੁਲਨਾ ਵਿੱਚ (-) ₹ 7,093.18 ਕਰੋੜ ਸੀ। ਅੱਠ ਪੀ ਐਸ ਯੂਜ਼ ਵਿੱਚੋਂ ਪੰਜ ਜਿਨ੍ਹਾਂ ਦੀ ਪੂੰਜੀ ਖਤਮ ਹੋ ਗਈ ਸੀ 31 ਮਾਰਚ 2022 ਤੱਕ ₹ 20,079.11 ਕਰੋੜ ਦੀ ਰਾਸ਼ੀ ਦੇ ਸਰਕਾਰ ਦੇ ਕਰਜ਼ੇ ਬਕਾਇਆ ਸਨ *(**ਅੰਤਿਕਾ** 2.4)*।

31 ਮਾਰਚ 2022 ਨੂੰ ਰਾਜ ਸਰਕਾਰ ਵੱਲੋਂ ਅੱਠ ਪੀ ਐਸ ਯੂਜ਼ ਨੂੰ ਦਿੱਤੇ ₹ 25,907.24 ਕਰੋੜ ਦੀ ਰਾਸ਼ੀ ਦੇ ਦੀਰਘ ਕਾਲੀਨ ਕਰਜ਼ੇ ਬਕਾਇਆ ਪਏ ਸਨ *(**ਅੰਤਿਕਾ** 2.5)*।

ਕੰਪਨੀਆਂ, ਕਾਰਪੋਰੇਸ਼ਨਾਂ, ਅਤੇ ਸਹਿਕਾਰੀ ਬੈਂਕਾਂ ਤੇ ਸੁਸਾਇਟੀਆਂ ਵਿੱਚ ਨਿਵੇਸ਼ 'ਤੇ ਪ੍ਰਤੀਫਲ, ਸਰਕਾਰ ਵਲੋਂ ਉਧਾਰ ਲੈਣ ਦੀ ਲਾਗਤ ਅਤੇ ਨਿਵੇਸ਼ 'ਤੇ ਪ੍ਰਤੀਫਲ ਵਿਚਕਾਰ ਅੰਤਰ ਦੇ ਰੁਝਾਨਾਂ ਨੂੰ **ਸਾਰਣੀ** 2.28 ਵਿੱਚ ਦਰਸਾਇਆ ਗਿਆ ਹੈ।

**ਸਾਰਣੀ 2.28: ਨਿਵੇਸ਼ ਤੇ ਪ੍ਰਤੀਫਲ**

| ਨਿਵੇਸ਼/ਪ੍ਰਤੀਫਲ/ਉਧਾਰ ਲੈਣ ਦੀ ਲਾਗਤ | 2017-18 | 2018-19 | 2019-20 | 2020-21 | 2021-22 |
|---|---|---|---|---|---|
| ਸਾਲ ਦੇ ਅਖੀਰ ਤੇ ਨਿਵੇਸ਼ (₹ ਕਰੋੜ ਵਿੱਚ) | 4,189.27 | 4,263.25 | 19,898.08 | 19,911.84 | 19,899.69 |
| ਪ੍ਰਤੀਫਲ (₹ ਕਰੋੜ ਵਿੱਚ) * | 4.45 | 4.24 | 4.24 | 1.26 | 6.66 |
| ਪ੍ਰਤੀਫਲ (*ਪ੍ਰਤੀਸ਼ਤ*)* | 0.11 | 0.10 | 0.02 | 0.01 | 0.03 |
| ਸਰਕਾਰ ਦੇ ਉਧਾਰਾਂ ਤੇ ਔਸਤ ਵਿਆਜ ਦਰ (*ਪ੍ਰਤੀਸ਼ਤ*) | 7.70 | 8.36 | 7.31 | 6.80 | 7.08 |
| ਵਿਆਜ ਦੀ ਦਰ ਅਤੇ ਪ੍ਰਤੀਫਲ ਵਿਚਕਾਰ ਅੰਤਰ (*ਪ੍ਰਤੀਸ਼ਤ*) | 7.59 | 8.26 | 7.29 | 6.79 | 7.05 |
| ਸਰਕਾਰ ਦੀ ਉਧਾਰ ਲੈਣ ਦੀ ਲਾਗਤ ਅਤੇ ਨਿਵੇਸ਼ 'ਤੇ ਪ੍ਰਤੀਫਲ ਵਿਚਕਾਰ ਅੰਤਰ (₹ ਕਰੋੜ ਵਿੱਚ)# | 317.97 | 352.14 | 1,450.57 | 1,352.01 | 1,402.93 |

*ਸ੍ਰੋਤ: ਵਿੱਤ ਲੇਖੇ* ** ਹਿਸਟੌਰੀਕਲ ਲਾਗਤ ਤੇ*

*# ਸਾਲ ਦੇ ਅਖੀਰ ਵਿੱਚ ਨਿਵੇਸ਼ X ਵਿਆਜ ਦੀ ਦਰ ਅਤੇ ਪ੍ਰਤੀਫਲ ਵਿਚਕਾਰ ਅੰਤਰ / 100*

2021-22 ਦੌਰਾਨ ਨਿਵੇਸ਼ ਤੇ ਪ੍ਰਤੀਫਲ ₹ 6.66 ਕਰੋੜ[9] (0.03 *ਪ੍ਰਤੀਸ਼ਤ*) (ਨਿਰੋਲ ਮੌਜੂਦਾ ਮੁੱਲ ਤੇ ਨਾ ਹੋ ਕੇ ਹਿਸਟੌਰੀਕਲ ਲਾਗਤ ਤੇ ਅਧਾਰਤ) ਸੀ। ਇਹ ਪ੍ਰਤੀਫਲ 2017-22 ਦੌਰਾਨ ਕੇਵਲ 0.01 *ਪ੍ਰਤੀਸ਼ਤ* ਅਤੇ 0.11 *ਪ੍ਰਤੀਸ਼ਤ* ਦੇ ਵਿਚਕਾਰ ਸੀ ਜਦੋਂਕਿ ਇਸੇ ਸਮੇਂ ਦੌਰਾਨ ਰਾਜ ਸਰਕਾਰ ਵਲੋਂ ਆਪਣੇ ਉਧਾਰਾਂ ਤੇ ਦਿੱਤੇ ਗਏ ਵਿਆਜ ਦੀ ਔਸਤ ਦਰ 6.80 *ਪ੍ਰਤੀਸ਼ਤ* ਅਤੇ 8.36 *ਪ੍ਰਤੀਸ਼ਤ* ਦੇ ਵਿਚਕਾਰ ਸੀ। ਪਿਛਲੇ ਪੰਜ ਸਾਲਾਂ ਦੌਰਾਨ ਸਰਕਾਰ ਦੇ ਉਧਾਰਾਂ ਦੀ ਲਾਗਤ ਅਤੇ ਪੀ ਐਸ ਯੂਜ਼ ਵਿੱਚ ਨਿਵੇਸ਼ਾਂ ਤੇ ਪ੍ਰਤੀਫਲ ਦਾ ਅੰਤਰ ₹ 4,875.62 ਕਰੋੜ ਤੱਕ ਸੀ।

### *(ii) ਸਰਕਾਰ ਦੇ ਨਿਵੇਸ਼ਾਂ ਦਾ ਕੰਪਨੀਆਂ ਦੇ ਲੇਖਿਆਂ ਨਾਲ ਮਿਲਾਨ ਕਰਨਾ*

ਰਾਜ ਜਨਤਕ ਖੇਤਰ ਦੇ ਅਦਾਰਿਆ (ਪੀ ਐਸ ਯੂਜ਼) ਵਿੱਚ ਇਕਿਊਟੀ ਵਜੋਂ ਕੀਤੇ ਸਰਕਾਰ ਦੇ ਨਿਵੇਸ਼ਾਂ ਦੀਆਂ ਰਾਸ਼ੀਆਂ ਇਨ੍ਹਾਂ ਪੀ ਐਸ ਯੂਜ਼ ਦੇ ਲੇਖਿਆਂ ਵਿੱਚ ਇੰਦਰਾਜ ਕੀਤੀਆਂ ਰਾਸ਼ੀਆਂ ਨਾਲ ਮੇਲ ਖਾਂਦੀਆਂ ਹੋਣੀਆਂ ਚਾਹੀਦੀਆਂ ਹਨ। ਰਾਸ਼ੀਆਂ ਦਾ ਮਿਲਾਨ ਪੀ ਐਸ ਯੂਜ਼ ਦੇ ਲੇਖਿਆਂ ਅਤੇ ਰਾਜ ਸਰਕਾਰ ਦੇ ਵਿੱਤ ਲੇਖਿਆਂ ਵਿੱਚ ਅੰਤਰ ਦਾ ਪਤਾ ਲਾਉਣ ਲਈ ਜ਼ਰੂਰੀ ਹੈ। ਦੋਵਾਂ ਲੇਖਿਆਂ ਦੀ ਪੜਤਾਲ ਨੇ ਦਰਸਾਇਆ ਕਿ ਵਿੱਤ ਲੇਖਿਆਂ ਅਨੁਸਾਰ 18 ਪੀ ਐਸ ਯੂਜ਼ ਵਿੱਚ ਇਕਿਊਟੀ ਵਜੋਂ ਸਰਕਾਰ ਦਾ ਨਿਵੇਸ਼ ₹ 19,012.15 ਕਰੋੜ ਸੀ ਜਦੋਂਕਿ ਪੀ ਐਸ ਯੂਜ਼ ਦੇ ਰਿਕਾਰਡ ਅਨੁਸਾਰ, ਇਹ ₹ 23,104.50 ਕਰੋੜ ਸੀ। ਇਥੇ ₹ 4,092.35 ਕਰੋੜ ਦਾ ਅੰਤਰ ਸੀ ਜਿਵੇਂ ਕਿ ***ਅੰਤਿਕਾ 2.6*** ਵਿੱਚ ਵਿਸਥਾਰ ਦਿੱਤਾ ਗਿਆ ਹੈ। ਅੰਤਰ ਦਾ ਪਤਾ ਲਾਉਣ ਲਈ ਸਮਾਂ-ਬੱਧ ਤਰੀਕੇ ਨਾਲ ਮਿਲਾਨ ਕੀਤਾ ਜਾਣਾ ਚਾਹੀਦਾ ਹੈ।

9 ਸਰਕਾਰੀ ਕੰਪਨੀਆਂ (₹ 6.49 ਕਰੋੜ): ਸੰਯੁਕਤ ਸਟਾਕ ਕੰਪਨੀਆਂ (₹ 0.16 ਕਰੋੜ); ਸਹਿਕਾਰੀ ਬੈਂਕਾਂ ਅਤੇ ਸੁਸਾਇਟੀਆਂ (₹ 0.01 ਕਰੋੜ)।

### *(iii) ਰਾਜ ਸਰਕਾਰ ਵੱਲੋਂ ਕਰਜ਼ੇ ਅਤੇ ਪੇਸ਼ਗੀਆਂ*

ਸਹਿਕਾਰੀ ਸੁਸਾਇਟੀਆਂ, ਕਾਰਪੋਰੇਸ਼ਨਾਂ ਅਤੇ ਕੰਪਨੀਆਂ ਵਿੱਚ ਨਿਵੇਸ਼ਾਂ ਤੋਂ ਇਲਾਵਾ ਰਾਜ ਸਰਕਾਰ ਕਈ ਸੰਸਥਾਵਾਂ/ਸੰਗਠਨਾਂ ਨੂੰ ਵੀ ਕਰਜ਼ੇ ਅਤੇ ਪੇਸ਼ਗੀਆਂ ਦਿੰਦੀ ਰਹੀ ਹੈ। **ਸਾਰਣੀ** 2.29, 31 ਮਾਰਚ 2022 ਨੂੰ ਬਕਾਇਆ ਕਰਜ਼ੇ ਅਤੇ ਪੇਸ਼ਗੀਆਂ ਦੀ ਸਥਿਤੀ ਅਤੇ ਰਾਜ ਸਰਕਾਰ ਵੱਲੋਂ ਪਿਛਲੇ ਪੰਜ ਸਾਲਾਂ ਦੌਰਾਨ ਵਿਆਜ ਪ੍ਰਾਪਤੀਆਂ ਦੀ ਤੁਲਨਾ ਵਿੱਚ ਆਪਣੇ ਉਧਾਰਾਂ ਤੇ ਕੀਤੀਆਂ ਵਿਆਜ ਅਦਾਇਗੀਆਂ ਨੂੰ ਦਰਸਾਉਂਦੀ ਹੈ।

**ਸਾਰਣੀ 2.29: ਸਾਲ 2017-22 ਦੌਰਾਨ ਦਿੱਤੇ ਗਏ ਅਤੇ ਵਸੂਲ ਕੀਤੇ ਗਏ ਕਰਜ਼ਿਆਂ ਦੀ ਮਾਤਰਾ**

*(₹ ਕਰੋੜ ਵਿੱਚ)*

| ਵੇਰਵੇ | 2017-18 | 2018-19 | 2019-20 | 2020-21 | 2021-22 |
|---|---|---|---|---|---|
| ਬਕਾਇਆ ਕਰਜ਼ਿਆਂ ਦਾ ਮੁਢਲਾ ਬਕਾਇਆ | 49,482 | 50,169 | 50,681 | 35,394 | 36,300 |
| ਸਾਲ ਦੌਰਾਨ ਪੇਸ਼ਗੀ ਦਿੱਤੀ ਰਾਸ਼ੀ | 760 | 1,361 | 783 | 956 | 1,576 |
| ਸਾਲ ਦੌਰਾਨ ਵਸੂਲ ਕੀਤੀ ਰਾਸ਼ੀ | 73 | 849 | 16,070 | 50 | 206 |
| ਬਕਾਇਆ ਪਏ ਕਰਜ਼ਿਆਂ ਦਾ ਅੰਤਿਮ ਬਕਾਇਆ | 50,169 | 50,681 | 35,394 | 36,300 | 37,670 |
| ਨਿਰੋਲ ਵਾਧਾ | 687 | 512 | (-)15,287 | 906 | 1,370 |
| ਪ੍ਰਾਪਤ ਕੀਤਾ ਵਿਆਜ | 1,339 | 1,341 | 1,336 | 25 | 19 |
| ਸਰਕਾਰ ਵਲੋਂ ਦਿੱਤੇ ਕਰਜ਼ੇ ਅਤੇ ਪੇਸ਼ਗੀਆਂ 'ਤੇ ਵਿਆਜ ਦੀ ਦਰ | 2.69 | 2.66 | 3.10 | 0.07 | 0.05 |
| ਸਰਕਾਰ ਦੇ ਬਕਾਇਆ ਉਧਾਰਾਂ ਤੇ ਅਦਾ ਕੀਤੇ ਵਿਆਜ ਦੀ ਦਰ | 8.12 | 8.00 | 7.93 | 7.44 | 7.05 |
| ਪ੍ਰਾਪਤ ਕੀਤੇ ਅਤੇ ਅਦਾ ਕੀਤੇ ਵਿਆਜ ਦੀ ਦਰ ਵਿਚਕਾਰ ਅੰਤਰ (*ਪ੍ਰਤੀਸ਼ਤ*) | (-)5.43 | (-)5.34 | (-)4.83 | (-)7.37 | (-) 7.00 |

*ਸ੍ਰੋਤ: ਵਿੱਤ ਲੇਖੇ*

ਪਿਛਲੇ ਸਾਲ ਦੇ ₹ 956 ਕਰੋੜ ਦੀ ਤੁਲਨਾ ਵਿੱਚ 2021-22 ਦੌਰਾਨ ₹ 1,576 ਕਰੋੜ ਕਰਜ਼ੇ ਵਜੋਂ ਦਿੱਤੇ ਗਏ ਸਨ। ਚਾਲੂ ਸਾਲ ਦੌਰਾਨ ਦਿੱਤੇ ਗਏ ਕਰਜ਼ਿਆਂ ਵਿੱਚ ਪੰਜਾਬ ਰਾਜ ਸਿਵਲ ਸਪਲਾਈਜ਼ ਕਾਰਪੋਰੇਸ਼ਨ (ਪਨਸਪ) ਨੂੰ ਜ਼ਰੂਰੀ ਵਸਤਾਂ ਦੀ ਖਰੀਦ ਅਤੇ ਸਪਲਾਈ ਲਈ ਦਿੱਤੇ ₹ 601 ਕਰੋੜ ਅਤੇ ਦੂਜੀਆਂ ਖਰੀਦ ਏਜੰਸੀਆਂ ਨੂੰ ਆਟਾ ਦਾਲ ਸਕੀਮ ਦੀ ਦੇਣਦਾਰੀ ਦੇ ਵਿਰੁੱਧ ਦਿੱਤੇ ₹ 438 ਕਰੋੜ ਸ਼ਾਮਲ ਸਨ। ਸਾਲ ਦੇ ਸ਼ੁਰੂ ਵਿੱਚ ਸਹਿਕਾਰੀ ਖੰਡ ਮਿੱਲਾਂ ਦੇ ਵਿਰੁੱਧ ₹ 1,184.22 ਕਰੋੜ ਦੀ ਰਾਸ਼ੀ ਦੇ ਕਰਜ਼ੇ ਬਕਾਇਆ ਸਨ। ਇਸ ਤੋਂ ਇਲਾਵਾ, ਪਹਿਲੇ ਕਰਜ਼ਿਆਂ ਦੀ ਵਸੂਲੀ ਕੀਤੇ ਬਗੈਰ, ਇਨ੍ਹਾਂ ਖੰਡ ਮਿੱਲਾਂ ਨੂੰ ₹ 285 ਕਰੋੜ ਦੇ ਕਰਜ਼ੇ ਦਿੱਤੇ ਗਏ ਸਨ।

ਰਾਜ ਸਰਕਾਰ ਦੁਆਰਾ ਦਿੱਤੇ ਕੁੱਲ ਬਕਾਇਆ ਕਰਜ਼ੇ, 2020-21 ਵਿੱਚ ₹ 36,300 ਕਰੋੜ ਤੋਂ ₹ 1,370 ਕਰੋੜ ਨਾਲ ਵਧ ਕੇ ਸਾਲ 2021-22 ਵਿੱਚ ₹ 37,670 ਕਰੋੜ ਹੋ ਗਏ। ਕਰਜ਼ਿਆਂ ਦੀ ਵਸੂਲੀ ਵਿੱਚ ਵਾਧਾ ਅਤੇ ਵਿਆਜ ਪ੍ਰਾਪਤੀਆਂ ਵਿੱਚ ਕਮੀ 2020-21 ਦੇ ਮੁਕਾਬਲੇ 2021-22

ਵਿੱਚ ਕ੍ਰਮਵਾਰ ₹ 156 ਕਰੋੜ (312 *ਪ੍ਰਤੀਸ਼ਤ*) ਅਤੇ ₹ 6.00 ਕਰੋੜ (24 *ਪ੍ਰਤੀਸ਼ਤ*) ਰਿਹਾ। ਸਾਲ 2021-22 ਦੌਰਾਨ ਪ੍ਰਾਪਤ ਕੀਤਾ ਵਿਆਜ, ਬਕਾਇਆ ਕਰਜ਼ਿਆਂ ਅਤੇ ਪੇਸ਼ਗੀਆਂ ਦਾ ਸਿਰਫ 0.05 *ਪ੍ਰਤੀਸ਼ਤ* ਸੀ।

ਸਾਲ 2021-22 ਦੇ ਅੰਤ ਵਿੱਚ ਬਕਾਇਆ ਕਰਜ਼ਿਆਂ (₹ 37,670 ਕਰੋੜ) ਵਿੱਚ ਰਾਜ ਸਰਕਾਰ ਦੁਆਰਾ ਹੇਠ ਲਿਖਤ ਲਈ ਦਿੱਤੇ ₹ 33,973 ਕਰੋੜ ਵਿੱਚੋਂ ₹ 32,592 ਕਰੋੜ ਦੇ ਦੀਰਘ ਕਾਲੀਨ ਕਰਜ਼ੇ ਸ਼ਾਮਲ ਸਨ -

- 2016-17 ਦੌਰਾਨ ਖੁਰਾਕ ਖਰੀਦ ਅਪਰੇਸ਼ਨਾਂ ਲਈ ਵਿਰਾਸਤੀ ਕੈਸ਼ ਕਰੈਡਿਟ ਦੇ ਲੇਖਿਆਂ (₹ 29,920 ਕਰੋੜ[10]) ਦੇ ਯੱਕਮੁਸ਼ਤ ਨਿਪਟਾਰੇ ਲਈ, ਜਿਸ ਵਿੱਚੋਂ ₹ 29,244 ਕਰੋੜ ਬਕਾਇਆ ਸਨ ; ਅਤੇ
- ਪੰਜ ਰਾਜ ਖਰੀਦ ਏਜੰਸੀਆਂ (ਐਸ ਪੀ ਏ) ਨੂੰ 2016-22 ਦੌਰਾਨ ਨਵੀਂ ਦਿੱਤੀ ਗਈ ਬਕਾਇਆ ਕੈਸ਼ ਕ੍ਰੈਡਿਟ ਲਿਮਟ (ਸੀ ਸੀ ਐਲ) (₹ 4,053 ਕਰੋੜ) ਦਾ ਨਿਪਟਾਰਾ ਕਰਨ ਲਈ, ਜਿਸ ਵਿਚੋਂ ₹ 3,307 ਕਰੋੜ[11] ਬਕਾਇਆ ਪਏ ਸਨ।

ਇੰਜ ਪੁਰਾਣੀ ਅਤੇ ਨਵੀਂ ਸੀ ਸੀ ਐਲ ਦਾ ਨਿਪਟਾਰਾ ਕਰਨ ਲਈ ਐਸ ਪੀ ਏਜ਼ ਨੂੰ 2016-22 ਦੌਰਾਨ ਪੇਸ਼ਗੀ ਦਿੱਤੇ ₹ 33,973 ਕਰੋੜ ਦੀ ਕੁੱਲ ਰਾਸ਼ੀ ਦੇ ਵਿਰੁੱਧ, ਕੇਵਲ ₹ 1,422 ਕਰੋੜ[12] ਦੀ ਹੀ ਵਸੂਲੀ ਕੀਤੀ ਗਈ ਸੀ।

### *(iv) ਅਧੂਰੇ ਪ੍ਰੋਜੈਕਟਾਂ ਵਿੱਚ ਅਟਕੀ ਪੂੰਜੀ*

ਅਧੂਰੇ ਪਏ ਪੂੰਜੀਗਤ ਕੰਮਾਂ ਵਿੱਚ ਅਟਕੀ ਪੂੰਜੀ ਦੇ ਰੁਝਾਨਾਂ ਦਾ ਮੁਲਾਂਕਣ ਵੀ ਪੂੰਜੀਗਤ ਖਰਚੇ ਦੀ ਗੁਣਵੱਤਾ ਦਾ ਸੰਕੇਤ ਦੇਵੇਗਾ। ਅਧੂਰੇ ਪ੍ਰੋਜੈਕਟਾਂ/ਕੰਮਾਂ ਵਿੱਚ ਅਟਕੇ ਫੰਡ ਖਰਚੇ ਦੀ ਗੁਣਵੱਤਾ ਤੇ ਮਾੜਾ ਪ੍ਰਭਾਵ ਪਾਉਂਦੇ ਹਨ ਅਤੇ ਲੰਮੇ ਸਮੇਂ ਲਈ ਰਾਜ ਨੂੰ ਚਿਤਵੇ ਲਾਭਾਂ ਤੋਂ ਵਾਂਝੇ ਰਹਿਣਾ ਪੈਂਦਾ ਹੈ। ਇਸ ਤੋਂ ਇਲਾਵਾ, ਇਨ੍ਹਾਂ ਪ੍ਰੋਜੈਕਟਾਂ ਨੂੰ ਲਾਗੂ ਕਰਨ ਲਈ ਸਬੰਧਤ ਸਾਲਾਂ ਦੌਰਾਨ ਉਧਾਰ ਲਏ ਗਏ ਫੰਡ, ਕਰਜ਼ਾ ਵਾਪਸੀ ਅਤੇ ਵਿਆਜ ਦੇਣਦਾਰੀਆਂ ਦੀ ਸੂਰਤ ਵਿੱਚ ਵਾਧੂ ਬੋਝ ਦਾ ਕਾਰਣ ਬਣਦੇ ਹਨ। ਅਧੂਰੇ ਪ੍ਰੋਜੈਕਟ, ਜੋਕਿ 2021-22 ਤੱਕ ਪੂਰੇ ਹੋਣੇ ਸਨ, ਦੇ ਸਮਾਂਵਾਰ ਅਤੇ ਵਿਭਾਗ ਵਾਰ ਵੇਰਵੇ ਕ੍ਰਮਵਾਰ **ਸਾਰਣੀ** 2.30 ਅਤੇ **ਸਾਰਣੀ** 2.31 ਵਿੱਚ ਦਰਸਾਏ ਗਏ ਹਨ।

---

10 ਇਸ ਕਰਜ਼ੇ ਨੂੰ ਰਾਜ ਸਰਕਾਰ ਦੁਆਰਾ ₹ 270 ਕਰੋੜ (ਵਿਆਜ ਸਮੇਤ) ਦੀਆਂ ਮਹੀਨਾਵਾਰ ਬਰਾਬਰ ਕਿਸ਼ਤਾਂ ਵਿੱਚ ਵਾਪਸ ਕਰਨਾ ਹੈ, ਸਿਵਾਏ ₹ 115 ਕਰੋੜ ਦੀ ਆਖਰੀ ਕਿਸ਼ਤ ਦੇ ਜਿਸਦੀ ਕਿ ਸਤੰਬਰ 2034 ਵਿੱਚ ਅਦਾਇਗੀ ਕੀਤੀ ਜਾਣੀ ਹੈ।

11 ਇਸ ਤੋਂ ਇਲਾਵਾ, ਪਨਸਪ ਤੋਂ 2010-11 ਤੋਂ ਪਹਿਲਾਂ ਦੇ ਸਮੇ ਨਾਲ ਸਬੰਧਤ ₹ 41 ਕਰੋੜ ਵੀ ਬਕਾਇਆ ਪਏ ਸਨ।

12 ₹ 29,920 ਕਰੋੜ ਦੇ ਵਿਰੁੱਧ ₹ 675 ਕਰੋੜ (2017-18: ₹ 26 ਕਰੋੜ, 2018-19: ₹ 61 ਕਰੋੜ, 2019-20: ₹ 405 ਕਰੋੜ, 2020-21: ₹ 11 ਕਰੋੜ ਅਤੇ 2021-22: ₹ 172 ਕਰੋੜ); ਅਤੇ ₹ 3,452 ਕਰੋੜ ਦੇ ਵਿਰੁੱਧ ₹ 747 ਕਰੋੜ (2018-22)।

**ਸਾਰਣੀ 2.30: 31 ਮਾਰਚ 2022 ਦੀ ਸਥਿਤੀ ਅਨੁਸਾਰ ਅਧੂਰੇ ਪ੍ਰੋਜੈਕਟਾਂ ਦੀ ਸਮਾਂਵਾਰ ਰੂਪ ਰੇਖਾ**

*(₹ ਕਰੋੜ ਵਿੱਚ)*

| ਆਰੰਭ ਹੋਣ ਦਾ ਸਾਲ | ਅਧੂਰੇ ਪ੍ਰੋਜੈਕਟਾਂ ਦੀ ਸੰਖਿਆ | ਅਨੁਮਾਨਤ ਲਾਗਤ | ਖਰਚਾ (31 ਮਾਰਚ 2022 ਤੱਕ) |
|---|---|---|---|
| 2012-13 ਤੱਕ | 3 | 2,543.96 | 1,026.38 |
| 2013-14 | 0 | 0.00 | 0.00 |
| 2014-15 | 0 | 0.00 | 0.00 |
| 2015-16 | 3 | 77.42 | 14.09 |
| 2016-17 | 2 | 82.15 | 44.26 |
| 2017-18 | 2 | 67.64 | 51.10 |
| 2018-19 | 10 | 199.54 | 110.41 |
| 2019-20 | 8 | 233.59 | 134.85 |
| 2020-21 | 21 | 222.34 | 103.64 |
| 2021-22 | 37 | 170.50 | 79.01 |
| **ਜੋੜ** | **86** | **3,597.14** | **1,563.74** |

**ਸਾਰਣੀ 2.31: 31 ਮਾਰਚ 2022 ਦੀ ਸਥਿਤੀ ਅਨੁਸਾਰ ਅਧੂਰੇ ਪ੍ਰੋਜੈਕਟਾਂ ਦੀ ਵਿਭਾਗਵਾਰ ਰੂਪ ਰੇਖਾ**

*(₹ ਕਰੋੜ ਵਿੱਚ)*

| ਵਿਭਾਗ | ਅਧੂਰੇ ਪ੍ਰੋਜੈਕਟਾਂ ਦੀ ਸੰਖਿਆ | ਅਨੁਮਾਨਤ ਲਾਗਤ | ਖਰਚਾ (31 ਮਾਰਚ 2022 ਤੱਕ) |
|---|---|---|---|
| ਲੋਕ ਨਿਰਮਾਣ | 58 | 890.36 | 457.41 |
| ਸਿੰਜਾਈ | 20 | 2,644.66 | 1,067.83 |
| ਜਲ ਸਪਲਾਈ ਅਤੇ ਸੈਨੀਟੇਸ਼ਨ | 8 | 62.12 | 38.50 |
| **ਜੋੜ** | **86** | **3,597.14** | **1,563.74** |

*ਸ੍ਰੋਤ: ਵਿੱਤ ਲੇਖੇ*

ਛਿਆਸੀ ਅਧੂਰੇ ਪ੍ਰੋਜੈਕਟਾਂ ਤੇ ਕੀਤੇ ₹ 1,563.74 ਕਰੋੜ ਦੇ ਖਰਚੇ ਤੋਂ ਚਿਤਵੇ ਲਾਭ ਮਿਲਣੇ ਅਜੇ ਬਾਕੀ ਸਨ। 86 ਅਧੂਰੇ ਪ੍ਰੋਜੈਕਟਾਂ ਵਿਚੋਂ, 20 ਪ੍ਰੋਜੈਕਟਾਂ ਜਿਨ੍ਹਾਂ ਤੇ ₹ 1,246.24 ਕਰੋੜ ਦਾ ਖਰਚਾ ਕੀਤਾ ਗਿਆ ਸੀ, ਸਾਲ 2019-20 ਤੋਂ ਪਹਿਲਾਂ ਦੇ ਸਮੇਂ ਨਾਲ ਸਬੰਧਤ ਸਨ।

ਪ੍ਰੋਜੈਕਟਾਂ ਦੇ ਪੂਰੇ ਹੋਣ ਵਿੱਚ ਦੇਰੀ ਨੇ ਨਾ ਕੇਵਲ ਖਰਚੇ ਦੀ ਗੁਣਵੱਤਾ ਤੇ ਮਾੜਾ ਅਸਰ ਪਾਇਆ ਸਗੋਂ ਇਸ ਨੇ ਰਾਜ ਨੂੰ ਚਿਤਵੇ ਲਾਭਾਂ ਅਤੇ ਆਰਥਿਕ ਵਿਕਾਸ ਤੋਂ ਵੀ ਵਾਂਝੇ ਰੱਖਿਆ।

### *2.4.2.3 ਪਬਲਿਕ ਪ੍ਰਾਈਵੇਟ ਪਾਰਟਨਰਸ਼ਿਪ ਪ੍ਰੋਜੈਕਟਾਂ ਅਧੀਨ ਰਾਜ ਦੇ ਸਾਧਨਾਂ ਦੀ ਉਪਲਬਧਤਾ*

ਪਬਲਿਕ ਪ੍ਰਾਈਵੇਟ ਪਾਰਟਨਰਸ਼ਿਪ (ਪੀ ਪੀ ਪੀ) ਇਕ ਪ੍ਰਬੰਧ ਹੈ ਜੋ ਸਰਕਾਰ ਜਾਂ ਵਿਧਾਨਕ ਇਕਾਈ ਅਤੇ ਕਿਸੇ ਪ੍ਰਾਈਵੇਟ ਖੇਤਰ ਦੀ ਇਕਾਈ ਵਿਚਕਾਰ ਅਜਿਹਾ ਫਰੇਮਵਰਕ ਮੁਹੱਈਆ ਕਰਵਾਉਂਦਾ ਹੈ ਜਿਹੜਾ ਕਿ ਇਨ੍ਹਾਂ ਨੂੰ ਬੁਨਿਆਦੀ ਢਾਚੇ ਦੇ ਵਿਕਾਸ ਲਈ ਜਨਤਾ ਦੀ ਵਧ ਰਹੀ ਮੰਗ ਨੂੰ ਪੂਰਾ ਕਰਨ ਲਈ, ਮਿਲ ਕੇ ਕੰਮ ਕਰਨ ਦੇ ਯੋਗ ਬਣਾਉਂਦਾ ਹੈ। ਪੀ ਪੀ ਪੀ ਪ੍ਰੋਜੈਕਟਾਂ ਦੇ ਖੇਤਰ-ਵਾਰ ਵੇਰਵੇ **ਸਾਰਣੀ** 2.32 ਵਿੱਚ ਦਿੱਤੇ ਗਏ ਹਨ।

## ਸਾਰਣੀ 2.32: ਪੀ ਪੀ ਪੀ ਪ੍ਰੋਜੈਕਟਾਂ ਦੇ 31 ਮਾਰਚ 2022 ਦੀ ਸਥਿਤੀ ਅਨੁਸਾਰ ਸੈਕਟਰ ਵਾਰ ਵੇਰਵੇ

*(₹ ਕਰੋੜ ਵਿੱਚ)*

| ਲੜੀ ਨੰ. | ਸੈਕਟਰ | ਮੁਕੰਮਲ ਹੋਏ | | | ਚਲ ਰਹੇ | | | ਭਵਿੱਖ ਲਈ ਬਣਾਈ ਯੋਜਨਾ | |
|---|---|---|---|---|---|---|---|---|---|
| | | ਸੰਖਿਆ | ਅਨੁਮਾਨਤ ਲਾਗਤ | 31 ਮਾਰਚ 2022 ਤੱਕ ਜਨਰੇਟ ਹੋਇਆ ਰੈਵੀਨਿਊ | ਸੰਖਿਆ | ਅਨੁਮਾਨਤ ਲਾਗਤ | 31 ਮਾਰਚ 2022 ਤੱਕ ਜਨਰੇਟ ਹੋਇਆ ਰੈਵੀਨਿਊ | ਸੰਖਿਆ | ਅਨੁਮਾਨਤ ਲਾਗਤ |
| 1. | ਸੜਕਾਂ | 14 | 1,027.02 | 60.00 | -- | -- | -- | -- | -- |
| 2. | ਸ਼ਹਿਰੀ ਬੁਨਿਆਦੀ ਢਾਂਚਾ | 01[13] | 9.00 | 1.05 | 02[14] | 130.00 | -- | 02[15] | 255.00 |
| 3. | ਖੇਤੀਬਾੜੀ | 04[16] | 177.35 | 6.30 | -- | -- | -- | 02[17] | 44.00 |
| 4. | ਸਥਾਨਕ ਸਰਕਾਰ | 01[18] | 57.78 | 5.02 | -- | -- | -- | -- | -- |
| 5. | ਸਿਹਤ ਤੇ ਪਰਿਵਾਰ ਭਲਾਈ | 01[19] | 131.16 | 136.41 | 06[20] | 383.64 | 125.34 | -- | -- |
| 6. | ਸਿੱਖਿਆ ਵਿਕਾਸ | 05 | 36.76 | -- | 19 | 85.82 | -- | -- | -- |
| 7. | ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ | -- | -- | -- | 03[21] | 213.30 | 41.25* | -- | -- |
| 8. | ਰੁਜ਼ਗਾਰ ਉੱਤਪਤੀ ਅਤੇ ਹੁਨਰ ਵਿਕਾਸ | 8[22] | 7.65 | -- | 4[23] | 3.15 | 0.25 | 8[24] | 15.60 |
| 9. | ਰੈਵੀਨਿਊ ਮੁੜ ਵਸੇਬਾ ਅਤੇ ਆਫਤ ਪ੍ਰਬੰਧਨ | -- | -- | -- | 1[25] | 40.00 | 76.00 | | |
| **ਜੋੜ** | | **34** | **1,446.72** | **208.78** | **35** | **855.91** | **242.84** | **12** | **314.60** |

*ਸ੍ਰੋਤ: ਵਿਭਾਗੀ ਸੂਚਨਾ*

** ₹ 10.18 ਕਰੋੜ ਦਾ ਜਨਰੇਟ ਕੀਤਾ ਰੈਵੀਨਿਊ ਸ਼ਾਮਲ ਹੈ ਪ੍ਰੰਤੂ 31 ਮਾਰਚ 2022 ਤੱਕ ਪ੍ਰਾਪਤ ਨਹੀ ਹੋਇਆ।*

---

13 ਅੰਮ੍ਰਿਤਸਰ ਵਿਖੇ ਸਥਿਤ ਸ਼ਹਿਰੀ ਹਾਟ ਦਾ ਨਵੀਨੀਕਰਣ ਸੰਚਾਲਨ ਅਤੇ ਰੱਖ ਰਖਾਅ।

14 (i) ਲੁਧਿਆਣਾ ਵਿਖੇ ਪ੍ਰਦਰਸ਼ਨੀ ਕੇਂਦਰ ਦੀ ਉਸਾਰੀ ਅਤੇ ਰੱਖ-ਰਖਾਅ, (ii) ਅੰਮ੍ਰਿਤਸਰ ਵਿਖੇ ਹੋਟਲ ਹੈਰੀਟੇਜ਼ ਦਾ ਵਿਕਾਸ ਨਵੀਨੀਕਰਣ, ਸੰਚਾਲਨ ਅਤੇ ਰੱਖ-ਰਖਾਅ।

15 ਅੰਮ੍ਰਿਤਸਰ ਕਮਰਸ਼ੀਅਲ ਕੰਪਲੈਕਸ-ਕਮ-ਕਨਵੈਨਸ਼ਨ ਕੇਂਦਰ ਦਾ ਵਿਕਾਸ; (ii) ਪਠਾਨਕੋਟ ਡਲਹੌਜ਼ੀ ਸੜਕ ਤੇ ਅੰਤਰਰਾਸ਼ਟਰੀ ਸਟੈਂਡਰਡ ਟੂਰਿਜ਼ਮ ਦਾ ਵਿਕਾਸ।

16 (i) ਨਵਾਂ ਸ਼ਹਿਰ ਪਾਵਰ ਪਲਾਂਟ ਲਿਮਟਡ ਵੱਲੋਂ ਬੂਟ ਅਧਾਰ ਤੇ ਸਥਾਪਤ ਕੀਤਾ ਨਵਾਂ ਸ਼ਹਿਰ ਸਹਿਕਾਰੀ ਖੰਡ ਮਿੱਲ (15 ਐਮ ਡਬਲਿਊ) ਕੋ-ਜਨਰੇਸ਼ਨ ਪ੍ਰੋਜੈਕਟ, (ii) ਸਟੀਲ ਸਿਲੋਸ, ਸੁਨਾਮ (iii) ਸਟੀਲ ਸਿਲੋਸ ਅਹਿਮਦਗੜ੍ਹ (iv) ਸਟੀਲ ਸਿਲੋਸ, ਮਲੇਰਕੋਟਲਾ।

17 (i) ਸਹਿਕਾਰੀ ਖੰਡ ਮਿੱਲ, ਬਟਾਲਾ ਵਿਖੇ ਬਟਾਲਾ ਬਾਇਓ-ਸੀ ਐਨ ਜੀ ਪ੍ਰੋਜੈਕਟ; ਅਤੇ (ii) ਭੋਗਪੁਰ ਸਹਿਕਾਰੀ ਖੰਡ ਮਿੱਲ, ਭੋਗਪੁਰ ਵਿਖੇ ਭੋਗਪੁਰ ਬਾਇਓ-ਸੀ ਐਨ ਜੀ ਪ੍ਰੋਜੈਕਟ।

18 ਲੁਧਿਆਣਾ ਸਮਾਰਟ ਸਿਟੀ ਲਿਮਟਡ ਅਧੀਨ ਲੁਧਿਆਣਾ ਵਿਖੇ ਸਟਰੀਟ ਲਾਈਟ ਈ ਐਸ ਸੀ ਓ ਦੀ ਸਥਾਪਤੀ।

19 ਪੰਜਾਬ ਇੰਸਟੀਚਿਊਟ ਆਫ ਮੈਡੀਕਲ ਸਾਇੰਸਜ਼ ਹਸਪਤਾਲ ਅਤੇ ਮੈਡੀਕਲ ਕਾਲਜ, ਗੜ੍ਹਾ ਰੋਡ ਜਲੰਧਰ।

20 (i) ਪੰਜਾਬ ਵਿੱਚ ਚੁਣੇ ਗਏ ਹਸਪਤਾਲਾਂ ਵਿੱਚ ਰੇਡੀਓ ਡਾਇਗਨੌਸਟਿਕਸ ਕੇਂਦਰ ਦਾ ਵਿਕਾਸ, ਸੰਚਾਲਨ ਅਤੇ ਰੱਖ-ਰਖਾਅ, (ii) ਪੰਜਾਬ ਵਿੱਚ ਚੁਣੇ ਗਏ ਹਸਪਤਾਲਾਂ ਵਿੱਚ ਲੈਬਾਰਟਰੀ ਡਾਇਗਨੌਸਟਿਕਸ ਕੇਂਦਰ ਦਾ ਵਿਕਾਸ, ਸੰਚਾਲਨ ਅਤੇ ਰੱਖ-ਰਖਾਅ, (iii) ਪੀ ਪੀ ਪੀ ਮਾਡਲ ਤੇ ਕਾਰਡੀਅਕ ਸਹੂਲਤਾਂ ਦੀ ਸਥਾਪਨਾ, ਸੰਚਾਲਨ ਅਤੇ ਰੱਖ ਰਖਾਅ, (iv) ਮੋਹਾਲੀ ਵਿਖੇ ਡੀ ਬੀ ਓ ਟੀ ਅਧਾਰ ਤੇ ਗ੍ਰੀਨ ਫੀਲਡ ਸੁਪਰ ਸਪੈਸ਼ਲਿਟੀ ਹਸਪਤਾਲ ਦਾ ਵਿਕਾਸ, (v) ਬਠਿੰਡਾ ਵਿਖੇ ਡੀ ਬੀ ਓ ਟੀ ਅਧਾਰ ਤੇ ਗਰੀਨ ਫੀਲਡ ਸੁਪਰ ਸਪੈਸ਼ਲਿਟੀ ਹਸਪਤਾਲ ਦਾ ਵਿਕਾਸ, (vi) ਫਤਿਹਗੜ੍ਹ ਸਾਹਿਬ ਵਿਖੇ ਜੱਚਾ ਅਤੇ ਬੱਚਾ ਹਸਪਤਾਲ ਦਾ ਵਿਕਾਸ।

21 (i) ਸਰਕਾਰੀ ਪੌਲੀਟੈਕਨਿਕ ਕਾਲਜ, ਪਿੰਡ ਚੋਖਰਾ, ਐਸ ਬੀ ਐਸ ਨਗਰ, (ii) ਸਰਕਾਰੀ ਪੌਲੀਟੈਕਨਿਕ ਕਾਲਜ, ਅਨੰਦਪੁਰ ਸਾਹਿਬ, ਰੋਪੜ ਅਤੇ (iii) 76 ਉਦਯੋਗਿਕ ਸਿਖਲਾਈ ਸੰਸਥਾਵਾਂ।

22 ਹੁਸ਼ਿਆਰਪੁਰ, ਅੰਮ੍ਰਿਤਸਰ, ਜਲੰਧਰ, ਅਤੇ ਲੁਧਿਆਣਾ, ਬਠਿੰਡਾ ਵਿਖੇ ਮਲਟੀ ਸਕਿੱਲ ਵਿਕਾਸ ਕੇਂਦਰ (ਐਮ ਐਸ ਡੀ ਸੀ)। ਪਟਿਆਲਾ , ਅੰਮ੍ਰਿਤਸਰ ਅਤੇ ਫਰੀਦਕੋਟ ਵਿਖੇ ਸਿਹਤ ਖੇਤਰ ਸਕਿੱਲ ਵਿਕਾਸ ਕੇਂਦਰ (ਐਚ ਐਸ ਡੀ ਸੀ)।

23 ਅੰਮ੍ਰਿਤਸਰ ਅਤੇ ਲੁਧਿਆਣਾ ਵਿਖੇ ਮਲਟੀ ਸਕਿੱਲ ਵਿਕਾਸ ਕੇਂਦਰ (ਐਮ ਐਸ ਡੀ ਸੀ) ਪਟਿਆਲਾ ਅਤੇ ਅੰਮ੍ਰਿਤਸਰ ਵਿਖੇ ਸਿਹਤ ਖੇਤਰ ਸਕਿੱਲ ਵਿਕਾਸ ਕੇਂਦਰ (ਐਚ ਐਸ ਡੀ ਸੀ)।

24 ਹੁਸ਼ਿਆਰਪੁਰ, ਅੰਮ੍ਰਿਤਸਰ, ਜਲੰਧਰ ਅਤੇ ਲੁਧਿਆਣਾ, ਬਠਿੰਡਾ ਵਿਖੇ ਮਲਟੀ ਸਕਿੱਲ ਵਿਕਾਸ ਕੇਂਦਰ (ਐਮ ਐਸ ਡੀ ਸੀ)। ਪਟਿਆਲਾ, ਅੰਮ੍ਰਿਤਸਰ ਅਤੇ ਫਰੀਦਕੋਟ ਵਿਖੇ ਸਿਹਤ ਖੇਤਰ ਸਕਿੱਲ ਵਿਕਾਸ ਕੇਂਦਰ (ਐਚ ਐਸ ਡੀ ਸੀ)।

25 (i) ਨਾਗਰਿਕ ਸੇਵਾਵਾਂ ਕੇਂਦਰਾਂ ਦੇ ਅਮਲਾਂ ਅਤੇ ਸੰਚਾਲਨ ਅਤੇ ਪ੍ਰਬੰਧਨ ਰਾਹੀ ਕੰਪਿਊਟਰੀਕਰਣ ਅਤੇ ਲੈਂਡ ਰਿਕਾਰਡ ਪ੍ਰਬੰਧਨ ਪ੍ਰਣਾਲੀ ਅਤੇ ਨਾਗਰਿਕ ਦੀ ਵਿਵਸਥਾ ਅਤੇ ਬੈਕ ਐਂਡ ਸੇਵਾਵਾਂ।

### 2.4.3 ਖਰਚੇ ਦੀਆਂ ਤਰਜੀਹਾਂ

ਮਨੁੱਖੀ ਵਿਕਾਸ ਦੇ ਪੱਧਰਾਂ ਨੂੰ ਉੱਚਾ ਚੁਕਣ ਲਈ, ਰਾਜਾਂ ਨੂੰ ਮਹੱਤਵਪੂਰਣ ਸਮਾਜਿਕ ਸੇਵਾਵਾਂ ਜਿਵੇਂ ਕਿ ਸਿੱਖਿਆ, ਸਿਹਤ, ਆਦਿ ਉੱਤੇ ਆਪਣੇ ਖਰਚਿਆਂ ਨੂੰ ਵਧਾਉਣ ਦੀ ਜ਼ਰੂਰਤ ਹੈ। ਜੇਕਰ ਇਹ ਵੰਡ ਸਬੰਧਤ ਰਾਸ਼ਟਰੀ ਔਸਤ ਤੋਂ ਨੀਵੀਂ ਹੈ ਤਾਂ ਉਸ ਵਿਸ਼ੇਸ਼ ਸੈਕਟਰ ਨੂੰ ਘੱਟ ਵਿੱਤੀ ਤਰਜੀਹ (ਕਿਸੇ ਸ਼੍ਰੇਣੀ ਅਧੀਨ ਖਰਚੇ ਦੀ ਕੁੱਲ ਖਰਚੇ ਨੂੰ ਰੇਸ਼ੋ) ਦਿੱਤੀ ਗਈ ਹੈ। ਕੁੱਲ ਖਰਚੇ ਨੂੰ ਇਨ੍ਹਾਂ ਕੰਪੋਨੈਂਟਾਂ ਦੀ ਜਿੰਨੀ ਉਚੇਰੀ ਰੇਸ਼ੋ ਹੋਵੇਗੀ, ਖਰਚੇ ਦੀ ਗੁਣਵੱਤਾ ਓਨੀ ਹੀ ਬਿਹਤਰ ਸਮਝੀ ਜਾਵੇਗੀ। ਸਮਾਜਿਕ ਅਤੇ ਆਰਥਿਕ ਖੇਤਰ ਉੱਤੇ ਖਰਚੇ, ਆਦਿ ਦੇ ਸੰਬੰਧ ਵਿੱਚ ਰਾਜ ਸਰਕਾਰ ਦੀ ਵਿੱਤੀ ਤਰਜੀਹ[26] ਨੂੰ **ਸਾਰਣੀ** 2.33 ਵਿੱਚ ਦਰਸਾਇਆ ਗਿਆ ਹੈ।

**ਸਾਰਣੀ 2.33: ਸਿਹਤ, ਸਿੱਖਿਆ ਅਤੇ ਪੂੰਜੀਗਤ ਖਰਚੇ ਨਾਲ ਸਬੰਧਤ ਰਾਜ ਦੇ ਖਰਚੇ ਦੀ ਤਰਜੀਹ**

(*ਪ੍ਰਤੀਸ਼ਤ* ਵਿੱਚ)

| | ਟੀ ਈ/ ਜੀ ਐਸ ਡੀ ਪੀ | ਸੀ ਈ /ਟੀ ਈ | ਸਿੱਖਿਆ*/ਟੀ ਈ | ਸਿਹਤ/ ਟੀ ਈ |
|---|---|---|---|---|
| **ਆਮ ਸ਼੍ਰੇਣੀ ਰਾਜਾਂ ਦੀ ਔਸਤ** (2017-18) | 16.13 | 15.56 | 15.173 | 5.09 |
| **ਪੰਜਾਬ** (2017-18) | 13.92 | 4.75 | 14.31 | 4.19 |
| **ਆਮ ਸ਼੍ਰੇਣੀ ਰਾਜਾਂ ਦੀ ਔਸਤ** (2021-22) | 15.84 | 14.41 | 14.06 | 6.20 |
| **ਪੰਜਾਬ** (2021-22) | 18.19 | 9.02 | 12.15 | 3.71 |

*ਸ੍ਰੋਤ: ਹਿੰਦਸਿਆਂ ਦੀ ਆਂਕਣਾ ਸਬੰਧਿਤ ਰਾਜਾਂ ਦੇ ਵਿੱਤ ਲੇਖਿਆਂ ਦੇ ਆਧਾਰ ਤੇ ਕੀਤੀ ਗਈ*

*ਟੀ ਈ : ਕੁੱਲ ਖਰਚਾ ਅਤੇ ਸੀ ਈ: ਪੂੰਜੀਗਤ ਖਰਚਾ ( ਦਿੱਤੇ ਗਏ ਕਰਜੇ ਅਤੇ ਪੇਸ਼ਗੀਆਂ ਸ਼ਾਮਲ ਹਨ )*

** ਸਿੱਖਿਆ ਉੱਤੇ ਖਰਚੇ ਵਿੱਚ ਖੇਡਾਂ, ਕਲਾ ਅਤੇ ਸੱਭਿਆਚਾਰ ਉੱਤੇ ਖਰਚਾ ਸ਼ਾਮਲ ਹੈ।*

**ਸਾਰਣੀ 2.33** ਦਰਸਾਉਂਦੀ ਹੈ ਕਿ:

- ਜੀ ਐਸ ਡੀ ਪੀ ਦੇ ਅਨੁਪਾਤ ਵਜੋਂ ਰਾਜ ਸਰਕਾਰ ਦਾ ਕੁੱਲ ਖਰਚਾ 2017-18 ਵਿੱਚ 13.92 *ਪ੍ਰਤੀਸ਼ਤ* ਤੋਂ ਵਧ ਕੇ 2021-22 ਵਿੱਚ 18.19 *ਪ੍ਰਤੀਸ਼ਤ* ਹੋ ਗਿਆ, ਜਦੋਂਕਿ ਆਮ ਸ਼੍ਰੇਣੀ ਰਾਜਾਂ (ਜੀ ਸੀ ਐਸ) ਲਈ ਇਸੇ ਸਮੇਂ ਦੌਰਾਨ ਇਹ 16.13 *ਪ੍ਰਤੀਸ਼ਤ* ਤੋਂ ਘਟ ਕੇ 15.84 *ਪ੍ਰਤੀਸ਼ਤ* ਰਹਿ ਗਿਆ।

- ਪੂੰਜੀਗਤ ਖਰਚਾ ਜਾਇਦਾਦ ਸਿਰਜਣਾ ਵਿੱਚ ਸਹਾਈ ਹੁੰਦਾ ਹੈ, ਜਿਸ ਨਾਲ ਉਚੇਰੇ ਵਿਕਾਸ ਲਈ ਮੌਕੇ ਪੈਦਾ ਹੁੰਦੇ ਹਨ। ਪੂੰਜੀਗਤ ਖਰਚੇ ਦੀ ਕੁੱਲ ਖਰਚੇ ਨੂੰ ਰੇਸ਼ੋ 2017-18 ਵਿੱਚ 4.75 *ਪ੍ਰਤੀਸ਼ਤ* ਤੋਂ ਵਧ ਕੇ 2021-22 ਵਿੱਚ 9.02 *ਪ੍ਰਤੀਸ਼ਤ* ਹੋ ਗਈ। ਇਹ ਰੇਸ਼ੋ ਆਮ ਸ਼੍ਰੇਣੀ ਰਾਜਾਂ ਲਈ ਇਸੇ ਸਮੇਂ ਦੌਰਾਨ ਘਟ ਕੇ 15.56 *ਪ੍ਰਤੀਸ਼ਤ* ਤੋਂ 14.41 *ਪ੍ਰਤੀਸ਼ਤ* ਰਹਿ ਗਈ।

---

26 ਉਸ ਸ਼੍ਰੇਣੀ ਵਿੱਚ ਖਰਚੇ ਦੀ ਕੁੱਲ ਖਰਚੇ (ਟੀ ਈ) ਨੂੰ ਰੇਸ਼ੋ ।

- ਪੰਜਾਬ ਵਿੱਚ ਸਿੱਖਿਆ 'ਤੇ ਖਰਚੇ ਦੀ ਕੁੱਲ ਖਰਚੇ ਨੂੰ ਰੇਸ਼ੋ 2017-18 ਵਿੱਚ 14.31 *ਪ੍ਰਤੀਸ਼ਤ* ਤੋਂ ਘਟ ਕੇ 2021-22 ਵਿੱਚ 12.15 *ਪ੍ਰਤੀਸ਼ਤ* ਰਹਿ ਗਈ ਜਦੋਂਕਿ ਇਸੇ ਸਮੇਂ ਦੌਰਾਨ ਜੀ ਸੀ ਐਸ ਦੇ ਮਾਮਲੇ ਵਿੱਚ ਇਹ 15.17 *ਪ੍ਰਤੀਸ਼ਤ* ਤੋਂ ਘਟ ਕੇ 14.66 *ਪ੍ਰਤੀਸ਼ਤ* ਰਹਿ ਗਈ।

- ਪੰਜਾਬ ਵਿੱਚ ਸਿਹਤ 'ਤੇ ਖਰਚੇ ਦੀ ਕੁੱਲ ਖਰਚੇ ਨੂੰ ਰੇਸ਼ੋ 2017-18 ਵਿੱਚ 4.19 *ਪ੍ਰਤੀਸ਼ਤ* ਤੋਂ ਘਟ ਕੇ 2021-22 ਵਿੱਚ 3.71 *ਪ੍ਰਤੀਸ਼ਤ* ਰਹਿ ਗਈ ਜਦੋਂਕਿ ਜੀ ਸੀ ਐਸ ਦੇ ਮਾਮਲੇ ਵਿੱਚ ਇਸੇ ਸਮੇਂ ਦੌਰਾਨ ਇਹ 5.09 *ਪ੍ਰਤੀਸ਼ਤ* ਤੋਂ ਵੱਧ ਕੇ 6.20 *ਪ੍ਰਤੀਸ਼ਤ* ਹੋ ਗਈ।

## 2.4.4 ਆਬਜੈਕਟ ਮੱਦ-ਵਾਰ ਖਰਚਾ

ਆਬਜੈਕਟ ਮੱਦ-ਵਾਰ ਖਰਚਾ, ਖਰਚੇ ਦੇ ਆਬਜੈਕਟ/ਮੰਤਵ ਬਾਰੇ ਜਾਣਕਾਰੀ ਦਿੰਦਾ ਹੈ। **ਚਾਰਟ 2.14** ਆਬਜੈਕਟ ਮੱਦ ਵਾਰ ਖਰਚੇ ਨੂੰ ਦਰਸਾਉਂਦਾ ਹੈ।

**ਚਾਰਟ 2.14: 2021-22 ਦੌਰਾਨ ਆਬਜੈਕਟ ਮੱਦ-ਵਾਰ ਖਰਚਾ**




*ਸ੍ਰੋਤ: ਵਿੱਤ ਲੇਖੇ*

*ਨੋਟ: ਵੀ ਐਲ ਸੀ ਡਾਟਾ ਤੋਂ ਲਏ ਆਬਜੈਕਟ ਮੱਦ-ਵਾਰ ਖਰਚੇ ਵਿੱਚ ਸਾਰੀਆਂ ਮੁੱਖ ਮੱਦਾਂ ਵਿੱਚ ਤਨਖਾਹਾਂ ਤੇ ਉਜਰਤਾਂ ਅਤੇ ਪੈਨਸ਼ਨਾਂ ਉੱਤੇ ਮੱਦ-ਵਾਰ ਖਰਚਾ ਸ਼ਾਮਲ ਹੈ ਜੋਕਿ ਇਨ੍ਹਾਂ ਆਈਟਮਾਂ ਤੇ ਵਚਨਬੱਧ ਖਰਚੇ ਨਾਲੋਂ ਭਿੰਨ ਹੈ (ਜਿਵੇਂ ਕਿ ਪੈਰ੍ਹਾ 2.4.1.2 ਵਿੱਚ ਦਰਸਾਇਆ ਗਿਆ ਹੈ)।*

## 2.5 ਲੋਕ ਲੇਖਾ

ਕੁੱਝ ਵਿੱਤੀ ਕਾਰਵਿਹਾਰਾਂ ਜਿਵੇਂ ਕਿ ਛੋਟੀਆਂ ਬੱਚਤਾਂ, ਪ੍ਰਾਵੀਡੈਂਟ ਫੰਡ, ਰਾਖਵੇਂ ਫੰਡ, ਡਿਪਾਜ਼ਿਟਸ, ਸਸਪੈਂਸ, ਰੈਮੀਟੈਂਸਜ਼ ਆਦਿ ਨਾਲ ਸਬੰਧਤ ਪ੍ਰਾਪਤੀਆਂ ਅਤੇ ਅਦਾਇਗੀਆਂ, ਜਿਹੜੀਆਂ ਕਿ ਰਾਜ ਦੇ ਸੰਚਿਤ ਫੰਡ ਦਾ ਹਿੱਸਾ ਨਹੀਂ ਬਣਦੀਆਂ, ਨੂੰ ਸੰਵਿਧਾਨ ਦੇ ਅਨੁਛੇਦ 266(2) ਅਧੀਨ ਸਥਾਪਤ ਲੋਕ ਲੇਖੇ ਵਿੱਚ ਰੱਖਿਆ ਜਾਂਦਾ ਹੈ ਅਤੇ ਇਹ ਰਾਜ ਵਿਧਾਨ ਪਾਲਿਕਾ ਦੀ ਵੋਟ ਅਧੀਨ ਨਹੀਂ ਹੁੰਦੀਆਂ। ਇੱਥੇ, ਸਰਕਾਰ ਇਨ੍ਹਾਂ ਦੇ ਸਬੰਧ ਵਿੱਚ ਬੈਂਕਰ ਵਜੋਂ ਕੰਮ ਕਰਦੀ ਹੈ। ਸਾਲ ਦੌਰਾਨ ਭੁਗਤਾਨ ਕਰਨ ਤੋਂ ਬਾਅਦ ਬਚਿਆ ਬਕਾਇਆ ਉਹ ਫੰਡ ਹੈ ਜੋ ਸਰਕਾਰ ਕੋਲ ਵੱਖ-ਵੱਖ ਮੰਤਵਾਂ ਲਈ ਵਰਤੋਂ ਲਈ ਉਪਲਬੱਧ ਹੁੰਦਾ ਹੈ।

### 2.5.1 ਨਿਰੋਲ ਲੋਕ ਲੇਖੇ ਦੇ ਬਕਾਏ

ਰਾਜ ਦੇ ਲੋਕ ਲੇਖੇ ਵਿੱਚ ਕੰਪੋਨੈਂਟ-ਵਾਰ ਨਿਰੋਲ ਬਕਾਏ **ਸਾਰਣੀ** 2.34 ਵਿੱਚ ਦਿੱਤੇ ਗਏ ਹਨ ਅਤੇ ਲੋਕ ਲੇਖੇ ਦੇ ਬਕਾਇਆਂ ਦੀ ਰਚਨਾ ਵਿੱਚ ਸਲਾਨਾ ਬਦਲਾਅ **ਚਾਰਟ** 2.15 ਵਿੱਚ ਦਰਸਾਏ ਗਏ ਹਨ।

**ਸਾਰਣੀ 2.34: ਲੋਕ ਲੇਖੇ ਵਿੱਚ ਕੰਪੋਨੈਂਟ-ਵਾਰ ਨਿਰੋਲ ਬਕਾਏ**

*(₹ ਕਰੋੜ ਵਿੱਚ)*

| ਸੈਕਟਰ | ਉਪ-ਸੈਕਟਰ | 2017-18 | 2018-19 | 2019-20 | 2020-21 | 2021-22 |
|---|---|---|---|---|---|---|
| ਛੋਟੀਆਂ ਬੱਚਤਾਂ, ਪ੍ਰਾਵੀਡੈਂਟ ਫੰਡ, ਆਦਿ | ਛੋਟੀਆਂ ਬੱਚਤਾਂ, ਪ੍ਰਾਵੀਡੈਂਟ ਫੰਡ, ਆਦਿ | (-)21,729.73 | (-)22,993.55 | (-)22,995.06 | (-)22,149.54 | (-)22,187.70 |
| ਰਾਖਵੇਂ ਫੰਡ | (ੳ) ਵਿਆਜਯੋਗ ਰਾਖਵੇਂ ਫੰਡ | (-)5,519.49 | (-)6,402.59 | (-)8,203.96 | (-)8,583.58 | (-)9,508.56 |
| | (ਅ) ਵਿਆਜਰਹਿਤ ਰਾਖਵੇਂ ਫੰਡ | (-)0.68 | (-)0.68 | (-)253.20 | (-)1,211.33 | (-)3,127.96 |
| ਡਿਪਾਜ਼ਿਟਸ ਅਤੇ ਪੇਸ਼ਗੀਆਂ | (ੳ) ਵਿਆਜਯੋਗ ਡਿਪਾਜ਼ਿਟਸ | (-)825.92 | (-)808.08 | (-)776.16 | (-)880.98 | (-)1,400.28 |
| | (ਅ) ਵਿਆਜਰਹਿਤ ਡਿਪਾਜ਼ਿਟਸ | (-)2,273.62 | (-)2,581.87 | (-)3,045.22 | (-)3,023.68 | (-)3,384.82 |
| | (ੲ) ਪੇਸ਼ਗੀਆਂ | 0.42 | 0.42 | 0.42 | 0.42 | 0.42 |
| ਸਸਪੈਂਸ ਅਤੇ ਫੁਟਕਲ | (ੳ) ਸਸਪੈਂਸ | 50.87 | (-)38.05 | (-)8.47 | (-)102.69 | 129.71 |
| | (ਅ) ਹੋਰ ਲੇਖੇ | 562.71 | 1,272.82 | 1,511.04 | 7,787.14 | 3,521.09 |
| | (ੲ) ਬਾਹਰਲੇ ਦੇਸ਼ਾਂ ਦੀਆਂ ਸਰਕਾਰਾਂ ਨਾਲ ਲੇਖੇ | 0.66 | 0.66 | 0.66 | 0.66 | 0.66 |
| | (ਸ) ਫੁਟਕਲ | 0 | 0 | 0 | 0 | 0.00 |
| ਰੈਮੀਟੈਂਸਜ਼ | (ੳ) ਮਨੀ ਆਰਡਰਜ਼ ਅਤੇ ਹੋਰ ਰੈਮੀਟੈਂਸਜ਼ | 0 | (-)9.02 | 2.68 | 40.85 | 18.04 |
| | (ਅ) ਅੰਤਰ-ਸਰਕਾਰ ਸਮਾਯੋਜਨ ਲੇਖਾ | 13.59 | 11.93 | 22.59 | 43.05 | 57.40 |
| **ਜੋੜ** | | **(-)29,721.19** | **(-)31,548.01** | **(-)33,744.68** | **(-)28,079.68** | **(-)35,882.00** |

*ਸ੍ਰੋਤ: ਵਿੱਤ ਲੇਖੇ*

*ਨੋਟ: ਜਮ੍ਹਾਂ (+) ਵਿੱਚ ਸੰਖਿਆਵਾਂ ਡੈਬਿਟ ਬਕਾਏ ਨੂੰ ਦਰਸਾਉਂਦੀਆਂ ਹਨ ਅਤੇ ਘਟਾਅ( -) ਵਿੱਚ ਸੰਖਿਆਵਾਂ ਕਰੈਡਿਟ ਬਕਾਇਆਂ ਨੂੰ ਦਰਸਾਉਂਦੀਆਂ ਹਨ।*

**ਚਾਰਟ 2.15: ਲੋਕ ਲੇਖੇ ਦੇ ਬਕਾਇਆਂ ਦੀ ਰਚਨਾ ਵਿੱਚ ਸਲਾਨਾ ਬਦਲਾਅ**

*(₹ ਕਰੋੜ ਵਿੱਚ)*




*ਸ੍ਰੋਤ: ਵਿੱਤ ਲੇਖੇ*

## 2.5.2 ਰਾਖਵੇਂ ਫੰਡ

ਰਾਖਵੇਂ ਫੰਡ ਰਾਜ ਸਰਕਾਰ ਦੇ ਲੋਕ ਲੇਖੇ ਅਧੀਨ ਵਿਸ਼ੇਸ਼ ਅਤੇ ਪ੍ਰਭਾਸ਼ਿਤ ਮੰਤਵਾਂ ਲਈ ਬਣਾਏ ਜਾਂਦੇ ਹਨ। ਇਨਾਂ ਫੰਡਾਂ ਦੀ ਪੂਰਤੀ ਸੰਚਿਤ ਫੰਡ ਜਾਂ ਬਾਹਰੀ ਏਜੰਸੀਆਂ ਤੋਂ ਯੋਗਦਾਨਾਂ ਜਾਂ ਗ੍ਰਾਂਟਾਂ ਦੁਆਰਾ ਕੀਤੀ ਜਾਂਦੀ ਹੈ। ਇਸ ਵਿੱਚ ਵਿਆਜਯੋਗ ਰਾਖਵੇਂ ਫੰਡ ਅਤੇ ਵਿਆਜ-ਰਹਿਤ ਰਾਖਵੇਂ ਫੰਡ ਸ਼ਾਮਲ ਹਨ।

ਰਾਖਵੇਂ ਫੰਡਾਂ ਦੇ ਵੇਰਵੇ ਵਿੱਤ ਲੇਖਿਆਂ ਦੀ ਵਿਵਰਣੀ 21 ਅਤੇ 22 ਵਿੱਚ ਉਪਲੱਬਧ ਹਨ। 31 ਮਾਰਚ 2022 ਨੂੰ ਛੇ ਵਿਆਜਯੋਗ ਅਤੇ ਦੋ ਵਿਆਜ-ਰਹਿਤ ਰਾਖਵੇਂ ਫੰਡ ਸਨ। 31 ਮਾਰਚ 2022 ਨੂੰ ਇਨ੍ਹਾਂ ਰਾਖਵੇਂ ਫੰਡਾਂ ਵਿੱਚ ਪਏ ਬਕਾਇਆਂ ਨੂੰ **ਸਾਰਣੀ** 2.35 ਵਿੱਚ ਦਿੱਤਾ ਗਿਆ ਹੈ।

**ਸਾਰਣੀ 2.35: ਰਾਖਵੇਂ ਫੰਡ ਦੇ ਵੇਰਵੇ**

*(₹ ਕਰੋੜ ਵਿੱਚ)*

| ਲੜੀ ਨੰ. | ਰਾਖਵੇਂ ਫੰਡ ਦਾ ਨਾਂਅ | 31 ਮਾਰਚ 2022 ਨੂੰ ਬਕਾਇਆ |
|---|---|---|
| **ੳ** | **ਵਿਆਜਯੋਗ ਰਾਖਵੇਂ ਫੰਡ** | **9,508.56** |
| 1. | ਡੈਪਰੀਸੀਏਸ਼ਨ ਰਾਖਵੇਂ ਫੰਡ-ਮੋਟਰ ਟਰਾਂਸਪੋਰਟ | 116.70 |
| 2. | ਡੈਪਰੀਸੀਏਸ਼ਨ ਰਾਖਵੇਂ ਫੰਡ-ਸਰਕਾਰੀ ਪ੍ਰੈਸਾਂ | 28.05 |
| 3. | ਜਨਰਲ ਰਾਖਵੇਂ ਫੰਡ-ਮੋਟਰ ਟਰਾਂਸਪੋਰਟ | 0.72 |
| 4. | ਪੰਜਾਬ ਸੜਕ ਸੁਰੱਖਿਆ ਫੰਡ | 61.01 |
| 5. | ਰਾਜ ਆਫਤ ਰਿਸਪਾਂਸ ਫੰਡ | 8,194.08 |
| 6. | ਰਾਜ ਕੰਮਪੈਂਸੇਟਰੀ ਅਫੋਰੈਸਟੇਸ਼ਨ ਫੰਡ | 1,108.00 |
| **ਅ** | **ਵਿਆਜ-ਰਹਿਤ ਰਾਖਵੇਂ ਫੰਡ** | **3,127.96** |
| 1. | ਸਿੰਕਿੰਗ ਫੰਡ | 3,127.26 |
| 2. | ਹੋਰ ਵਿਕਾਸ ਅਤੇ ਭਲਾਈ ਫੰਡ | 0.70 |
| | ਕੁਲ ਜੋੜ | **12,636.52** |

*ਸ੍ਰੋਤ: ਵਿੱਤ ਲੇਖੇ*

### *2.5.2.1 ਸੰਚਿਤ ਸਿੰਕਿੰਗ ਫੰਡ*

ਪੰਜਾਬ ਸਰਕਾਰ ਨੇ ਬਾਰ੍ਹਵੇਂ ਵਿੱਤ ਕਮਿਸ਼ਨ (12ਵੇਂ ਐਫ ਸੀ) ਦੀਆਂ ਸਿਫਾਰਸ਼ਾਂ ਅਨੁਸਾਰ 2011-12 ਦੇ ਵਿੱਤੀ ਸਾਲ ਤੋਂ ਆਰੰਭ ਕਰਦੇ ਹੋਏ, ਆਪਣੀਆਂ ਬਕਾਇਆ ਦੇਣਦਾਰੀਆਂ ਨੂੰ ਚੁਕਤਾ ਕਰਨ ਦੇ ਉਦੇਸ਼ ਨਾਲ, ਇੱਕ ਸੰਚਿਤ ਸਿੰਕਿੰਗ ਫੰਡ ਦੀ ਸਥਾਪਨਾ ਕੀਤੀ (ਦਸੰਬਰ 2006)। ਇਸ ਫੰਡ ਦਾ ਪ੍ਰਬੰਧਨ ਭਾਰਤੀ ਰਿਜ਼ਰਵ ਬੈਂਕ ਦੁਆਰਾ ਕੀਤਾ ਜਾਂਦਾ ਹੈ। ਰਾਜ ਸਰਕਾਰ ਵੱਲੋਂ ਹਰ ਸਾਲ ਪਿਛਲੇ ਵਿੱਤੀ ਸਾਲ ਦੇ ਅਖੀਰ ਤੇ ਆਪਣੀਆਂ ਬਕਾਇਆ ਦੇਣਦਾਰੀਆਂ ਦਾ ਘੱਟੋ ਘੱਟ 0.50 *ਪ੍ਰਤੀਸ਼ਤ* ਦਾ ਯੋਗਦਾਨ ਕਰਨਾ ਬਣਦਾ ਹੈ। ਰਿਜ਼ਰਵ ਬੈਂਕ ਤੋਂ ਲਏ ਗਏ ਉਧਾਰਾਂ ਵਿਚੋਂ ਇਸ ਫੰਡ ਵਿੱਚ ਯੋਗਦਾਨ ਪਾਉਣ ਦੀ ਆਗਿਆ ਨਹੀਂ ਹੈ।

ਚਾਲੂ ਸਾਲ ਦੇ ਸ਼ੁਰੂ ਵਿੱਚ ਇਸ ਫੰਡ ਵਿੱਚ ₹ 1,210.65 ਕਰੋੜ ਦਾ ਮੁੱਢਲਾ ਬਕਾਇਆ ਸੀ। 31 ਮਾਰਚ 2021 ਨੂੰ ਪੰਜਾਬ ਸਰਕਾਰ ਦੀਆਂ ਬਕਾਇਆ ਦੇਣਦਾਰੀਆਂ ₹ 2,49,673.12 ਕਰੋੜ[27] ਸਨ। ਇਸ ਅਨੁਸਾਰ, ਰਾਜ ਸਰਕਾਰ ਦੁਆਰਾ 2021-22 ਦੌਰਾਨ ਘੱਟੋ ਘੱਟ ₹ 1,248.37 ਕਰੋੜ (0.50 *ਪ੍ਰਤੀਸ਼ਤ*) ਦਾ ਯੋਗਦਾਨ ਪਾਉਣਾ ਬਣਦਾ ਸੀ ਜਿਸਦੇ ਵਿਰੁੱਧ ਰਾਜ ਸਰਕਾਰ ਨੇ ਇਸ ਫੰਡ ਵਿੱਚ ₹ 1,820.02 ਕਰੋੜ ਦਾ ਯੋਗਦਾਨ ਪਾਇਆ ਸੀ ਜਿਸਦਾ ਕਿ ਨਿਵੇਸ਼ ਕੀਤਾ ਜਾ ਚੁੱਕਾ ਹੈ, ਜਿਸ ਤੇ ਕਿ ₹ 96.59 ਕਰੋੜ ਦਾ ਵਿਆਜ ਕਮਾਇਆ ਗਿਆ ਸੀ। ਨਤੀਜੇ ਵਜੋਂ ਚਾਲੂ ਸਾਲ ਦੇ ਅਖੀਰ ਵਿੱਚ ₹ 3,127.26 ਕਰੋੜ ਦਾ ਬਕਾਇਆ ਸੀ।

ਇੰਜ, ਰਾਜ ਸਰਕਾਰ ਨੇ ਇਸ ਫੰਡ ਵਿੱਚ, ਇਸ ਦੇ ਹੋਂਦ ਵਿੱਚ ਆਉਣ ਤੋਂ ਬਾਅਦ 2011-22 ਦੌਰਾਨ ₹ 6,767.10 ਕਰੋੜ[28] ਦਾ ਬਣਦਾ ਘੱਟੋ ਘੱਟ ਯੋਗਦਾਨ ਨਹੀਂ ਪਾਇਆ ਹੈ।

### *2.5.2.2 ਰਾਜ ਆਫਤ ਰਿਸਪਾਂਸ ਫੰਡ*

ਭਾਰਤ ਸਰਕਾਰ (ਜੀ ਓ ਆਈ) ਨੇ ਪਹਿਲਾਂ ਤੋਂ ਚਲ ਰਹੇ ਆਫਤ ਰਾਹਤ ਫੰਡ ਨੂੰ 1 ਅਪ੍ਰੈਲ 2010 ਤੋਂ ਰਾਜ ਆਫਤ ਰਿਸਪਾਂਸ ਫੰਡ (ਐਸ ਡੀ ਆਰ ਐਫ) ਨਾਲ ਬਦਲ ਦਿੱਤਾ। ਐਸ ਡੀ ਆਰ ਐਫ ਦੇ ਦਿਸ਼ਾ ਨਿਰਦੇਸ਼ਾਂ (ਸਤੰਬਰ 2010 ਅਤੇ ਜੁਲਾਈ 2015) ਅਨੁਸਾਰ ਕੇਂਦਰ ਅਤੇ ਰਾਜ ਸਰਕਾਰਾਂ ਇਸ ਫੰਡ ਵਿੱਚ 75:25 ਦੇ ਅਨੁਪਾਤ ਵਿੱਚ ਯੋਗਦਾਨ ਪਾ ਰਹੀਆਂ ਸਨ। ਇਨ੍ਹਾਂ ਯੋਗਦਾਨਾਂ ਨੂੰ ਲੋਕ ਲੇਖੇ ਅਧੀਨ ਮੁੱਖ ਮੱਦ -8121 ਨੂੰ ਟਰਾਂਸਫਰ ਕੀਤਾ ਜਾਣਾ ਹੁੰਦਾ ਹੈ। ਸਾਲ ਦੌਰਾਨ ਖਰਚਾ ਮੁੱਖ ਮੱਦ -2245 ਦਾ ਸੰਚਾਲਨ ਕਰਕੇ ਕੀਤਾ ਜਾਂਦਾ ਹੈ।

ਰਾਜ ਸਰਕਾਰਾਂ ਦੁਆਰਾ ਆਰ ਬੀ ਆਈ ਦੇ ਓਵਰਡਰਾਫਟ ਵਿਨਿਯਮ ਦਿਸ਼ਾ ਨਿਰਦੇਸ਼ਾਂ ਅਧੀਨ ਓਵਰਡਰਾਫਟ ਤੇ ਲਾਗੂ ਵਿਆਜ ਦੀ ਦਰ ਤੇ ਐਸ ਡੀ ਆਰ ਐਫ ਨੂੰ ਵਿਆਜ ਦੇਣਾ ਬਣਦਾ ਹੈ। ਇਸ

---

27 ਸਾਲ 2020-21 ਵਿੱਚ ਜੀ ਐਸ ਟੀ ਮੁਆਵਜ਼ੇ ਦੀ ਕਮੀ ਦੇ ਬਦਲੇ ਭਾਰਤ ਸਰਕਾਰ ਤੋਂ ₹ 8,359 ਕਰੋੜ ਦੇ ਬੈਕ ਟੂ ਬੈਕ ਕਰਜ਼ਿਆਂ ਨੂੰ ਛੱਡ ਕੇ, ਜਿਹੜੇ ਰਾਜ ਵੱਲੋਂ ਆਪਣੇ ਸ੍ਰੋਤਾਂ ਤੋਂ ਵਾਪਸ ਨਹੀਂ ਕੀਤੇ ਜਾਣੇ ਸਨ।

28 2015-16 ਤੱਕ: ₹ 3,764.81 ਕਰੋੜ; 2016-17: ₹ 647.20 ਕਰੋੜ; 2017-18: ₹ 912.63 ਕਰੋੜ; 2018-19: ₹ 975.76 ਕਰੋੜ; 2019-20: ₹ 816.59 ਕਰੋੜ; 2020-21: ₹ 221.76 ਕਰੋੜ ਅਤੇ 2021-22: (-) ₹ 571.65 ਕਰੋੜ।

ਵਿਆਜ ਨੂੰ ਛਿਮਾਹੀ ਅਧਾਰ ਤੇ ਜਮ੍ਹਾਂ ਕਰਵਾਇਆ ਜਾਣਾ ਹੁੰਦਾ ਹੈ। ਐਸ ਡੀ ਆਰ ਆਫ ਦੇ ਨਿਵੇਸ਼ ਤੋਂ ਕਮਾਈ ਹੋਈ ਆਮਦਨ ਸਮੇਤ, ਐਸ ਡੀ ਆਰ ਐਫ ਵਿੱਚ ਵਾਧੇ ਨੂੰ ਕੇਂਦਰ ਸਰਕਾਰ ਦੀਆਂ ਡੇਟਡ ਸਕਿਓਰਟੀਜ਼, ਆਕਸ਼ਨਡ ਖਜ਼ਾਨਾ ਬਿਲਾਂ ਅਤੇ ਸੂਚੀਬੱਧ ਕਮਰਸ਼ੀਅਲ ਬੈਂਕਾਂ ਦੇ ਹੋਰ ਵਿਆਜ ਕਮਾਊ ਡਿਪਾਜ਼ਿਟਾਂ ਵਿੱਚ ਨਿਵੇਸ਼ ਕਰਨਾ ਹੁੰਦਾ ਹੈ।

ਐਸ ਡੀ ਆਰ ਐਫ ਦੀ ਵਰਤੋਂ ਕੇਵਲ ਕਿਸੇ ਆਫਤ ਦੇ ਪੀੜਤਾਂ ਨੂੰ ਤੁਰੰਤ ਰਾਹਤ ਦੇਣ ਲਈ ਕੀਤੇ ਖਰਚੇ ਦੀ ਪੂਰਤੀ ਲਈ ਕੀਤੀ ਜਾਣੀ ਹੈ ਅਤੇ ਆਫਤ ਦੇ ਵਿਰੁੱਧ ਤਿਆਰੀ, ਬਹਾਲੀ, ਮੁੜ-ਉਸਾਰੀ ਅਤੇ ਆਫਤ ਦਾ ਅਸਰ ਘਟਾਉਣ ਦੀ ਵਿਵਸਥਾ ਕਰਨਾ ਐਸ ਡੀ ਆਰ ਐਫ ਦਾ ਹਿੱਸਾ ਨਹੀਂ ਹੋਣਾ ਚਾਹੀਦਾ। ਅਜਿਹਾ ਖਰਚਾ ਆਮ ਬਜਟਰੀ ਮੱਦਾਂ/ਰਾਜ ਪਲਾਨ ਫੰਡਾਂ ਆਦਿ ਰਾਹੀ ਕਰਨਾ ਹੋਵੇਗਾ।

ਵਿੱਤ ਲੇਖਿਆਂ ਅਨੁਸਾਰ, 1 ਅਪ੍ਰੈਲ 2021 ਨੂੰ ₹ 7,334.00 ਕਰੋੜ ਦੀ ਰਾਸ਼ੀ ਐਸ ਡੀ ਆਰ ਐਫ ਵਿੱਚ ਪਈ ਸੀ। ਸਾਲ 2021-22 ਦੌਰਾਨ ਫੰਡ ਨੂੰ ₹ 1,521.00 ਕਰੋੜ (ਸਾਲ 2021-22 ਲਈ ਕੇਂਦਰ ਦੇ ਹਿੱਸੇ ਵਜੋਂ ₹ 396 ਕਰੋੜ ਅਤੇ ਰਾਜ ਦੇ ਹਿੱਸੇ ਵਜੋਂ ₹ 132 ਕਰੋੜ; ਸਾਲ 2020-21 ਲਈ ਕੇਂਦਰ ਦੇ ਹਿੱਸੇ ਵਜੋਂ ₹ 247.50 ਕਰੋੜ ਅਤੇ ਰਾਜ ਸਰਕਾਰ ਦੇ ਹਿੱਸੇ ਦੇ ₹ 82.50 ਕਰੋੜ; ਪਿਛਲੇ ਸਾਲ ਦੇ ਅਣਖਰਚੇ ਬਕਾਏ ਦੇ ₹ 52.51 ਕਰੋੜ ਦੇ ਰਿਫੰਡ ਜੋ ਕਿ ਡਰਾਇੰਗ ਅਤੇ ਡਿਸਬਰਸਿੰਗ ਅਫਸਰਾਂ ਕੋਲ ਪਏ ਸਨ; ਐਨ ਡੀ ਐਮ ਏ/ਜੀ ਓ ਆਈ ਦੁਆਰਾ ਤੈਅ ਕੀਤੇ ਨਿਯਮਾ ਅਨੁਸਾਰ ਰਾਜ ਸਰਕਾਰ ਵੱਲੋਂ ਕੋਵਿਡ-19 ਲਈ ਜਾਰੀ ਕੀਤੇ ਵੱਧ ਫੰਡਾਂ ਦੇ ₹ 127.57 ਕਰੋੜ; ਅਤੇ ਰਾਜ ਸਰਕਾਰ ਦੁਆਰਾ ਵਿਆਜ ਦੀ ਅਦਾਇਗੀ ਵਜੋਂ ₹ 482.92 ਕਰੋੜ) ਟਰਾਂਸਫਰ ਕੀਤੇ ਗਏ ਸਨ। ₹ 8,194.08 ਕਰੋੜ ਦਾ ਬਕਾਇਆ ਛੱਡਦੇ ਹੋਏ, ਫੰਡ ਵਿਚੋਂ ਚਾਲੂ ਸਾਲ ਦੌਰਾਨ ₹ 660.92 ਕਰੋੜ ਦਾ ਖਰਚਾ ਕੀਤਾ ਗਿਆ ਸੀ। ਜੀ ਓ ਆਈ ਦੇ ਉਕਤ ਦਿਸ਼ਾ ਨਿਰਦੇਸ਼ਾਂ ਦੀ ਉਲਘੰਣਾ ਵਿੱਚ 31 ਮਾਰਚ 2022 ਨੂੰ ₹ 8,194.08 ਕਰੋੜ ਦਾ ਸਾਰਾ ਬਕਾਇਆ ਬਗੈਰ ਨਿਵੇਸ਼ ਕੀਤਿਆਂ ਐਸ ਡੀ ਆਰ ਐਫ ਵਿੱਚ ਪਿਆ ਸੀ।

ਰਾਜ ਸਰਕਾਰ ਨੇ ਕਿਹਾ (ਦਸੰਬਰ 2022) ਕਿ ਉਹ ਐਸ ਡੀ ਆਰ ਐਫ ਦੇ ਸਰਪਰਸਤ ਅਤੇ ਬੈਂਕਰ ਵਜੋਂ ਕੰਮ ਕਰਦੀ ਹੈ ਅਤੇ ਕਾਨੂੰਨ ਦੁਆਰਾ ਨਿਰਧਾਰਤ ਕੀਤੇ ਅਨੁਸਾਰ ਹਰ ਸਾਲ ਵਿਆਜ਼ ਜਮ੍ਹਾਂ ਕੀਤਾ ਜਾਦਾ ਹੈ। ਇਹ ਜੋੜਿਆ ਗਿਆ ਸੀ ਕਿ ਇਹਨਾ ਰਾਖਵੇਂ ਫੰਡਾਂ ਲਈ ਭੁਗਤਾਨਯੋਗ ਦਰਾਂ ਦੇ ਮੁਕਾਬਲੇ ਅਨੁਮਤੀ ਨਿਵੇਸ਼ ਵਿਕਲਪਾਂ ਤੇ ਵਿਆਜ ਦੀ ਘੱਟ ਦਰ ਨੂੰ ਦੇਖਦੇ ਹੋਏ ਸਰਕਾਰ ਇਨ੍ਹਾਂ ਸਿਕਊਰਟੀਆਂ ਵਿੱਚ ਨਿਵੇਸ਼ ਕਰਨ ਦੇ ਉਲਟ ਸੀ ਅਤੇ ਇਹ ਵੀ ਕਿ ਸਰਕਾਰ ਬਿਨਾਂ ਕਿਸੇ ਅਸਫਲਤਾ ਦੇ ਫੰਡ ਵਿੱਚ ਵਿਆਜ਼ ਜਮ੍ਹਾਂ ਕਰ ਰਹੀ ਸੀ। ਫੰਡ ਦੇ ਦਿਸ਼ਾ ਨਿਰਦੇਸ਼ ਅਨੁਸਾਰ ਰਾਜ ਸਰਕਾਰ ਨੂੰ ਐਸ ਡੀ ਆਰ ਐਫ ਵਿੱਚ ਬਕਾਇਆਂ ਦਾ ਨਿਵੇਸ਼ ਕਰਨਾ ਲੋੜੀਦਾ ਸੀ।

ਸਾਲ 2021-22 ਦੌਰਾਨ ਐਸ ਡੀ ਆਰ ਐਫ ਨੂੰ ਚਾਰਜ਼ ਕੀਤੇ ਖਰਚੇ ਦੇ ਵੇਰਵੇ **ਸਾਰਣੀ** 2.36 ਵਿੱਚ ਦਿੱਤੇ ਗਏ ਹਨ।

**ਸਾਰਣੀ 2.36: 2021-22 ਦੌਰਾਨ ਐਸ ਡੀ ਆਰ ਐਫ ਨੂੰ ਚਾਰਜ ਕੀਤੇ ਖਰਚੇ ਦੇ ਵੇਰਵੇ**

*(₹ ਕਰੋੜ ਵਿੱਚ)*

| ਲੇਖੇ ਦੀ ਮੁੱਖ ਮੱਦ | ਲੇਖੇ ਦੀ ਛੋਟੀ ਮੱਦ | ਖਰਚਾ |
|---|---|---|
| 2245-ਕੁਦਰਤੀ ਆਫਤਾਂ ਤੋਂ ਰਾਹਤ 02- ਹੜ੍ਹ, ਚੱਕਰਵਾਤ, ਆਦਿ | 101-ਮੁਫਤ ਰਾਹਤ | 205.88 |
| | 104-ਚਾਰੇ ਦੀ ਸਪਲਾਈ | 0.26 |
| | 106-ਨੁਕਸਾਨੀਆਂ ਸੜਕਾਂ ਅਤੇ ਪੁਲਾਂ ਦੀ ਮੁਰੰਮਤ ਅਤੇ ਮੁੜ ਬਹਾਲੀ | 0 |
| | 111-ਮ੍ਰਿਤਕਾਂ ਦੇ ਪਰਿਵਾਰਾਂ ਨੂੰ ਐਕਸ ਗ੍ਰਾਸ਼ੀਆਂ ਅਦਾਇਗੀਆਂ | 83.95 |
| | 113-ਮਕਾਨਾਂ ਦੀ ਮੁਰੰਮਤ/ਮੁੜ ਉਸਾਰੀ ਲਈ ਸਹਾਇਤਾ | 1.93 |
| | 117-ਕਿਸਾਨਾਂ ਨੂੰ ਪਸ਼ੂ ਧਨ ਖਰੀਦਣ ਲਈ ਸਹਾਇਤਾ | 0.02 |
| | 122-ਨੁਕਸਾਨੀ ਸਿੰਜਾਈ ਦੀ ਮੁਰੰਮਤ ਅਤੇ ਮੁੜ-ਬਹਾਲੀ ਅਤੇ ਹੜ੍ਹ ਕੰਟਰੋਲ ਦੇ ਕੰਮ | 368.88 |
| | **ਜੋੜ** | **660.92** |
| 2245-ਕੁਦਰਤੀ ਆਫਤਾਂ ਤੋਂ ਰਾਹਤ 05-ਰਾਜ ਆਫਤ ਰਿਸਪਾਂਸ ਫੰਡ | 901- ਡਿਡਕਟ- ਰਾਜ ਆਫਤ ਰਿਸਪਾਂਸ ਫੰਡ ਤੋਂ ਖਰਚ ਕੀਤੀ ਰਾਸ਼ੀ | (-)660.92 |
| ਐਸ ਡੀ ਆਰ ਐਫ ਦੇ ਦਿਸ਼ਾ ਨਿਰਦੇਸ਼ਾਂ ਦੀ ਉਲੰਘਣਾ ਵਿੱਚ ਐਸ ਡੀ ਆਰ ਐਫ ਤੋਂ ਚਾਰਜ ਕੀਤਾ ਖਰਚਾ | | 455.04 |

*ਸ੍ਰੋਤ: ਵਿੱਤ ਲੇਖੇ*

ਐਸ ਡੀ ਆਰ ਐਫ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸਿਰਫ 2245-02-101 ਅਧੀਨ ਬੁੱਕ ਕੀਤੀ ਗਈ ਰਾਸ਼ੀ ਹੀ ਐਸ ਡੀ ਆਰ ਐਫ ਤੋਂ ਕੀਤਾ ਜਾਣ ਵਾਲਾ ਮੰਨਣਯੋਗ ਖਰਚਾ ਹੈ। ਇਸ ਤਰ੍ਹਾਂ, ਐਸ ਡੀ ਆਰ ਐਫ ਤੋਂ ਕੀਤੇ ਗਏ ₹ 660.92 ਕਰੋੜ ਵਿਚੋਂ ₹ 455.04 ਕਰੋੜ ਦਾ ਖਰਚਾ ਦਿਸ਼ਾ ਨਿਰਦੇਸ਼ਾਂ ਦੀ ਉਲਘੰਣਾ ਵਿੱਚ ਸੀ। ਇਸ ਨਾਲ 2021-22 ਦੌਰਾਨ ਰੈਵੀਨਿਊ ਖਰਚੇ ਨੂੰ ਅਸਲ ਨਾਲੋਂ ₹ 455.04 ਕਰੋੜ ਤੱਕ ਘੱਟ ਕਰਕੇ ਦਰਸਾਇਆ ਗਿਆ, ਜਿਸ ਦੇ ਨਤੀਜੇ ਵਜੋਂ ਰਾਜ ਦੇ ਰੈਵੀਨਿਊ ਘਾਟੇ ਅਤੇ ਵਿੱਤੀ ਘਾਟੇ ਉੱਤੇ ਪ੍ਰਭਾਵ ਪਿਆ।

### *2.5.2.3 ਗਰੰਟੀ ਰਿਡੰਪਸ਼ਨ ਫੰਡ*

ਰਾਜ ਸਰਕਾਰ ਰਾਜ ਜਨਤਕ ਖੇਤਰ ਦੇ ਅਦਾਰਿਆਂ ਜਾਂ ਹੋਰ ਸੰਗਠਨਾਂ ਵੱਲੋਂ ਜਾਰੀ ਕੀਤੇ ਬਾਂਡਾਂ ਅਤੇ ਹੋਰ ਉਧਾਰਾਂ ਨਾਲ ਸਬੰਧਿਤ ਗਰੰਟੀਆਂ ਤੋਂ ਅਦਾਇਗੀ ਕਰਨ ਲਈ ਬਣੀਆਂ ਅਤੇ ਲਾਭਪਾਤਰੀਆਂ ਵੱਲੋਂ ਮੰਗੀਆਂ ਦੇਣਦਾਰੀਆਂ ਦੀ ਪੂਰਤੀ ਕਰਨ ਲਈ 'ਗਰੰਟੀ ਰਿਡੰਪਸ਼ਨ ਫੰਡ' ਦਾ ਗਠਨ ਕਰਦੀ ਹੈ। ਇਸ ਫੰਡ ਵਿੱਚ ਇਕੱਠੀ ਹੋਈ ਰਾਸ਼ੀ ਸਰਕਾਰ ਵੱਲੋਂ ਜਾਰੀ ਸਿਰਫ ਉਨ੍ਹਾਂ ਗਰੰਟੀਆਂ ਦੀ ਅਦਾਇਗੀ ਲਈ ਵਰਤੀ ਜਾਣੀ ਹੈ, ਜਿਨ੍ਹਾਂ ਲਈ ਸਰਕਾਰ ਵਲੋਂ ਗਰੰਟੀ ਦਿੱਤੀ ਗਈ ਸੀ ਅਤੇ ਸੰਸਥਾਵਾਂ ਦੁਆਰਾ ਅਦਾਇਗੀ ਨਹੀਂ ਕੀਤੀ ਗਈ ਸੀ ।

ਬਾਰ੍ਹਵੇਂ ਵਿੱਤ ਕਮਿਸ਼ਨ ਦੀਆਂ ਸਿਫਾਰਸ਼ਾਂ ਅਨੁਸਾਰ, ਰਾਜ ਸਰਕਾਰ ਵੱਲੋਂ ਰਾਜ ਦੀਆਂ ਸੰਸਥਾਵਾਂ ਵਲੋਂ ਦਿੱਤੀਆਂ ਗਰੰਟੀਆਂ ਤੋਂ ਨਿਕਲੀਆਂ ਦੇਣਦਾਰੀਆਂ ਨੂੰ ਨਜਿੱਠਣ ਦੇ ਮੰਤਵ ਨਾਲ ਦਸੰਬਰ 2007 ਵਿੱਚ (ਵਿੱਤੀ ਸਾਲ 2013-14 ਤੋਂ ਪ੍ਰਭਾਵੀ, ਜਨਵਰੀ 2014 ਵਿੱਚ ਸੋਧਿਤ) 'ਗਰੰਟੀ ਰਿਡੰਪਸ਼ਨ ਫੰਡ' (ਜੀ ਆਰ ਐਫ) ਦਾ ਗਠਨ ਕੀਤਾ ਗਿਆ। ਦਿਸ਼ਾ-ਨਿਰਦੇਸ਼ਾਂ ਅਨੁਸਾਰ, ਅਗਲੇ ਪੰਜਾਂ ਸਾਲਾਂ ਵਿੱਚ

ਬਕਾਇਆ ਗਰੰਟੀਆਂ ਦਾ ਘੱਟੋ-ਘੱਟ ਤਿੰਨ *ਪ੍ਰਤੀਸ਼ਤ* ਦਾ ਪੱਧਰ ਪ੍ਰਾਪਤ ਕਰਨ ਲਈ ਰਾਜ ਸਰਕਾਰ ਵੱਲੋਂ ਪਿਛਲੇ ਸਾਲ (2012-13) ਦੇ ਅੰਤ ਵਿੱਚ ਬਕਾਇਆ ਗਰੰਟੀਆਂ ਦੇ ਘੱਟੋ-ਘੱਟ ਇੱਕ *ਪ੍ਰਤੀਸ਼ਤ* ਦਾ ਸ਼ੁਰੂਆਤੀ ਯੋਗਦਾਨ ਅਤੇ ਉਸ ਤੋਂ ਬਾਅਦ,ਪਿਛਲੇ ਸਾਲ ਦੇ ਅੰਤ ਵਿੱਚ ਬਕਾਇਆ ਗਰੰਟੀਆਂ ਦਾ ਘੱਟੋ-ਘੱਟ 0.50 *ਪ੍ਰਤੀਸ਼ਤ* ਯੋਗਦਾਨ ਕਰਨਾ ਲੋੜੀਂਦਾ ਸੀ। ਪ੍ਰੰਤੂ, ਰਾਜ ਸਰਕਾਰ ਨੇ ਫੰਡ ਨੂੰ ਇਹ ਯੋਗਦਾਨ ਨਹੀਂ ਦਿੱਤਾ।

ਰਾਜ ਸਰਕਾਰ ਨੇ ਵਿੱਤੀ ਸਾਲ 2017-18 ਤੋਂ ਪ੍ਰਭਾਵੀ 'ਗਰੰਟੀ ਰਿਡੰਪਸ਼ਨ ਫੰਡ ਸਕੀਮ' ਵਿੱਚ ਹੋਰ ਸੋਧ ਕੀਤੀ ਹੈ (ਅਕਤੂਬਰ 2017)। ਸਕੀਮ ਦੇ ਅਨੁਸਾਰ ਰਾਜ ਸਰਕਾਰ ਨੂੰ ਘੱਟੋ ਘੱਟ ਇਕ *ਪ੍ਰਤੀਸ਼ਤ* ਅਤੇ ਇਸ ਦੇ ਬਾਅਦ ਅਗਲੇ ਪੰਜਾ ਸਾਲਾਂ ਵਿੱਚ ਬਕਾਇਆ ਗਰੰਟੀਆਂ ਦਾ ਘੱਟੋਂ ਘੱਟ ਤਿੰਨ *ਪ੍ਰਤੀਸ਼ਤ* ਦਾ ਪੱਧਰ ਪ੍ਰਾਪਤ ਕਰਨ ਲਈ ਪਿਛਲੇ ਸਾਲ ਦੇ ਅੰਤ ਤੇ 0.50 *ਪ੍ਰਤੀਸ਼ਤ* ਦੀ ਦਰ ਨਾਲ ਯੋਗਦਾਨ ਕਰਨਾ ਲੋਂੜੀਦਾ ਸੀ। ਫੰਡ ਹੌਲੀ ਹੌਲੀ ਪੰਜ *ਪ੍ਰਤੀਸ਼ਤ* ਦੇ ਫਾਇਦੇਮੰਦ ਪੱਧਰ ਤੱਕ ਵੱਧ ਜਾਵੇਗਾ। ਪ੍ਰੰਤੂ, ਰਾਜ ਸਰਕਾਰ ਵੱਲੋਂ ਇਸ ਸਮੇਂ ਦੌਰਾਨ ਫੰਡ ਨੂੰ ਕੋਈ ਯੋਗਦਾਨ ਨਹੀ ਕੀਤਾ ਗਿਆ ਸੀ।

ਸਾਲ ਦੌਰਾਨ ਸਰਕਾਰ ਨੇ ਫੰਡਾਂ ਵਿੱਚ ਯੋਗਦਾਨ ਪਾਉਣ ਲਈ ਲੋੜੀਂਦੇ ₹ 117.76 ਕਰੋੜ (ਪਿਛਲੇ ਸਾਲ ਦੇ ਅਖੀਰ ਤੇ ₹ 23,551.58 ਕਰੋੜ ਦੀਆਂ ਬਕਾਇਆ ਗਰੰਟੀਆਂ ਦਾ 0.50 *ਪ੍ਰਤੀਸ਼ਤ*) ਦੇ ਵਿਰੁੱਧ ਕੋਈ ਯੋਗਦਾਨ ਨਹੀਂ ਪਾਇਆ। ਇਸ ਦੇ ਇਲਾਵਾ, ਚਾਲੂ ਸਾਲ ਦੌਰਾਨ ₹ 38.24 ਕਰੋੜ[29] ਦੀ ਗਰੰਟੀ ਫੀਸ ਵੀ ਪ੍ਰਾਪਤ ਕੀਤੀ ਗਈ ਸੀ ਜਿਸਨੂੰ ਜੀ ਆਰ ਐਫ ਨੂੰ ਟਰਾਂਸਫਰ ਨਹੀਂ ਕੀਤਾ ਗਿਆ ਸੀ। ਗਰੰਟੀ ਫੀਸ ਜੀ ਆਰ ਐਫ ਨੂੰ ਨਾ ਟਰਾਂਸਫਰ ਕਰਨ ਦੇ ਨਤੀਜੇ ਵਜੋਂ 2021-22 ਦੌਰਾਨ ਰੈਵੀਨਿਊ ਖਰਚੇ ਨੂੰ ₹ 38.24 ਕਰੋੜ ਨਾਲ ਘੱਟ ਕਰਕੇ ਦਰਸਾਇਆ ਗਿਆ ਸੀ ਜਿਸਦੇ ਨਤੀਜੇ ਵਜੋਂ ਰਾਜ ਦੇ ਰੈਵੀਨਿਊ ਘਾਟੇ ਅਤੇ ਵਿੱਤੀ ਘਾਟੇ 'ਤੇ ਅਸਰ ਪਿਆ।

ਰਾਜ ਸਰਕਾਰ ਨੇ ਕਿਹਾ (ਦਸੰਬਰ 2022) ਕਿ ਜੀ ਆਰ ਐਫ ਨੂੰ ਯੋਗਦਾਨ ਨਹੀਂ ਦਿੱਤਾ ਗਿਆ ਸੀ ਕਿਉਂਕਿ ਕੋਈ ਵਧੀਕ ਲਾਭ ਨਜ਼ਰ ਨਹੀਂ ਆਇਆ ਸੀ ਅਤੇ ਰਾਜ ਸਰਕਾਰ ਆਪਣੇ ਪੀ ਐਸ ਯੂਜ਼ ਦੇ ਸਬੰਧ ਵਿੱਚ ਦਿੱਤੀਆਂ ਗਰੰਟੀਆਂ ਦੇ ਸਨਮਾਨ ਲਈ ਵਚਨਬੱਧ ਸੀ। ਰਾਜ ਸਰਕਾਰ ਨੂੰ ਜੀ ਆਰ ਐਫ ਦਿਸ਼ਾ ਨਿਰਦੇਸ਼ਾਂ ਅਨੁਸਾਰ ਫੰਡ ਨੂੰ ਯੋਗਦਾਨ ਦੇਣਾ ਚਾਹੀਦਾ ਹੈ।

## 2.6 ਕਰਜ਼ਾ ਪ੍ਰਬੰਧਨ

ਸਰਕਾਰ ਦੇ ਕਰਜ਼ੇ ਦੇ ਪ੍ਰਬੰਧਨ ਲਈ ਕਰਜ਼ਾ ਪ੍ਰਬੰਧਨ, ਲੋੜੀਂਦੀ ਫੰਡ ਰਾਸ਼ੀ ਜੁਟਾਉਣ, ਇਸਦੇ ਜੋਖ਼ਮ ਅਤੇ ਲਾਗਤ ਦੇ ਉਦੇਸ਼ ਪ੍ਰਾਪਤ ਕਰਨ ਅਤੇ ਕੋਈ ਹੋਰ ਪ੍ਰਭੂਸਤਾ ਕਰਜ਼ਾ ਪ੍ਰਬੰਧਨ ਦੇ ਉਦੇਸ਼ਾਂ, ਜੋ ਕਿ ਸਰਕਾਰ ਦੁਆਰਾ ਕਾਨੂੰਨ ਬਣਾ ਕੇ ਜਾਂ ਸਲਾਨਾ ਬਜਟ ਘੋਸ਼ਣਾਵਾਂ ਰਾਹੀਂ ਤੈਅ ਕੀਤੇ ਗਏ ਹੋਣ, ਦੀ ਪੂਰਤੀ ਲਈ ਨੀਤੀ ਸਥਾਪਤ ਕਰਨ ਅਤੇ ਇਸ ਨੂੰ ਲਾਗੂ ਕਰਨ ਦੀ ਪ੍ਰਕਿਰਿਆ ਹੈ।

---

29 ਪਾਵਰ: ₹ 33.20 ਕਰੋੜ; ਸਹਿਕਾਰਤਾ: ₹ 4.88 ਕਰੋੜ; ਅਤੇ ਰਾਜ ਵਿੱਤ ਕੰਪਨੀਆਂ/ਕਾਰਪੋਰੇਸ਼ਨ: ₹ 0.16 ਕਰੋੜ।

2017-18 ਤੋਂ 2021-22 ਦੇ ਸਾਲਾਂ ਲਈ ਰਾਜ ਦਾ ਬਕਾਇਆ ਕਰਜ਼ਾ ਅਤੇ ਇਸਦੇ ਨਾਲ ਇਸਦੀ ਜੀ ਐਸ ਡੀ ਪੀ ਨੂੰ ਪ੍ਰਤੀਸ਼ਤਤਾ ਨੂੰ ਚਾਰਟ 2.16 ਵਿੱਚ ਦਰਸਾਇਆ ਗਿਆ ਹੈ।

**ਚਾਰਟ 2.16: ਬਕਾਇਆ ਕਰਜ਼ਾ ਅਤੇ ਇਸਦੀ ਜੀ ਐਸ ਡੀ ਪੀ ਨੂੰ ਪ੍ਰਤੀਸ਼ਤਤਾ**




*ਸ੍ਰੋਤ: ਵਿੱਤ ਲੇਖੇ*

* *ਸਾਲ 2020-21 ਅਤੇ 2021-22 ਦੌਰਾਨ ਜੀ ਐਸ ਟੀ ਮੁਆਵਜੇ ਦੀ ਘਾਟ ਦੇ ਬਦਲੇ ਜੀ ਓ ਆਈ ਤੋਂ ਕ੍ਰਮਵਾਰ ₹ 8,359 ਕਰੋੜ ਅਤੇ ₹ 20,491 ਕਰੋੜ (₹ 8,359 ਕਰੋੜ + ₹ 12,132 ਕਰੋੜ) ਦੇ ਬੈਕ ਟੂ ਬੈਕ ਕਰਜ਼ਿਆਂ ਨੂੰ ਛੱਡ ਕੇ, ਜੋ ਰਾਜ ਸਰਕਾਰ ਦੁਆਰਾ ਆਪਣੇ ਸਰੋਤਾਂ ਤੋਂ ਵਾਪਸ ਨਹੀਂ ਕੀਤੇ ਜਾਣੇ ਹਨ।*

## 2.6.1 ਕਰਜ਼ੇ ਦੀ ਰੂਪ-ਰੇਖਾ: ਕੰਪੋਨੈਂਟਸ

ਰਾਜ ਸਰਕਾਰ ਦੇ ਕੁੱਲ ਕਰਜ਼ੇ ਵਿੱਚ ਵਿਸ਼ੇਸ਼ ਤੌਰ ਤੇ ਰਾਜ ਦੇ ਅੰਦਰੂਨੀ ਕਰਜ਼ੇ (ਮਾਰਕੀਟ ਕਰਜ਼ੇ, ਆਰ ਬੀ ਆਈ ਤੋਂ ਵੇਅਜ਼ ਐਂਡ ਮੀਨਜ਼ ਪੇਸ਼ਗੀਆਂ, ਰਾਸ਼ਟਰੀ ਛੋਟੀਆਂ ਬੱਚਤਾਂ ਫੰਡ ਨੂੰ ਜਾਰੀ ਵਿਸ਼ੇਸ਼ ਸਕਿਓਰਟੀਆਂ ਅਤੇ ਵਿੱਤੀ ਸੰਸਥਾਵਾਂ ਤੋਂ ਕਰਜੇ, ਆਦਿ) ਕੇਂਦਰ ਸਰਕਾਰ ਤੋਂ ਕਰਜ਼ੇ ਅਤੇ ਪੇਸ਼ਗੀਆਂ, ਅਤੇ ਲੋਕ ਲੇਖਾ ਦੇਣਦਾਰੀਆ ਸ਼ਾਮਲ ਹਨ। 2017-18 ਤੋਂ ਸ਼ੁਰੂ ਹੋ ਕੇ ਪੰਜ ਸਾਲਾਂ ਦੇ ਸਮੇਂ ਲਈ ਰਾਜ ਦੇ ਕਰਜ਼ੇ ਦੇ ਕੰਪੋਨੈਂਟ-ਵਾਰ ਰੁਝਾਨ **ਸਾਰਣੀ** 2.37 ਵਿੱਚ ਦਿਤੇ ਗਏ ਹਨ।

**ਸਾਰਣੀ 2.37: ਕੰਪੋਨੈਂਟ-ਵਾਰ ਕਰਜ਼ੇ ਦੇ ਰੁਝਾਨ**

*(₹ ਕਰੋੜ ਵਿੱਚ)*

| ਵਿੱਤੀ ਦੇਣਦਾਰੀ ਦੇ ਕੰਪੋਨੈਂਟ | 2017-18 | 2018-19 | 2019-20 | 2020-21 | 2021-22 |
|---|---|---|---|---|---|
| **ਬਕਾਇਆ ਕੁੱਲ ਕਰਜ਼ਾ** | **1,95,152** | **2,11,917** | **2,29,354** | **2,49,673** | **2,61,281** |
| ਜਨਤਕ ਕਰਜ਼ਾ | 1,64,803 | 1,79,130 | 1,94,333 | 2,15,035 | 2,24,799 |
| *ਅੰਦਰੂਨੀ ਕਰਜ਼ਾ* | *1,60,785* | *1,74,172* | *1,89,662* | *2,10,394* | *2,20,196* |
| *ਭਾਰਤ ਸਰਕਾਰ ਤੋਂ ਕਰਜ਼ੇ** | *4,018* | *4,958* | *4,671* | *4,641* | *4,603* |
| ਲੋਕ ਲੇਖੇ ਦੀਆਂ ਦੇਣਦਾਰੀਆਂ | 30,349 | 32,787 | 35,021 | 34,638 | 36,482 |
| *ਛੋਟੀਆਂ ਬੱਚਤਾਂ, ਪ੍ਰਾਈਵੇਟ ਫੰਡ ਆਦਿ* | *21,730* | *22,993* | *22,995* | *22,149* | *22,188* |
| *ਵਿਆਜਯੋਗ ਰਾਖਵੇ ਫੰਡ* | *5,519* | *6,403* | *8,204* | *8,583* | *9,508* |
| *ਵਿਆਜ ਰਹਿਤ ਰਾਖਵੇ ਫੰਡ* | *1* | *1* | *1* | *1* | *1* |
| *ਵਿਆਜ ਡਿਪਾਜ਼ਿਟਸ* | *826* | *808* | *776* | *881* | *1,400* |
| *ਵਿਆਜ ਰਹਿਤ ਡਿਪਾਜ਼ਿਟਸ* | *2,273* | *2,582* | *3,045* | *3,024* | *3,385* |
| ਬਕਾਇਆ ਕੁੱਲ ਕਰਜ਼ੇ ਦੀ ਵਾਧਾ ਦਰ (*ਪ੍ਰਤੀਸ਼ਤ*) | 6.92 | 8.59 | 8.23 | 8.86 | 4.65 |
| ਸਕਲ ਰਾਜ ਘਰੇਲੂ ਉਤਪਾਦ (ਜੀ ਐਸ ਡੀ ਪੀ) | 4,71,014 | 5,12,510 | 5,37,031 | 5,32,555 | 5,84,042 |
| ਕਰਜ਼ਾ/ਜੀ ਐਸ ਡੀ ਪੀ (*ਪ੍ਰਤੀਸ਼ਤ*) | 41.43 | 41.35 | 42.71 | 46.88 | 44.74 |

| ਵਿੱਤੀ ਦੇਣਦਾਰੀ ਦੇ ਕੰਪੋਨੈਂਟ | 2017-18 | 2018-19 | 2019-20 | 2020-21 | 2021-22 |
|---|---|---|---|---|---|
| ਕੁੱਲ ਕਰਜ਼ਾ ਪ੍ਰਾਪਤੀਆਂ (ਡਬਲਿਊ ਐਮ ਏ ਸਮੇਤ)# | 53,363 | 61,155 | 65,907 | 64,248 | 43,605 |
| ਕੁੱਲ ਕਰਜ਼ਾ ਮੁੜ ਅਦਾਇਗੀਆਂ (ਡਬਲਿਊ ਐਮ ਏ ਸਮੇਤ) | 40,737 | 44,390 | 48,470 | 43,928 | 31,997 |
| ਕੁੱਲ ਉਪਲੱਬਧ ਕਰਜ਼ਾ | 12,626 | 16,765 | 17,437 | 20,320 | 11,608 |
| ਕਰਜ਼ਾ ਮੁੜ ਅਦਾਇਗੀਆਂ/ਕਰਜ਼ਾ ਪ੍ਰਾਪਤੀਆਂ (*ਪ੍ਰਤੀਸ਼ਤ*) | 76.34 | 72.59 | 73.54 | 68.37 | 73.38 |

*ਸ੍ਰੋਤ: ਵਿੱਤ ਲੇਖੇ*

* *ਸਾਲ 2020-21 ਅਤੇ 2021-22 ਦੌਰਾਨ ਜੀ ਐਸ ਟੀ ਮੁਆਵਜ਼ੇ ਦੀ ਘਾਟ ਦੇ ਬਦਲੇ ਜੀ ਓ ਆਈ ਤੋਂ ਕ੍ਰਮਵਾਰ ₹ 8,359 ਕਰੋੜ ਅਤੇ ₹ 20,491 ਕਰੋੜ (₹ 8,359 ਕਰੋੜ + ₹ 12,132 ਕਰੋੜ) ਦੇ ਬੈਕ ਟੂ ਬੈਕ ਕਰਜ਼ਿਆਂ ਨੂੰ ਛੱਡ ਕੇ, ਜੋ ਰਾਜ ਸਰਕਾਰ ਦੁਆਰਾ ਆਪਣੇ ਸਰੋਤਾਂ ਤੋਂ ਵਾਪਸ ਨਹੀਂ ਕੀਤੇ ਜਾਣੇ ਹਨ।*

\# *ਸਾਲ 2020-21 ਅਤੇ 2021-22 ਦੌਰਾਨ, ਜੀ ਐਸ ਟੀ ਮੁਆਵਜ਼ੇ ਦੀ ਘਾਟ ਦੇ ਬਦਲੇ ਜੀ ਓ ਆਈ ਤੋਂ ਕ੍ਰਮਵਾਰ ₹ 8,359 ਕਰੋੜ ਅਤੇ ₹ 12,132 ਕਰੋੜ ਦੇ ਬੈਕ ਟੂ ਬੈਕ ਕਰਜ਼ਿਆਂ ਨੂੰ ਛੱਡ ਕੇ ਆਂਕਣਾ ਕੀਤੀ ਗਈ ਹੈ, ਜੋ ਰਾਜ ਦੁਆਰਾ ਆਪਣੇ ਸਰੋਤਾਂ ਤੋਂ ਵਾਪਸ ਨਹੀਂ ਕੀਤੇ ਜਾਣੇ ਹਨ।*

ਰਾਜ ਸਰਕਾਰ ਦਾ ਕੁੱਲ ਕਰਜ਼ਾ ਵੱਧ ਰਿਹਾ ਸੀ ਕਿਉਂਜੋ ਇਹ 2017-18 ਵਿੱਚ ₹ 1,95,152 ਕਰੋੜ ਤੋਂ 33.89 *ਪ੍ਰਤੀਸ਼ਤ* ਨਾਲ ਵੱਧ ਕੇ 2021-22 ਵਿੱਚ ₹ 2,61,281 ਕਰੋੜ ਹੋ ਗਿਆ, ਜਿਸ ਵਿੱਚ ਰਾਜ ਸਰਕਾਰ ਵੱਲੋਂ ਅੱਗੇ ਲਿਖਤ ਕੰਮਾਂ ਲਈ ਲਏ ਗਏ ਬਕਾਇਆ ਦੀਰਘ ਕਾਲੀਨ ਕਰਜ਼ੇ (i) 2016-17 ਦੌਰਾਨ ਅਨਾਜ ਖਰੀਦ ਆਪ੍ਰੇਸ਼ਨਾਂ ਲਈ ਵਿਰਾਸਤੀ ਕੈਸ਼ ਕ੍ਰੈਡਿਟ ਖਾਤਿਆਂ ਦਾ ਯੱਕਮੁਸ਼ਤ ਨਿਪਟਾਰਾ ਕਰਨ ਲਈ (₹ 29,920 ਕਰੋੜ ਵਿੱਚੋਂ ₹ 25,106 ਕਰੋੜ); ਅਤੇ (ii) ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਿਟਡ (ਪੀ ਐਸ ਪੀ ਸੀ ਐਲ) ਦੇ ਕਰਜ਼ਿਆਂ ਨੂੰ ਕਲੀਅਰ ਕਰਨ ਲਈ, ਉਜਵਲ ਡਿਸਕੌਮ ਐਸ਼ੋਰੈਂਸ ਯੋਜਨਾ (ਯੂ ਡੀ ਏ ਵਾਈ) ਦੇ ਲਾਗੂਕਰਨ ਦੀ ਪਾਲਣਾ ਲਈ 2015-17 (₹ 15,628 ਕਰੋੜ ਵਿੱਚੋਂ ₹ 14,642 ਕਰੋੜ) ਦੌਰਾਨ ਬਾਂਡ ਜਾਰੀ ਕਰਨਾ ਸ਼ਾਮਲ ਸਨ। 2017-22 ਦੇ ਸਮੇਂ ਦੌਰਾਨ ਲੋਕ ਲੇਖਾ ਦੇਣਦਾਰੀਆਂ ₹ 6,133 ਕਰੋੜ (20.21 *ਪ੍ਰਤੀਸ਼ਤ*) ਨਾਲ ਵੱਧ ਗਈਆ। ਵਿਆਜਯੋਗ ਰਾਖਵੇ ਫੰਡ (₹ 3,989 ਕਰੋੜ: 72.27 *ਪ੍ਰਤੀਸ਼ਤ*) ਅਤੇ ਵਿਆਜਯੋਗ ਡਿਪਾਜਿਟਸ (₹ 574 ਕਰੋੜ : 69.49 *ਪ੍ਰਤੀਸ਼ਤ*) ਅਧੀਨ ਵੱਡਾ ਵਾਧਾ ਸੀ।

ਸਾਲ 2021-22 ਦੇ ਅੰਤ ਤੇ ਬਕਾਇਆ ਕੁੱਲ ਕਰਜ਼ੇ ਦਾ ਨਿਖੇੜਾ ਚਾਰਟ 2.17 ਵਿੱਚ ਦਰਸਾਇਆ ਗਿਆ ਹੈ।

**ਚਾਰਟ 2.17: 2021-22 ਦੇ ਅਖੀਰ ਤੇ ਬਕਾਇਆ ਕੁੱਲ ਕਰਜ਼ੇ ਦਾ ਨਿਖੇੜਾ**




*ਸ੍ਰੋਤ: ਵਿੱਤ ਲੇਖੇ*

* *2020-22 ਦੌਰਾਨ ਜੀ ਐਸ ਟੀ ਮੁਆਵਜ਼ੇ ਦੀ ਘਾਟ ਦੇ ਬਦਲੇ ਜੀ ਓ ਆਈ ਤੋਂ ਪ੍ਰਾਪਤ ਕੀਤੇ ₹ 20,491 ਕਰੋੜ ਦੇ ਬੈਕ-ਟੂ-ਬੈਕ ਕਰਜ਼ਿਆਂ ਨੂੰ ਛੱਡ ਕੇ, ਜੋ ਰਾਜ ਸਰਕਾਰ ਦੁਆਰਾ ਆਪਣੇ ਸ੍ਰੋਤਾਂ ਤੋਂ ਵਾਪਸ ਨਹੀ ਕੀਤੇ ਜਾਣੇ ਹਨ।*

ਰਾਜ ਸਰਕਾਰ ਨੇ ਦੱਸਿਆ (ਦਸੰਬਰ 2022) ਕਿ ਸਰਕਾਰ ਨੂੰ 2015-17 ਦੇ ਸਮੇਂ ਦੌਰਾਨ ਰਾਜ ਖਰੀਦ ਏਜੰਸੀਆਂ (₹ 29,920 ਕਰੋੜ) ਅਤੇ ਯੂ ਡੀ ਏ ਵਾਈ ਸਕੀਮ ਅਧੀਨ ਰਾਜ ਡਿਸਕੌਮ (₹ 15,628 ਕਰੋੜ) ਦੀ ਨਕਦ ਕ੍ਰੈਡਿਟ ਸੀਮਾ (ਸੀ ਸੀ ਐਲ) ਦੇ ਕਾਰਨ ਦੇਣਦਾਰੀਆਂ ਨੂੰ ਅਪਣਾਉਣਾ ਪਿਆ ਸੀ, ਜਿਸ ਨਾਲ ਰਾਜ ਦੀ ਵਿੱਤੀ ਦੇਣਦਾਰੀਆਂ ਵਿੱਚ ਵਾਧਾ ਹੋਇਆ ਸੀ।

ਚਾਰਟ 2.18 ਪੰਜ ਸਾਲਾਂ ਦੇ ਸਮੇਂ ਭਾਵ 2017-22 ਦੌਰਾਨ ਲਏ ਗਏ ਅੰਦਰੂਨੀ ਕਰਜ਼ੇ ਦੀ ਤੁਲਨਾ ਵਿੱਚ ਮੁੜ ਅਦਾਇਗੀ ਦੀ ਮਾਤਰਾ ਨੂੰ ਦਰਸਾਉਂਦਾ ਹੈ।

**ਚਾਰਟ 2.18: ਲਏ ਗਏ ਅੰਦਰੂਨੀ ਕਰਜ਼ੇ ਦੀ ਤੁਲਨਾ ਵਿੱਚ ਮੁੜ ਅਦਾਇਗੀ**

*(₹ ਕਰੋੜ ਵਿੱਚ)*




*ਸ੍ਰੋਤ: ਵਿੱਤ ਲੇਖੇ*

ਰਾਜ ਸਰਕਾਰ ਦਾ ਅੰਦਰੂਨੀ ਕਰਜ਼ਾ 2017-18 ਵਿੱਚ ₹ 1,60,785 ਕਰੋੜ ਤੋਂ ₹ 59,411 ਕਰੋੜ (36.95 *ਪ੍ਰਤੀਸ਼ਤ*) ਨਾਲ ਵਧ ਕੇ 2021-22 ਵਿੱਚ ₹ 2,20,196 ਕਰੋੜ ਹੋ ਗਿਆ (**ਸਾਰਣੀ** 2.37)। 2021-22 ਦੌਰਾਨ ਅੰਦਰੂਨੀ ਕਰਜ਼ੇ 'ਤੇ ਵਿਆਜ ਦੀ ₹ 16,892 ਕਰੋੜ ਦੀ ਰਾਸ਼ੀ ਦੀ ਅਦਾਇਗੀ ਕੀਤੀ ਗਈ ਸੀ।

**ਸਾਰਣੀ** 2.38 ਸਾਲ 2017-22 ਦੌਰਾਨ ਵਿੱਤੀ ਘਾਟੇ ਨੂੰ ਫਾਈਨਾਂਸ ਕਰਨ ਦੀ ਪੱਧਤੀ ਨੂੰ ਦਰਸਾਉਂਦੀ ਹੈ ਅਤੇ 2021-22 ਦੌਰਾਨ ਵਿੱਤੀ ਘਾਟੇ ਦੀ ਫਾਈਨਾਂਸਿੰਗ ਨੂੰ ਜਲ ਫਲੋਅ ਚਾਰਟ (**ਚਾਰਟ** 2.19) ਰਾਹੀਂ ਵਰਣਨ ਕੀਤਾ ਗਿਆ ਹੈ।

**ਸਾਰਣੀ 2.38: ਵਿੱਤੀ ਘਾਟੇ ਦੇ ਕੰਪੋਨੈਂਟ ਅਤੇ ਇਸਦੀ ਫਾਈਨਾਂਸਿੰਗ ਪੱਧਤੀ**

*(₹ ਕਰੋੜ ਵਿੱਚ)*

| ਵੇਰਵੇ | | 2017-18 | 2018-19 | 2019-20 | 2020-21 | 2021-22 |
|---|---|---|---|---|---|---|
| **ਵਿੱਤੀ ਘਾਟੇ ਦੀ ਰਚਨਾ** | | **(-)12,494** | **(-)16,059** | **(-)16,826** | **(-)22,584** | **(-)27,847** |
| 1 | ਰੈਵੀਨਿਊ ਘਾਟਾ | (-)9,455 | (-)13,135 | (-)14,285 | (-)17,296 | (-)18,468 |
| 2 | ਨਿਰੋਲ ਪੂੰਜੀਗਤ ਖਰਚਾ | (-)2,352 | (-)2,412 | (-)17,828 | (-)4,382 | (-)8,010 |
| 3 | ਨਿਰੋਲ ਕਰਜ਼ੇ ਅਤੇ ਪੇਸ਼ਗੀਆਂ | (-)687 | (-)512 | 15,287 | (-)906 | (-)1,369 |
| **ਵਿੱਤੀ ਘਾਟੇ ਦੀ ਫਾਈਨਾਂਸਿੰਗ ਪੱਧਤੀ** | | | | | | |
| 1 | ਮਾਰਕੀਟ ਉਧਾਰ | 13,349 | 17,053 | 18,470 | 23,467 | 13,414 |
| 2 | ਭਾਰਤ ਸਰਕਾਰ ਤੋਂ ਕਰਜ਼ੇ | 125 | 940 | (-)288 | 8,329 | 12,095 |
| 3 | ਐਨ ਐਸ ਐਸ ਐਫ ਨੂੰ ਜਾਰੀ ਵਿਸ਼ੇਸ਼ ਸਕਿਓਰਟੀਆਂ | (-)1,742 | (-)1,801 | (-)1,841 | (-)1,838 | (-)1,841 |

| ਵੇਰਵੇ | | 2017-18 | 2018-19 | 2019-20 | 2020-21 | 2021-22 |
|---|---|---|---|---|---|---|
| 4 | ਵਿੱਤੀ ਸੰਸਥਾਵਾਂ ਤੋਂ ਕਰਜ਼ੇ | (-)702 | (-)1,865 | (-)1,138 | (-)898 | (-)1,770 |
| 5 | ਛੋਟੀਆਂ ਬੱਚਤਾਂ, ਪੀ ਐਫ, ਆਦਿ | 1,126 | 1,264 | 2 | (-)845 | 38 |
| 6 | ਰਾਖਵੇਂ ਫੰਡ | 650 | 883 | 2,054 | 1,338 | 2,842 |
| 7 | ਡਿਪਾਜ਼ਿਟਸ ਅਤੇ ਪੇਸ਼ਗੀਆਂ | (-)180 | 290 | 431 | 83 | 880 |
| 8 | ਸਸਪੈਂਸ ਅਤੇ ਫੁੱਟਕਲ | (-)27 | 120 | (-)41 | 130 | (-)195 |
| 9 | ਰੈਮੀਟੈਂਸਜ਼ | (-)12 | 11 | (-)23 | (-)59 | 8 |
| **10** | **ਸਮੁੱਚਾ ਘਾਟਾ** | 12,587 | 16,895 | 17,626 | 29,707 | 25,471 |
| 11 | ਕੈਸ਼ ਬਕਾਏ ਵਿੱਚ ਵਾਧਾ (-)/ਘਾਟਾ (+) | (-)93 | (-)836 | (-)800 | (-)7,123 | (+)2,376 |
| **12** | **ਕੁੱਲ ਵਿੱਤੀ ਘਾਟਾ** | **12,494** | **16,059** | **16,826** | **22,584** | **27,847** |

*ਸ੍ਰੋਤ: ਵਿੱਤ ਲੇਖੇ*

**ਚਾਰਟ 2.19:** 2021-22 ਦੌਰਾਨ ਵਿੱਤੀ ਘਾਟੇ ਦੀ ਫਾਈਨਾਂਸਿੰਗ

*(₹ ਕਰੋੜ ਵਿੱਚ)*




*ਸ੍ਰੋਤ: ਵਿੱਤ ਲੇਖੇ*

ਸਾਲ 2021-22 ਦੌਰਾਨ ਵਿੱਤੀ ਘਾਟੇ ਨੂੰ ਫਾਈਨਾਂਸ ਕਰਨ ਵਾਲੀਆਂ ਪ੍ਰਾਪਤੀਆਂ ਅਤੇ ਅਦਾਇਗੀਆਂ ਦੇ ਕੰਪੋਨੈਂਟ **ਸਾਰਣੀ** 2.39 ਵਿੱਚ ਦਰਸਾਏ ਗਏ ਹਨ।

**ਸਾਰਣੀ 2.39: 2021-22 ਦੌਰਾਨ ਵਿੱਤੀ ਘਾਟੇ ਨੂੰ ਫਾਈਨਾਂਸ ਕਰਨ ਵਾਲੇ ਵੱਖ-ਵੱਖ ਕੰਪੋਨੈਂਟਾਂ ਅਧੀਨ ਪ੍ਰਾਪਤੀਆਂ ਅਤੇ ਅਦਾਇਗੀਆਂ**

*(₹ ਕਰੋੜ ਵਿੱਚ)*

| ਵੇਰਵੇ | | ਪ੍ਰਾਪਤੀ | ਅਦਾਇਗੀ | ਨਿਰੋਲ |
|---|---|---|---|---|
| 1 | ਮਾਰਕੀਟ ਉਧਾਰ | 25,814 | 12,400 | 13,414 |
| 2 | ਭਾਰਤ ਸਰਕਾਰ ਤੋਂ ਕਰਜ਼ੇ | 12,586* | 491 | 12,095 |
| 3 | ਐਨ ਐਸ ਐਸ ਐਫ ਨੂੰ ਜਾਰੀ ਵਿਸ਼ੇਸ਼ ਸਕਿਓਰਟੀਆਂ | - | 1,841 | (-)1,841 |
| 4 | ਵਿੱਤੀ ਸੰਸਥਾਵਾਂ ਤੋਂ ਕਰਜ਼ੇ | 770 | 2,540 | (-)1,770 |
| 5 | ਛੋਟੀਆਂ ਬੱਚਤਾਂ, ਪੀ ਐਫ, ਆਦਿ | 3,153 | 3,115 | 38 |
| 6 | ਰਾਖਵੇਂ ਫੰਡ | 3,503 | 661 | 2,842 |
| 7 | ਡਿਪਾਜ਼ਿਟਸ ਅਤੇ ਪੇਸ਼ਗੀਆਂ | 7,906 | 7,026 | 880 |
| 8 | ਸਸਪੈਂਸ ਅਤੇ ਫੁੱਟਕਲ | 76,619 | 76,814 | (-)195 |
| 9 | ਰੈਮੀਟੈਂਸਜ਼ | 52 | 44 | 8 |
| **10** | **ਸਮੁੱਚਾ ਘਾਟਾ** | | | **25,471** |
| 11 | ਕੈਸ਼ ਬਕਾਏ ਵਿੱਚ ਵਾਧਾ (-)/ਘਾਟਾ (+) | 6,872 | 9,248 | (+)2,376 |
| **12** | **ਕੁੱਲ ਵਿੱਤੀ ਘਾਟਾ** | | | **27,847** |

*ਸ੍ਰੋਤ: ਵਿੱਤ ਲੇਖੇ*

** ਜੀ ਐਸ ਟੀ ਮੁਆਵਜ਼ੇ ਦੀ ਕਮੀ ਦੇ ਬਦਲੇ ਵਿੱਚ ਭਾਰਤ ਸਰਕਾਰ ਤੋਂ ਬੈਕ-ਟੂ-ਬੈਕ ਕਰਜ਼ੇ ਵਜੋਂ ਲਏ ₹ 12,132 ਕਰੋੜ ਸ਼ਾਮਲ ਹਨ।*

### 2.6.2 ਕਰਜ਼ੇ ਦੀ ਰੂਪ ਰੇਖਾ: ਪ੍ਰੌੜ੍ਹਤਾ ਅਤੇ ਮੁੜ ਅਦਾਇਗੀ

ਕਰਜ਼ੇ ਦੀ ਪ੍ਰੌੜ੍ਹਤਾ ਅਤੇ ਮੁੜ ਅਦਾਇਗੀ ਦੀ ਰੂਪ ਰੇਖਾ ਕਰਜ਼ੇ ਦੀ ਮੁੜ ਅਦਾਇਗੀ ਜਾਂ ਕਰਜਾ ਚੁਕਾਉਣ ਲਈ ਸਰਕਾਰ ਦੀ ਵਚਨਬੱਧਤਾ ਦਾ ਸੰਕੇਤ ਦਿੰਦੀ ਹੈ। ਰਾਜ ਦੀ ਕਰਜ਼ਾ ਪ੍ਰੌੜ੍ਹਤਾ ਰੂਪ ਰੇਖਾ ਨੂੰ **ਸਾਰਣੀ** 2.40 ਅਤੇ **ਚਾਰਟ** 2.20 ਵਿੱਚ ਦਰਸਾਇਆ ਗਿਆ ਹੈ।

**ਸਾਰਣੀ 2.40: ਰਾਜ ਦੇ ਜਨਤਕ ਕਰਜ਼ੇ ਦੀ ਮੁੜ ਅਦਾਇਗੀ ਦੀ ਪ੍ਰੌੜ੍ਹਤਾ ਰੂਪ ਰੇਖਾ**

| ਮੁੜ ਅਦਾਇਗੀ ਦਾ ਸਮਾਂ (ਸਾਲ) | ਮੂਲ ਰਾਸ਼ੀ | ਵਿਆਜ ਦੀ ਰਾਸ਼ੀ# | ਜਨਤਕ ਕਰਜ਼ਾ (ਵਿਆਜ ਸਮੇਤ) | ਪ੍ਰਤੀਸ਼ਤਤਾ (ਜਨਤਕ ਕਰਜ਼ੇ ਦੇ ਸਬੰਧ ਵਿੱਚ) |
|---|---|---|---|---|
| | (₹ ਕਰੋੜ ਵਿੱਚ) | | | |
| 0 – 1 | 16,483.29 | 16,441.80 | 32,925.09 | 9.06 |
| 1 – 3 | 28,431.61 | 29,188.93 | 57,620.54 | 15.86 |
| 3 – 5 | 28,066.31 | 24,893.08 | 52,959.39 | 14.58 |
| 5 – 7 | 40,667.20 | 20,224.78 | 60,891.97 | 16.76 |
| 7-10 | 53,633.21 | 20,395.09 | 74,028.30 | 20.38 |
| 10 ਤੋਂ ਵੱਧ | 53,413.64 | 27,320.07 | 80,733.71 | 22.23 |
| ਹੋਰ[30] | 4,103.92* | -- | 4,103.92 | 1.13 |
| **ਜੋੜ** | **2,24,799.18** | **1,38,463.74** | **3,63,262.92** | **100.00** |

*ਸ੍ਰੋਤ: ਵਿੱਤ ਲੇਖਿਆਂ ਦੇ ਅਧਾਰ ਤੇ ਆਂਕਣਾ ਕੀਤੀ ਗਈ*

*# 7.45 ਪ੍ਰਤੀਸ਼ਤ ਦੀ ਔਸਤ ਵਿਆਜ ਦਰ ਤੇ ਅਨੁਮਾਨਿਤ ਵਿਆਜ ਦੀ ਗਣਨਾ ਕੀਤੀ ਗਈ ( ਪੰਨ੍ਹਾ 75 ਤੇ ਸਾਰਣੀ 2.41 ਵਿੱਚ ਦਿੱਤੇ ਅਨੁਸਾਰ ਪਿਛਲੇ ਪੰਜ ਸਾਲਾਂ ਲਈ ਵਿਆਜ ਦਰਾਂ ਦੀ ਔਸਤ)।*

** 2020-22 ਦੌਰਾਨ ਜੀ ਐਸ ਟੀ ਮੁਆਵਜ਼ੇ ਦੀ ਘਾਟ ਦੇ ਬਦਲੇ ਜੀ ਓ ਆਈ ਤੋਂ ਪ੍ਰਾਪਤ ਕੀਤੇ ₹ 20,491.41 ਕਰੋੜ ਦੇ ਬੈਕ-ਟੂ-ਬੈਕ ਕਰਜ਼ਿਆਂ ਨੂੰ ਛੱਡ ਕੇ, ਜੋ ਰਾਜ ਸਰਕਾਰ ਦੁਆਰਾ ਆਪਣੇ ਸ੍ਰੋਤਾਂ ਤੋਂ ਵਾਪਸ ਨਹੀ ਕੀਤੇ ਜਾਣੇ ਹਨ।*

**ਸਾਰਣੀ** 2.40 ਸੰਕੇਤ ਦਿੰਦੀ ਹੈ ਕਿ ਰਾਜ ਸਰਕਾਰ ਨੂੰ ਆਪਣੇ ਜਨਤਕ ਕਰਜ਼ੇ (ਅਨੁਮਾਨਤ ਵਿਆਜ ਸਮੇਤ) ਦਾ 24.92 *ਪ੍ਰਤੀਸ਼ਤ* (₹ 90,545.63 ਕਰੋੜ) ਅਗਲੇ ਤਿੰਨ ਸਾਲਾਂ ਵਿੱਚ, 14.58 *ਪ੍ਰਤੀਸ਼ਤ* (₹ 52,959.39 ਕਰੋੜ) 3-5 ਸਾਲਾਂ ਵਿਚਕਾਰ, 16.76 *ਪ੍ਰਤੀਸ਼ਤ* (₹ 60,891.97 ਕਰੋੜ) 5-7 ਸਾਲਾਂ ਵਿਚਕਾਰ ਅਤੇ 20.38 *ਪ੍ਰਤੀਸ਼ਤ* (₹ 74,028.30 ਕਰੋੜ) 7-10 ਸਾਲਾਂ ਵਿਚਕਾਰ ਵਾਪਸ ਕਰਨਾ ਪੈਣਾ ਹੈ। ਇਸ ਤੋਂ ਸੰਕੇਤ ਮਿਲਦਾ ਹੈ ਕਿ ਰਾਜ ਨੂੰ ਅਗਲੇ ਦਸ ਸਾਲਾਂ ਵਿੱਚ ਆਪਣੇ ਕਰਜ਼ੇ ਦੀ 76.64 *ਪ੍ਰਤੀਸ਼ਤ* (₹ 2,78,425.29 ਕਰੋੜ) ਦੀ ਮੁੜ ਅਦਾਇਗੀ ਕਰਨੀ ਪੈਣੀ ਹੈ।

30 ਇਸ ਵਿੱਚ ₹ 0.32 ਕਰੋੜ ਦੇ ਕਰਜ਼ੇ ਸ਼ਾਮਲ ਹਨ, ਜਿਨ੍ਹਾਂ ਦੀ ਮੁੜ ਅਦਾਇਗੀ ਅਸਲ ਵਸੂਲੀ ਦੇ ਅਧਾਰ ਤੇ ਹੁੰਦੀ ਹੈ; ਅਤੇ ₹ 4,103.60 ਬੈਕ ਟੂ ਬੈਕ ਅਧਾਰ ਤੇ ਕਰਜ਼ੇ ਦੀ ਨੁਮਾਇੰਦਗੀ ਕਰਦੇ ਹਨ, ਜਿਸ ਦੀ ਵਸੂਲੀ ਕੇਂਦਰ ਸਰਕਾਰ ਖੁਦ ਕਰ ਰਹੀ ਹੈ।

**ਚਾਰਟ 2.20: ਜਨਤਕ ਕਰਜ਼ੇ ਦੀ ਪ੍ਰੌੜ੍ਹਤਾ ਰੂਪ ਰੇਖਾ**




*ਸ੍ਰੋਤ: ਵਿੱਤ ਲੇਖੇ*

* *2020-22 ਦੌਰਾਨ ਜੀ ਐਸ ਟੀ ਮੁਆਵਜ਼ੇ ਦੀ ਘਾਟ ਦੇ ਬਦਲੇ ਜੀ ਓ ਆਈ ਤੋਂ ਪ੍ਰਾਪਤ ਕੀਤੇ ₹ 20,491 ਕਰੋੜ ਦੇ ਬੈਕ-ਟੂ-ਬੈਕ ਕਰਜ਼ਿਆਂ ਨੂੰ ਛੱਡਿਆ ਗਿਆ ਹੈ, ਜੋ ਰਾਜ ਸਰਕਾਰ ਦੁਆਰਾ ਆਪਣੇ ਸਰੋਤਾਂ ਤੋਂ ਵਾਪਸ ਨਹੀਂ ਕੀਤੇ ਜਾਣੇ ਹਨ।*

31 ਮਾਰਚ 2022 ਤੱਕ ਬਕਾਇਆ ਜਨਤਕ ਕਰਜ਼ੇ ਦੇ ਅਗਲੇ ਦਸ ਸਾਲਾਂ ਦੌਰਾਨ ਸਾਲਵਾਰ ਮੁੜ ਅਦਾਇਗੀ ਸ਼ਡਿਊਲ **ਸਾਰਣੀ** 2.41 **ਅਤੇ ਚਾਰਟ** 2.21 ਵਿੱਚ ਦਿਖਾਏ ਗਏ ਹਨ।

**ਸਾਰਣੀ 2.41: ਅਗਲੇ 10 ਸਾਲਾਂ ਦੌਰਾਨ ਭਾਵ 2031-32 ਤੱਕ ਜਨਤਕ ਕਰਜ਼ੇ (ਵਿਆਜ ਸਮੇਤ) ਦਾ ਮੁੜ ਅਦਾਇਗੀ ਸ਼ਡਿਊਲ**

***(₹ ਕਰੋੜ ਵਿੱਚ)***

| ਸਾਲ | ਮੂਲ ਧਨ | ਵਿਆਜ ਦੀ ਮੁੜ ਅਦਾਇਗੀ# | ਜੋੜ |
|---|---|---|---|
| 2022-23 | 16,483.29 | 16,441.80 | 32,925.09 |
| 2023-24 | 16,626.15 | 15,213.79 | 31,839.94 |
| 2024-25 | 11,805.46 | 13,975.14 | 25,780.60 |
| 2025-26 | 17,425.45 | 13,095.64 | 30,521.09 |
| 2026-27 | 10,640.86 | 11,797.44 | 22,438.30 |
| 2027-28 | 23,954.58 | 11,004.70 | 34,959.28 |
| 2028-29 | 16,712.62 | 9,220.08 | 25,932.70 |
| 2029-30 | 15,103.25 | 7,974.99 | 23,078.24 |
| 2030-31 | 17,174.46 | 6,849.80 | 24,024.26 |
| 2031-32 | 21,355.49 | 5,570.30 | 26,925.79 |
| **ਜੋੜ** | **1,67,281.61** | **1,11,143.68** | **2,78,425.29** |

*# 7.45 ਪ੍ਰਤੀਸ਼ਤ ਦੀ ਔਸਤ ਵਿਆਜ ਦਰ ਤੇ ਅਨੁਮਾਨਿਤ ਵਿਆਜ ਦੀ ਗਣਨਾ ਕੀਤੀ ਗਈ (ਸਾਰਣੀ 2.41 ਵਿੱਚ ਦਿੱਤੇ ਅਨੁਸਾਰ ਪਿਛਲੇ ਪੰਜ ਸਾਲਾਂ ਲਈ ਵਿਆਜ ਦਰਾਂ ਦੀ ਔਸਤ)*

**ਚਾਰਟ 2.21: ਅਗਲੇ 10 ਸਾਲਾਂ ਦੌਰਾਨ ਭਾਵ 2031-32 ਤੱਕ ਜਨਤਕ ਕਰਜ਼ੇ (ਵਿਆਜ ਸਮੇਤ) ਦਾ ਮੁੜ ਅਦਾਇਗੀ ਸ਼ਡਿਊਲ**




**ਸਾਰਣੀ** 2.41 ਦਰਸਾਉਂਦੀ ਹੈ ਕਿ ਔਸਤਨ, ਰਾਜ ਨੂੰ 2031-32 ਤੱਕ ਸਾਲਾਨਾ ₹ 27,843 ਕਰੋੜ (2021-22 ਦੇ ਅੰਤ ਵਿੱਚ ਬਕਾਇਆ ਕਰਜ਼ੇ ਦੇ ਸਬੰਧ ਵਿੱਚ ਅਨੁਮਾਨਿਤ ਵਿਆਜ ਸਮੇਤ) ਦੇ ਜਨਤਕ ਕਰਜ਼ੇ ਦੀ ਅਦਾਇਗੀ ਕਰਨੀ ਪਵੇਗੀ। 2021-22 ਦੇ ਅੰਤ ਵਿੱਚ ਬਕਾਇਆ ਕਰਜ਼ੇ ਤੋਂ ਇਲਾਵਾ, ਰਾਜ ਨੂੰ ਸਰੋਤਾਂ ਦੇ ਪਾੜੇ ਨੂੰ ਪੂਰਾ ਕਰਨ ਲਈ ਹਰ ਸਾਲ ਹੋਰ ਉਧਾਰ ਲੈਣੇ ਪੈਣਗੇ, ਜਿਸ ਦੇ ਨਤੀਜੇ ਵਜੋਂ ਕਰਜ਼ੇ ਵਿੱਚ ਵਾਧਾ ਹੋਵੇਗਾ ਅਤੇ ਪੁਰਾਣੇ ਉਧਾਰਾਂ ਦੀ ਮੁੜ ਅਦਾਇਗੀ ਲਈ ਵਧੇਰੇ ਫੰਡਾਂ ਦੀ ਵਰਤੋਂ ਕੀਤੀ ਜਾਵੇਗੀ। ਪਿਛਲੇ ਰੁਝਾਨਾਂ ਨੂੰ ਧਿਆਨ ਵਿੱਚ ਰੱਖਦੇ ਹੋਏ, ਸਾਲ 2031-32 ਤੱਕ, ਅਨੁਮਾਨਿਤ ਬਕਾਇਆ ਕਰਜ਼ਾ ਸਟਾਕ (ਮੂਲ+ਵਿਆਜ) ਲਗਭਗ ₹ 5,14,697 ਕਰੋੜ ਹੋ ਜਾਵੇਗਾ, ਜਿਵੇਂ ਕਿ ***ਅੰਤਿਕਾ*** *2.7 (ੳ)* ਵਿੱਚ ਦਰਸਾਇਆ ਗਿਆ ਹੈ। ਨਤੀਜੇ ਵਜੋਂ, ਰੈਵੀਨਿਊ ਘਾਟਾ ਵਧ ਕੇ ₹ 50,134 ਕਰੋੜ ਹੋ ਜਾਵੇਗਾ ਅਤੇ ਰੈਵੀਨਿਊ ਘਾਟੇ ਨਾਲ ਵਿਆਜ ਭੁਗਤਾਨ ਦਾ ਅਨੁਪਾਤ ਲਗਭਗ 118 *ਪ੍ਰਤੀਸ਼ਤ* ਤੱਕ ਵਧ ਜਾਵੇਗਾ *(**ਅੰਤਿਕਾ** 2.7(ਅ))*।

ਉਪਰੋਕਤ ਤੋਂ ਇਲਾਵਾ, ਹੋਰ ਕਾਰਕ ਜਿਵੇਂ ਕਿ ਜਨਤਕ ਲੇਖੇ ਦੀਆਂ ਦੇਣਦਾਰੀਆਂ ਅਤੇ ਅਣਕਿਆਸੀਆਂ[31] ਘਟਨਾਵਾਂ ਅਤੇ/ਜਾਂ ਰੈਵੀਨਿਊ ਦੇ ਕਿਸੇ ਹੋਰ ਗੈਰ ਅਨੁਮਾਨਤ ਘਾਟੇ ਨੂੰ ਵੀ ਧਿਆਨ ਵਿੱਚ ਰੱਖਣਾ ਪਵੇਗਾ।

ਮਾਰਕੀਟ ਕਰਜ਼ਿਆਂ (ਯੂ ਡੀ ਏ ਵਾਈ ਬਾਂਡਜ਼ ਸਮੇਤ) ਅਤੇ ਇਸ ਦੇ ਨਾਲ ਵਿਆਜ ਦੀ ਮੁੜ ਅਦਾਇਗੀ ਦਾ ਸ਼ਡਿਊਲ ਚਾਰਟ 2.22 ਵਿੱਚ ਦਿੱਤਾ ਗਿਆ ਹੈ।

31 ਜਿਵੇਂ ਕਿ ਕੋਵਿਡ-19 ਮਹਾਂਮਾਰੀ ਅਤੇ ਉਸਦਾ ਜੀ ਐਸ ਡੀ ਪੀ ਤੇ ਪ੍ਰਭਾਵ।

ਚਾਰਟ 2.22: ਮਾਰਕੀਟ ਕਰਜ਼ਿਆਂ ਦੀ ਮੁੜ ਅਦਾਇਗੀ ਦਾ ਸ਼ਡਿਊਲ




*ਸ੍ਰੋਤ: ਮਹਾਂ ਲੇਖਾਕਾਰ (ਲੇਖਾ ਅਤੇ ਹੱਕਦਾਰੀ), ਪੰਜਾਬ ਦਾ ਦਫਤਰ*

*ਨੋਟ: ਇਹ ਪ੍ਰੌੜ੍ਹਤਾ ਰੂਪ ਰੇਖਾ 31 ਮਾਰਚ 2022 ਨੂੰ ਬਕਾਇਆ ਮਾਰਕੀਟ ਕਰਜ਼ਿਆਂ ਅਤੇ ਯੂ ਡੀ ਏ ਵਾਈ ਬਾਂਡਜ਼ ਲਈ ਬਣਾਈ ਗਈ ਹੈ ਅਤੇ ਵਿਆਜ ਉਸ ਵਿੱਤੀ ਸਾਲ ਤੱਕ ਆਂਕਿਆ ਗਿਆ ਹੈ ਜਿਸ ਵਿੱਚ ਕਰਜ਼ੇ ਰਿਟਾਇਰ ਹੋਣ ਜਾ ਰਹੇ ਹਨ।*

31 ਮਾਰਚ 2022 ਨੂੰ ₹ 1,93,598 ਕਰੋੜ (ਯੂ ਡੀ ਏ ਵਾਈ ਬਾਂਡਾਂ ਸਮੇਤ) ਦੀ ਰਾਸ਼ੀ ਦੇ ਮਾਰਕੀਟ ਕਰਜ਼ੇ ਵਿਆਜ ਸਮੇਤ ਮੁੜ ਅਦਾਇਗੀ ਲਈ ਬਕਾਏ ਸਨ। ਰਾਜ ਨੂੰ ਅਗਲੇ ਪੰਜ ਸਾਲਾਂ ਭਾਵ 2026-27 ਤੱਕ ₹ 59,940 ਕਰੋੜ (31 *ਪ੍ਰਤੀਸ਼ਤ*) (₹ 55,250 ਕਰੋੜ ਮੂਲ ਵਜੋਂ ਅਤੇ ₹ 4,690 ਕਰੋੜ ਵਿਆਜ ਵਜੋਂ) ਦੇ ਮਾਰਕੀਟ ਕਰਜ਼ਿਆਂ ਦੀ ਮੁੜ ਅਦਾਇਗੀ ਕਰਨੀ ਪਵੇਗੀ। ₹ 85,281 ਕਰੋੜ (44 *ਪ੍ਰਤੀਸ਼ਤ*) (₹ 79,278 ਕਰੋੜ ਮੂਲ ਵੱਜੋਂ ਅਤੇ ₹ 6,003 ਕਰੋੜ ਵਿਆਜ ਵਜੋਂ) ਦੇ ਮਾਰਕੀਟ ਕਰਜ਼ਿਆਂ ਦੀ ਬਾਅਦ ਦੇ ਪੰਜ ਸਾਲਾਂ ਦੇ ਸਮੇਂ ਵਿੱਚ 2031-32 ਤੱਕ ਮੁੜ ਅਦਾਇਗੀ ਕਰਨੀ ਹੋਵੇਗੀ। ਇਸ ਦਾ ਭਾਵ ਹੈ ਕਿ ਅਗਲੇ ਪੰਜ ਸਾਲਾਂ (2022-27) ਵਿੱਚ ਰਾਜ ਨੂੰ ਮਾਰਕੀਟ ਕਰਜ਼ਿਆਂ ਦੀ ਔਸਤਨ ₹ 11,988 ਕਰੋੜ ਦੀ ਸਲਾਨਾ ਮੁੜ ਅਦਾਇਗੀ ਕਰਨੀ ਪਵੇਗੀ ਜੋ ਕਿ ਬਾਅਦ ਦੇ ਪੰਜ ਸਾਲਾਂ (2027-32) ਵਿੱਚ ਵੱਧ ਕੇ ₹ 17,056 ਕਰੋੜ ਹੋ ਜਾਵੇਗੀ। ਬਾਕੀ ਰਹਿੰਦੇ ₹ 48,378 ਕਰੋੜ (25 *ਪ੍ਰਤੀਸ਼ਤ*) (₹ 45,214 ਕਰੋੜ ਮੂਲ ਵਜੋਂ ਅਤੇ ₹ 3,164 ਕਰੋੜ ਵਿਆਜ ਵਜੋਂ) 2032 ਤੋਂ ਬਾਅਦ ਮੁੜ ਅਦਾਇਗੀਯੋਗ ਹੋਣਗੇ।

ਰਾਜ ਸਰਕਾਰ ਨੇ ਦੱਸਿਆ (ਦਸੰਬਰ 2022) ਕਿ ਪੰਜਾਬ ਰਾਜ ਦੇ ਵਿੱਤ ਵਿਭਾਗ ਵਿੱਚ ਕਰਜ਼ਾ ਪ੍ਰਬੰਧਨ ਯੂਨਿਟ ਸ਼ੁਰੂ ਕੀਤੀ ਸੀ ਜੋ ਕਿ ਰਾਜ ਦੇ ਕਰਜ਼ੇ ਦੀ ਪ੍ਰੌੜ੍ਹਤਾ ਰੂਪ ਰੇਖਾ ਨੂੰ ਸਰਗਰਮੀ ਨਾਲ ਦੇਖ ਰਹੀ ਸੀ ਅਤੇ ਉੱਚ ਕੇਂਦਰੀਕਰਣ ਵਾਲੇ ਖੇਤਰਾਂ ਤੋਂ ਬਚਣ ਲਈ ਆਪਣੇ ਆਪ ਕਦਮ ਚੁੱਕ ਰਹੀ ਸੀ। ਰਾਜ ਦੀਰਘ ਕਾਲੀਨ ਸਕਿਓਰਟੀਆਂ ਜਾਰੀ ਕਰਕੇ ਯੀਲਡ ਕਰਵ ਨੂੰ ਅੱਗੇ ਵਧਾ ਰਿਹਾ ਸੀ ਅਤੇ ਰਾਜ ਸਰਕਾਰ ਨੇ ਅੰਤਰਾਲ ਦੇ ਸਾਲਾਂ ਲਈ ਕਰਜ਼ੇ ਲੈਣੇ ਸ਼ੁਰੂ ਕਰ ਦਿੱਤੇ ਸਨ। ਇਹ ਵੀ ਕਿਹਾ ਗਿਆ ਕਿ ਕਰਜ਼ਾ ਲਾਗਤ ਨੂੰ ਕਾਬੂ ਵਿੱਚ ਰਖਦੇ ਹੋਏ ਰਾਜ ਦੇ ਕੇਂਦਰੀਕਰਣ ਦੇ ਜੋਖਿਮ ਦੀ ਸਰਗਰਮੀ ਨਾਲ ਨਿਗਰਾਨੀ ਕੀਤੀ ਜਾ ਰਹੀ ਸੀ ਅਤੇ ਇਸ ਨੂੰ ਘੱਟ ਕੀਤਾ ਜਾ ਰਿਹਾ ਸੀ।

## 2.7 ਕਰਜ਼ਾ ਸਸਟੇਨੇਬਿਲਟੀ ਵਿਸ਼ਲੇਸ਼ਣ

ਕਰਜ਼ਾ ਸਸਟੇਨੇਬਿਲਟੀ ਤੋਂ ਰਾਜ ਦੀ ਵਰਤਮਾਨ ਅਤੇ ਭਵਿੱਖ ਵਿੱਚ ਆਪਣਾ ਕਰਜ਼ਾ ਚੁਕਾਉਣ ਦੀ ਯੋਗਤਾ ਦਾ ਸੰਕੇਤ ਮਿਲਦਾ ਹੈ। ਕਰਜ਼ਾ ਸਸਟੇਨੇਬਿਲਟੀ ਸੂਚਕਾਂ ਵਿੱਚ ਤਬਦੀਲੀਆਂ ਦੇ ਵਿਸ਼ਲੇਸ਼ਣ ਨੂੰ ਸਾਰਣੀ 2.42 ਅਤੇ ਚਾਰਟ 2.23 ਵਿੱਚ ਦਿੱਤਾ ਗਿਆ ਹੈ।

**ਸਾਰਣੀ 2.42: ਕਰਜ਼ਾ ਸਸਟੇਨੇਬਿਲਟੀ ਸੂਚਕਾਂ ਵਿੱਚ ਰੁਝਾਨ**

*(₹ ਕਰੋੜ ਵਿੱਚ)*

| ਕਰਜ਼ਾ ਸਸਟੇਨੇਬਿਲਟੀ ਸੂਚਕ | 2017-18 | 2018-19 | 2019-20 | 2020-21 | 2021-22 |
|---|---|---|---|---|---|
| ਬਕਾਇਆ ਜਨਤਕ ਕਰਜ਼ਾ* | **1,64,802.98** | **1,79,130.45** | **1,94,332.64** | **2,15,034.65** | **2,24,799.18** |
| ਬਕਾਇਆ ਜਨਤਕ ਕਰਜ਼ੇ ਦੇ ਵਾਧੇ ਦੀ ਦਰ | 7.17 | 8.69 | 8.49 | 10.65 | 4.54 |
| ਜੀ ਐਸ ਡੀ ਪੀ | 4,71,014 | 5,12,510 | 5,37,031 | 5,32,555 | 5,84,042 |
| ਜੀ ਐਸ ਡੀ ਪੀ ਦੇ ਵਾਧੇ ਦੀ ਦਰ | 10.31 | 8.81 | 4.78 | (-)0.83 | 9.67 |
| ਜਨਤਕ ਕਰਜ਼ਾ/ਜੀ ਐਸ ਡੀ ਪੀ | 34.99 | 34.95 | 36.19 | 40.38 | 38.49 |
| ਰਾਜ ਦੀ ਕਰਜ਼ਾ ਮੁੜ- ਅਦਾਇਗੀ ਦੀ ਕਰਜ਼ਾ ਪ੍ਰੌੜਤਾ ਰੂਪ ਰੇਖਾ-ਡਿਫਾਲਟ ਹਿਸਟਰੀ ਸਮੇਤ, ਜੇਕਰ ਕੋਈ ਹੈ | 7,317.19 | 8,318.37 | 12,238.76 | 12,525.98 | 17,975.59 |
| ਜਨਤਕ ਕਰਜ਼ੇ ਤੇ ਵੇਟਡ ਔਸਤ ਵਿਆਜ ਦਰ (*ਪ੍ਰਤੀਸ਼ਤ*) | 7.70 | 8.36 | 7.31 | 6.80 | 7.08 |
| ਜਨਤਕ ਕਰਜ਼ੇ ਤੇ ਵਿਆਜ ਦਾ ਭੁਗਤਾਨ | 13,292.74 | 14,114.89 | 15,254.34 | 16,104.99 | 16,956.97 |
| ਰੈਵੀਨਿਊ ਘਾਟੇ ਨੂੰ ਵਿਆਜ ਅਦਾਇਗੀ ਦੀ ਪ੍ਰਤੀਸ਼ਤਤਾ | 140.59 | 107.46 | 106.79 | 93.11 | 91.82 |
| ਰੈਵੀਨਿਊ ਪ੍ਰਾਪਤੀਆਂ ਨੂੰ ਵਿਆਜ ਅਦਾਇਗੀ ਦੀ ਪ੍ਰਤੀਸ਼ਤਤਾ | 25.08 | 22.67 | 24.77 | 23.32 | 21.69 |
| ਕਰਜ਼ਾ ਪ੍ਰਾਪਤੀਆਂ ਨੂੰ ਕਰਜ਼ਾ ਮੁੜ ਅਦਾਇਗੀ ਦੀ ਪ੍ਰਤੀਸ਼ਤਤਾ | 76.02 | 72.50 | 72.25 | 62.59 | 67.07 |
| ਰਾਜ ਨੂੰ ਉਪਲਬਧ ਨਿਰੋਲ ਕਰਜ਼ਾ # | (-)2,263.00 | 212.00 | (-)52.15 | 4,597.02 | (-)7,492.45 |
| ਕਰਜ਼ਾ ਪ੍ਰਾਪਤੀਆਂ ਦੀ *ਪ੍ਰਤੀਸ਼ਤ* ਵਜੋਂ ਨਿਰੋਲ ਉਪਲੱਬਧ ਕਰਜ਼ਾ | (-)4.92 | 0.41 | (-)0.10 | 8.31 | (-)26.07 |
| ਮੁਦਲਾ ਘਾਟਾ (-) /ਮੁਦਲਾ ਵਾਧਾ (+) | 2,840 | 247 | 741 | (-)4,432 | (-)8,784 |
| ਕਰਜ਼ਾ ਸਥਿਰਤਾ (ਕੁਆਂਟਮ ਸਪਰੈਡ$ + ਮੁਦਲਾ ਘਾਟਾ) | 7,141.36 | 1,053.09 | (-)4,175.62 | (-)20,839.14 | (-)2,961.70 |

*ਸ੍ਰੋਤ: ਵਿੱਤ ਲੇਖੇ*

* *ਬਕਾਇਆ ਜਨਤਕ ਕਰਜ਼ਾ, 6003-'ਅੰਦਰੂਨੀ ਕਰਜ਼ੇ' ਅਤੇ 6004- 'ਕੇਂਦਰ ਸਰਕਾਰ ਤੋਂ ਕਰਜ਼ੇ ਅਤੇ ਪੇਸ਼ਗੀਆਂ' ਮੱਦਾਂ ਅਧੀਨ ਪਏ ਬਕਾਇਆਂ ਦਾ ਜੋੜ ਹੈ। 2020-2021 ਅਤੇ 2021-22 ਦੇ ਦੌਰਾਨ ਇਸ ਵਿੱਚ ਜੀ ਐਸ ਟੀ ਮੁਆਵਜੇ ਦੀ ਘਾਟ ਦੇ ਬਦਲੇ ਜੀ ਓ ਆਈ ਤੋਂ ਕ੍ਰਮਵਾਰ ₹ 8,359 ਕਰੋੜ ਅਤੇ ₹ 20,491.41 ਕਰੋੜ (₹ 8,359 ਕਰੋੜ + ₹ 12,132.41 ਕਰੋੜ) ਬੈਕ-ਟੂ-ਬੈਕ ਕਰਜ਼ਿਆਂ ਨੂੰ ਛੱਡਿਆ ਗਿਆ ਹੈ, ਜੋ ਰਾਜ ਸਰਕਾਰ ਦੁਆਰਾ ਆਪਣੇ ਸਰੋਤਾਂ ਤੋਂ ਵਾਪਸ ਨਹੀਂ ਕੀਤੇ ਜਾਣੇ ਹਨ।*

\# *ਰਾਜ ਸਰਕਾਰ ਕੋਲ ਉਪਲੱਬਧ ਨਿਰੋਲ ਕਰਜ਼ੇ ਦੀ ਆਂਕਣਾ, ਜਨਤਕ ਕਰਜ਼ਾ ਮੁੜ ਅਦਾਇਗੀਆਂ ਅਤੇ ਜਨਤਕ ਕਰਜ਼ੇ ਉਤੇ ਵਿਆਜ ਅਦਾਇਗੀਆਂ ਤੋਂ ਵੱਧ ਹੋਈਆਂ ਜਨਤਕ ਕਰਜ਼ਾ ਪ੍ਰਾਪਤੀਆਂ ਵਜੋਂ ਕੀਤੀ ਜਾਂਦੀ ਹੈ।*

$ *ਕੁਆਂਟਮ ਸਪਰੈਡ =(ਕਰਜ਼ਾ * ਰੇਟ ਸਪਰੈਡ), ਜਦੋਂਕਿ ਰੇਟ ਸਪਰੈਡ=(ਜੀ ਐਸ ਡੀ ਪੀ ਦੀ ਵਿਕਾਸ ਦਰ –ਵਿਆਜ ਦਰ)।*

ਚਾਰਟ 2.23: ਕਰਜ਼ਾ ਸਸਟੇਨੇਬਿਲਿਟੀ ਸੂਚਕਾਂ ਦੇ ਰੁਝਾਨ




*ਸ੍ਰੋਤ: ਵਿੱਤ ਲੇਖੇ*

*ਨੋਟ: 2020-21 ਅਤੇ 2021-22 ਦੌਰਾਨ, ਜੀ ਐਸ ਟੀ ਮੁਆਵਜੇ ਦੀ ਘਾਟ ਦੇ ਬਦਲੇ ਜੀ ਓ ਆਈ ਤੋਂ ਕ੍ਰਮਵਾਰ ₹ 8,359 ਕਰੋੜ ਅਤੇ ₹ 20,491 ਕਰੋੜ (₹ 8,359 ਕਰੋੜ + ₹ 12,132 ਕਰੋੜ) ਬੈਕ-ਟੂ-ਬੈਕ ਕਰਜ਼ਿਆਂ ਨੂੰ ਛੱਡਿਆ ਗਿਆ ਹੈ, ਜੋ ਰਾਜ ਸਰਕਾਰ ਦੁਆਰਾ ਆਪਣੇ ਸਰੋਤਾਂ ਤੋਂ ਵਾਪਸ ਨਹੀਂ ਕੀਤੇ ਜਾਣੇ ਹਨ।*

- ਘੱਟ ਰਹੀ ਕਰਜ਼ਾ-ਜੀ ਐਸ ਡੀ ਪੀ ਰੇਸ਼ੋ ਨੂੰ ਸਥਿਰਤਾ ਦਾ ਅਗਰਸਰ ਸਮਝਿਆ ਜਾ ਸਕਦਾ ਹੈ। ਕਰਜ਼ਾ-ਜੀ ਐਸ ਡੀ ਪੀ ਰੇਸ਼ੋ 2017-18 ਵਿੱਚ 34.99 *ਪ੍ਰਤੀਸ਼ਤ* ਤੋਂ ਵਧ ਕੇ 2020-21 ਵਿੱਚ 40.38 *ਪ੍ਰਤੀਸ਼ਤ* ਹੋ ਗਈ ਜਿਸਨੂੰ ਕਿ ਸਥਿਰਤਾ ਵੱਲ ਨੂੰ ਜਾਣਾ ਨਹੀਂ ਮੰਨਿਆ ਜਾ ਸਕਦਾ। 2021-22 ਵਿੱਚ, ਹਾਲਾਂਕਿ, ਇਹ ਗਿਰਾਵਟ ਨਾਲ 38.49 *ਪ੍ਰਤੀਸ਼ਤ* 'ਤੇ ਆ ਗਈ। ਕਰਜ਼ਾ ਸਥਿਰਤਾ ਦੀ ਸਥਿਤੀ ਇਹ ਵੀ ਦਸਦੀ ਹੈ ਕਿ ਜੇਕਰ ਮੁਢਲੇ ਘਾਟੇ ਸਮੇਤ ਕੁਆਂਟਮ ਸਪਰੈਡ ਜ਼ੀਰੋ ਹੈ ਤਾਂ ਕਰਜ਼ਾ-ਜੀ ਐਸ ਡੀ ਪੀ ਰੇਸ਼ੋ ਸਥਿਰ ਰਹੇਗੀ ਜਾਂ ਆਖਰਕਾਰ ਕਰਜ਼ਾ ਸਥਿਰ ਹੋ ਜਾਵੇਗਾ। ਦੂਜੇ ਪਾਸੇ ਜੇਕਰ ਮੁਢਲਾ ਘਾਟਾ ਕੁਆਂਟਮ ਸਪਰੈਡ ਸਮੇਤ ਨੈਗੇਟਿਵ ਹੁੰਦਾ ਹੈ ਤਾਂ ਕਰਜ਼ਾ-ਜੀ ਐਸ ਡੀ ਪੀ ਰੇਸ਼ੋ ਵੱਧ ਰਹੀ ਹੋਵੇਗੀ ਅਤੇ ਜੇਕਰ ਇਹ ਪਾਜ਼ੇਟਿਵ ਹੁੰਦਾ ਹੈ ਤਾਂ ਅੰਤ ਵਿੱਚ ਕਰਜ਼ਾ-ਜੀ ਐਸ ਡੀ ਪੀ ਰੇਸ਼ੋ ਘਟ ਰਹੀ ਹੋਵੇਗੀ। **ਸਾਰਣੀ** 2.42 ਦਰਸਾਉਂਦੀ ਹੈ ਕਿ 2019-20 ਤੋਂ ਇਹ ਰੁਝਾਨ ਨੈਗੇਟਿਵ ਰਿਹਾ ਹੈ ਜੋਕਿ ਸੰਕੇਤ ਦਿੰਦਾ ਹੈ ਕਿ ਕਰਜ਼ਾ-ਜੀ ਐਸ ਡੀ ਪੀ ਰੇਸ਼ੋ ਅੰਤ ਵਿੱਚ ਵਧੇਗਾ।

- 2017-22 ਦੌਰਾਨ ਜਨਤਕ ਕਰਜ਼ੇ 'ਤੇ ਵਿਆਜ ਦਾ ਭੁਗਤਾਨ ਰੈਵੀਨਿਊ ਘਾਟੇ ਦੇ 91.82 *ਪ੍ਰਤੀਸ਼ਤ* ਅਤੇ 140.59 *ਪ੍ਰਤੀਸ਼ਤ* ਦੀ ਰੇਂਜ ਵਿਚਕਾਰ ਸੀ, ਜੋ ਕਿ ਕਾਫੀ ਜ਼ਿਆਦਾ ਸੀ।

- ਰੈਵੀਨਿਊ ਪ੍ਰਾਪਤੀਆਂ ਨੂੰ ਵਿਆਜ ਅਦਾਇਗੀਆਂ ਦੀ ਰੇਸ਼ੋ ਵੀ ਕਰਜ਼ਾ ਸਸਟੇਨੇਬਿਲਟੀ ਦਾ ਇਕ ਚੰਗਾ ਪੈਮਾਨਾ ਹੈ। ਇਹ ਰੇਸ਼ੋ 2017-22 ਦੇ ਸਮੇਂ ਦੌਰਾਨ 21.69 *ਪ੍ਰਤੀਸ਼ਤ* ਅਤੇ 25.08 *ਪ੍ਰਤੀਸ਼ਤ* ਦੀ ਰੇਂਜ ਵਿਚਕਾਰ ਸੀ, ਜੋ ਕਿ ਕਾਫੀ ਜਿਆਦਾ ਸੀ।

- ਜਨਤਕ ਕਰਜ਼ਾ ਪ੍ਰਾਪਤੀਆਂ ਨੂੰ ਜਨਤਕ ਕਰਜਾ ਮੁੜ ਅਦਾਇਗੀਆਂ ਦੀ ਪ੍ਰਤੀਸ਼ਤਤਾ ਜਿੰਨੀ ਉਚੇਰੀ ਹੋਵੇਗੀ,ਕਰਜ਼ੇ ਦੇ ਓਨੇ ਹੀ ਵੱਡੇ ਅਨੁਪਾਤ ਦੀ ਵਰਤੋਂ, ਉਤਪਾਦਕਤਾ ਦੀ ਬਜਾਏ, ਕਰਜ਼ਾ ਚੁਕਾਉਣ ਲਈ ਹੋਵੇਗੀ। ਜਨਤਕ ਕਰਜ਼ਾ ਪ੍ਰਾਪਤੀਆਂ ਨੂੰ ਜਨਤਕ ਕਰਜ਼ਾ ਮੁੜ ਅਦਾਇਗੀਆਂ ਦੀ ਰੇਸ਼ੋ, 2017-22 ਦੇ ਸਮੇ ਦੌਰਾਨ 62.59 *ਪ੍ਰਤੀਸ਼ਤ* ਅਤੇ 76.02 *ਪ੍ਰਤੀਸ਼ਤ* ਦੀ ਰੇਂਜ਼ ਵਿਚਕਾਰ ਸੀ ਜਿਸ ਦਾ ਮਤਲਬ ਹੈ ਕਿ ਜ਼ਿਆਦਾਤਰ ਜਨਤਕ ਉਧਾਰਾਂ ਦੀ ਵਰਤੋਂ ਪੁਰਾਣੇ ਉਧਾਰਾਂ ਦੀ ਮੁੜ ਅਦਾਇਗੀ ਲਈ ਕੀਤੀ ਜਾਂਦੀ ਸੀ ਜਿਸ ਨਾਲ ਉਤਪਾਦਕ ਤੌਰ ਤੇ ਵਰਤਣ ਲਈ ਘੱਟ ਥਾਂ ਛੱਡੀ ਜਾਂਦੀ ਸੀ।

### 2.7.1 ਉਧਾਰ ਲਏ ਗਏ ਫੰਡਾਂ ਦੀ ਵਰਤੋਂ

ਉਧਾਰ ਲਏ ਗਏ ਫੰਡਾਂ ਦੀ ਵਰਤੋਂ ਆਦਰਸ਼ਕ ਤੌਰ ਤੇ ਪੂੰਜੀਗਤ ਨਿਰਮਾਣ ਅਤੇ ਵਿਕਾਸਮਈ ਗਤੀਵਿਧੀਆਂ ਲਈ ਹੋਣੀ ਚਾਹੀਦੀ ਹੈ। ਉਧਾਰ ਲਏ ਗਏ ਫੰਡਾਂ ਦੀ ਵਰਤੋਂ ਚਲੰਤ ਖਪਤ ਦੀ ਪੂਰਤੀ ਅਤੇ ਬਕਾਇਆ ਪਏ ਕਰਜ਼ਿਆਂ ਦੇ ਵਿਆਜ ਦੀ ਵਾਪਸੀ ਲਈ ਕਰਨਾ ਇੱਕ ਚੰਗਾ ਰੁਝਾਨ ਨਹੀਂ ਹੈ। **ਸਾਰਣੀ** 2.43 ਸਾਲ 2017-22 ਦੌਰਾਨ ਉਧਾਰ ਲਏ ਗਏ ਫੰਡਾਂ ਦੀ ਵਰਤੋਂ ਨੂੰ ਦਰਸਾਉਂਦੀ ਹੈ।

**ਸਾਰਣੀ 2.43: ਉਧਾਰ ਲਏ ਗਏ ਫੰਡਾਂ ਦੀ ਵਰਤੋਂ**

*(₹ ਕਰੋੜ ਵਿੱਚ)*

| ਲੜੀ ਨੰ. | ਸਾਲ | 2017-18 | 2018-19 | 2019-20 | 2020-21 | 2021-22 |
|---|---|---|---|---|---|---|
| 1. | ਕੁੱਲ ਉਧਾਰ* | 47,757 | 53,925 | 57,200 | 55,982 | 32,617 |
| 2. | ਪਹਿਲਾਂ ਲਏ ਗਏ ਉਧਾਰਾਂ ਦੀ ਮੁੜ ਅਦਾਇਗੀ (ਮੂਲਧਨ) (ਪ੍ਰਤੀਸ਼ਤਤਾ) | 34,970 (73) | 37,771 (70) | 39,574 (70) | 34,634 (62) | 19,279 (59) |
| 3. | ਨਿਰੋਲ ਪੂੰਜੀਗਤ ਖਰਚਾ (ਪ੍ਰਤੀਸ਼ਤਤਾ) | 2,352 (5) | 2,412 (4) | 17,828 (31) | 4,382 (8) | 8,010 (25) |
| 4. | ਨਿਰੋਲ ਕਰਜ਼ੇ ਅਤੇ ਪੇਸ਼ਗੀਆਂ *(ਪ੍ਰਤੀਸ਼ਤਤਾ)* | 687 (1) | 512 (1) | (-)15,287 (-27) | 906 (2) | 1,369 (4) |
| 5. | ਨਿਰੋਲ ਉਪਲੱਬਧ ਉਧਾਰਾਂ ਵਿੱਚੋਂ ਕੀਤਾ ਗਿਆ ਰੈਵੀਨਿਊ ਖਰਚੇ ਦਾ ਅੰਸ਼ (ਪ੍ਰਤੀਸ਼ਤਤਾ) (1-2-3-4) | 9,748 (21) | 13,230 (25) | 15,085 (26) | 24,419 (28) | 3,959 (12) |

*ਸ੍ਰੋਤ: ਵਿੱਤ ਲੇਖੇ*

*# 2020-21 ਅਤੇ 2021-22 ਦੌਰਾਨ ਜੀ ਐਸ ਟੀ ਮੁਆਵਜੇ ਦੀ ਘਾਟ ਦੇ ਬਦਲੇ ਜੀ ਓ ਆਈ ਤੋਂ ਕ੍ਰਮਵਾਰ ₹ 8,359 ਕਰੋੜ ਅਤੇ ₹ 12,132 ਕਰੋੜ ਬੈਕ-ਟੂ-ਬੈਕ ਕਰਜ਼ਿਆਂ ਨੂੰ ਛੱਡਿਆ ਗਿਆ ਹੈ, ਜੋ ਰਾਜ ਸਰਕਾਰ ਦੁਆਰਾ ਆਪਣੇ ਸਰੋਤਾਂ ਤੋਂ ਵਾਪਸ ਨਹੀਂ ਕੀਤੇ ਜਾਣੇ ਹਨ।*

**ਸਾਰਣੀ** 2.43 ਦਰਸਾਉਂਦੀ ਹੈ ਕਿ 2017-22 ਦੌਰਾਨ, ਰਾਜ ਸਰਕਾਰ ਨੇ ਆਪਣੇ ਮੌਜੂਦਾ ਉਧਾਰਾਂ ਦੇ 59-73 *ਪ੍ਰਤੀਸ਼ਤ* ਪਿਛਲੇ ਉਧਾਰਾਂ ਦੀ ਵਾਪਸੀ ਲਈ ਵਰਤੇ। ਨਿਰੋਲ ਉਪਲੱਬਧ ਉਧਾਰਾਂ ਵਿੱਚੋਂ 12 *ਪ੍ਰਤੀਸ਼ਤ* ਅਤੇ 28 *ਪ੍ਰਤੀਸ਼ਤ* ਦੀ ਰੇਂਜ਼ ਵਿਚਕਾਰ ਰੈਵੀਨਿਊ ਖਰਚੇ ਦੀ ਪੂਰਤੀ ਕੀਤੀ ਗਈ।

2017-21 ਦੇ ਸਮੇਂ ਦੌਰਾਨ ਨਿਰੋਲ ਪੂੰਜੀਗਤ ਖਰਚਾ 4 ਅਤੇ 8 *ਪ੍ਰਤੀਸ਼ਤ* ਦੀ ਰੇਂਜ ਵਿਚਕਾਰ ਸੀ, ਸਿਵਾਏ ਸਾਲ 2019-20 ਦੇ ਜਦੋਂ ਇਹ 31 *ਪ੍ਰਤੀਸ਼ਤ* ਸੀ। 2019-20 ਦੌਰਾਨ ਨਿਰੋਲ ਪੂੰਜੀਗਤ ਖਰਚਾ ਵਿੱਚ ਵਾਧਾ ਮੁੱਖ ਤੌਰ ਤੇ ₹ 15,628 ਕਰੋੜ ਦੇ ਯੂ ਡੀ ਏ ਵਾਈ ਕਰਜ਼ਿਆਂ ਨੂੰ ਪੀ ਐਸ ਪੀ ਸੀ ਐਲ ਵਿੱਚ ਇਕਿਊਟੀ ਵਿੱਚ ਬਦਲਣ ਕਰਕੇ ਸੀ, ਜਿਵੇਂ ਕਿ 31 ਮਾਰਚ 2020 ਨੂੰ ਸਮਾਪਤ ਹੋਏ ਸਾਲ ਲਈ ਭਾਰਤ ਦੇ ਲੇਖਾ ਨਿਰੀਖਕ ਅਤੇ ਮਹਾਂ ਲੇਖਾ ਪਰੀਖਕ ਦੀ ਰਾਜ ਦੇ ਵਿੱਤਾ ਉੱਤੇ ਲੇਖਾ ਪ੍ਰੀਖਿਆ ਰਿਪੋਰਟ ਦੇ ਪੈਰ੍ਹਾ 2.4.2.2 (v) ਵਿੱਚ ਚਰਚਾ ਕੀਤੀ ਗਈ ਸੀ। ਇਸ ਤਰ੍ਹਾਂ, ਉਧਾਰ ਲਏ ਗਏ ਫੰਡਾਂ ਦੀ ਵਰਤੋਂ ਪੂੰਜੀਗਤ ਨਿਰਮਾਣ/ਵਿਕਾਸਮਈ ਗਤੀਵਿਧੀਆਂ ਦੀ ਬਜਾਏ ਚਾਲੂ ਖਪਤ ਅਤੇ ਪਹਿਲਾਂ ਲਏ ਗਏ ਕਰਜ਼ਿਆ ਦੀ ਵਾਪਸੀ ਕਰਨ ਲਈ ਕੀਤੀ ਗਈ ਸੀ। ਹਾਲਾਂਕਿ, 2021-22 ਦੌਰਾਨ ਰਾਜ ਸਰਕਾਰ ਨੇ ਪੂੰਜੀ ਖਰਚੇ ਤੇ ₹ 8,010 ਕਰੋੜ (ਉਧਾਰ ਲਏ ਗਏ ਫੰਡ ਦਾ 25 *ਪ੍ਰਤੀਸ਼ਤ*) ਖਰਚ ਕੀਤੇ, ਜਿਸ ਨੇ ਠੋਸ ਸੰਪਤੀਆਂ ਦੀ ਸਿਰਜਣਾ ਲਈ ਉਧਾਰ ਲਏ ਫੰਡਾਂ ਦੀ ਵਰਤੋਂ ਵਿੱਚ ਮਹੱਤਵਪੂਰਨ ਸੁਧਾਰ ਦਿਖਾਇਆ ਹੈ।

ਸਾਲ 2017-22 ਦੇ ਸਮੇਂ ਦੌਰਾਨ ਉਧਾਰ ਲਏ ਗਏ ਫੰਡਾਂ ਦੀ ਵਰਤੋਂ ਦੇ ਰੁਝਾਨ ਨੂੰ **ਚਾਰਟ 2.24** ਵਿੱਚ ਦਰਸਾਇਆ ਗਿਆ ਹੈ।

**ਚਾਰਟ 2.24: ਉਧਾਰ ਲਏ ਗਏ ਫੰਡਾਂ ਦੀ ਵਰਤੋਂ ਦੇ ਰੁਝਾਨ**




*ਸ੍ਰੋਤ: ਵਿੱਤ ਲੇਖੇ*

ਰਾਜ ਸਰਕਾਰ ਨੇ ਦੱਸਿਆ (ਦਸੰਬਰ 2022) ਕਿ ਪੂੰਜੀਗਤ ਸੰਪਤੀ ਸਿਰਜਣ ਤੇ ਖਰਚਾ ਵਧਾਉਣ ਦੇ ਯਤਨ ਕੀਤੇ ਜਾ ਰਹੇ ਸਨ, ਜਿਸਦਾ ਆਰਥਿਕਤਾ ਤੇ ਕਈ ਗੁਣਾ ਪ੍ਰਭਾਵ ਪੈਣਾ ਸੀ, ਕਰ ਅਤੇ ਗੈਰ-ਕਰ ਰੈਵੀਨਿਊ ਦੋਵਾਂ ਵਿੱਚ ਵਾਧਾ ਹੋਣਾ ਸੀ; ਫਜ਼ੂਲ ਖਰਚੇ ਘਟਣੇ ਸੀ ਅਤੇ ਨਤੀਜਿਆਂ ਵਿੱਚ ਕੁਸ਼ਲਤਾ ਵਧਣੀ ਸੀ।

## 2.7.2 ਗਰੰਟੀਆਂ ਦੀ ਸਥਿਤੀ-ਅਚੇਤ ਦੇਣਦਾਰੀਆਂ

ਉਧਾਰ ਲੈਣ ਵਾਲਿਆਂ, ਜਿਨ੍ਹਾਂ ਲਈ ਗਰੰਟੀਆਂ ਦਿੱਤੀਆਂ ਗਈਆਂ ਹਨ, ਦੇ ਡਿਫਾਲਟ ਹੋਣ ਦੀ ਸੂਰਤ ਵਿੱਚ ਗਰੰਟੀਆਂ ਰਾਜ ਦੇ ਸੰਚਿਤ ਫੰਡ ਤੇ ਅਚੇਤ ਦੇਣਦਾਰੀਆਂ ਹਨ। ਰਾਜ ਸਰਕਾਰ ਵਿਧਾਨਕ ਨਿਗਮਾਂ/ਬੋਰਡਾਂ, ਸਥਾਨਕ ਸੰਗਠਨਾਂ, ਸਹਿਕਾਰੀ ਬੈਂਕਾਂ ਅਤੇ ਸੁਸਾਇਟੀਆਂ, ਆਦਿ ਵੱਲੋਂ ਲਏ ਗਏ ਕਰਜ਼ਿਆ ਦੀ ਵਾਪਸੀ ਲਈ ਗਰੰਟੀਆਂ ਦਿੰਦੀ ਹੈ। ਪੰਜਾਬ ਐਫ ਆਰ ਬੀ ਐਮ ਐਕਟ, 2003 ਅਨੁਸਾਰ

ਬਕਾਇਆਂ ਗਰੰਟੀਆਂ ਦੀ ਸੀਮਾਂ, ਪਿਛਲੇ ਸਾਲ ਦੀਆਂ ਰੈਵੀਨਿਊ ਪ੍ਰਾਪਤੀਆਂ ਦੇ 80 *ਪ੍ਰਤੀਸ਼ਤ* ਤੱਕ ਰੱਖਣੀ ਸੀ। ਵਿੱਤ ਲੇਖਿਆਂ ਦੀ ਵਿਵਰਣੀ 9 ਅਨੁਸਾਰ ਪਿਛਲੇ ਪੰਜ ਸਾਲਾਂ ਲਈ ਗਰੰਟੀਆਂ ਦੇ ਵੇਰਵੇ ਅਤੇ ਕੁੱਲ ਪ੍ਰਾਪਤੀਆਂ ਨੂੰ ਬਕਾਇਆ ਗਰੰਟੀਆਂ ਦੀ ਸਥਿਤੀ **ਸਾਰਣੀ** 2.44 ਵਿੱਚ ਦਿੱਤੀ ਗਈ ਹੈ।

**ਸਾਰਣੀ 2.44: ਰਾਜ ਸਰਕਾਰ ਵੱਲੋਂ ਦਿੱਤੀਆ ਗਰੰਟੀਆਂ**

*(₹ ਕਰੋੜ ਵਿੱਚ)*

| ਗਰੰਟੀਆਂ | 2017-18 | 2018-19 | 2019-20 | 2020-21 | 2021-22 |
|---|---|---|---|---|---|
| ਗਰੰਟੀਆਂ ਦੀ ਬਕਾਇਆ ਰਾਸ਼ੀ ਤੇ ਲਾਗੂ ਸੀਮਾ (ਭਾਵ ਪਿਛਲੇ ਸਾਲ ਦੀਆਂ ਰੈਵੀਨਿਊ ਪ੍ਰਾਪਤੀਆਂ ਦਾ 80 *ਪ੍ਰਤੀਸ਼ਤ*) | 38,388 | 42,408 | 49,815 | 49,260 | 55,238 |
| ਗਰੰਟੀਆਂ ਦੀ ਬਕਾਇਆ ਰਾਸ਼ੀ | 19,760 | 23,719 | 25,352 | 23,552 | 20,165 |

*ਸ੍ਰੋਤ: ਵਿੱਤ ਲੇਖੇ ਅਤੇ ਸਾਲਾਨਾ ਵਿੱਤੀ ਵਿਵਰਣੀਆਂ*

31 ਮਾਰਚ 2022 ਨੂੰ ₹ 20,165 ਕਰੋੜ ਲਈ ਬਕਾਇਆ ਗਰੰਟੀਆਂ ਪਾਵਰ (₹ 13,616 ਕਰੋੜ); ਸਹਿਕਾਰੀ ਅਦਾਰਿਆਂ (₹ 1,587 ਕਰੋੜ); ਰਾਜ ਵਿੱਤ ਕੰਪਨੀਆਂ/ ਨਿਗਮਾਂ (₹ 708 ਕਰੋੜ); ਖੁਰਾਕ ਅਤੇ ਸਿਵਲ ਸਪਲਾਈਜ਼ (₹ 983 ਕਰੋੜ); ਅਤੇ ਹੋਰ (₹ 3,271 ਕਰੋੜ) ਨਾਲ ਸਬੰਧਤ ਸਨ।

ਸਰਕਾਰ ਨੇ 2017-22 ਦੌਰਾਨ ਐਫ ਆਰ ਬੀ ਐਮ ਐਕਟ ਵਿੱਚ ਨਿਰਧਾਰਤ ਸੀਮਾ ਦੇ ਅੰਦਰ ਰਹਿ ਕੇ ਗਰੰਟੀਆਂ ਦਿੱਤੀਆਂ।

₹ 20,165 ਕਰੋੜ ਦੀਆਂ ਬਕਾਇਆ ਗਰੰਟੀਆਂ ਵਿੱਚੋਂ ਰਾਜ ਸਰਕਾਰ ਨੇ ₹ 1,609.07 ਕਰੋੜ[32] ਦੀਆਂ ਗਰੰਟੀਆਂ ਛੇ ਪੀ ਐਸ ਯੂਜ਼, ਜਿਨ੍ਹਾਂ ਦਾ ਨਿਰੋਲ ਮੁੱਲ ਨੈਗੇਟਿਵ ਹੋ ਗਿਆ ਸੀ, ਨੂੰ ਦਿੱਤੀਆਂ ਗਈਆਂ ਸਨ। ਇਸ ਤੋਂ ਭਾਵ ਹੈ ਕਿ ਉਨ੍ਹਾ ਦੇ ਕਰਜ਼ੇ ਵਾਪਸ ਕਰਨ ਦੀ ਅਸਲ ਜ਼ਿੰਮੇਵਾਰੀ ਰਾਜ ਸਰਕਾਰ ਦੀ ਹੈ।

### 2.7.3 ਕੈਸ਼ ਬਕਾਇਆਂ ਦਾ ਪ੍ਰਬੰਧਨ

ਭਾਰਤੀ ਰਿਜ਼ਰਵ ਬੈਂਕ ਨਾਲ ਕੀਤੇ ਇਕਰਾਰਨਾਮੇ ਅਨੁਸਾਰ, ਰਾਜ ਸਰਕਾਰਾਂ ਨੇ ਬੈਂਕ ਕੋਲ ਰੋਜਾਨਾ ਘੱਟੋ ਘੱਟ ਕੈਸ਼ ਬਕਾਇਆ ਬਰਕਰਾਰ ਰੱਖਣਾ ਹੁੰਦਾ ਹੈ। ਜੇਕਰ ਕਿਸੇ ਦਿਨ ਸਹਿਮਤ ਕੀਤੇ ਹੋਏ ਬਕਾਏ ਤੋਂ ਬਕਾਇਆ ਘਟ ਜਾਂਦਾ ਹੈ ਤਾਂ ਇਸ ਕਮੀ ਨੂੰ ਸਮੇਂ ਸਮੇਂ ਤੇ ਸਧਾਰਣ ਵੇਅਜ਼ ਐਂਡ ਮੀਨਜ਼ ਪੇਸ਼ਗੀਆ (ਡਬਲਿਊ ਐਮ ਏ)/ਵਿਸ਼ੇਸ ਵੇਅਜ਼ ਐਂਡ ਮੀਨਜ਼ ਪੇਸ਼ਗੀਆ (ਐਸ ਡਬਲਿਊ ਐਮ ਏ)/ ਸਪੈਸ਼ਲ ਡਰਾਇੰਗ ਫੈਸੀਲਿਟੀ (ਐਸ ਡੀ ਐਫ)/ਓਵਰਡਰਾਫਟ (ਓ ਡੀ) ਲੈ ਕੇ ਪੂਰਾ ਕਰ ਲਿਆ ਜਾਂਦਾ ਹੈ। ਆਰ

32 (i) ਪੰਜਾਬ ਰਾਜ ਸਿਵਲ ਸਪਲਾਈਜ਼ ਕਾਰਪੋਰੇਸ਼ਨ ਲਿਮਟਿਡ: ₹ 549.37 ਕਰੋੜ; (ii) ਪੰਜਾਬ ਰਾਜ ਉਦਯੋਗਿਕ ਵਿਕਾਸ ਕਾਰਪੋਰੇਸ਼ਨ ਲਿਮਟਿਡ: ₹ 406.26 ਕਰੋੜ; (iii) ਪੰਜਾਬ ਐਗਰੋ ਫੂਡਗ੍ਰੇਨ ਕਾਰਪੋਰੇਸ਼ਨ ਲਿਮਟਿਡ: ₹ 322.56 ਕਰੋੜ; (iv) ਪੰਜਾਬ ਵਿੱਤੀ ਕਾਰਪੋਰੇਸ਼ਨ: ₹ 220.45 ਕਰੋੜ; (v) ਪੰਜਾਬ ਰਾਜ ਵੇਅਰ ਹਾਊਸਿੰਗ ਕਾਰਪੋਰੇਸ਼ਨ: ₹ 96.90 ਕਰੋੜ; ਅਤੇ (vi) ਪੰਜਾਬ ਰਾਜ ਅਨਾਜ ਖਰੀਦ ਕਾਰਪੋਰੇਸ਼ਨ ਲਿਮਟਿਡ: ₹ 13.53 ਕਰੋੜ।

ਬੀ ਆਈ ਦੁਆਰਾ ਰਾਜ ਸਰਕਾਰ ਨੂੰ ਦਿੱਤੇ ਜਾਣ ਵਾਲੇ ਸਧਾਰਣ ਡਬਲਿਊ ਐਮ ਏ ਦੀ ਸੀਮਾਂ ਦੀ ਸਮੇਂ ਸਮੇਂ ਤੇ ਸੋਧ ਕੀਤੀ ਜਾਂਦੀ ਹੈ।

ਰਾਜ ਸਰਕਾਰ ਆਪਣੇ ਵਾਧੂ ਕੈਸ਼ ਬਕਾਏ ਨੂੰ ਭਾਰਤ ਸਰਕਾਰ ਦੀਆਂ ਲਘੂ ਅਤੇ ਦੀਰਘ ਕਾਲੀਨ ਸਕਿਓਰਟੀਆਂ ਅਤੇ ਖਜ਼ਾਨਾ ਬਿਲਾਂ ਵਿੱਚ ਨਿਵੇਸ਼ ਕਰਦੀ ਹੈ। ਚਿੰਨਤ ਰਿਜ਼ਰਵ ਫੰਡਾਂ ਵਿੱਚ ਕੈਸ਼ ਬਕਾਇਆ ਨਿਵੇਸ਼ ਇਹਨਾਂ ਯੰਤਰਾਂ ਜਿਵੇਂ ਕਿ ਰਾਜ ਡਿਜਾਸਟਰ ਫੰਡ, ਸੰਚਿਤ ਸਿਕਿੰਗ ਫੰਡ, ਗਰੰਟੀ ਰਿਡੰਪਸ਼ਨ ਫੰਡ ਆਦਿ ਵਿੱਚ ਵੀ ਕੀਤਾ ਜਾਂਦਾ ਹੀ ਹੈ। ਅਜਿਹੇ ਨਿਵੇਸ਼ਾਂ ਤੋਂ ਪ੍ਰਾਪਤ ਲਾਭ '0049- ਵਿਆਜ ਪ੍ਰਾਪਤੀਆਂ' ਮੱਦ ਅਧੀਨ ਧਨ ਪ੍ਰਾਪਤੀਆਂ ਵਜੋਂ ਕ੍ਰੈਡਿਟ ਕੀਤੇ ਜਾਂਦੇ ਹਨ।

ਇਹ ਉਚਿਤ ਨਹੀਂ ਹੈ ਕਿ ਰਾਜ ਸਰਕਾਰ ਵੱਡੇ ਕੈਸ਼ ਬਕਾਏ ਹੋਣ ਦੇ ਬਾਵਜੂਦ ਮਾਰਕੀਟ ਕਰਜ਼ਿਆ ਦਾ ਸਹਾਰਾ ਲਏ ਜਿਸ ਕਰਕੇ ਬਿਨਾ ਕਿਸੇ ਲਾਭਕਾਰੀ ਵਰਤੋਂ ਦੇ ਪਏ ਕੈਸ਼ ਬਕਾਇਆ ਵਿੱਚ ਹੋਰ ਵਾਧਾ ਹੁੰਦਾ ਹੈ। 2020-21 ਅਤੇ 2021-22 ਦੌਰਾਨ ਕੈਸ਼ ਬਕਾਏ ਅਤੇ ਇਹਨਾਂ ਦੇ ਨਿਵੇਸ਼ ਦੇ ਵੇਰਵੇ **ਸਾਰਣੀ** 2.45 ਵਿੱਚ ਦਿੱਤੇ ਗਏ ਹਨ।

**ਸਾਰਣੀ 2.45: ਕੈਸ਼ ਬਕਾਏ ਅਤੇ ਇਨ੍ਹਾਂ ਦੇ ਨਿਵੇਸ਼**

*(₹ ਕਰੋੜ ਵਿੱਚ)*

| | 1 ਅਪ੍ਰੈਲ 2021 ਨੂੰ ਮੁਢਲਾ ਬਕਾਇਆ | 31 ਮਾਰਚ 2022 ਨੂੰ ਅੰਤਿਮ ਬਕਾਇਆ |
|---|---|---|
| ੳ. ਆਮ ਕੈਸ਼ ਬਕਾਇਆ | | |
| ਭਾਰਤੀ ਰਿਜ਼ਰਵ ਬੈਂਕ ਕੋਲ ਡਿਪਾਜ਼ਿਟਸ | 194.40 | 129.76 |
| ਕੈਸ਼ ਬਕਾਇਆ ਨਿਵੇਸ਼ ਲੇਖੇ ਵਿੱਚ ਕੀਤੇ ਨਿਵੇਸ਼ | 6,710.25 | 2,237.59 |
| **ਜੋੜ (ੳ)** | **6,904.65** | **2,367.35** |
| ਅ. ਹੋਰ ਕੈਸ਼ ਬਕਾਏ ਅਤੇ ਨਿਵੇਸ਼ | | |
| ਵਿਭਾਗੀ ਅਧਿਕਾਰੀਆਂ ਭਾਵ ਜੰਗਲਾਤ ਅਤੇ ਲੋਕ ਨਿਰਮਾਣ ਕੋਲ ਕੈਸ਼ | 1,131.59 | 1,376.09 |
| ਕੰਟੀਜੈਂਟ ਖਰਚੇ ਲਈ ਵਿਭਾਗੀ ਅਧਿਕਾਰੀਆਂ ਕੋਲ ਸਥਾਈ ਪੇਸ਼ਗੀਆਂ | 0.26 | 0.26 |
| ਚਿੰਨਤ ਫੰਡਾਂ ਦਾ ਨਿਵੇਸ਼ | 1,211.33 | 3,127.94 |
| **ਜੋੜ (ਅ)** | **2,343.18** | **4,504.29** |
| **ਜੋੜ (ੳ+ ਅ)** | **9,247.83** | **6,871.64** |
| **ਪ੍ਰਾਪਤ ਕੀਤਾ ਵਿਆਜ** | **10.30** | **35.08** |

*ਸ੍ਰੋਤ: ਵਿੱਤ ਲੇਖੇ*

ਚਾਲੂ ਸਾਲ ਦੇ ਅਖੀਰ ਤੇ ਅੰਤਿਮ ਕੈਸ਼ ਬਕਾਇਆ (₹ 6,871.64 ਕਰੋੜ) ਪਿਛਲੇ ਸਾਲ (₹ 9,247.83 ਕਰੋੜ) ਨਾਲੋਂ ₹ 2,376.19 ਕਰੋੜ ਨਾਲ ਘੱਟ ਗਿਆ।

ਕੈਸ਼ ਬਕਾਏ ਵਿੱਚ ਚਿੰਨ੍ਹਤ ਫੰਡਾਂ ਦੇ ਕੀਤੇ ₹ 3,127.94 ਕਰੋੜ ਦੇ ਨਿਵੇਸ਼ ਸ਼ਾਮਲ ਸਨ। ਸਾਲ 2021-22 ਦੌਰਾਨ ਰਾਜ ਸਰਕਾਰ ਨੂੰ 353 ਦਿਨਾਂ ਲਈ ₹ 1.56 ਕਰੋੜ ਦਾ ਘੱਟੋ ਘੱਟ ਕੈਸ਼ ਬਕਾਇਆ ਰੱਖ ਸਕੀ ਸੀ ਅਤੇ ਇਸ ਨੂੰ 12 ਦਿਨਾਂ ਲਈ ਸਧਾਰਣ ਡਬਲਿਊ ਐਮ ਏ ਲੈ ਕੇ ਘੱਟੋ ਘੱਟ ਬਕਾਇਆ

ਵੀ ਰੱਖਣਾ ਪਿਆ ਸੀ। ਰਾਜ ਨੂੰ ਸਾਲ 2021-22 ਦੌਰਾਨ ਡਬਲਿਊ ਐਮ ਏ/ਐਸ ਡੀ ਐਫ 'ਤੇ ₹ 0.38 ਕਰੋੜ ਦੇ ਵਿਆਜ ਦੀ ਅਦਾਇਗੀ ਕਰਨੀ ਪਈ ਸੀ।

ਰਾਖਵੇਂ ਫੰਡਾਂ ਵਿੱਚ ਬਕਾਏ ਜਾਂ ਤਾਂ ਕੈਸ਼ ਵਿੱਚ ਰੱਖੇ ਜਾਂਦੇ ਹਨ ਜਾਂ ਸਬੰਧਤ ਫੰਡ ਦੇ ਦਿਸ਼ਾ ਨਿਰਦੇਸ਼ਾਂ ਵਿੱਚ ਨਿਰਧਾਰਤ ਕੀਤੀਆ ਵੱਖ-ਵੱਖ ਸਕਿਓਰਟੀਆਂ ਵਿੱਚ ਇਨ੍ਹਾਂ ਦਾ ਨਿਵੇਸ਼ ਕਰਨਾ ਲੋੜੀਂਦਾ ਹੈ। ਸਾਲ 2021-22 ਦੇ ਅੰਤ ਤੱਕ ਸਿਰਫ ₹ 3,127.26 ਕਰੋੜ (ਸੰਚਿਤ ਸਿੰਕਿਗ ਫੰਡ ਤੋਂ) ਨਿਵੇਸ਼ ਕੀਤੇ ਗਏ ਸਨ। ਸਾਲ ਦੇ ਅਖੀਰ ਵਿੱਚ ₹ 2,367.35 ਕਰੋੜ ਦਾ ਆਮ ਕੈਸ਼ ਬਕਾਇਆ, ਇਥੋਂ ਤੱਕ ਕਿ ਚਿੰਨਤ ਰਿਜ਼ਰਵ ਫੰਡਾਂ ਵਿੱਚ ਰੱਖੇ ਕੈਸ਼ ₹ 9,508.58 ਕਰੋੜ ਦੇ ਬਕਾਏ ਦੇ ਬਰਾਬਰ ਵੀ ਨਹੀਂ ਸੀ ਜਿਸ ਦਾ ਅਰਥ ਇਹ ਹੈ ਕਿ ਰਾਖਵੇਂ ਫੰਡ ਚਿਤਵੇ ਉਦੇਸ਼ ਨਾਲੋ ਕਿਤੇ ਹੋਰ ਵਰਤੇ ਗਏ ਸਨ।

ਪਿਛਲੇ ਪੰਜ ਸਾਲਾਂ ਦੌਰਾਨ ਕੈਸ਼ ਬਕਾਇਆ ਨਿਵੇਸ਼ ਲੇਖੇ ਦੇ ਵੇਰਵੇ; ਅਤੇ ਸਾਲ 2021-22 ਦੌਰਾਨ ਮਹੀਨੇ ਦੇ ਅੰਤ ਤੇ ਮਹੀਨਾਵਾਰ ਕੈਸ਼ ਬਕਾਇਆਂ ਅਤੇ ਨਿਰੋਲ ਕੈਸ਼ ਬਕਾਏ ਦੇ ਨਿਵੇਸ਼ਾਂ ਵਿੱਚ ਹਲਚਲ ਦੇ ਵੇਰਵੇ ਕ੍ਰਮਵਾਰ **ਸਾਰਣੀ** 2.46 ਅਤੇ **ਚਾਰਟ** 2.25 ਵਿੱਚ ਦਰਸਾਏ ਗਏ ਹਨ।

**ਸਾਰਣੀ 2.46: ਕੈਸ਼ ਬਕਾਇਆ ਨਿਵੇਸ਼ ਲੇਖਾ (ਮੁੱਖ ਮੱਦ-8673)**

***(₹ ਕਰੋੜ ਵਿੱਚ)***

| ਸਾਲ | ਮੁਢਲਾ ਬਕਾਇਆ | ਅੰਤਿਮ ਬਕਾਇਆ | ਵਾਧਾ (+) ਘਾਟਾ (-) | ਕਮਾਇਆ ਵਿਆਜ |
|---|---|---|---|---|
| 2017-18 | 0.04 | 0.04 | 0.00 | 1.56 |
| 2018-19 | 0.04 | 468.56 | (+) 468.52 | 4.92 |
| 2019-20 | 468.56 | 805.39 | (+) 336.83 | 5.60 |
| 2020-21 | 805.39 | 6,710.25 | (+) 5,904.86 | 10.30 |
| 2021-22 | 6,710.25 | 2,237.59 | (-)4,472.66 | 35.08 |

*ਸ੍ਰੋਤ: ਵਿੱਤ ਲੇਖੇ*

**ਚਾਰਟ 2.25:** 2021-22 ਦੌਰਾਨ ਮਹੀਨੇ ਦੇ ਅਖੀਰ ਤੇ ਨਿਰੋਲ ਕੈਸ਼ ਬਕਾਇਆ ਨਿਵੇਸ਼ਾਂ ਅਤੇ ਕੈਸ਼ ਬਕਾਏ ਦੀ ਮਹੀਨਾਵਾਰ ਹਲਚਲ




*ਸ੍ਰੋਤ: ਮਹਾਂ ਲੇਖਾਕਾਰ (ਲੇਖਾ ਤੇ ਹੱਕਦਾਰੀ) ਪੰਜਾਬ ਦਾ ਦਫਤਰ*

ਪਿਛਲੇ ਪੰਜ ਸਾਲਾਂ ਦੌਰਾਨ ਮਾਰਕੀਟ ਕਰਜ਼ਿਆਂ ਦੇ ਟਾਕਰੇ ਵਿੱਚ ਕੈਸ਼ ਬਕਾਇਆਂ ਦੇ ਵੇਰਵਿਆਂ ਨੂੰ ਚਾਰਟ 2.26 ਵਿੱਚ ਦਰਸਾਇਆ ਗਿਆ ਹੈ।

**ਚਾਰਟ 2.26: ਕੈਸ਼ ਬਕਾਏ ਦੀ ਤੁਲਨਾ ਵਿੱਚ ਮਾਰਕੀਟ ਕਰਜ਼ੇ**




*ਸ੍ਰੋਤ: ਵਿੱਤ ਲੇਖੇ*

ਸਾਲ 2021-22 ਦੌਰਾਨ, ਰਾਜ ਦੇ ਆਮ ਕੈਸ਼ ਬਕਾਏ (₹ 2,367 ਕਰੋੜ) ਦੀ ਹੱਦ ਤੱਕ ਮਾਰਕੀਟ ਉਧਾਰਾਂ ਤੋਂ ਬਚ ਸਕਦਾ ਸੀ। ₹ 2,367 ਕਰੋੜ ਦੇ ਆਮ ਕੈਸ਼ ਬਕਾਏ ਵਿੱਚ ₹ 2,238 ਕਰੋੜ ਦਾ ਕੈਸ਼ ਬਕਾਇਆ ਨਿਵੇਸ਼ ਸ਼ਾਮਲ ਸੀ। ਇਨ੍ਹਾਂ ਨਿਵੇਸ਼ਾਂ 'ਤੇ ₹ 35.08 ਕਰੋੜ (0.76 *ਪ੍ਰਤੀਸ਼ਤ*) ਦਾ ਵਿਆਜ ਪ੍ਰਾਪਤ ਕੀਤਾ ਗਿਆ ਸੀ ਜਦੋਂ ਕਿ ਰਾਜ ਸਰਕਾਰ ਨੇ 2021-22 ਦੌਰਾਨ ਮਾਰਕੀਟ ਉਧਾਰਾਂ 'ਤੇ 7.54 *ਪ੍ਰਤੀਸ਼ਤ* ਦੀ ਔਸਤ ਦਰ ਵਿਆਜ ਦਾ ਭੁਗਤਾਨ ਕੀਤਾ ਸੀ।

## 2.8 ਮੁੱਖ ਵਿਸ਼ੇਸ਼ਤਾਵਾਂ

ਸਰਕਾਰ ਦੀ ਵਿੱਤੀ ਕਾਰਗੁਜ਼ਾਰੀ ਨੂੰ ਵੇਖਣ ਲਈ ਘਾਟਾ ਸੂਚਕ, ਰੈਵੀਨਿਊ ਵਾਧਾ ਅਤੇ ਖਰਚਾ ਪ੍ਰਬੰਧਨ ਮੁੱਖ ਮਾਪਦੰਡ ਹਨ। 2021-22 ਦੌਰਾਨ ਰਾਜ ਵਿੱਤਾਂ ਦੇ ਮਹੱਤਵਪੂਰਣ ਮਾਪਦੰਡਾਂ ਦੀ ਪਿਛਲੇ ਸਾਲ ਭਾਵ 2020-21 ਨਾਲ ਤੁਲਨਾ ਨੂੰ **ਸਾਰਣੀ** 2.47 ਵਿੱਚ ਸੰਖੇਪ ਕੀਤਾ ਗਿਆ ਹੈ।

**ਸਾਰਣੀ 2.47: ਮਹੱਤਵਪੂਰਣ ਮਾਪਦੰਡ**

| ਸਾਕਾਰਾਤਮਕ ਸੂਚਕ | ਨਜ਼ਦੀਕੀ ਨਿਗਰਾਨੀ ਦੀ ਲੋੜ ਵਾਲੇ ਮਾਪਦੰਡ |
|---|---|
| ⇑ ਰੈਵੀਨਿਊ ਪ੍ਰਾਪਤੀਆਂ ਵਿੱਚ 13.21 *ਪ੍ਰਤੀਸ਼ਤ* ਦਾ ਵਾਧਾ | ⇓ ਸਬਸਿਡੀਆਂ ਤੇ ਖਰਚੇ ਵਿੱਚ 48.91 *ਪ੍ਰਤੀਸ਼ਤ* ਦਾ ਵਾਧਾ |
| ⇑ ਪੂੰਜੀਗਤ ਖਰਚੇ ਵਿੱਚ 82.79 *ਪ੍ਰਤੀਸ਼ਤ* ਦਾ ਵਾਧਾ | ⇓ ਵਿੱਤੀ ਘਾਟੇ ਵਿੱਚ 23.30 *ਪ੍ਰਤੀਸ਼ਤ* ਦਾ ਵਾਧਾ |
| ⇑ ਸਮਾਜਿਕ ਸੇਵਾਵਾਂ ਤੇ ਰੈਵੀਨਿਊ ਖਰਚੇ ਵਿੱਚ 16.88 *ਪ੍ਰਤੀਸ਼ਤ* ਦਾ ਵਾਧਾ। | |

## 2.9 ਸਿੱਟੇ

ਰਾਜ ਨੇ ਰੈਵੀਨਿਊ ਘਾਟੇ ਦੇ ਸਿਲਸਲੇਵਾਰ ਖਾਤਮੇ ਰਾਹੀਂ ਵਿੱਤੀ ਸਥਿਰਤਾ ਲਿਆਉਣ ਅਤੇ ਵਿੱਤੀ ਪ੍ਰਬੰਧਨ ਵਿੱਚ ਸਿਆਣਪ ਨੂੰ ਯਕੀਨੀ ਬਣਾਉਣ ਲਈ ਐਫ ਆਰ ਬੀ ਐਮ ਐਕਟ, 2003 ਪਾਸ ਕੀਤਾ। ਰਾਜ ਨਿਰੰਤਰ ਰੈਵੀਨਿਊ ਘਾਟੇ ਵਾਲਾ ਸੂਬਾ ਰਿਹਾ। 2021-22 ਦੌਰਾਨ ਰੈਵੀਨਿਊ ਘਾਟਾ ਰੈਵੀਨਿਊ ਪ੍ਰਾਪਤੀਆਂ ਦਾ 23 *ਪ੍ਰਤੀਸ਼ਤ* ਸੀ ਜਦੋਂ ਕਿ 2020-21 ਦੌਰਾਨ ਇਹ 25 *ਪ੍ਰਤੀਸ਼ਤ* ਸੀ।

ਰੈਵੀਨਿਊ ਘਾਟਾ ਜੋ 2008-09 ਤੱਕ ਜ਼ੀਰੋ ਤੱਕ ਹੇਠਾਂ ਲਿਆਉਣਾ ਸੀ, 2021-22 ਦੌਰਾਨ ₹ 18,468 ਕਰੋੜ ਤੱਕ ਵੱਧ ਗਿਆ। ਇਹ ਸੰਕੇਤ ਦਿੰਦਾ ਹੈ ਕਿ ਰਾਜ ਨੇ ਚਾਲੂ ਖਪਤ ਦੀ ਪੂਰਤੀ ਲਈ ਫੰਡ ਉਧਾਰ ਲਏ ਸਨ।

2017-22 ਦੌਰਾਨ ਸਬਸਿਡੀਆਂ ਰੈਵੀਨਿਊ ਖਰਚੇ ਦਾ 11 *ਪ੍ਰਤੀਸ਼ਤ* ਤੋਂ 18 *ਪ੍ਰਤੀਸ਼ਤ* ਸਨ ਅਤੇ ਇਨ੍ਹਾਂ ਨੇ ਰੈਵੀਨਿਊ ਘਾਟੇ ਨੂੰ 56 *ਪ੍ਰਤੀਸ਼ਤ* ਤੋਂ 102 *ਪ੍ਰਤੀਸ਼ਤ* ਦਾ ਯੋਗਦਾਨ ਦਿੱਤਾ। ਪਾਵਰ ਸਬਸਿਡੀ 68 *ਪ੍ਰਤੀਸ਼ਤ* ਅਤੇ 99 *ਪ੍ਰਤੀਸ਼ਤ* ਦੀ ਰੇਂਜ ਵਿਚਕਾਰ ਕੁੱਲ ਸਬਸਿਡੀਆਂ ਦਾ ਵੱਡਾ ਹਿੱਸਾ ਸੀ।

2021-22 ਦੌਰਾਨ ਰਾਜ ਦਾ ਵਿੱਤੀ ਘਾਟਾ ₹ 27,847 ਕਰੋੜ ਸੀ ਜੋ ਕਿ ਜੀ ਐਸ ਡੀ ਪੀ ਦਾ 4.77 *ਪ੍ਰਤੀਸ਼ਤ* ਸੀ ਅਤੇ ਰਾਜ ਸਰਕਾਰ ਦੁਆਰਾ ਐਮ ਟੀ ਐਫ ਪੀ ਵਿੱਚ ₹ 24,240 ਕਰੋੜ ਤੈਅ ਕੀਤੇ ਟੀਚੇ ਤੋਂ ਵੱਧ ਸੀ। ਵਿੱਤੀ ਘਾਟਾ ਮੁੱਖ ਤੌਰ ਤੇ ਜੀ ਐਸ ਟੀ ਮੁਆਵਜੇ ਦੀ ਘਾਟ ਦੇ ਬਦਲੇ ਜੀ ਓ ਆਈ ਤੋਂ ਮਾਰਕੀਟ ਉਧਾਰਾਂ ਰਾਹੀ ਫਾਈਨਾਂਸ ਕੀਤਾ ਗਿਆ ਸੀ।

2021-22 ਦੌਰਾਨ ₹ 44,749 ਕਰੋੜ[33] ਦੇ ਕੁੱਲ ਉਧਾਰਾਂ ਵਿੱਚੋਂ ਰਾਜ ਸਰਕਾਰ ਨੇ ਸਿਰਫ ₹ 8,010 ਕਰੋੜ (17.90 *ਪ੍ਰਤੀਸ਼ਤ*) ਦਾ ਪੂੰਜੀਗਤ ਖਰਚਾ ਕੀਤਾ।

ਪਿਛਲੇ ਸਾਲ ਦੇ ਮੁਕਾਬਲੇ ਚਾਲੂ ਸਾਲ ਦੌਰਾਨ ਰੈਵੀਨਿਊ ਪ੍ਰਾਪਤੀਆਂ ਵਿੱਚ ₹ 9,120 ਕਰੋੜ (13.21 *ਪ੍ਰਤੀਸ਼ਤ*) ਦਾ ਵਾਧਾ ਹੋਇਆ ਜਦੋਂ ਕਿ, ਰੈਵੀਨਿਊ ਖਰਚੇ ₹ 10,292 ਕਰੋੜ (11.92 *ਪ੍ਰਤੀਸ਼ਤ*) ਵਧੇ ਸਨ। ਇਸ ਤੋ ਇਲਾਵਾ, ਰਾਜ ਦੀ ਆਪਣੀ ਰੈਵੀਨਿਊ ਪਿਛਲੇ ਸਾਲ ਨਾਲੋਂ 23.11 *ਪ੍ਰਤੀਸ਼ਤ* ਦੇਣ ਪੋਜ਼ਟਿਵ ਵਾਧੇ ਨਾਲ ਦਰਜ ਕੀਤੀ ਗਈ।

ਰਾਜ ਨੇ ਤਰਜੀਹੀ ਖੇਤਰੀ ਖਰਚੇ ਲਈ 36 *ਪ੍ਰਤੀਸ਼ਤ* ਛਡਦੇ ਹੋਏ ਵਚਨਬੱਧ ਦੇਣਦਾਰੀਆਂ ਜਿਵੇਂ ਕਿ ਤਨਖਾਹਾਂ ਅਤੇ ਉਜਰਤਾਂ, ਪੈਨਸ਼ਨਾਂ, ਵਿਆਜ ਅਦਾਇਗੀਆਂ ਤੇ ਕੁੱਲ ਰੈਵੀਨਿਊ ਖਰਚੇ ਦਾ 64 *ਪ੍ਰਤੀਸ਼ਤ* ਖਰਚ ਕੀਤਾ।

ਰਾਜ ਲੇਖਿਆਂ ਅਨੁਸਾਰ ਅਤੇ 18 ਪੀ ਐਸ ਯੂਜ਼ ਦੇ ਲੇਖਿਆਂ ਅਨੁਸਾਰ ਇਕਿਊਟੀ ਨਿਵੇਸ਼ ਦੀਆਂ ਰਾਸ਼ੀਆਂ ਵਿੱਚ ₹ 4,092 ਕਰੋੜ ਦਾ ਅੰਤਰ ਸੀ। ਅੰਤਰ ਮਿਲਾਨ ਅਧੀਨ ਸੀ (ਸਤੰਬਰ 2022)।

33 ਜੀ ਐਸ ਟੀ ਮੁਆਵਜ਼ੇ ਦੀ ਘਾਟ ਦੇ ਬਦਲੇ ਜੀ ਓ ਆਈ ਤੋਂ ₹ 12,132 ਕਰੋੜ ਦੇ ਬੈਕ-ਟੂ-ਬੈਕ ਕਰਜ਼ੇ ਸ਼ਾਮਲ ਹਨ।

ਰਾਜ ਸਰਕਾਰ ਨੇ 31 ਮਾਰਚ 2022 ਤੱਕ ਵਿਧਾਨਕ ਕਾਰਪੋਰੇਸ਼ਨਾਂ, ਸਰਕਾਰੀ ਕੰਪਨੀਆਂ ਅਤੇ ਸਹਿਕਾਰੀ ਅਦਾਰਿਆਂ ਵਿੱਚ ਆਪਣੇ ਕੁੱਲ ਨਿਵੇਸ਼ (₹ 19,900 ਕਰੋੜ) ਤੇ 0.03 *ਪ੍ਰਤੀਸ਼ਤ* ਦਾ ਮਾਮੂਲੀ ਪ੍ਰਤੀਫਲ ਕਮਾਇਆ।

2021-22 ਦੌਰਾਨ ਰਾਜ ਸਰਕਾਰ ਨੇ ਬਕਾਇਆ ਕਰਜ਼ਿਆਂ 'ਤੇ ਵਿਆਜ ਵਜੋਂ ₹ 19 ਕਰੋੜ (0.05 *ਪ੍ਰਤੀਸ਼ਤ*) ਪ੍ਰਾਪਤ ਕੀਤੇ ਜਦੋਂਕਿ ਬਕਾਇਆ ਕਰਜ਼ੇ 'ਤੇ 7.07 *ਪ੍ਰਤੀਸ਼ਤ* ਵਿਆਜ ਦਾ ਭੁਗਤਾਨ ਕੀਤਾ।

2021-22 ਦੇ ਸ਼ੁਰੂ ਵਿੱਚ ਸਹਿਕਾਰੀ ਖੰਡ ਮਿੱਲਾਂ ਦੇ ਵਿਰੁੱਧ ₹ 1,184 ਕਰੋੜ ਦੀ ਰਾਸ਼ੀ ਦੇ ਕਰਜ਼ੇ ਬਕਾਇਆ ਸਨ। ਅੱਗੇ, ਇਨ੍ਹਾਂ ਖੰਡ ਮਿੱਲਾਂ ਤੋਂ ਪਹਿਲੇ ਕਰਜ਼ਿਆਂ ਦੀ ਵਸੂਲੀ ਕੀਤੇ ਬਗੈਰ ₹ 285 ਕਰੋੜ ਦੇ ਕਰਜ਼ੇ ਦੇ ਦਿੱਤੇ ਗਏ ਸਨ।

ਜਨਤਕ ਕਰਜ਼ਾ ਅਤੇ ਲੋਕ ਲੇਖਾ ਦੇਣਦਾਰੀਆਂ ਸਮੇਤ ਕੁੱਲ ਬਕਾਇਆ ਕਰਜ਼ਾ, ਜੀ ਐਸ ਡੀ ਪੀ ਦਾ 44.74 *ਪ੍ਰਤੀਸ਼ਤ*[34] ਸੀ। ਕੁੱਲ ਕਰਜ਼ਾ ਪਿਛਲੇ ਸਾਲ ਨਾਲੋਂ 4.65 *ਪ੍ਰਤੀਸ਼ਤ* ਨਾਲ ਵਧਿਆ। ਸਾਲ ਦੌਰਾਨ, ਰੈਵੀਨਿਊ ਖਰਚੇ ਦੇ 20 *ਪ੍ਰਤੀਸ਼ਤ* ਅਤੇ ਰੈਵੀਨਿਊ ਪ੍ਰਾਪਤੀਆਂ ਦੇ 24 *ਪ੍ਰਤੀਸ਼ਤ* ਦੇ ਬਰਾਬਰ ਵਿਆਜ ਅਦਾਇਗੀਆਂ ਵਿੱਚ ਚਲਾ ਗਿਆ ਸੀ।

ਰਾਜ ਸਰਕਾਰ ਨੇ ਰਾਜ ਆਫਤ ਰਿਸਪਾਂਸ ਫੰਡ ਅਧੀਨ ਉਪਲੱਬਧ ₹ 8,194 ਕਰੋੜ ਦੇ ਫੰਡਾਂ ਦਾ ਨਿਵੇਸ਼ ਨਹੀਂ ਕੀਤਾ ਸੀ ਜਿਸ ਤੋਂ ਭਾਵ ਕਿ ਫੰਡ ਚਿਤਵੇਂ ਉਦੇਸ਼ ਨੂੰ ਛੱਡ ਕੇ ਕਿਤੇ ਹੋਰ ਵਰਤੇ ਗਏ ਸਨ।

ਇਥੋਂ ਤੱਕ ਕਿ 31 ਮਾਰਚ 2022 ਨੂੰ ਮੁਕੰਮਲ ਹੋਣ ਲਈ ਸੂਚੀਬੱਧ ਕੀਤੇ ਗਏ 86 ਪ੍ਰੋਜੈਕਟ ਅਧੂਰੇ ਸਨ। ਇਨ੍ਹਾਂ ਅਧੂਰੇ ਪ੍ਰੋਜੈਕਟਾਂ ਤੇ ਕੀਤੇ ₹ 1,564 ਕਰੋੜ ਦੇ ਖਰਚੇ ਤੋਂ ਚਿਤਵੇ ਲਾਭ ਮਿਲਣੇ ਅਜੇ ਬਾਕੀ ਸਨ।

ਰਾਜ ਸਰਕਾਰ ਨੇ ਛੇ ਪੀ ਐਸ ਯੂਜ਼ ਜਿਨ੍ਹਾਂ ਦਾ ਨਿਰੋਲ ਮੁੱਲ ਨੈਗੇਟਿਵ ਹੋ ਚੁੱਕਾ ਸੀ, ਨੂੰ ₹ 1,609.07 ਕਰੋੜ ਦੀ ਗਰੰਟੀਆਂ ਦਿੱਤੀਆਂ ਸਨ ਇਸ ਤੋਂ ਭਾਵ ਹੈ ਕਿ ਉਨ੍ਹਾਂ ਦੇ ਕਰਜ਼ੇ ਮੋੜਨ ਦੀ ਅਸਲ ਜਿੰਮੇਵਾਰੀ ਰਾਜ ਸਰਕਾਰ ਦੀ ਹੈ।

## 2.10 ਸਿਫਾਰਸ਼ਾਂ

(i) ਰਾਜ ਸਰਕਾਰ ਵਿਧਾਨਕ ਨਿਗਮਾਂ, ਸਰਕਾਰੀ ਕੰਪਨੀਆਂ, ਸਹਿਕਾਰੀ ਬੈਂਕਾਂ ਅਤੇ ਸੁਸਾਇਟੀਆਂ ਤੋਂ ਨਿਵੇਸ਼ ਤੇ ਨਾਕਾਫੀ ਪ੍ਰਤੀਫਲ ਲਈ ਕਾਰਣਾਂ ਦਾ ਮੁਲਾਂਕਣ ਕਰਨ ਅਤੇ ਸੋਧਮਈ ਉਪਾਵਾਂ ਦੇ ਸੁਝਾਅ ਲਈ ਇੱਕ ਕਮੇਟੀ ਦਾ ਗਠਨ ਕਰਨ ਤੇ ਵਿਚਾਰ ਕਰ ਸਕਦੀ ਹੈ।

(ii) ਰਾਜ ਅਧੂਰੇ ਪ੍ਰੋਜੈਕਟਾਂ ਦੇ ਸਮਾਂ-ਬੱਧ ਮੁਕੰਮਲ ਕਰਨ ਨੂੰ ਯਕੀਨੀ ਬਣਾ ਸਕਦਾ ਹੈ।

34 2020-22 ਦੌਰਾਨ ਜੀ ਐਸ ਟੀ ਮੁਆਵਜ਼ੇ ਦੀ ਘਾਟ ਦੇ ਬਦਲੇ ਜੀ ਓ ਆਈ ਤੋਂ ਪ੍ਰਾਪਤ ਕੀਤੇ ₹ 20,491 ਕਰੋੜ ਦੇ ਬੈਕ-ਟੂ-ਬੈਕ ਕਰਜ਼ਿਆਂ ਨੂੰ ਛੱਡਿਆ ਗਿਆ ਹੈ, ਜੋ ਰਾਜ ਸਰਕਾਰ ਦੁਆਰਾ ਆਪਣੇ ਸ੍ਰੋਤਾਂ ਤੋਂ ਵਾਪਸ ਨਹੀਂ ਕੀਤੇ ਜਾਣੇ ਹਨ।

(iii) ਰਾਜ ਸਰਕਾਰ ਨੂੰ ਉਧਾਰਾਂ ਤੇ ਘੱਟ ਤੋਂ ਘੱਟ ਨਿਰਭਰਤਾ ਲਈ ਆਪਣੇ ਸਾਧਨ ਜੁਟਾਉਣੇ ਚਾਹੀਦੇ ਹਨ।

(iv) ਰਾਜ ਸਰਕਾਰ ਗਰੰਟੀਆਂ/ਕਰਜ਼ੇ ਦੇਣ ਤੋਂ ਪਹਿਲਾਂ ਸੰਸਥਾਵਾਂ ਦੀ ਕਰਜ਼ਾ ਵਾਪਸੀ ਦੀ ਸਮਰੱਥਾ ਨੂੰ ਸਾਹਮਣੇ ਰੱਖ ਸਕਦੀ ਹੈ। ਭਵਿੱਖ ਵਿੱਚ ਗਰੰਟੀਆਂ/ਕਰਜ਼ੇ, ਸਬੰਧਤ ਇਕਾਈਆਂ ਜਿਨ੍ਹਾਂ ਦੀ ਗਰੰਟੀ ਦੇਣੀ ਹੈ, ਦੇ ਲੇਖਾ ਪ੍ਰੀਖਿਆ ਕੀਤੇ ਲੇਖਿਆਂ ਦੇ ਪੇਸ਼ ਕਰਨ ਤੋਂ ਤੈਅ ਕੀਤੀਆਂ ਜਾ ਸਕਦੀਆਂ ਹਨ।

# ਅਧਿਆਇ -III

# ਬਜਟਰੀ ਪ੍ਰਬੰਧਨ

# ਅਧਿਆਇ-III

# ਬਜਟਰੀ ਪ੍ਰਬੰਧਨ

## 3.1 ਬਜਟ ਪ੍ਰਕਿਰਿਆ

ਭਾਰਤ ਦੇ ਸੰਵਿਧਾਨ ਦੇ ਅਨੁਛੇਦ 202 ਦੀ ਪਾਲਣਾ ਵਿੱਚ ਹਰ ਇੱਕ ਵਿੱਤੀ ਸਾਲ ਨਾਲ ਸਬੰਧਤ, ਉਸ ਸਾਲ ਲਈ ਰਾਜ ਦੀਆਂ ਅਨੁਮਾਨਿਤ ਪ੍ਰਾਪਤੀਆਂ ਅਤੇ ਖਰਚੇ ਦੀ ਇਕ ਵਿਵਰਣੀ ਜਿਸ ਨੂੰ ਕਿ "ਸਲਾਨਾ ਵਿੱਤੀ ਵਿਵਰਣੀ" (ਬਜਟ) ਕਿਹਾ ਜਾਂਦਾ ਹੈ, ਰਾਜ ਵਿਧਾਨਪਾਲਿਕਾ ਦੇ ਸਨਮੁੱਖ ਪੇਸ਼ ਕੀਤੀ ਜਾਣੀ ਹੈ। ਖਰਚੇ ਦੇ ਅਨੁਮਾਨਾਂ ਵਿੱਚ ਖਰਚੇ ਦੀਆਂ 'ਚਾਰਜਡ' ਅਤੇ 'ਵੋਟਡ' ਆਈਟਮਾਂ[1] ਨੂੰ ਵੱਖ-ਵੱਖ ਕਰਕੇ ਦਰਸਾਇਆ ਜਾਂਦਾ ਹੈ ਅਤੇ ਰੈਵੀਨਿਊ ਲੇਖੇ ਦੇ ਖਰਚੇ ਨੂੰ ਹੋਰ ਖਰਚੇ ਤੋਂ ਵੱਖਰਾ ਕਰਕੇ ਦਰਸਾਇਆ ਜਾਂਦਾ ਹੈ। ਰਾਜ ਸਰਕਾਰ ਵੱਲੋਂ ਕੋਈ ਵੀ ਖਰਚਾ ਕਰਨ ਤੋਂ ਪਹਿਲਾਂ ਵਿਧਾਨਕ ਅਧਿਕਾਰ ਹਾਸਲ ਕਰਨਾ ਜ਼ਰੂਰੀ ਹੈ।

ਪੰਜਾਬ ਬਜਟ ਮੈਨੂਅਲ ਅਨੁਸਾਰ, ਵਿੱਤ ਵਿਭਾਗ ਵੱਖ-ਵੱਖ ਵਿਭਾਗਾਂ ਤੋਂ ਅਨੁਮਾਨ ਪ੍ਰਾਪਤ ਕਰਕੇ ਸਲਾਨਾ ਬਜਟ ਤਿਆਰ ਕਰਨ ਲਈ ਜਿੰਮੇਵਾਰ ਹੈ। ਪ੍ਰਾਪਤੀਆਂ ਅਤੇ ਖਰਚੇ ਦੇ ਵਿਭਾਗੀ ਅਨੁਮਾਨ, ਕੰਟਰੋਲਿੰਗ ਅਫਸਰਾਂ ਵੱਲੋਂ ਵਿਭਾਗਾਂ ਦੇ ਮੁਖੀਆਂ ਦੀ ਸਲਾਹ ਨਾਲ ਤਿਆਰ ਕੀਤੇ ਜਾਂਦੇ ਹਨ ਅਤੇ ਨਿਰਧਾਰਤ ਤਰੀਕਾਂ ਤੇ ਵਿੱਤ ਵਿਭਾਗ ਨੂੰ ਭੇਜੇ ਜਾਂਦੇ ਹਨ। ਵਿੱਤ ਵਿਭਾਗ ਇਨ੍ਹਾਂ ਅਨੁਮਾਨਾਂ ਨੂੰ ਸੰਕਲਿਤ ਕਰਦਾ ਹੈ ਅਤੇ ਵਿਸਥਾਰਤ ਅਨੁਮਾਨ ਜਿਨ੍ਹਾਂ ਨੂੰ ਕਿ 'ਗ੍ਰਾਂਟਾਂ ਲਈ ਮੰਗ' ਕਿਹਾ ਜਾਂਦਾ ਹੈ, ਤਿਆਰ ਕਰਦਾ ਹੈ। ਰਾਜ ਦੇ ਬਜਟ ਵਿੱਚ ਹੇਠ ਲਿਖੇ ਦਸਤਾਵੇਜ਼ ਸ਼ਾਮਲ ਹੁੰਦੇ ਹਨ, ਜਿਵੇਂ ਕਿ *ਚਾਰਟ 3.1* ਵਿੱਚ ਦਿੱਤਾ ਗਿਆ ਹੈ।

1 **ਚਾਰਜਡ ਖਰਚਾ**: ਖਰਚੇ ਦੀਆਂ ਕੁੱਝ ਸ਼੍ਰੇਣੀਆਂ (ਭਾਵ ਸੰਵਿਧਾਨਕ ਅਥਾਰਟੀਆਂ ਦੀਆਂ ਤਨਖਾਹਾਂ, ਕਰਜ਼ਾ ਵਾਪਸੀ, ਆਦਿ), ਰਾਜ ਦੇ ਸੰਚਿਤ ਫੰਡ ਨੂੰ ਚਾਰਜ਼ ਕੀਤੀਆਂ ਜਾਂਦੀਆਂ ਹਨ ਅਤੇ ਇਹ ਵਿਧਾਨਪਾਲਿਕਾ ਦੀ ਵੋਟ ਅਧੀਨ ਨਹੀਂ ਹੁੰਦੀਆਂ। **ਵੋਟਡ ਖਰਚਾ**: ਹੋਰ ਸਾਰੇ ਖਰਚਿਆਂ ਲਈ ਵਿਧਾਨਪਾਲਿਕਾ ਤੋਂ ਵੋਟ ਲਈ ਜਾਂਦੀ ਹੈ।

**ਚਾਰਟ 3.1: ਰਾਜ ਦੇ ਬਜਟ ਦਸਤਾਵੇਜ਼ਾਂ ਦੇ ਵੇਰਵੇ**




ਬਜਟ ਦੇ ਵੱਖ ਵੱਖ ਕੰਪੋਨੈਂਟਾਂ ਨੂੰ *ਚਾਰਟ 3.2* ਵਿੱਚ ਦਰਸਾਇਆ ਗਿਆ ਹੈ।

**ਚਾਰਟ 3.2: ਬਜਟ ਲਾਗੂ ਕਰਨ ਦਾ ਫਲੋਅ ਚਾਰਟ**




*ਸ੍ਰੋਤ: ਨਿਮਿੱਤਣ ਲੇਖੇ*

## 3.1.1 ਵਿੱਤੀ ਸਾਲ 2021-22 ਦੌਰਾਨ ਕੁੱਲ ਉਪਬੰਧਾਂ, ਅਸਲ ਅਦਾਇਗੀਆਂ ਅਤੇ ਬੱਚਤਾਂ ਦਾ ਸਾਰ

ਸਾਲ 2021-22 ਦੌਰਾਨ ਕੁੱਲ 42 ਗ੍ਰਾਂਟਾਂ/ਨਿਮਿੱਤਣਾਂ ਲਈ ਕੁੱਲ ਬਜਟ ਉਪਬੰਧ, ਅਦਾਇਗੀ ਅਤੇ ਬੱਚਤ/ ਵੱਧ ਖਰਚੇ ਦੀ ਸੰਖੇਪਕ ਸਥਿਤੀ ਅਤੇ ਇਸ ਦੀ ਅੱਗੇ ਵੋਟਡ/ਚਾਰਜਡ ਵਿਚਕਾਰ ਵੰਡ ਸਾਰਣੀ 3.1 ਵਿੱਚ ਦਿੱਤੀ ਗਈ ਹੈ।

**ਸਾਰਣੀ 3.1: ਵਿੱਤੀ ਸਾਲ 2021-22 ਦੌਰਾਨ ਬਜਟ ਉਪਬੰਧ, ਅਦਾਇਗੀ ਅਤੇ ਬੱਚਤਾਂ**

*(₹ ਕਰੋੜ ਵਿੱਚ)*

| | ਕੁੱਲ ਬਜਟ ਉਪਬੰਧ | | ਅਦਾਇਗੀਆਂ | | ਬੱਚਤ | |
|---|---|---|---|---|---|---|
| | ਵੋਟਡ | ਚਾਰਜਡ | ਵੋਟਡ | ਚਾਰਜਡ | ਵੋਟਡ | ਚਾਰਜਡ |
| ਰੈਵੀਨਿਊ | 91,276.19 | 21,482.23 | 76,384.95 | 21,118.72 | 14,891.24 | 363.51 |
| ਪੂੰਜੀਗਤ | 16,127.91 | 0 | 8,212.45 | 0 | 7,915.46 | 0 |
| ਕਰਜ਼ੇ ਅਤੇ ਪੇਸ਼ਗੀਆਂ | 2,005.76 | 0 | 1,575.81 | 0 | 429.95 | 0 |
| ਜਨਤਕ ਕਰਜ਼ਾ | 0 | 48,512.91 | 0 | 19,278.55 | 0 | 29,234.36 |
| **ਜੋੜ** | **1,09,409.86** | **69,995.14** | **86,173.21** | **40,397.27** | **23,236.65** | **29,597.87** |

*ਸ੍ਰੋਤ: ਨਿਮਿੱਤਣ ਲੇਖੇ*

## 3.1.2 ਚਾਰਜਡ ਅਤੇ ਵੋਟਡ ਅਦਾਇਗੀਆਂ

**ਸਾਰਣੀ 3.2: ਪਿਛਲੇ ਪੰਜ ਸਾਲਾਂ (2017-22) ਦੌਰਾਨ ਕੁੱਲ ਅਦਾਇਗੀ ਦੀ ਚਾਰਜਡ ਅਤੇ ਵੋਟਡ ਵਿਚਕਾਰ ਵੰਡ ਦਾ ਨਿਖੇੜਾ**

*(₹ ਕਰੋੜ ਵਿੱਚ)*

| ਸਾਲ | ਅਦਾਇਗੀਆਂ | | ਬੱਚਤ (-)/ਵੱਧ ਖਰਚਾ (+) | |
|---|---|---|---|---|
| | ਵੋਟਡ | ਚਾਰਜਡ | ਵੋਟਡ | ਚਾਰਜਡ |
| 2017-18 | 50,617.81 | 50,499.83 | (-)18,842.61 | (+)75.58 |
| 2018-19 | 63,196.26 | 54,259.02 | (-)16,027.89 | (-)872.72 |
| 2019-20 | 77,284.43 | 57,597.68 | (-)22,051.09 | (-)5,126.89 |
| 2020-21 | 73,489.75 | 53,919.66 | (-)20,175.01 | (-)13,744.55 |
| 2021-22 | 86,173.21 | 40,397.27 | (-)23,236.65 | (-)29,597.87 |

*ਸ੍ਰੋਤ: ਨਿਮਿੱਤਣ ਲੇਖੇ*

## 3.2 ਨਿਮਿੱਤਣ ਲੇਖੇ

ਜਿਵੇਂ ਕਿ ਨਿਮਿੱਤਣ ਐਕਟ ਨਾਲ ਨੱਥੀ ਸੂਚੀਆਂ ਵਿੱਚ ਸਪੱਸ਼ਟ ਕੀਤਾ ਗਿਆ ਹੈ, ਨਿਮਿੱਤਣ ਲੇਖੇ, ਭਾਰਤ ਦੇ ਸੰਵਿਧਾਨ ਦੇ ਅਨੁਛੇਦ 204 ਅਧੀਨ ਪਾਸ ਕੀਤੀਆਂ ਗਈਆਂ, ਹਰੇਕ ਵਿੱਤੀ ਸਾਲ ਲਈ ਵੱਖੋ ਵੱਖਰੇ ਮੰਤਵਾਂ ਲਈ ਵੋਟਡ ਗ੍ਰਾਂਟਾਂ ਅਤੇ ਚਾਰਜਡ ਨਿਮਿੱਤਣਾਂ ਦੀਆਂ ਰਾਸ਼ੀਆਂ ਨਾਲ ਤੁਲਨਾ ਕਰਦੇ ਹੋਏ, ਸਰਕਾਰ ਦੇ ਖਰਚਿਆਂ ਦੇ ਲੇਖੇ ਹਨ। ਨਿਮਿੱਤਣ ਲੇਖੇ ਸਕਲ ਅਧਾਰ ਤੇ ਹਨ। ਇਹ ਲੇਖੇ, ਮੂਲ ਬਜਟ ਉਪਬੰਧ, ਪੂਰਕ ਗ੍ਰਾਂਟਾਂ, ਸਪੁਰਦਗੀਆਂ ਅਤੇ ਪੁਨਰ-ਨਿਮਿੱਤਣਾਂ ਨੂੰ ਵੱਖ ਵੱਖ ਕਰਕੇ ਦਰਸਾਉਂਦੇ ਹਨ ਅਤੇ ਇਹ ਬਜਟ ਦੀਆਂ ਚਾਰਜਡ ਅਤੇ ਵੋਟਡ ਦੋਵੇਂ ਮੱਦਾਂ ਦੇ ਵੱਖ ਵੱਖ ਨਿਸ਼ਚਿਤ

ਸੇਵਾਵਾਂ ਉੱਤੇ ਨਿਮਿੱਤਣ ਐਕਟ ਦੁਆਰਾ ਅਧਿਕਾਰਿਤ ਕੀਤੇ ਗਏ, ਪੂੰਜੀਗਤ ਅਤੇ ਰੈਵੀਨਿਊ ਖਰਚੇ ਦੀ ਅਸਲ ਖਰਚੇ ਨਾਲ ਤੁਲਨਾ ਨੂੰ ਦਰਸਾਉਂਦੇ ਹਨ। ਇਸ ਤਰ੍ਹਾਂ ਨਿਮਿੱਤਣ ਲੇਖੇ ਫੰਡਾਂ ਦੀ ਵਰਤੋਂ ਨੂੰ ਸਮਝਣ, ਵਿੱਤਾਂ ਦੇ ਪ੍ਰਬੰਧਨ ਕਰਨ ਅਤੇ ਬਜਟਰੀ ਉਪਬੰਧਾਂ ਦੀ ਮਾਨੀਟਰਿੰਗ ਕਰਨ ਨੂੰ ਸੁਖਾਲਾ ਕਰਦੇ ਹਨ ਅਤੇ ਇਸ ਲਈ ਇਹ ਵਿੱਤ ਲੇਖਿਆਂ ਦੇ ਪੂਰਕ ਹਨ।

ਸੀ ਏ ਜੀ ਦੁਆਰਾ ਨਿਮਿੱਤਣਾਂ ਦੀ ਲੇਖਾ ਪ੍ਰੀਖਿਆ ਦਾ ਉਦੇਸ਼ ਇਹ ਯਕੀਨੀ ਬਣਾਉਣਾ ਹੈ ਕਿ ਵੱਖ ਵੱਖ ਗ੍ਰਾਂਟਾਂ ਅਧੀਨ ਅਸਲ ਵਿੱਚ ਕੀਤਾ ਗਿਆ ਖਰਚਾ ਨਿਮਿੱਤਣ ਐਕਟ ਵਿੱਚ ਦਿੱਤੇ ਅਧਿਕਾਰ ਅਨੁਸਾਰ ਹੈ ਅਤੇ ਸੰਵਿਧਾਨ (ਅਨੁਛੇਦ 202) ਦੇ ਉਪਬੰਧਾਂ ਅਧੀਨ ਚਾਰਜ ਹੋਣ ਵਾਲਾ ਖਰਚਾ ਇਸ ਅਨੁਸਾਰ ਚਾਰਜ ਕੀਤਾ ਗਿਆ ਹੈ। ਇਹ ਇਸ ਗੱਲ ਨੂੰ ਵੀ ਯਕੀਨੀ ਬਣਾਉਂਦਾ ਹੈ ਕਿ ਇਸ ਤਰ੍ਹਾਂ ਕੀਤਾ ਗਿਆ ਖਰਚਾ ਕਾਨੂੰਨਾਂ, ਸਬੰਧਤ ਨਿਯਮਾਂ, ਵਿਨਿਯਮਾਂ ਅਤੇ ਹਦਾਇਤਾਂ ਦੇ ਅਨੁਕੂਲ ਹੈ।

## 3.3 ਬਜਟਰੀ ਅਤੇ ਲੇਖਾ ਪ੍ਰਕਿਰਿਆ ਦੀ ਇੰਟੈਗਰਿਟੀ

### 3.3.1 ਕਾਨੂੰਨੀ ਅਧਿਕਾਰ ਤੋਂ ਬਗੈਰ ਕੀਤਾ ਖਰਚਾ

ਸੰਵਿਧਾਨ ਦੇ ਅਨੁਛੇਦ 204 ਦੇ ਉਪਬੰਧਾਂ ਅਨੁਸਾਰ ਪਾਸ ਕੀਤੇ ਗਏ ਕਾਨੂੰਨ ਦੁਆਰਾ ਬਣਾਏ ਗਏ ਨਿਮਿੱਤਣ ਤੋਂ ਇਲਾਵਾ ਰਾਜ ਦੇ ਸੰਚਿਤ ਫੰਡ ਵਿਚੋਂ ਕੋਈ ਵੀ ਪੈਸਾ ਨਹੀਂ ਕਢਵਾਇਆ ਜਾ ਸਕੇਗਾ। ਪੰਜਾਬ ਬਜਟ ਮੈਨੂਅਲ ਦਾ ਪੈਰ੍ਹਾ 14.1 ਇਹ ਵਿਵਸਥਾ ਕਰਦਾ ਹੈ ਕਿ ਪੁਨਰ- ਨਿਮਿੱਤਣ,ਪੂਰਕ ਗ੍ਰਾਂਟ ਜਾਂ ਨਿਮਿੱਤਣ ਰਾਹੀਂ ਜਾਂ ਰਾਜ ਦੇ ਅਚੇਤ ਫੰਡ ਤੋਂ ਪੇਸ਼ਗੀ ਰਾਹੀਂ ਵੱਧ ਫੰਡ ਪ੍ਰਾਪਤ ਕੀਤੇ ਬਗੈਰ ਨਵੀਂ ਸਕੀਮ ਤੇ ਖਰਚਾ ਨਹੀਂ ਕੀਤਾ ਜਾਣਾ ਚਾਹੀਦਾ। ਜਦੋਂਕਿ, ਇਹ ਵੇਖਿਆ ਗਿਆ ਸੀ ਕਿ ਸਾਲ 2021-22 ਦੌਰਾਨ ਸੱਤ ਗ੍ਰਾਂਟਾਂ ਦੇ ਵੱਖ-ਵੱਖ ਭਾਗਾਂ ਅਧੀਨ 18 ਮਾਮਲਿਆਂ (ਹਰ ਇੱਕ ਮਾਮਲੇ ਵਿੱਚ ₹ ਇਕ ਕਰੋੜ ਤੋਂ ਵੱਧ) ਵਿੱਚ ਮੂਲ ਬਜਟ ਅਨੁਮਾਨਾਂ/ਪੂਰਕ ਮੰਗਾਂ ਵਿੱਚ ਬਿਨਾਂ ਕਿਸੇ ਉਪਬੰਧ ਦੇ ਅਤੇ ਇਸ ਸਬੰਧੀ ਕੋਈ ਪੁਨਰ ਨਿਮਿੱਤਣ ਦੇ ਆਦੇਸ਼ ਜਾਰੀ ਕੀਤਿਆਂ ਬਗੈਰ, ₹ 3,492.28 ਕਰੋੜ ***(ਅੰਤਿਕਾ 3.1)*** ਦਾ ਖਰਚਾ ਕੀਤਾ ਗਿਆ ਸੀ।

### 3.3.2 ਬਜਟ ਅਨੁਮਾਨਾਂ ਵਿੱਚ ਲੇਖੇ ਦੀ ਮੱਦ ਦਾ ਗਲਤ ਵਰਗੀਕਰਣ

ਬਜਟ ਦੀ ਪੜਤਾਲ ਦੌਰਾਨ ਇਹ ਵੇਖਿਆ ਗਿਆ ਸੀ ਕਿ ਚਾਰ ਸਕੀਮਾਂ ਅਧੀਨ (ਹਰ ਇੱਕ ਸਕੀਮ ਵਿੱਚ ₹ ਇੱਕ ਕਰੋੜ ਤੋਂ ਵੱਧ) ₹ 425.88 ਕਰੋੜ ਦੀ ਰਾਸ਼ੀ ਦਾ ਲੇਖੇ ਦੀ ਗਲਤ ਮੱਦ ਅਧੀਨ ਇੰਦਰਾਜ ਕੀਤਾ ਗਿਆ ਸੀ ਜਿਵੇਂ ਕਿ **ਸਾਰਣੀ** 3.3 ਵਿੱਚ ਦਿੱਤਾ ਗਿਆ ਹੈ।

**ਸਾਰਣੀ 3.3: ਸਾਲ 2021-22 ਦੌਰਾਨ ਲੇਖੇ ਦੀ ਗਲਤ ਮੱਦ ਅਧੀਨ ਬਜਟ ਉਪਬੰਧ**

*(₹ ਕਰੋੜ ਵਿੱਚ)*

| ਲੜੀ ਨੰ. | ਬਜਟ ਦਸਤਾਵੇਜ਼ ਵਿੱਚ ਪ੍ਰਿੰਟ ਹੋਈ ਲੇਖੇ ਦੀ ਮੱਦ | ਰਾਸ਼ੀ | ਪੀ ਏ ਜੀ (ਏ ਐਂਡ ਈ) ਦਫਤਰ ਵੱਲੋਂ ਪ੍ਰਵਾਨਿਤ ਲੇਖੇ ਦੀ ਮੱਦ |
|---|---|---|---|
| 1. | 2202-01-101-34-ਈ ਪੀ ਐਸ-57 ਐਸ ਸੀ ਪ੍ਰਾਇਮਰੀ ਦੀਆਂ ਵਿਦਿਆਰਥਣਾਂ ਨੂੰ ਹਾਜ਼ਰੀ ਵਜ਼ੀਫਾ | 9.00 | 2202-01-789-19- ਈ ਪੀ ਐਸ-57 -ਐਸ ਸੀ ਪ੍ਰਾਇਮਰੀ ਦੀਆਂ ਵਿਦਿਆਰਥਣਾਂ ਨੂੰ ਹਾਜ਼ਰੀ ਵਜ਼ੀਫਾ |
| 2. | 4217-60-051-20- ਪੰਜਾਬ ਮਿਊਂਸਪਲ ਸੇਵਾਵਾਂ ਸੁਧਾਰ ਪ੍ਰੋਜੈਕਟ (ਪੀ ਐਮ ਐਸ ਆਈ ਪੀ) ਵਿਸ਼ਵ ਬੈਂਕ ਪ੍ਰੋਜੈਕਟ-99-53-ਮੁੱਖ ਕੰਮ | 400.00 | 4217-60-051-18- ਪੰਜਾਬ ਮਿਊਂਸਪਲ ਸੇਵਾਵਾਂ ਸੁਧਾਰ ਪ੍ਰੋਜੈਕਟ (ਪੀ ਐਮ ਐਸ ਆਈ ਪੀ) ਵਿਸ਼ਵ ਬੈਂਕ ਪ੍ਰੋਜੈਕਟ-99-53-ਮੁੱਖ ਕੰਮ |
| 3. | 4515-00-789-41- ਪੰਜਾਹ *ਪ੍ਰਤੀਸ਼ਤ* ਤੋਂ ਵੱਧ ਐਸ ਸੀ ਅਬਾਦੀ ਵਾਲੇ ਐਸ ਸੀ ਪਿੰਡਾਂ ਦਾ ਅਧੁਨਿਕੀਕਰਣ ਅਤੇ ਸੁਧਾਰ 99-53-ਮੁੱਖ ਕੰਮ | 10.00 | 4515-00-789-08-ਪੰਜਾਹ *ਪ੍ਰਤੀਸ਼ਤ* ਤੋਂ ਵੱਧ ਐਸ ਸੀ ਅਬਾਦੀ ਵਾਲੇ ਐਸ ਸੀ ਪਿੰਡਾਂ ਦਾ ਅਧੁਨਿਕੀਕਰਣ ਅਤੇ ਸੁਧਾਰ 99-53-ਮੁੱਖ ਕੰਮ |
| 4. | 4515-00-789-44-ਆਰ ਡੀ ੳ (ਐਸ)18-ਪਿੰਡ ਵਿੱਚ ਸਾਂਝਾ ਸਮਸ਼ਾਨ ਘਾਟ ਬਣਾਉਣਾ—99-53-ਮੁੱਖ ਕੰਮ | 6.88 | 4515-00-789-21-ਆਰ ਡੀ ੳ (ਐਸ) 18-ਪਿੰਡ ਵਿੱਚ ਸਾਂਝਾ ਸਮਸ਼ਾਨ ਘਾਟ ਬਣਾਉਣਾ—99-53-ਮੁੱਖ ਕੰਮ |
| **ਜੋੜ** | | **425.88** | |

*ਸ੍ਰੋਤ: ਪ੍ਰਧਾਨ ਮਹਾਂ ਲੇਖਾਕਾਰ (ਏ ਐਂਡ ਈ), ਪੰਜਾਬ ਦੇ ਦਫਤਰ ਵੱਲੋਂ ਦਿੱਤੀ ਗਈ ਸੂਚਨਾ ਅਤੇ ਗ੍ਰਾਂਟਾਂ ਲਈ ਮੰਗ*

### 3.3.3 ਗੈਰ-ਜ਼ਰੂਰੀ /ਵਾਧੂ ਪੂਰਕ *ਗ੍ਰਾਂਟਾਂ*

ਸੰਵਿਧਾਨ ਦੇ ਅਨਛੇਦ 205 ਅਨੁਸਾਰ, ਕਿਸੇ ਸਾਲ ਲਈ ਨਿਮਿੱਤਣ ਐਕਟ ਦੁਆਰਾ ਕੀਤੇ ਗਏ ਉਪਬੰਧ ਤੋਂ ਵੱਧ ਪੂਰਕ ਜਾਂ ਵਧੀਕ ਗ੍ਰਾਂਟ ਜਾਂ ਨਿਮਿੱਤਣ ਦੀ ਮੰਗ ਚਾਲੂ ਵਿੱਤੀ ਸਾਲ ਦੌਰਾਨ ਕੀਤੀ ਜਾ ਸਕਦੀ ਹੈ ਪ੍ਰੰਤੂ ਚਾਲੂ ਵਿੱਤੀ ਸਾਲ ਦੇ ਖਤਮ ਹੋਣ ਤੋਂ ਬਾਅਦ ਨਹੀਂ। ਜਦੋਂ ਅਜਿਹਾ ਵਾਧੂ ਖਰਚਾ ਨਾ ਟਾਲਣਯੋਗ ਪਾਇਆ ਜਾਂਦਾ ਹੈ ਅਤੇ ਪੁਨਰ-ਨਿਮਿੱਤਣ ਰਾਹੀ ਵਾਧੂ ਖਰਚੇ ਨੂੰ ਕਵਰ ਕਰਨ ਲਈ ਗ੍ਰਾਂਟ ਦੇ ਅੰਦਰ ਬੱਚਤਾਂ ਹੋਣ ਦੀ ਕੋਈ ਸੰਭਾਵਨਾ ਨਹੀਂ ਹੈ ਤਾਂ ਸਬੰਧਤ ਵਿਭਾਗ ਦਾ ਸਕੱਤਰ ਵਿੱਤ ਵਿਭਾਗ ਨੂੰ ਪੂਰਕ ਜਾਂ ਵਾਧੂ ਗ੍ਰਾਂਟ ਜਾਂ ਨਿਮਿਤੱਣ ਲਈ ਪ੍ਰਸਤਾਵ ਭੇਜਦਾ ਹੈ।

ਇਹ ਵੇਖਿਆ ਗਿਆ ਸੀ ਕਿ ਸਾਲ 2021-22 ਦੌਰਾਨ 13 ਮਾਮਲਿਆਂ (ਹਰ ਇੱਕ ਮਾਮਲੇ ਵਿੱਚ ₹ ਇੱਕ ਕਰੋੜ ਤੋਂ ਵੱਧ) ਵਿੱਚ ₹ 2,519.67 ਕਰੋੜ ਦੇ ਪੂਰਕ ਉਪਬੰਧ ਗੈਰ ਜਰੂਰੀ ਸਾਬਤ ਹੋਏ *(ਅੰਤਿਕਾ 3.2)* ਕਿਉਂਜੋਂ ਖਰਚਾ ਮੂਲ ਉਪਬੰਧ ਦੇ ਪੱਧਰ ਤੱਕ ਵੀ ਨਹੀਂ ਹੋਇਆ। ਇਸੇ ਤਰ੍ਹਾਂ, 12 ਮਾਮਲਿਆਂ (ਹਰ ਇੱਕ ਮਾਮਲੇ ਵਿੱਚ ₹ ਇੱਕ ਕਰੋੜ ਤੋਂ ਵੱਧ) ਵਿੱਚ ₹ 1,322.25 ਕਰੋੜ ਦੇ ਪੂਰਕ ਉਪਬੰਧ ਵਾਧੂ ਸਾਬਤ ਹੋਏ *(ਅੰਤਿਕਾ 3.3)* ਕਿਉਂਕਿ ਪੂਰਕ ਉਪਬੰਧਾਂ ਦੀ ਪੂਰੀ ਰਾਸ਼ੀ ਦੀ ਵਰਤੋਂ ਨਹੀਂ ਹੋ ਸਕੀ।

ਰਾਜ ਸਰਕਾਰ ਨੇ ਕਿਹਾ (ਦਸੰਬਰ 2022) ਕਿ ਭਵਿੱਖ ਵਿੱਚ ਅਜਿਹੀਆਂ ਘਟਨਾਵਾਂ ਤੋਂ ਬਚਣ ਲਈ ਢੁਕਵੇਂ ਬਜਟ ਦੀ ਮੰਗ ਕਰਨ ਅਤੇ ਸਮੇਂ ਸਿਰ ਬਿੱਲ ਜਮ੍ਹਾਂ ਕਰਨ ਲਈ ਮਾਮਲਾਂ ਸਬੰਧਤ ਲਾਈਨ ਵਿਭਾਗਾਂ ਨਾਲ ਉਠਾਇਆ ਜਾਵੇਗਾ।

### 3.3.4 ਫੰਡਾਂ ਦਾ ਗੈਰ ਜ਼ਰੂਰੀ ਪੁਨਰ-ਨਿਮਿੱਤਣ

ਪੁਨਰ-ਨਿਮਿੱਤਣ, ਕਿਸੇ ਗ੍ਰਾਂਟ ਵਿੱਚ ਨਿਮਿੱਤਣ ਦੀ ਇੱਕ ਇਕਾਈ ਜਿੱਥੇ ਬੱਚਤਾਂ ਦਾ ਪੂਰਵ ਅਨੁਮਾਨ ਹੋਵੇ, ਤੋਂ ਦੂਜੀ ਇਕਾਈ, ਜਿੱਥੇ ਕਿ ਵੱਧ ਫੰਡਾਂ ਦੀ ਲੋੜ ਹੋਵੇ, ਵਿੱਚ ਫੰਡਾਂ ਦੀ ਬਦਲੀ ਕਰਨਾ ਹੈ। ਸਾਲ 2021-22 ਦੌਰਾਨ, 40 ਗ੍ਰਾਂਟਾ ਅਧੀਨ ₹ 47,969.41 ਕਰੋੜ ਦੀ ਰਾਸ਼ੀ ਦੇ ਪੁਨਰ-ਨਿਮਿੱਤਣ ਆਦੇਸ਼ ਜਾਰੀ ਕੀਤੇ ਗਏ ਸਨ। ਸਾਰੇ ਪੁਨਰ-ਨਿਮਿੱਤਣ ਆਦੇਸ਼ 31 ਮਾਰਚ 2022 ਨੂੰ ਜਾਰੀ ਕੀਤੇ ਗਏ ਸਨ।

ਇਸ ਤੋਂ ਇਲਾਵਾ, ਸੱਤ ਸਕੀਮਾਂ *(ਅੰਤਿਕਾ 3.4* – **ਲੜੀ ਨੰਬਰ 2,3,14,19,27,28 ਅਤੇ 31**) ਵਿੱਚ ਵੱਖ-ਵੱਖ ਵਿਭਾਗਾਂ ਵੱਲੋਂ ਪੁਨਰ-ਨਿਮਿੱਤਣਾਂ ਦੇ ਆਦੇਸ਼ਾਂ ਰਾਹੀ ₹ ਇੱਕ ਕਰੋੜ ਤੋਂ ਵੱਧ ਦਾ ਘਟਾਇਆ ਉਪਬੰਧ ਗੈਰ-ਤਰਕਸੰਗਤ ਸਾਬਤ ਹੋਇਆ, ਕਿਉਂਜੋਂ ਇਨ੍ਹਾਂ ਮਾਮਲਿਆਂ ਅਧੀਨ ਵੱਧ ਖਰਚਾ ਹੋਇਆ ਸੀ। 24 ਸਕੀਮਾਂ ਵਿੱਚ, ਉਪਬੰਧਾਂ ਵਿੱਚ ਵਾਧਾ ਵੀ ਗੈਰ ਜਰੂਰੀ ਸਾਬਤ ਹੋਇਆ ਕਿਉਂਕਿ ਖਰਚਾ ਜਾਂ ਤਾਂ ਮੂਲ/ਪੂਰਕ ਬਜਟ ਉਪਬੰਧ ਦੇ ਬਰਾਬਰ ਸੀ ਜਾਂ ਉਸ ਪੱਧਰ ਤੱਕ ਵੀ ਨਹੀਂ ਹੋਇਆ ਸੀ।

### 3.3.5 ਅਣਖਰਚੀ ਰਾਸ਼ੀ ਅਤੇ ਸਪੁਰਦ ਕੀਤੇ ਨਿਮਿੱਤਣ ਅਤੇ/ਜਾਂ ਭਾਰੀ ਬੱਚਤਾਂ/ਸਪੁਰਦਗੀਆਂ

ਇਹ ਹੋ ਸਕਦਾ ਹੈ ਕਿ ਅਨੁਮਾਨਾਂ ਦਾ ਪੂਰੀ ਤਰਾਂ ਸਹੀ ਹੋਣਾ ਹਮੇਸ਼ਾ ਸੰਭਵ ਨਾ ਹੋਵੇ; ਪ੍ਰੰਤੂ ਜੇਕਰ ਇਹ ਦੂਰ-ਅੰਦੇਸ਼ੀ ਦੀ ਘਾਟ, ਪ੍ਰਤੱਖ ਦੀ ਅਣਗਹਿਲੀ ਜਾਂ ਗੈਰ ਵਿਵਹਾਰਕ ਅਨੁਮਾਨਾਂ ਦੇ ਨਤੀਜੇ ਵਜੋਂ ਭੁੱਲ ਜਾਂ ਗਲਤੀ ਹੋਵੇ ਤਾਂ ਇਹ ਚਿੰਤਾ ਦਾ ਵਿਸ਼ਾ ਹੈ। ਅਨੁਮਾਨ ਲਗਾਉਣ ਵਾਲੇ ਸਾਰੇ ਅਧਿਕਾਰੀਆਂ ਨੂੰ ਬਜਟ ਵਿੱਚ ਉਹ ਸਭ ਕੁੱਝ ਜਿਸ ਦਾ ਪਹਿਲਾਂ ਤੋਂ ਅੰਦੇਸ਼ਾ ਹੋਵੇ, ਮੁੱਹਈਆ ਕਰਵਾਉਣ ਅਤੇ ਜਿੰਨਾ ਲੋੜੀਂਦਾ ਹੋਵੇ ਓਨਾ ਹੀ ਮੁਹੱਈਆ ਕਰਵਾਉਣ ਦੀ ਕੋਸ਼ਿਸ ਕਰਨੀ ਚਾਹੀਦੀ ਹੈ। ਪ੍ਰਸ਼ਾਸਨਿਕ ਅਤੇ ਵਿੱਤ ਵਿਭਾਗਾਂ ਨੂੰ ਅਨੁਮਾਨਾਂ ਦੀ ਅੰਤਿਮ ਜਾਂਚ ਕਰਦੇ ਹੋਏ, ਇਸ ਤੇ ਵਿਚਾਰ ਕਰਨਾ ਚਾਹੀਦਾ ਹੈ।

ਗੈਰ ਵਿਵਹਾਰਕ ਤਜਵੀਜ਼ਾਂ ਤੇ ਅਧਾਰਤ ਬਜਟਰੀ ਵੰਡਾਂ, ਸਾਧਨ ਜਟਾਉਣ ਦੀ ਸੰਭਾਵਨਾ ਨੂੰ ਲੋੜ ਤੋਂ ਵੱਧ ਆਂਕਣਾ, ਖਰਚੇ ਦਾ ਮਾੜਾ ਮਾਨੀਟਰਿੰਗ ਮੈਕਾਨਿਜ਼ਮ, ਸਕੀਮ ਲਾਗੂ ਕਰਨ ਦੀਆਂ ਕਮਜ਼ੋਰ ਸਮਰੱਥਾਵਾਂ/ਕਮਜ਼ੋਰ ਅੰਦਰੂਨੀ ਕੰਟਰੋਲ ਵਿੱਤੀ ਸਾਲ ਦੇ ਅਖੀਰ ਤੇ ਫੰਡਾਂ ਦੇ ਜਾਰੀ ਕਰਨ ਨੂੰ ਉਤਸ਼ਾਹਿਤ ਕਰਦੇ ਹਨ। ਕੁੱਝ ਮੱਦਾਂ ਵਿੱਚ ਬਹੁਤ ਜ਼ਿਆਦਾ ਬੱਚਤਾਂ ਵੀ ਹੋਰ ਵਿਭਾਗਾਂ ਨੂੰ ਫੰਡਾਂ ਤੋਂ ਵਾਂਝੇ ਕਰਦੀਆਂ ਹਨ ਜਿਨ੍ਹਾਂ ਦੀ ਕਿ ਉਹ ਵਰਤੋਂ ਕਰ ਸਕਦੇ ਸਨ।

ਗ੍ਰਾਂਟਾਂ ਅਤੇ ਨਿਮਿੱਤਣਾਂ ਦੇ ਵਿਸ਼ਲੇਸ਼ਣ ਨੇ ਦਰਸਾਇਆ ਕਿ ਸਾਲ 2021-22 ਦੇ ਦੌਰਾਨ 19 ਮਾਮਲਿਆਂ ਵਿੱਚ (15 ਗ੍ਰਾਂਟਾਂ ਅਧੀਨ), ਬੱਚਤਾਂ (ਸਪੁਰਦਗੀਆਂ ਨੂੰ ਛੱਡ ਕੇ) ਹਰ ਮਾਮਲੇ ਵਿੱਚ ₹ 100 ਕਰੋੜ ਤੋਂ ਵਧ ਗਈਆਂ *(ਅੰਤਿਕਾ 3.5)* । ਅੱਗੇ ਇਹ ਵੀ ਧਿਆਨ ਵਿੱਚ

ਆਇਆ ਸੀ ਕਿ ਸਾਲ 2021-22 ਦੌਰਾਨ ਦੋ ਗ੍ਰਾਂਟਾਂ ਵਿੱਚ ₹ 18.65 ਕਰੋੜ ਦੀ ਰਾਸ਼ੀ ਦੀ ਕੁੱਲ ਗ੍ਰਾਂਟ ਦੀ ਤੁਲਨਾ ਵਿੱਚ ਕੋਈ ਖਰਚਾ ਨਹੀਂ ਕੀਤਾ ਗਿਆ ਸੀ ਜਿਵੇਂ ਕਿ **ਸਾਰਣੀ** 3.4 ਵਿੱਚ ਦਿੱਤਾ ਗਿਆ ਹੈ।

**ਸਾਰਣੀ 3.4: ਵਿੱਤੀ ਸਾਲ 2021-22 ਦੌਰਾਨ ਅਣਵਰਤੀ ਰਹੀ ਪੂਰੀ ਗ੍ਰਾਂਟ**

*(₹ ਕਰੋੜ ਵਿੱਚ)*

| ਲੜੀ ਨੰ. | ਗ੍ਰਾਂਟ ਦਾ ਨੰਬਰ ਅਤੇ ਨਾਂਅ | ਰਾਸ਼ੀ |
|---|---|---|
| 1 | 18-ਅਮਲਾ (ਪੂਜੀਗਤ-ਵੋਟਡ) | 16.14 |
| 2 | 39- ਪ੍ਰਿੰਟਿੰਗ ਅਤੇ ਸਟੇਸ਼ਨਰੀ (ਪੂਜੀਗਤ-ਵੋਟਡ) | 2.51 |
| **ਜੋੜ** | | **18.65** |

*ਸ੍ਰੋਤ: ਨਿਮਿਤੱਣ ਲੇਖੇ*

ਰਾਜ ਸਰਕਾਰ ਨੇ ਕਿਹਾ (ਦਸੰਬਰ 2022) ਕਿ ਭਵਿੱਖ ਵਿੱਚ ਅਜਿਹੀਆਂ ਘਟਨਾਵਾਂ ਤੋਂ ਬਚਣ ਲਈ ਢੁਕਵੇਂ ਬਜਟ ਦੀ ਮੰਗ ਕਰਨ ਅਤੇ ਸਮੇਂ ਸਿਰ ਬਿੱਲ ਜਮ੍ਹਾਂ ਕਰਨ ਲਈ ਮਾਮਲਾ ਸਬੰਧਤ ਲਾਈਨ ਵਿਭਾਗਾਂ ਨਾਲ ਉਠਾਇਆ ਜਾਵੇਗਾ।

ਅੱਗੇ, ਇਹ ਵੀ ਵੇਖਿਆ ਗਿਆ ਸੀ ਕਿ 2019-20 ਤੋਂ 2021-22 ਦੌਰਾਨ 17 ਗ੍ਰਾਂਟਾ ਅਧੀਨ 20 ਮਾਮਲਿਆਂ ਵਿੱਚ ਹਰ ਇੱਕ ਮਾਮਲੇ ਵਿੱਚ ₹ 100 ਕਰੋੜ ਤੋਂ ਵੱਧ ਦੀਆਂ ਨਿਰੰਤਰ ਬੱਚਤਾਂ ਸਨ *(ਅੰਤਿਕਾ 3.6)*।

ਸਾਲ 2021-22 ਦੌਰਾਨ ਵਰਤੋਂ ਦੀ ਪ੍ਰਤੀਸ਼ਤਤਾ ਦੇ ਅਨੁਸਾਰ ਬਣਦੇ ਗ੍ਰਾਂਟਾਂ ਦੇ ਸਮੂਹਾਂ ਅਤੇ ਇਸ ਦੇ ਨਾਲ ਕੁੱਲ ਬੱਚਤਾਂ ਦਾ ਵੇਰਵਾ ***ਅੰਤਿਕਾ 3.7*** ਅਤੇ **ਚਾਰਟ** 3.3 ਵਿੱਚ ਦਰਸਾਇਆ ਗਿਆ ਹੈ।

**ਚਾਰਟ 3.3: ਬੱਚਤਾਂ ਦੀ ਪ੍ਰਤੀਸ਼ਤਤਾ ਅਨੁਸਾਰ ਬਣਦੇ ਗ੍ਰਾਂਟਾਂ/ਨਿਮਿੱਤਣਾਂ ਦੀ ਸੰਖਿਆ ਦੇ ਸਮੂਹਾਂ ਅਤੇ ਇਸ ਦੇ ਨਾਲ ਕੁੱਲ ਬੱਚਤਾਂ ਦੀ ਵੰਡ**




*ਸ੍ਰੋਤ: ਨਿਮਿੱਤਣ ਲੇਖੇ*

ਬੱਚਤਾਂ, ਜੋ ਕਿ ਆਦਰਸ਼ਕ ਤੌਰ ਤੇ ਸਮੇਂ ਸਿਰ ਸਪੁਰਦ ਕੀਤੀਆਂ ਜਾਣੀਆਂ ਚਾਹੀਦੀਆਂ ਹਨ, ਨੂੰ ਆਪਣੇ ਕੋਲ ਰੱਖਣ ਨਾਲ ਕੋਈ ਉਦੇਸ਼ ਪੂਰਾ ਨਹੀਂ ਹੁੰਦਾ ਹੈ। ਇਸ ਕਾਰਣ ਕਰਕੇ ਨਿਮਿੱਤਣ, ਜਿਨ੍ਹਾਂ ਦੇ ਅਣਖਰਚੇ ਰਹਿਣ ਦੀ ਸੰਭਾਵਨਾ ਹੋਵੇ, ਦੀ ਸਪੁਰਦਗੀ ਲਈ ਜਿੰਨਾਂ ਜਲਦੀ ਹੋ ਸਕੇ ਜ਼ਰੂਰ ਸੂਚਿਤ ਕੀਤਾ ਜਾਣਾ ਚਾਹੀਦਾ ਹੈ। ਜੇਕਰ ਇਹ ਨਹੀਂ ਕੀਤਾ ਜਾਂਦਾ, ਤਾਂ ਹੋਰ ਖਰਚ ਵਿਭਾਗਾਂ ਨੂੰ ਉਨ੍ਹਾਂ ਫੰਡਾਂ ਤੋਂ ਵਾਂਝੇ ਰੱਖਿਆ ਜਾਂਦਾ ਹੈ ਜਿਨ੍ਹਾਂ ਦੀ ਕਿ ਉਹ ਵਰਤੋਂ ਕਰ ਸਕਦੇ ਸਨ ਅਤੇ ਇਸ ਤਰ੍ਹਾਂ ਬਚਣਯੋਗ ਪੂਰਕ ਗ੍ਰਾਂਟਾਂ ਦੀਆਂ ਮੰਗਾਂ ਪੇਸ਼ ਕਰ ਦਿੱਤੀਆਂ ਜਾਂਦੀਆਂ ਹਨ। ਸਪੁਰਦਗੀਆਂ ਆਮ ਤੌਰ ਤੇ ਮਾਰਚ ਦੇ ਮਹੀਨੇ ਵਿੱਚ ਕੀਤੀਆਂ ਜਾਂਦੀਆਂ ਹਨ ਅਤੇ ਕੀਤੇ ਜਾ ਚੁੱਕੇ ਖਰਚੇ ਦੇ ਧਿਆਨ ਪੂਰਵਕ ਅਧਿਐਨ ਅਤੇ ਪਿਛਲੇ ਮਹੀਨੇ ਦੇ ਖਰਚਿਆਂ ਦੀ ਪ੍ਰਗਤੀ ਦੀ ਨਿਗਰਾਨੀ ਰੱਖਣ ਨਾਲ, ਕੰਟਰੋਲਿੰਗ ਅਫਸਰ, ਦਰੁਸਤਤਾ ਦੀ ਇੱਕ ਤਰਕਸੰਗਤ ਸੀਮਾਂ ਤੱਕ, ਆਪਣੀਆਂ ਮੁੰਕਮਲ ਲੋੜਾਂ ਨੂੰ ਨਿਰਧਾਰਤ ਕਰਨ ਦੇ ਯੋਗ ਹੋ ਜਾਣਾ ਚਾਹੀਦਾ ਹੈ।

ਜਦੋਂ ਸਪੁਰਦਗੀ ਦੀ ਜ਼ਰੂਰਤ ਪੈਦਾ ਹੁੰਦੀ ਹੈ ਤਾਂ ਕੰਟਰੋਲਿੰਗ ਅਫਸਰਾਂ ਨੂੰ ਧਿਆਨ ਨਾਲ ਉਨ੍ਹਾਂ ਰਕਮਾਂ ਦਾ ਅਨੁਮਾਨ ਲਾਉਣਾ ਚਾਹੀਦਾ ਹੈ ਜੋ ਉਹ ਸਪੁਰਦ ਕਰ ਸਕਦੇ ਹਨ। ਇਸ ਦਾ ਉਦੇਸ਼ ਜਿੰਨਾ ਹੋ ਸਕੇ ਸਪੁਰਦ ਕਰਨ ਦਾ ਹੋਣਾ ਚਾਹੀਦਾ ਹੈ ਤਾਂ ਕਿ ਖਰਚੇ ਨੂੰ ਸੋਧੀ ਹੋਈ ਗ੍ਰਾਂਟ ਦੇ ਅੰਦਰ ਹੀ ਰੱਖਿਆ ਜਾ ਸਕੇ।

ਇਹ ਧਿਆਨ ਵਿੱਚ ਆਇਆ ਸੀ ਕਿ 17 ਗ੍ਰਾਂਟਾਂ ਅਤੇ ਸੱਤ ਨਿਮਿਤੱਣਾਂ ਅਧੀਨ ₹ 4,699.02 ਕਰੋੜ ***(ਅੰਤਿਕਾ 3.8)*** ਦੀ ਰਾਸ਼ੀ ਦੀਆਂ ਬੱਚਤਾਂ ਬਿਲਕੁਲ ਵੀ ਸਪੁਰਦ ਨਹੀਂ ਕੀਤੀਆਂ ਗਈਆਂ ਸਨ। ਮਾਰਚ 2022 ਦੇ ਅਖਰੀਲੇ ਦਿਨ ਨੂੰ ਸੁਪਰਦ ਕੀਤੀਆਂ ਬੱਚਤਾਂ (ਹਰ ਇਕ ਮਾਮਲੇ ਵਿੱਚ ₹ 10 ਕਰੋੜ ਤੋਂ ਵੱਧ) ਦੇ ਵੇਰਵੇ ***ਅੰਤਿਕਾ 3.9*** ਵਿੱਚ ਦਿੱਤੇ ਗਏ ਹਨ।

**ਚਾਰਟ 3.4: ਸਾਲ 2021-22 ਲਈ ਬੱਚਤਾਂ ਅਤੇ ਸਪੁਰਦਗੀਆਂ**

***(₹ ਕਰੋੜ ਵਿੱਚ)***




*ਸ੍ਰੋਤ: ਨਿਮਿੱਤਣ ਲੇਖੇ*

**ਚਾਰਟ** 3.4 ਦੇ ਵਿਸ਼ਲੇਸ਼ਣ ਨੇ ਦਰਸਾਇਆ ਕਿ ਸਿਰਫ 79.57 *ਪ੍ਰਤੀਸ਼ਤ* ਬੱਚਤਾਂ ਸਪੁਰਦ ਕੀਤੀਆਂ ਗਈਆਂ ਸਨ। ਸਾਰੀਆਂ ਸਪੁਰਦਗੀਆਂ 31 ਮਾਰਚ 2022 ਨੂੰ ਕੀਤੀਆਂ ਗਈਆ ਸਨ।

## 3.3.6 ਵੱਧ ਖਰਚਾ ਅਤੇ ਇਸ ਦੀ ਨਿਯਮਤਤਾ

ਭਾਰਤ ਦੇ ਸੰਵਿਧਾਨ ਦੇ ਅਨੁਛੇਦ 204 ਅਨੁਸਾਰ ਇਸ ਅਨੁਛੇਦ ਦੇ ਉਪਬੰਧਾਂ ਅਨੁਸਾਰ ਪਾਸ ਕੀਤੇ ਗਏ ਕਾਨੂੰਨ ਦੁਆਰਾ ਬਣਾਏ ਗਏ ਨਿਮਿੱਤਣ ਤੋਂ ਇਲਾਵਾ ਰਾਜ ਦੇ ਸੰਚਿਤ ਫੰਡ ਵਿੱਚੋਂ ਕੋਈ ਵੀ ਪੈਸਾ ਨਹੀਂ ਕਢਵਾਇਆ ਜਾ ਸਕੇਗਾ। ਅੱਗੇ, ਭਾਰਤ ਦੇ ਸੰਵਿਧਾਨ ਦੇ ਅਨੁਛੇਦ 205 ਅਨੁਸਾਰ ਗ੍ਰਾਂਟਾਂ/ਨਿਮਿੱਤਣਾਂ ਨਾਲੋਂ ਵੱਧ ਹੋਏ ਖਰਚੇ ਨੂੰ ਰਾਜ ਵਿਧਾਨਪਾਲਿਕਾ ਕੋਲੋਂ ਨਿਯਮਤ ਕਰਵਾਉਣਾ ਰਾਜ ਸਰਕਾਰ ਲਈ ਲਾਜ਼ਮੀ ਹੈ। ਭਾਵੇਂ ਕਿ, ਇਸ ਅਨੁਛੇਦ ਅਧੀਨ ਵਾਧੂ ਖਰਚਿਆਂ ਦੀ ਨਿਯਮਤਤਾ ਲਈ ਕੋਈ ਸਮਾਂ ਸੀਮਾਂ ਨਿਰਧਾਰਤ ਨਹੀਂ ਹੈ, ਫਿਰ ਵੀ ਵਾਧੂ ਖਰਚੇ ਦੀ ਨਿਯਮਤਤਾ ਲੋਕ ਲੇਖਾ ਕਮੇਟੀ ਦੁਆਰਾ ਨਿਮਿੱਤਣ ਲੇਖਿਆਂ ਤੇ ਚਰਚਾ ਪੂਰੀ ਹੋਣ ਤੋਂ ਬਾਅਦ ਕੀਤੀ ਜਾਂਦੀ ਹੈ।

### *3.3.6.1 ਵੱਧ ਖਰਚਾ*

ਸਾਲ ਲਈ ਕੀਤਾ ਗਿਆ ਉਪਬੰਧ ਨਾਲੋਂ ਵੱਧ ਖਰਚਾ ਨਾ ਸਿਰਫ ਵਿਧਾਨਿਕ ਮਨਜ਼ੂਰੀ ਦੀ ਲੋੜ ਵਾਲੀਆਂ ਵਿਵਸਥਾਵਾਂ ਦੀ ਉਲੰਘਣਾ ਹੈ ਬਲਕਿ ਮਾੜੀ ਯੋਜਨਾਬੰਦੀ ਦਾ ਸੂਚਕ ਵੀ ਹੈ ਜਿਸ ਨੂੰ ਕਿ ਇਸ ਮੰਤਵ ਦੀ ਪ੍ਰਾਪਤੀ ਲਈ ਬਣਾਏ ਗਏ ਬਜਟ ਦੇ ਨਾਲ ਨਾਲ ਖਰਚੇ ਦੀ ਪ੍ਰਗਤੀ ਤੇ ਨਜ਼ਰ ਰੱਖ ਕੇ ਟਾਲਿਆ ਜਾ ਸਕਦਾ ਸੀ।

**ਸਾਰਣੀ 3.5 : ਸਾਲ 2021-22 ਦੌਰਾਨ ਨਿਯਮਤਤਾ ਲਈ ਲੋੜੀਂਦਾ ਵੱਧ ਖਰਚਾ**

*(₹ ਕਰੋੜ ਵਿੱਚ)*

| ਗ੍ਰਾਂਟ ਨੰਬਰ/ਨਿਮਿੱਤਣ | ਗ੍ਰਾਂਟ/ਨਿਮਿੱਤਣ ਦੇ ਵੇਰਵੇ | ਨਿਯਮਤਤਾ ਲਈ ਲੋੜੀਂਦੇ ਵੱਧ ਖਰਚੇ ਦੀ ਰਾਸ਼ੀ |
|---|---|---|
| 09 | ਖੁਰਾਕ ਅਤੇ ਸਪਲਾਈਜ਼ (ਪੂੰਜੀਗਤ-ਵੋਟਡ) | 22.43 |
| 21 | ਲੋਕ ਨਿਰਮਾਣ (ਰੈਵੀਨਿਊ-ਵੋਟਡ) | 358.68 |
| 37 | ਕਾਨੂੰਨ ਅਤੇ ਨਿਆਂ (ਰੈਵੀਨਿਊ-ਚਾਰਜ਼ਡ) | 0.14 |
| **ਜੋੜ** | | **381.25** |

*ਸ੍ਰੋਤ: ਨਿਮਿੱਤਣ ਲੇਖੇ*

**ਸਾਰਣੀ** 3.5 ਦਰਸਾਉਂਦੀ ਹੈ ਕਿ ਸਾਲ 2021-22 ਦੌਰਾਨ ਦੋ ਗ੍ਰਾਂਟਾਂ ਅਤੇ ਇੱਕ ਨਿਮਿੱਤਣ ਅਧੀਨ ਰਾਜ ਵਿਧਾਨਪਾਲਿਕਾ ਵੱਲੋਂ ਦਿੱਤੇ ਗਏ ਅਧਿਕਾਰ ਨਾਲੋਂ ₹ 381.25 ਕਰੋੜ ਦੀ ਵੱਧ ਅਦਾਇਗੀ ਸੀ।

### *3.3.6.2 ਕੁੱਝ ਗ੍ਰਾਂਟਾਂ ਵਿੱਚ ਨਿਰੰਤਰ ਵਾਧੇ*

ਲੋਕ ਲੇਖਾ ਕਮੇਟੀ ਦੀਆਂ ਵੱਧ ਖਰਚੇ ਦੇ ਮਾਮਲਿਆਂ ਨੂੰ ਘੱਟ ਤੋਂ ਘੱਟ ਕਰਨ ਦੀਆਂ ਸਿਫਾਰਸ਼ਾਂ ਦੇ ਬਾਵਜੂਦ, ਦੋ ਗ੍ਰਾਂਟਾਂ ਵਿੱਚ ਨਿਰੰਤਰ ਵੱਧ ਖਰਚੇ ਧਿਆਨ ਵਿੱਚ ਆਏ ਸਨ। ਨਿਰੰਤਰ ਵੱਧ ਖਰਚੇ ਇਹ ਸੰਕੇਤ ਦਿੰਦੇ ਹਨ ਕਿ ਵਿਭਾਗ ਵਿੱਚ ਬਜਟਰੀ ਕੰਟਰੋਲ ਅਸਰਦਾਰ ਨਹੀਂ ਸੀ ਅਤੇ ਬਜਟ ਅਨੁਮਾਨ ਵਿਵਹਾਰਕ ਅਧਾਰ ਤੇ ਨਹੀਂ ਬਣਾਏ ਗਏ ਸਨ। ਬਾਰ ਬਾਰ ਅਜਿਹੇ ਵੱਧ ਖਰਚੇ ਕਰਨਾ ਰਾਜ ਵਿਧਾਨਪਾਲਿਕਾ ਦੀ ਮਨਸ਼ਾ ਦੀ ਉਲੰਘਣਾ ਹੈ। ਅਸਲ ਵਿੱਚ ਅਗਾਊਂ ਵਿਧਾਨਿਕ ਅਧਿਕਾਰ ਤੋਂ

ਬਗੈਰ ਇੱਕ ਰੁਪਇਆ ਵੀ ਖਰਚ ਨਹੀਂ ਕੀਤਾ ਜਾ ਸਕਦਾ ਅਤੇ ਇਸ ਲਈ ਇਸ ਨੂੰ ਗੰਭੀਰਤਾ ਨਾਲ ਵੇਖਣਾ ਹੋਵੇਗਾ। ਨਿਰੰਤਰ ਵੱਧ ਖਰਚੇ ਦਾ ਕਾਰਣ ਬਜਟ ਬਣਾਉਣ ਸਮੇਂ ਸਹੀ ਅਨੁਮਾਨ ਨਾ ਹੋਣਾ ਹੋ ਸਕਦਾ ਹੈ।

ਪੜਤਾਲ ਨੇ ਦਰਸਾਇਆ ਕਿ ਦੋ ਗ੍ਰਾਂਟਾਂ ਦੇ ਤਿੰਨ ਮਾਮਲਿਆਂ ਵਿੱਚ ਪਿਛਲੇ ਪੰਜ ਸਾਲਾਂ ਦੌਰਾਨ ਹਰ ਇੱਕ ਮਾਮਲੇ ਵਿੱਚ ₹ 10 ਕਰੋੜ ਤੋਂ ਵੱਧ ਦੇ ਨਿਰਤੰਰ ਵੱਧ ਖਰਚੇ ਕੀਤੇ ਗਏ ਸਨ ਜਿਵੇਂ ਕਿ **ਸਾਰਣੀ 3.6** ਵਿੱਚ ਵੇਰਵਾ ਦਿੱਤਾ ਗਿਆ ਹੈ। ਦੋ ਮਾਮਲਿਆਂ (**ਲੜੀ ਨੰ. 2 ਅਤੇ 3**) ਵਿੱਚ 2017-22 ਦੌਰਾਨ 2020-21ਨੂੰ ਛੱਡ ਕੇ ਬਗੈਰ ਕਿਸੇ ਬਜਟ ਉਪਬੰਧ ਦੇ ਖਰਚ ਕੀਤਾ ਗਿਆ ਸੀ।

**ਸਾਰਣੀ 3.6 : 2017-18 ਤੋਂ 2021-22 ਦੌਰਾਨ ਨਿਰੰਤਰ ਵੱਧ ਖਰਚਾ**

*(₹ ਕਰੋੜ ਵਿੱਚ)*

| ਲੜੀ ਨੰ: | ਗ੍ਰਾਂਟ/ਨਿਮਿੱਤਣ ਦਾ ਵੇਰਵਾ | 2017-18 | 2018-19 | 2019-20 | 2020-21 | 2021-22 |
|---|---|---|---|---|---|---|
| 1. | ਗ੍ਰਾਂਟ ਨੰਬਰ -08-ਵਿੱਤ<br>2071-ਪੈਨਸ਼ਨਾਂ ਅਤੇ ਹੋਰ ਰਿਟਾਇਰਮੈਂਟ ਲਾਭ<br>01-ਸਿਵਲ<br>101-ਸੁਪਰੈਨੂਏਸ਼ਨ ਅਤੇ ਰਿਟਾਇਰਮੈਂਟ ਭੱਤੇ<br>01-ਪੈਨਸ਼ਨ ਅਤੇ ਹੋਰ ਰਿਟਾਇਰਮੈਂਟ ਲਾਭ | | | | | |
| | ਗ੍ਰਾਂਟ | 5,574.45 | 6,000.00 | 6,300.00 | 7,400.00 | 8,100.00 |
| | ਖਰਚਾ | 6,191.40 | 6,290.39 | 6,487.05 | 8,031.84 | 8,796.77 |
| | ਵੱਧ ਖਰਚਾ | 616.95 | 290.39 | 187.05 | 631.84 | 696.77 |
| 2. | ਗ੍ਰਾਂਟ ਨੰਬਰ-21-ਲੋਕ ਨਿਰਮਾਣ<br>2059- ਲੋਕ ਨਿਰਮਾਣ<br>80-ਜਨਰਲ<br>001-ਨਿਰਦੇਸ਼ਨ ਅਤੇ ਪ੍ਰਬੰਧਨ<br>07-ਜਨ ਸਿਹਤ ਵਿਭਾਗ ਨੂੰ ਉਸ ਵਿਭਾਗ ਦੁਆਰਾ ਕੀਤੇ ਗਏ ਕੰਮ ਲਈ ਅਦਾ ਕੀਤੇ ਅਮਲਾ ਚਾਰਜਿਜ਼ | | | | | |
| | ਗ੍ਰਾਂਟ | 0.00 | 0.00 | 0.00 | 165.41 | 0.00 |
| | ਖਰਚਾ | 146.84 | 97.58 | 118.91 | 178.33 | 174.37 |
| | ਵੱਧ ਖਰਚਾ | 146.84 | 97.58 | 118.91 | 12.92 | 174.37 |
| 3. | ਗ੍ਰਾਂਟ ਨੰਬਰ-21-ਲੋਕ ਨਿਰਮਾਣ<br>3054-ਸੜਕਾਂ ਅਤੇ ਪੁੱਲ<br>80- ਜਨਰਲ<br>001-ਨਿਰਦੇਸ਼ਨ ਅਤੇ ਪ੍ਰਬੰਧਨ<br>01-ਅਨੁਪਾਤਕ ਆਧਾਰ ਤੇ ਮੁੱਖ ਮੱਦ 3054-ਸੜਕਾਂ ਅਤੇ ਪੁਲਾਂ ਨੂੰ ਟਰਾਂਸਫਰ ਕੀਤੇ ਗਏ ਅਮਲਾ ਚਾਰਜ਼ਿਜ਼ | | | | | |
| | ਗ੍ਰਾਂਟ | 0.00 | 0.00 | 0.00 | 160.00 | 0.00 |
| | ਖਰਚਾ | 141.29 | 169.87 | 213.90 | 192.51 | 57.34 |
| | ਵੱਧ ਖਰਚਾ | 141.29 | 169.87 | 213.90 | 32.51 | 57.34 |

*ਸ੍ਰੋਤ: ਨਿਮਿੱਤਣ ਲੇਖੇ*

ਵੱਧ ਖਰਚੇ ਵਾਲੇ ਸਾਰੇ ਮੌਜੂਦਾ ਮਾਮਲਿਆਂ ਨੂੰ ਜਲਦੀ ਤੋਂ ਜਲਦੀ ਨਿਯਮਿਤ ਕਰਵਾਉਣ ਦੀ ਲੋੜ ਹੈ ਅਤੇ, ਭਵਿੱਖ ਵਿੱਚ ਅਜਿਹੇ ਗੈਰ- ਵੋਟਡ ਖਰਚੇ ਨੂੰ ਪੂਰੀ ਤਰ੍ਹਾਂ ਰੋਕਿਆ ਜਾ ਸਕਦਾ ਹੈ।

'2071– ਪੈਨਸ਼ਨਾਂ ਅਤੇ ਹੋਰ ਰਿਟਾਇਰਮੈਂਟ ਲਾਭਾਂ' ਅਧੀਨ ਵੱਧ ਖਰਚੇ ਦੇ ਸਬੰਧ ਵਿੱਚ ਵਿੱਤ ਵਿਭਾਗ ਨੇ ਕਿਹਾ (ਦਸੰਬਰ 2022) ਕਿ ਵਿਭਾਗ ਪੈਨਸ਼ਨਰਾਂ ਦਾ ਡਾਟਾ ਇੱਕਠਾ ਕਰਨ ਲਈ ਯਤਨ ਕਰ ਰਿਹਾ ਸੀ ਅਤੇ ਆਉਣ ਵਾਲੇ ਸਾਲਾਂ ਅੰਦਰ ਸਥਿਤੀ ਵਿੱਚ ਸੁਧਾਰ ਹੋਵੇਗਾ। 'ਜਨ ਸਿਹਤ ਵਿਭਾਗ ਨੂੰ ਉਸ ਵਿਭਾਗ ਵੱਲੋਂ ਕੀਤੇ ਕੰਮਾਂ ਲਈ ਅਦਾ ਕੀਤੇ ਅਮਲਾ ਚਾਰਜਿਜ਼' ਅਤੇ 'ਅਨੁਪਾਤਕ ਅਧਾਰ 'ਤੇ ਮੁੱਖ ਮੱਦ 3054–ਸੜਕਾਂ ਅਤੇ ਪੁੱਲਾ ਨੂੰ ਟਰਾਂਸਫਰ ਕੀਤੇ ਅਮਲਾ ਚਾਰਜਿਜ਼' ਸਕੀਮ ਅਧੀਨ ਵੱਧ ਖਰਚੇ ਦੇ ਸਬੰਧ ਵਿੱਚ ਇਹ ਕਿਹਾ ਗਿਆ ਸੀ ਕਿ ਆਉਣ ਵਾਲੇ ਸਾਲਾਂ ਵਿੱਚ ਇਹਨਾਂ ਸਕੀਮਾਂ ਅਧੀਨ ਬਜਟ ਉਪਬੰਧ ਕੀਤੇ ਜਾਣਗੇ।

### *3.3.6.3 ਪਿਛਲੇ ਵਿੱਤੀ ਸਾਲਾਂ ਦੇ ਵੱਧ ਖਰਚੇ ਦੀ ਨਿਯਮਤਤਾ*

ਵੱਧ ਕੀਤੇ ਖਰਚੇ ਦਾ ਵਧੇਰੇ ਸਮੇਂ ਲਈ ਅਨਿਯਮਤ ਰਹਿਣਾ ਕਾਰਜਪਾਲਿਕਾ ਉੱਤੇ ਵਿਧਾਨਪਾਲਿਕਾ ਦੇ ਕੰਟਰੋਲ ਨੂੰ ਕਮਜ਼ੋਰ ਕਰਦਾ ਹੈ। ਜਿਵੇਂ ਕਿ **ਸਾਰਣੀ** 3.7 ਵਿੱਚ ਦਰਸਾਇਆ ਗਿਆ ਹੈ ਕਿ 2015–16 ਤੋਂ 2019–20 ਨਾਲ ਸਬੰਧਤ ₹ 37,737.49 ਕਰੋੜ ਦੀਆਂ ਵੱਧ ਅਦਾਇਗੀਆਂ ਦਾ ਰਾਜ ਵਿਧਾਨਪਾਲਿਕਾ ਤੋਂ ਨਿਯਮਤ ਕਰਵਾਉਣਾ ਅਜੇ ਬਾਕੀ ਹੈ।

**ਸਾਰਣੀ 3.7: ਪਿਛਲੇ ਸਾਲਾਂ ਨਾਲ ਸਬੰਧਤ ਨਿਯਮਤ ਕਰਵਾਉਣ ਵਾਲਾ ਵੱਧ ਖਰਚਾ**

*(₹ ਕਰੋੜ ਵਿੱਚ)*

| ਸਾਲ | ਗ੍ਰਾਂਟ ਨੰ. / ਨਿਮਿੱਤਣ | ਗ੍ਰਾਂਟ /ਨਿਮਿੱਤਣ ਦੇ ਵੇਰਵੇ | ਵੱਧ ਰਾਸ਼ੀ ਜਿਸ ਦੀ ਨਿਯਮਤਤਾ ਕਰਵਾਉਣੀ ਲੋੜੀਂਦੀ ਹੈ, ਜਿਵੇਂ ਕਿ ਨਿਮਿੱਤਣ ਲੇਖਿਆਂ ਵਿੱਚ ਟਿੱਪਣੀ ਕੀਤੀ ਗਈ ਹੈ | ਨਿਯਮਤਤਾ ਦੀ ਸਥਿਤੀ |
|---|---|---|---|---|
| 2015-16 | 02 | ਪਸ਼ੂ ਪਾਲਣ ਅਤੇ ਮੱਛੀ ਪਾਲਣ (ਰੈਵੀਨਿਊ–ਚਾਰਜਡ) | 0.04 | ਨਿਯਮਤਤਾ ਨਹੀਂ ਹੋਈ |
| | 08 | ਵਿੱਤ (ਰੈਵੀਨਿਊ–ਵੋਟਡ) | 456.24 | |
| | | ਵਿੱਤ (ਪੂੰਜੀਗਤ–ਚਾਰਜਡ) | 952.79 | |
| | 21 | ਲੋਕ ਨਿਰਮਾਣ (ਰੈਵੀਨਿਊ–ਵੋਟਡ) | 221.51 | |
| | 22 | ਰੈਵੀਨਿਊ ਅਤੇ ਮੁੜ ਵਸੇਬਾ (ਰੈਵੀਨਿਊ–ਵੋਟਡ) | 430.88 | |
| | 26 | ਰਾਜ ਵਿਧਾਨ ਪਾਲਿਕਾ (ਰੈਵੀਨਿਊ–ਚਾਰਜਡ) | 0.20 | |
| 2016-17 | 08 | ਵਿੱਤ (ਰੈਵੀਨਿਊ–ਵੋਟਡ) | 400.48 | |
| | | ਵਿੱਤ (ਪੂੰਜੀਗਤ–ਚਾਰਜਡ) | 921.19 | |
| | 09 | ਖੁਰਾਕ ਅਤੇ ਸਪਲਾਈਜ਼ (ਪੂੰਜੀਗਤ–ਵੋਟਡ) | 29,081.45 | |
| | 12 | ਗ੍ਰਹਿ ਮਾਮਲੇ ਅਤੇ ਨਿਆਂ (ਪੂੰਜੀਗਤ–ਚਾਰਜਡ) | 1.15 | |
| | 15 | ਸਿੰਜਾਈ ਅਤੇ ਪਾਵਰ (ਪੂੰਜੀਗਤ– ਵੋਟਡ) | 3,852.06 | |
| | 21 | ਲੋਕ ਨਿਰਮਾਣ (ਰੈਵੀਨਿਊ–ਵੋਟਡ) | 182.71 | |
| | | ਲੋਕ ਨਿਰਮਾਣ (ਰੈਵੀਨਿਊ–ਚਾਰਜਡ) | 0.40 | |
| | | ਲੋਕ ਨਿਰਮਾਣ (ਪੂੰਜੀਗਤ–ਚਾਰਜਡ) | 19.36 | |
| 2017-18 | 08 | ਵਿੱਤ (ਰੈਵੀਨਿਊ–ਚਾਰਜਡ) | 159.25 | |
| | 10 | ਆਮ ਪ੍ਰਸ਼ਾਸਨ (ਪੂੰਜੀਗਤ–ਚਾਰਜਡ) | 0.33 | |
| | 21 | ਲੋਕ ਨਿਰਮਾਣ (ਰੈਵੀਨਿਊ–ਵੋਟਡ) | 264.20 | |
| 2018-19 | 09 | ਖੁਰਾਕ ਅਤੇ ਸਪਲਾਈਜ਼ (ਰੈਵੀਨਿਊ–ਚਾਰਜਡ) | 0.53 | |
| | 10 | ਆਮ ਪ੍ਰਸ਼ਾਸਨ (ਪੂੰਜੀਗਤ– ਵੋਟਡ) | 7.77 | |
| | 21 | ਲੋਕ ਨਿਰਮਾਣ (ਰੈਵੀਨਿਊ –ਵੋਟਡ) | 315.75 | |
| | | ਲੋਕ ਨਿਰਮਾਣ (ਰੈਵੀਨਿਊ–ਚਾਰਜਡ) | 0.99 | |
| 2019-20 | 21 | ਲੋਕ ਨਿਰਮਾਣ (ਰੈਵੀਨਿਊ –ਵੋਟਡ) | 437.84 | |

| ਸਾਲ | ਗ੍ਰਾਂਟ ਨੰ. / ਨਿਮਿੱਤਣ | ਗ੍ਰਾਂਟ /ਨਿਮਿੱਤਣ ਦੇ ਵੇਰਵੇ | ਵੱਧ ਰਾਸ਼ੀ ਜਿਸ ਦੀ ਨਿਯਮਤਤਾ ਕਰਵਾਉਣੀ ਲੋੜੀਂਦੀ ਹੈ, ਜਿਵੇਂ ਕਿ ਨਿਮਿੱਤਣ ਲੇਖਿਆਂ ਵਿੱਚ ਟਿੱਪਣੀ ਕੀਤੀ ਗਈ ਹੈ | ਨਿਯਮਤਤਾ ਦੀ ਸਥਿਤੀ |
|---|---|---|---|---|
| | 37 | ਕਾਨੂੰਨ ਅਤੇ ਨਿਆਂ (ਰੈਵੀਨਿਊ-ਚਾਰਜਡ) | 4.18 | |
| | 41 | ਜਲ ਸਪਲਾਈ ਅਤੇ ਸੈਨੀਟੇਸ਼ਨ (ਰੈਵੀਨਿਊ-ਵੋਟਡ) | 26.19 | |
| ਜੋੜ | | | **37,737.49** | |

*ਸ੍ਰੋਤ: ਨਿਮਿੱਤਣ ਲੇਖੇ*

ਵੱਧ ਖਰਚਾ ਸੰਕੇਤ ਦਿੰਦਾ ਹੈ ਕਿ ਵਿਭਾਗ ਵਿੱਚ ਬਜਟਰੀ ਕੰਟਰੋਲ ਅਸਰਦਾਰ ਨਹੀਂ ਸੀ ਅਤੇ ਬਜਟ ਅਨੁਮਾਨ ਵਿਵਹਾਰਕ ਅਧਾਰ ਤੇ ਨਹੀਂ ਬਣਾਏ ਗਏ ਸਨ। ਰਾਜ ਵਿਧਾਨਪਾਲਿਕਾ ਵੱਲੋਂ ਪ੍ਰਵਾਨਿਤ ਗ੍ਰਾਂਟਾਂ ਨਾਲੋਂ ਅਜਿਹਾ ਬਾਰ-ਬਾਰ ਕੀਤਾ ਵੱਧ ਖਰਚਾ ਵਿਧਾਨਪਾਲਿਕਾ ਦੀ ਮਨਸ਼ਾ ਅਤੇ ਲੋਕਤੰਤਰ ਦੇ ਬੁਨਿਆਦੀ ਸਿਧਾਂਤ ਕਿ ਰਾਜ ਵਿਧਾਨ ਸਭਾ ਦੀ ਪ੍ਰਵਾਨਗੀ ਤੋਂ ਬਗੈਰ ਇਕ ਰੁਪਇਆ ਵੀ ਖਰਚ ਨਹੀਂ ਕੀਤਾ ਜਾ ਸਕਦਾ, ਦੀ ਉਲੰਘਣਾ ਹੈ ਅਤੇ ਇਸ ਲਈ ਇਸ ਨੂੰ ਗੰਭੀਰਤਾ ਨਾਲ ਵੇਖਣ ਦੀ ਲੋੜ ਹੈ। ਵੱਧ ਖਰਚੇ ਦੇ ਸਾਰੇ ਮੌਜੂਦਾ ਮਾਮਲਿਆਂ ਨੂੰ ਛੇਤੀ ਤੋਂ ਛੇਤੀ ਨਿਯਮਤ ਕਰਵਾਉਣ ਦੀ ਲੋੜ ਹੈ ਅਤੇ ਭਵਿੱਖ ਵਿੱਚ ਅਜਿਹੇ ਗੈਰ-ਵੋਟਡ ਖਰਚਿਆਂ ਨੂੰ ਪੂਰੀ ਤਰ੍ਹਾਂ ਰੋਕਿਆ ਜਾ ਸਕਦਾ ਹੈ।

ਰਾਜ ਸਰਕਾਰ ਨੇ ਕਿਹਾ (ਦਸੰਬਰ 2022) ਕਿ ਸਾਲ 2015-16 ਤੋਂ 2018-19 ਲਈ ਵੱਧ ਖਰਚੇ ਨੂੰ ਨਿਯਮਤ ਕਰਨ ਲਈ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਗਈ ਸੀ ਅਤੇ ਇਹ ਆਉਣ ਵਾਲੇ ਬਜਟ ਸੈਸ਼ਨ ਵਿੱਚ ਨਿਯਮਤ ਕਰਵਾ ਲਿਆ ਜਾਵੇਗਾ।

## 3.4 ਬਜਟਰੀ ਅਤੇ ਲੇਖਾ ਪ੍ਰਕਿਰਿਆ ਦੀ ਪ੍ਰਭਾਵਿਕਤਾ

### 3.4.1 ਬਜਟ ਦੀ ਪ੍ਰੋਜੈਕਸ਼ਨ ਅਤੇ ਉਮੀਦ ਤੇ ਅਸਲ ਵਿਚਕਾਰ ਪਾੜਾ

ਕਰ ਪ੍ਰਬੰਧਨ/ਹੋਰ ਧਨ ਪ੍ਰਾਪਤੀਆਂ ਅਤੇ ਜਨਤਕ ਖਰਚੇ ਦਾ ਨਿਪੁੰਨਤਾ ਭਰਪੂਰ ਪ੍ਰੰਬਧਨ ਵੱਖ-ਵੱਖ ਵਿੱਤੀ ਸੰਕੇਤਾਂ ਦੀ ਪ੍ਰਾਪਤੀ ਲਈ ਸੰਤੁਲਨ ਬਣਾ ਕੇ ਰੱਖਦਾ ਹੈ। ਗੈਰ-ਵਿਵਹਾਰਕ ਪ੍ਰਸਤਾਵਾਂ ਤੇ ਆਧਾਰਤ ਬਜਟਰੀ ਵੰਡ, ਖਰਚੇ ਦਾ ਮਾੜਾ ਮਾਨੀਟਰਿੰਗ ਮੈਕਾਨਿਜ਼ਮ, ਸਕੀਮ ਲਾਗੂ ਕਰਨ ਦੀਆਂ ਕਮਜ਼ੋਰ ਸਮਰੱਥਾਵਾਂ ਅਤੇ ਕਮਜ਼ੋਰ ਅੰਦਰੂਨੀ ਕੰਟਰੋਲ ਵਿਕਾਸ ਦੀਆਂ ਵੱਖ-ਵੱਖ ਲੋੜਾਂ ਦੀ ਘੱਟ ਚੰਗੇਰੀ ਵੰਡ ਵੱਲ ਲੈ ਕੇ ਜਾਂਦਾ ਹੈ। ਕੁੱਝ ਵਿਭਾਗਾਂ ਵਿੱਚ ਬਹੁਤ ਜ਼ਿਆਦਾ ਬੱਚਤਾਂ ਦੂਜੇ ਵਿਭਾਗਾਂ ਨੂੰ ਫੰਡਾਂ ਤੋਂ ਵਾਂਝੇ ਕਰਦੀਆਂ ਹਨ, ਜਿਸ ਦੀ ਕਿ ਉਹ ਵਰਤੋਂ ਕਰ ਸਕਦੇ ਸਨ।

ਸਾਲ 2021-22 ਵਿੱਚ ਖਰਚੇ ਲਈ ਕੁੱਲ ਉਪਬੰਧ ₹ 1,79,405.00 ਕਰੋੜ ਸੀ। ਸਾਲ ਦੌਰਾਨ ਅਸਲ ਕੁੱਲ ਖਰਚਾ ₹ 1,26,570.48 ਕਰੋੜ ਸੀ। ਜਿਸ ਦੇ ਨਤੀਜੇ ਵਜੋਂ ਸਾਲ 2021-22 ਵਿੱਚ ₹ 52,834.52 ਕਰੋੜ ਦੀਆਂ ਬੱਚਤਾਂ ਹੋਈਆਂ ਜਿਸ ਵਿੱਚੋਂ ਸਿਰਫ ₹ 42,039.66 ਕਰੋੜ (79.57 *ਪ੍ਰਤੀਸ਼ਤ*) ਸਪੁਰਦ ਕੀਤੇ ਗਏ ਸਨ। ਸਾਰੀਆਂ ਸਪੁਰਦਗੀਆਂ 31 ਮਾਰਚ 2022 ਨੂੰ ਕੀਤੀਆਂ ਗਈਆਂ ਸਨ। ਇਸ ਦੇ ਵੇਰਵੇ **ਸਾਰਣੀ 3.8** ਵਿੱਚ ਦਿੱਤੇ ਗਏ ਹਨ।

**ਸਾਰਣੀ 3.8: ਵਿੱਤੀ ਸਾਲ 2021-22 ਦੌਰਾਨ ਬਜਟ ਉਪਬੰਧ ਦੀ ਤੁਲਨਾ ਵਿੱਚ ਅਸਲ ਖਰਚਾ**

*(₹ ਕਰੋੜ ਵਿੱਚ)*

| | ਖਰਚੇ ਦੀ ਪ੍ਰਕਿਰਤੀ | ਮੂਲ ਗ੍ਰਾਂਟ/ ਨਿਮਿੱਤਣ | ਪੂਰਕ ਗ੍ਰਾਂਟ/ ਨਿਮਿੱਤਣ | ਕੁੱਲ ਬਜਟ | ਅਸਲ ਖਰਚਾ | ਬਚੱਤਾਂ | 2021-22 ਦੌਰਾਨ ਸਪੁਰਦਗੀ | |
|---|---|---|---|---|---|---|---|---|
| | | | | | | | ਰਾਸ਼ੀ | ਪ੍ਰਤੀਸ਼ਤ |
| ਵੋਟਡ | I. ਰੈਵੀਨਿਊ | 82420.92 | 8855.27 | 91276.19 | 76384.95 | 14891.24 | 11204.14 | 75.24 |
| | II. ਪੂੰਜੀਗਤ | 14134.27 | 1993.64 | 16127.91 | 8212.45 | 7915.46 | 4403.75 | 55.63 |
| | III. ਕਰਜ਼ੇ ਅਤੇ ਪੇਸ਼ਗੀਆਂ | 1488.10 | 517.66 | 2005.76 | 1575.81 | 429.95 | 8.75 | 2.04 |
| **ਜੋੜ** | | **98043.29** | **11366.57** | **109409.86** | **86173.21** | **23236.65** | **15616.64** | **67.21** |
| ਚਾਰਜਡ | V. ਰੈਵੀਨਿਊ | 21458.99 | 23.24 | 21482.23 | 21118.72 | 363.51 | 269.07 | 74.02 |
| | VII. ਪੂੰਜੀਗਤ | 0 | 0 | 0 | 0 | 0 | 0 | 0 |
| | VIII. ਜਨਤਕ ਕਰਜ਼ਾ-ਮੁੜ ਅਦਾਇਗੀ | 48512.91 | 0 | 48512.91 | 19278.55 | 29234.36 | 26153.95 | 89.46 |
| **ਜੋੜ** | | **69971.90** | **23.24** | **69995.14** | **40397.27** | **29597.87** | **26423.02** | **89.27** |
| ਅਚੇਤ ਫੰਡ ਨੂੰ ਨਿਮਿੱਤਣ (ਜੇ ਕੋਈ ਹੋਵੇ) | | 0 | 0 | 0 | 0 | 0 | 0 | 0 |
| **ਕੁੱਲ ਜੋੜ** | | **168015.19** | **11389.81** | **179405.00** | **126570.48** | **52834.52** | **42039.66** | **79.57** |

*ਸ੍ਰੋਤ: ਨਿਮਿੱਤਣ ਲੇਖੇ*

*ਨੋਟ: ਉੱਪਰ ਦਰਸਾਏ ਗਏ ਖਰਚੇ ਰੈਵੀਨਿਊ ਮੱਦਾਂ (₹ 867.14 ਕਰੋੜ) ਅਤੇ ਪੂੰਜੀਗਤ ਮੱਦਾਂ (₹ 202.48 ਕਰੋੜ) ਅਧੀਨ ਖਰਚੇ ਦੀ ਕਟੌਤੀ ਵਜੋਂ ਲੇਖਿਆਂ ਵਿੱਚ ਸਮਾਯੋਜਿਤ ਵਸੂਲੀਆਂ ਨੂੰ ਹਿਸਾਬ ਵਿੱਚ ਲਏ ਬਗੈਰ ਸਕਲ ਰਾਸ਼ੀਆਂ ਹਨ।*

ਪਿਛਲੇ ਪੰਜ ਸਾਲਾਂ ਦੌਰਾਨ ਬਜਟ ਦੀ ਵਰਤੋਂ ਦੀ ਸਥਿਤੀ ਚਾਰਟ 3.5 ਵਿੱਚ ਦਿੱਤੀ ਗਈ ਹੈ।

**ਚਾਰਟ 3.5: ਸਾਲ 2017-18 ਤੋਂ 2021-22 ਦੌਰਾਨ ਬਜਟ ਦੀ ਵਰਤੋਂ**




*ਸ੍ਰੋਤ: ਨਿਮਿੱਤਣ ਲੇਖੇ*

ਸਾਲ 2017-18 ਤੋਂ 2021-22 ਦੇ ਸਮੇਂ ਲਈ ਮੂਲ ਬਜਟ, ਸੋਧੇ ਅਨੁਮਾਨ, ਅਸਲ ਖਰਚੇ ਦੇ ਰੁਝਾਨਾਂ ਨੂੰ ਸਾਰਣੀ 3.9 ਵਿੱਚ ਦਰਸਾਇਆ ਗਿਆ ਹੈ।

**ਸਾਰਣੀ 3.9:** 2017-22 ਦੌਰਾਨ ਮੂਲ ਬਜਟ, ਸੋਧੇ ਅਨੁਮਾਨ ਅਤੇ ਅਸਲ ਖਰਚਾ

*(₹ ਕਰੋੜ ਵਿੱਚ)*

| | 2017-18 | 2018-19 | 2019-20 | 2020-21 | 2021-22 |
|---|---|---|---|---|---|
| ਮੂਲ ਬਜਟ | 1,18,237.89 | 1,29,697.63 | 1,58,492.66 | 1,54,805.29 | 1,68,015.19 |
| ਪੂਰਕ ਬਜਟ | 1,646.78 | 4,658.26 | 3,567.43 | 6,523.68 | 11,389.81 |
| ਕੁੱਲ ਬਜਟ | 1,19,884.67 | 1,34,355.89 | 1,62,060.09 | 1,61,328.97 | 1,79,405.00 |
| ਸੋਧਿਆ ਅਨੁਮਾਨ | 1,12,797.42 | 1,27,415.49 | 1,51,696.94 | 1,39,999.68 | 1,36,476.04 |
| ਅਸਲ ਖਰਚਾ | 1,01,117.64 | 1,17,455.28 | 1,34,882.11 | 1,27,409.41 | 1,26,570.48 |
| ਬੱਚਤਾਂ | 18,767.03 | 16,900.61 | 27,177.98 | 33,919.56 | 52,834.52 |
| ਪੂਰਕ ਦੀ ਮੂਲ ਉਪਬੰਧ ਨੂੰ ਪ੍ਰਤੀਸ਼ਤਤਾ | 1.39 | 3.59 | 2.25 | 4.21 | 6.78 |
| ਸਮੁੱਚੀ ਬੱਚਤ/ਵੱਧ ਖਰਚੇ ਦੀ ਸਮੁੱਚੇ ਉਪਬੰਧ ਨੂੰ ਪ੍ਰਤੀਸ਼ਤਤਾ | 15.65 | 12.58 | 16.77 | 21.02 | 29.45 |

*ਸ੍ਰੋਤ: ਸਲਾਨਾ ਵਿੱਤੀ ਵਿਵਰਣੀ ਅਤੇ ਨਿਮਿੱਤਣ ਲੇਖੇ*

**ਸਾਰਣੀ** 3.9 ਦਰਸਾਉਂਦੀ ਹੈ ਕਿ 2021-22 ਦੌਰਾਨ ₹ 11,389.81 ਕਰੋੜ ਦਾ ਪੂਰਕ ਉਪਬੰਧ ਪਿਛਲੇ ਸਾਲ ਵਿੱਚ 4.21 *ਪ੍ਰਤੀਸ਼ਤ* ਦੀ ਤੁਲਨਾ ਵਿੱਚ ਮੂਲ ਉਪਬੰਧ ਦਾ 6.78 *ਪ੍ਰਤੀਸ਼ਤ* ਸੀ। ਜਦੋਂਕਿ, 2017-18 ਤੋਂ 2021-22 ਦੇ ਸਾਲਾਂ ਦੌਰਾਨ ਪੂਰਕ ਉਪਬੰਧ ਗੈਰ ਜਰੂਰੀ ਸਾਬਤ ਹੋਇਆ ਕਿਉਂਕਿ ਖਰਚਾ ਮੂਲ ਬਜਟ ਉਪਬੰਧਾਂ ਦੇ ਪੱਧਰ ਤੱਕ ਵੀ ਨਹੀਂ ਹੋਇਆ ਸੀ।

ਇਹ ਦਰਸਾਉਂਦਾ ਹੈ ਕਿ ਬਜਟਰੀ ਵੰਡਾਂ ਗੈਰ-ਵਿਵਹਾਰਕ ਪ੍ਰਸਤਾਵਾਂ ਤੇ ਅਧਾਰਤ ਸਨ।

ਨਿਮਿੱਤਣ ਲੇਖਿਆਂ ਵਿੱਚ ਅੰਤਰ ਦੇ ਮਾਮਲੇ ਵਿੱਚ ਪ੍ਰਾਪਤ ਕੀਤੇ ਸਪਸ਼ਟੀਕਰਣਾ ਦਾ ਸਾਰ ਚਾਰਟ 3.6 ਵਿੱਚ ਦਰਸਾਇਆ ਗਿਆ ਹੈ।

**ਚਾਰਟ 3.6:** ਨਿਮਿੱਤਣ ਲੇਖਿਆਂ ਵਿੱਚ ਅੰਤਰ ਲਈ ਸਪਸ਼ਟੀਕਰਣ ਦਾ ਸਾਰ




*ਸ੍ਰੋਤ: ਪ੍ਰਧਾਨ ਮਹਾਂ ਲੇਖਾਕਾਰ (ਲੇਖਾ ਅਤੇ ਹੱਕਦਾਰੀ), ਪੰਜਾਬ ਦੇ ਦਫਤਰ ਦੁਆਰਾ ਦਿੱਤੀ ਗਈ ਜਾਣਕਾਰੀ*

### 3.4.2 ਬਜਟ ਵਿੱਚ ਕੀਤੇ ਮੁੱਖ ਨੀਤੀਗਤ ਐਲਾਨ ਅਤੇ ਇਨ੍ਹਾਂ ਦੇ ਲਾਗੂ ਕਰਨ ਨੂੰ ਯਕੀਨੀ ਬਣਾਉਣ ਲਈ ਇਨ੍ਹਾਂ ਦੀ ਅਸਲ ਫੰਡਿੰਗ

ਸਕੀਮ ਦੇ ਦਿਸ਼ਾ-ਨਿਰਦੇਸ਼ਾਂ/ਰੂਪਰੇਖਾ ਦੀ ਪ੍ਰਵਾਨਗੀ ਨਾ ਹੋਣ, ਪ੍ਰਸ਼ਾਸਨਿਕ ਮਨਜ਼ੂਰੀ ਦੇ ਨਾ ਮਿਲਣ ਕਰਕੇ ਕੰਮਾਂ ਦੇ ਸ਼ੁਰੂ ਨਾ ਹੋਣ, ਬਜਟ ਦੇ ਜਾਰੀ ਨਾ ਹੋਣ, ਆਦਿ ਕਾਰਣ, ਸਰਕਾਰ ਦੁਆਰਾ ਲਈਆਂ ਗਈਆਂ ਕਈ ਨੀਤੀਗਤ ਪਹਿਲਕਦਮੀਆਂ ਨੂੰ ਪੂਰੀ ਤਰਾਂ ਜਾਂ ਅੰਸ਼ਿਕ ਤੌਰ ਤੇ ਅਮਲ ਵਿੱਚ ਨਹੀਂ ਲਿਆਂਦਾ ਜਾਂਦਾ ਹੈ। ਇਹ ਲਾਭਪਾਤਰੀਆਂ ਨੂੰ ਚਿਤਵੇਂ ਲਾਭਾਂ ਤੋਂ ਵਾਂਝਾ ਕਰਦਾ ਹੈ। ਅਜਿਹੀਆਂ ਸਕੀਮਾਂ ਵਿੱਚ ਬੱਚਤਾਂ ਦੂਜੇ ਵਿਭਾਗਾਂ ਨੂੰ ਫੰਡਾਂ ਤੋਂ ਵਾਂਝਾ ਕਰਦੀਆਂ ਹਨ, ਜਿਨ੍ਹਾਂ ਦੀ ਉਹ ਵਰਤੋਂ ਕਰ ਸਕਦੇ ਸਨ।

ਇਹ ਵੇਖਿਆ ਗਿਆ ਸੀ ਕਿ ਨੌ ਸਕੀਮਾਂ ਅਧੀਨ, ₹ 7,201.46 ਕਰੋੜ (ਹਰ ਸਕੀਮ ਵਿੱਚ ₹ 100 ਕਰੋੜ ਜਾਂ ਵੱਧ) ਦਾ ਸੋਧਿਆ ਆਉਟਲੇਅ ਸੀ ਪਰ ਕੋਈ ਵੀ ਖਰਚਾ ਨਹੀਂ ਕੀਤਾ ਗਿਆ ਸੀ ਜਿਸ ਦੇ ਸਿੱਟੇ ਵਜੋਂ ਸਕੀਮਾਂ ਲਾਗੂ ਨਹੀਂ ਹੋਈਆਂ, ਜਿਵੇ ਕਿ ***ਅੰਤਿਕਾ 3.10*** ਵਿੱਚ ਦਰਸਾਇਆ ਗਿਆ ਹੈ।

ਇਸ ਤੋਂ ਇਲਾਵਾ, 31 ਸਕੀਮਾਂ ਅਧੀਨ ₹ 10,210.58 ਕਰੋੜ ਦਾ ਪ੍ਰਵਾਨਿਤ ਆਊਟਲੇਅ ਸੀ ਜਿਸ ਨੂੰ ਸੋਧੇ ਆਊਟਲੇਅ ਵਿੱਚ ਪੂਰੀ ਤਰ੍ਹਾਂ ਵਾਪਸ ਲੈ ਲਿਆਂ ਗਿਆ ਸੀ ਜਿਵੇ ਕਿ ***ਅੰਤਿਕਾ 3.11*** ਵਿੱਚ ਦਰਸਾਇਆ ਗਿਆ ਹੈ। ਇਹ ਦਰਸਾਉਂਦਾ ਹੈ ਕਿ ਬਜਟਰੀ ਵੰਡਾਂ ਗੈਰ-ਵਿਵਹਾਰਕ ਪ੍ਰਸਤਾਵਾਂ ਤੇ ਅਧਾਰਤ ਸਨ।

### 3.4.3 ਖਰਚੇ ਵਿੱਚ ਤੇਜ਼ੀ

ਆਮ ਵਿੱਤੀ ਨਿਯਮਾਵਲੀ ਦਾ ਨਿਯਮ 62(3), ਇਹ ਵਿਵਸਥਾ ਕਰਦਾ ਹੈ ਕਿ ਖਾਸ ਤੌਰ ਤੇ ਵਿੱਤੀ ਸਾਲ ਦੇ ਅਖੀਰਲੇ ਮਹੀਨਿਆਂ ਵਿੱਚ ਖਰਚਾ ਕਰਨ ਵਿੱਚ ਤੇਜ਼ੀ ਨੂੰ ਵਿੱਤੀ ਉਚਿਤਤਾ ਦੀ ਉਲੰਘਣਾ ਸਮਝਿਆ ਜਾਂਦਾ, ਅਤੇ ਇਸ ਤੋਂ ਬਚਣਾ ਚਾਹੀਦਾ ਹੈ।

ਲੇਖਾ ਪ੍ਰੀਖਿਆ ਪੜਤਾਲ ਨੇ ਦਰਸਾਇਆ ਕਿ ਸੱਤ ਮੁੱਖ ਮੱਦਾਂ ਅਧੀਨ ਜਿਵੇਂ ਕਿ ***ਅੰਤਿਕਾ 3.12*** ਵਿੱਚ ਦਿੱਤਾ ਗਿਆ ਹੈ, ਸਾਲ ਦੀ ਚੌਥੀ ਤਿਮਾਹੀ ਦੌਰਾਨ 20 *ਪ੍ਰਤੀਸ਼ਤ* ਟੀਚੇ ਦੇ ਵਿਰੁੱਧ, 66.67 *ਪ੍ਰਤੀਸ਼ਤ* ਅਤੇ 100 *ਪ੍ਰਤੀਸ਼ਤ* ਦੀ ਰੇਂਜ ਵਿਚਕਾਰ ਖਰਚਾ ਕੀਤਾ ਗਿਆ ਸੀ ਅਤੇ ਕੇਵਲ ਮਾਰਚ 2022 ਦੇ ਮਹੀਨੇ ਦੌਰਾਨ ਕੀਤਾ ਗਿਆ ਖਰਚਾ 50.18 ਅਤੇ 100 *ਪ੍ਰਤੀਸ਼ਤ* ਦੀ ਰੇਂਜ ਵਿਚਕਾਰ ਸੀ। ਇਹ ਵੀ ਵੇਖਿਆ ਗਿਆ ਸੀ ਕਿ ਮੁੱਖ ਮੱਦ-3054 ਦੇ ਅਧੀਨ ₹ 461.29 ਕਰੋੜ (₹ 2.41 ਕਰੋੜ ਦੀ ਵਸੂਲੀ ਨੂੰ ਛੱਡ ਕੇ) ਦੇ ਕੁੱਲ ਖਰਚੇ ਦਾ 55.91 *ਪ੍ਰਤੀਸ਼ਤ* (₹ 257.91 ਕਰੋੜ) ਮਾਰਚ 2022 ਵਿੱਚ ਕੀਤਾ ਗਿਆ ਸੀ।

ਸਾਲ 2021-22 ਦੌਰਾਨ ਮੁੱਖ ਮੱਦ 3054 ਸੜਕਾਂ ਅਤੇ ਪੁਲਾਂ ਅਧੀਨ ਮਹੀਨਾਵਾਰ ਖਰਚਾ ਚਾਰਟ 3.7 ਵਿੱਚ ਦਰਸਾਇਆ ਗਿਆ ਹੈ।

**ਚਾਰਟ 3.7: ਸਾਲ 2021-22 ਦੌਰਾਨ ਮੁੱਖ ਮੱਦ 3054-ਸੜਕਾਂ ਅਤੇ ਪੁੱਲਾਂ ਅਧੀਨ ਮਹੀਨਾਵਾਰ ਖਰਚਾ**

*(₹ ਕਰੋੜ ਵਿੱਚ)*




*ਸ੍ਰੋਤ: ਪ੍ਰਧਾਨ ਮਹਾਂ ਲੇਖਾਕਾਰ (ਏ ਐਂਡ ਈ), ਪੰਜਾਬ ਦਾ ਦਫਤਰ*

ਅੱਗੇ, 22 ਉਪ ਮੱਦਾਂ ਵਿੱਚ ₹ 4,994.58 ਕਰੋੜ ਦਾ ਪੂਰਾ ਖਰਚਾ ਸਿਰਫ ਮਾਰਚ 2022 ਵਿੱਚ ਕੀਤਾ ਗਿਆ ਸੀ *(ਅੰਤਿਕਾ 3.13)*।

### 3.4.4 ਚੁਣੀਆਂ ਹੋਈਆਂ ਗ੍ਰਾਂਟਾਂ ਦੀ ਸਮੀਖਿਆ

ਦੋ ਚੁਣੀਆਂ ਹੋਈਆਂ ਗ੍ਰਾਂਟਾਂ ਭਾਵ 05-ਸਿੱਖਿਆ ਅਤੇ 11 ਸਿਹਤ ਅਤੇ ਪਰਿਵਾਰ ਭਲਾਈ, ਨਾਲ ਸਬੰਧਤ ਬਜਟਰੀ ਪ੍ਰੀਕ੍ਰਿਆ ਅਤੇ ਖਰਚੇ ਉੱਤੇ ਕੰਟਰੋਲ ਦੀ ਸਮੀਖਿਆ ਕੀਤੀ ਗਈ ਸੀ ਜਿਨ੍ਹਾਂ ਵਿੱਚ ਮੂਲ ਗ੍ਰਾਂਟਾਂ, ਪੂਰਕ ਮੰਗਾਂ ਅਤੇ ਅਸਲ ਖਰਚੇ ਵਿੱਚ ਬਦਲਾਅ ਦੇ ਅਕਾਰ ਦਾ ਵਿਸ਼ਲੇਸ਼ਣ ਕੀਤਾ ਗਿਆ ਸੀ।

#### *3.4.4.1 ਗ੍ਰਾਂਟ ਨੰਬਰ 05-ਸਿੱਖਿਆ*

#### *(i) ਜਾਣ-ਪਛਾਣ*

ਗ੍ਰਾਂਟ 05-ਸਿੱਖਿਆ ਵਿੱਚ ਮੁੱਖ ਮੱਦ 2071-ਪੈਨਸ਼ਨ ਅਤੇ ਹੋਰ ਰਿਟਾਰਮੈਂਟ ਲਾਭ, 2075-ਫੁਟਕਲ ਆਮ ਸੇਵਾਵਾਂ, 2202-ਆਮ ਸਿੱਖਿਆ, 2204-ਖੇਡਾਂ ਅਤੇ ਯੁਵਕ ਸੇਵਾਵਾਂ, 2205-ਕਲਾ ਅਤੇ ਸਭਿਆਚਾਰ, 2235-ਸਮਾਜਿਕ ਸੁਰੱਖਿਆ ਅਤੇ ਭਲਾਈ, 4202- ਸਿੱਖਿਆ, ਖੇਡਾਂ, ਕਲਾ ਅਤੇ ਸਭਿਆਚਾਰ 'ਤੇ ਪੂੰਜੀਗਤ ਆਊਟਲੇਅ, ਸ਼ਾਮਲ ਹਨ।

#### *(ii) ਬਜਟ ਅਤੇ ਖਰਚਾ*

ਪਿਛਲੇ ਤਿੰਨ ਸਾਲਾਂ (2019-20 ਤੋਂ 2021-22) ਲਈ ਇਸ ਗ੍ਰਾਂਟ ਅਧੀਨ ਬਜਟ ਉਪਬੰਧਾਂ, ਅਸਲ ਅਦਾਇਗੀਆਂ ਅਤੇ ਬੱਚਤਾਂ ਦੀ ਸੱਮੁਚੀ ਸਥਿਤੀ **ਸਾਰਣੀ 3.10** ਵਿੱਚ ਦਿੱਤੀ ਗਈ ਹੈ।

**ਸਾਰਣੀ 3.10: ਸਾਲ 2019-20 ਤੋਂ 2021-22 ਦੌਰਾਨ ਬਜਟ ਅਤੇ ਖਰਚਾ**

*(₹ ਕਰੋੜ ਵਿੱਚ)*

| ਸਾਲ | ਸੈਕਸ਼ਨ | ਬਜਟ ਉਪਬੰਧ | ਜੋੜ | ਖਰਚਾ | ਅਣਵਰਤਿਆ ਉਪਬੰਧ ਅਤੇ ਇਸ ਦੀ ਪ੍ਰਤੀਸ਼ਤਤਾ |
|---|---|---|---|---|---|
| 2019-20 | ਰੈਵੀਨਿਊ-ਮੂਲ (ਵੋਟਡ) | 12,078.32 | 12,176.70 | 10,674.04 | 1,502.66 (12.34) |
| | ਪੂਰਕ | 98.38 | | | |
| | ਰੈਵੀਨਿਊ-ਮੂਲ (ਚਾਰਜਡ) | 0.93 | 6.21 | 5.39 | 0.82 (13.20) |
| | ਪੂਰਕ | 5.28 | | | |
| | ਪੂੰਜੀਗਤ-ਮੂਲ (ਵੋਟਡ) | 156.63 | 156.63 | 47.03 | 109.60 (69.97) |
| | ਪੂਰਕ | 0 | | | |
| 2020-21 | ਰੈਵੀਨਿਊ-ਮੂਲ (ਵੋਟਡ) | 12,310.03 | 12,718.45 | 11,837.58 | 880.87 (6.93) |
| | ਪੂਰਕ | 408.42 | | | |
| | ਰੈਵੀਨਿਊ-ਮੂਲ (ਚਾਰਜਡ) | 0.44 | 0.44 | 0.13 | 0.31 (70.45) |
| | ਪੂਰਕ | 0 | | | |
| | ਪੂੰਜੀਗਤ-ਮੂਲ (ਵੋਟਡ) | 177.39 | 177.39 | 100.64 | 76.75 (43.27) |
| | ਪੂਰਕ | 0 | | | |
| 2021-22 | ਰੈਵੀਨਿਊ-ਮੂਲ (ਵੋਟਡ) | 12,865.52 | 13,616.06 | 12,565.91 | 1,050.15 (7.71) |
| | ਪੂਰਕ | 750.54 | | | |
| | ਰੈਵੀਨਿਊ-ਮੂਲ (ਚਾਰਜਡ) | 0.31 | 0.31 | 0.16 | 0.15 (48.39) |
| | ਪੂਰਕ | 0 | | | |
| | ਪੂੰਜੀਗਤ-ਮੂਲ (ਵੋਟਡ) | 214.31 | 214.31 | 115.72 | 98.59 (46.00) |
| | ਪੂਰਕ | 0 | | | |

*ਸ੍ਰੋਤ: ਨਿਮਿੱਤਣ ਲੇਖੇ*

**ਸਾਰਣੀ** 3.10 ਦਰਸਾਉਂਦੀ ਹੈ ਕਿ ਪੂੰਜੀਗਤ (ਵੋਟਡ) ਅਧੀਨ ਅਣਵਰਤਿਆ ਬਜਟ ਉਪਬੰਧ 43 *ਪ੍ਰਤੀਸ਼ਤ* ਅਤੇ 70 *ਪ੍ਰਤੀਸ਼ਤ* ਦੀ ਰੇਂਜ ਵਿਚਕਾਰ ਸੀ ਜਿਸ ਨੇ ਰਾਜ ਸਰਕਾਰ ਦੇ ਪੱਖ ਤੇ ਮੁਕੰਮਲ ਗੈਰ-ਕਾਰਗੁਜ਼ਾਰੀ ਨੂੰ ਦਰਸਾਇਆ।

### *(iii) ਬਜਟ ਅਨੁਮਾਨਾਂ ਵਿੱਚ ਲੇਖੇ ਦੀ ਮੱਦ ਦਾ ਗਲਤ ਵਰਗੀਕਰਣ*

ਬਜਟ ਦੀ ਪੜਤਾਲ ਦੌਰਾਨ, ਇਹ ਧਿਆਨ ਵਿੱਚ ਆਇਆ ਸੀ ਕਿ ਮੱਦ 2204-102-01-52 ਅਧੀਨ ₹ 0.42 ਕਰੋੜ ਦਾ ਬਜਟ ਉਪਬੰਧ ਕੀਤਾ ਗਿਆ ਸੀ ਪ੍ਰੰਤੂ ਐਸ ਓ ਈ 52-ਮਸ਼ੀਨਰੀ ਅਤੇ ਉਪਕਰਣ ਪੂੰਜੀਗਤ ਖਰਚੇ ਨਾਲ ਸਬੰਧਤ ਹੈ। ਇਸ ਦਾ ਰੈਵੀਨਿਊ ਮੁੱਖ ਮੱਦ ਅਧੀਨ ਇੰਦਰਾਜ ਨਹੀਂ ਕੀਤਾ ਜਾ ਸਕਦਾ।

### *(iv) ਬੱਚਤਾਂ ਸਪੁਰਦ ਨਾ ਕਰਨਾ*

ਪੰਜਾਬ ਵਿੱਤੀ ਨਿਯਮਾਵਲੀ ਦੇ ਨਿਯਮ 17.20 ਅਨੁਸਾਰ ਜਿਵੇਂ ਅਤੇ ਜਦੋਂ ਬੱਚਤਾਂ ਦਾ ਪੂਰਵ ਅਨੁਮਾਨ ਹੋਵੇ ਤਾਂ ਗ੍ਰਾਂਟਾਂ/ਨਿਮਿੱਤਣਾਂ ਜਾਂ ਉਨ੍ਹਾਂ ਦੇ ਕੁੱਝ ਹਿੱਸੇ ਨੂੰ ਖਰਚ ਵਿਭਾਗਾਂ ਵੱਲੋਂ ਵਿੱਤ ਵਿਭਾਗ ਨੂੰ ਸਪੁਰਦ ਕਰਨ ਦੀ ਜ਼ਰੂਰਤ ਹੁੰਦੀ ਹੈ। 2019-22 ਦੌਰਾਨ ਗ੍ਰਾਂਟ-05-ਸਿੱਖਿਆ ਅਧੀਨ ਬੱਚਤਾਂ ਅਤੇ ਸਪੁਰਦਗੀਆਂ ਦੀ ਸਥਿਤੀ ਨੂੰ **ਸਾਰਣੀ** 3.11 ਵਿੱਚ ਦਰਸਾਇਆ ਗਿਆ ਹੈ।

**ਸਾਰਣੀ 3.11: ਗ੍ਰਾਂਟ-05 ਅਧੀਨ ਬੱਚਤਾਂ ਸਪੁਰਦ ਨਾ ਕਰਨਾ**

*(₹ ਕਰੋੜ ਵਿੱਚ)*

| ਸਾਲ | ਬੱਚਤਾਂ | | | ਸਪੁਰਦ ਕੀਤੀ ਗਈ ਰਾਸ਼ੀ (ਪ੍ਰਤੀਸ਼ਤਤਾ) | | |
|---|---|---|---|---|---|---|
| | ਰੈਵੀਨਿਊ (ਵੋਟਡ) | ਰੈਵੀਨਿਊ (ਚਾਰਜਡ) | ਪੂੰਜੀਗਤ (ਵੋਟਡ) | ਰੈਵੀਨਿਊ (ਵੋਟਡ) | ਰੈਵੀਨਿਊ (ਚਾਰਜਡ) | ਪੂੰਜੀਗਤ (ਵੋਟਡ) |
| 2019-20 | 1502.66 | 0.82 | 109.60 | 962.05 (64.02) | 0.04 (4.88) | 63.65 (58.07) |
| 2020-21 | 880.87 | 0.31 | 76.75 | 390.71 (44.36) | 0.25 (80.65) | 26.55 (34.59) |
| 2021-22 | 1050.15 | 0.15 | 98.59 | 618.79 (58.92) | 0.15 (100.00) | 24.70 (25.05) |

*ਸ੍ਰੋਤ: ਨਿਮਿਤੱਣ ਲੇਖੇ*

*ਬਰੈਕਟਾਂ ਵਿੱਚ ਦਿੱਤੀ ਰਾਸ਼ੀ ਕੁੱਲ ਬੱਚਤਾਂ ਦੀ ਪ੍ਰਤੀਸ਼ਤਤਾ ਨੂੰ ਦਰਸਾਉਂਦੀ ਹੈ।*

### *(v) ਨਿਰੰਤਰ ਬੱਚਤਾਂ*

ਇਹ ਵੇਖਿਆ ਗਿਆ ਸੀ ਕਿ 2019-20 ਤੋਂ 2021-22 ਦੌਰਾਨ ਗ੍ਰਾਂਟ 05-ਸਿੱਖਿਆ ਅੱਠ ਸਕੀਮਾਂ ਦੇ ਅਧੀਨ ਬਜਟ ਦੀ ਵੰਡ ਦਾ ਵੱਡਾ ਹਿੱਸਾ ਅਣਵਰਤਿਆ ਰਿਹਾ, ਜੋਕਿ ਸਬੰਧਤ ਸਾਲਾਂ ਵਿੱਚ ਪ੍ਰੋਜੈਕਟਿਡ ਵਿੱਤੀ ਆਊਟਲੇਜ਼ ਨੂੰ ਪ੍ਰਾਪਤ ਨਾ ਕਰਨ ਵੱਲ ਸੰਕੇਤ ਕਰਦਾ ਹੈ ਜਿਵੇਂ ਕਿ **ਸਾਰਣੀ** 3.12 ਵਿੱਚ ਦਰਸਾਇਆ ਗਿਆ ਹੈ।

**ਸਾਰਣੀ 3.12: ਗ੍ਰਾਂਟ ਨੰ. 05 ਅਧੀਨ ਨਿਰੰਤਰ ਬੱਚਤਾਂ**

*(₹ ਕਰੋੜ ਵਿੱਚ)*

| ਲੜੀ ਨੰ. | ਲੇਖੇ ਦੀ ਮੱਦ | 2019-20 | 2020-21 | 2021-22 |
|---|---|---|---|---|
| 1. | 2202-01-101-27-ਸਮਾਗਰਾ ਸ਼ਿਕਸ਼ਾ ਅਭਿਆਨ ਪੰਜਾਬ-01-ਸਮਾਗਰਾ ਸ਼ਿਕਸ਼ਾ ਅਭਿਆਨ ਸੁਸਾਇਟੀ ਨੂੰ ਸਹਾਇਤਾ | 49.08 (14.71) | 81.27 (22.96) | 6.96 (2.48) |
| 2. | 2202-01-789-18-ਸਮਾਗਰਾ ਸ਼ਿਕਸ਼ਾ ਅਭਿਆਨ ਪੰਜਾਬ-01-ਸਮਾਗਰਾ ਸ਼ਿਕਸ਼ਾ ਅਭਿਆਨ ਸੁਸਾਇਟੀ ਨੂੰ ਸਹਾਇਤਾ | 158.71 (27.34) | 134.80 (24.69) | 298.20 (62.75) |
| 3. | 2202-01-109-32-ਜ਼ਿਲ੍ਹਾ ਸਿੱਖਿਆ ਸੰਸਥਾ ਅਤੇ ਸਿਖਲਾਈ (ਡੀ ਆਈ ਈ ਟੀ ਐਸ) ਦਾ ਅਧਿਆਪਕ ਸਿੱਖਿਆ ਅਮਲਾ | 2.07 (16.05) | 5.92 (39.52) | 3.50 (26.36) |
| 4. | 2202-01-110-02-ਪੰਜਾਬ ਵਿੱਚ ਸਿੱਖਿਆ ਸੈੱਸ ਰਾਹੀ ਆਦਰਸ਼ ਅਤੇ ਮੈਰੀਟੋਰੀਅਸ ਸਕੂਲ ਖੋਲਣ ਅਤੇ ਚਲਾਉਣ ਲਈ ਪੰਜਾਬ ਸਿੱਖਿਆ ਵਿਕਾਸ ਬੋਰਡ ਨੂੰ ਸਹਾਇਤ ਅਨੁਦਾਨ | 7.25 (10.90) | 12.24 (18.59) | 22.37 (34.01) |
| 5. | 2202-01-789-32-ਪੰਜਾਬ ਵਿੱਚ ਸਿੱਖਿਆ ਸੈੱਸ ਰਾਹੀ ਆਦਰਸ਼ ਅਤੇ ਮੈਰੀਟੋਰੀਅਸ ਸਕੂਲ ਖੋਲਣ ਅਤੇ ਚਲਾਉਣ ਲਈ ਪੰਜਾਬ ਸਿੱਖਿਆ ਵਿਕਾਸ ਬੋਰਡ ਨੂੰ ਸਹਾਇਤ ਅਨੁਦਾਨ | 3.36 (10.73) | 6.78 (21.19) | 2.05 (9.15) |
| 6. | 2202-03-103-01-ਸਰਕਾਰੀ ਆਰਟਸ ਕਾਲਜ | 8.39 (5.42) | 6.10 (4.56) | 21.59 (15.67) |
| 7. | 2202-03-800-01-ਸਰਕਾਰੀ/ਪੀ ਆਰ ਟੀ ਸੀ ਬੱਸਾਂ ਵਿੱਚ ਕਾਲਜਾਂ ਅਤੇ ਯੂਨੀਵਰਸਿਟੀਆਂ ਦੇ ਵਿਦਿਆਰਥੀਆਂ ਨੂੰ ਮੁਫਤ/ਰਿਆਇਤੀ ਸਹੂਲਤਾਂ ਦੇ ਬਦਲੇ ਵਿੱਚ ਟਰਾਂਸਪੋਰਟ ਵਿਭਾਗ /ਪੀ ਆਰ ਟੀ ਸੀ ਨੂੰ ਪ੍ਰਤੀਪੂਰਤੀ | 7.68 (11.82) | 19.77 (13.92) | 5.21 (18.61) |
| 8. | 2202-80-001-01-ਨਿਰਦੇਸ਼ਨ ਅਤੇ ਪ੍ਰਬੰਧ | 5.94 (15.62) | 2.11 (6.10) | 4.67 (12.89) |

*ਸ੍ਰੋਤ: ਨਿਮਿੱਤਣ ਲੇਖੇ*

*ਬਰੈਕਟਾਂ ਵਿੱਚ ਦਿੱਤੀ ਰਾਸ਼ੀ ਕੁੱਲ ਉਪਬੰਧਾਂ ਨੂੰ ਬੱਚਤਾਂ ਦੀ ਪ੍ਰਤੀਸ਼ਤਤਾ ਦਰਸਾਉਂਦੀ ਹੈ।*

## (vi) ਪੂਰਾ ਉਪਬੰਧ ਅਣਵਰਤਿਆ ਰਿਹਾ

ਇਹ ਵੇਖਿਆ ਗਿਆ ਸੀ ਕਿ 2021-22 ਦੌਰਾਨ ਛੇ ਸਕੀਮਾਂ ਅਧੀਨ ਪੂਰੀ ਬਜਟ ਵੰਡ ਅਣਵਰਤੀ ਰਹੀ ਜੋ ਸਕੀਮਾਂ ਦੇ ਨਾ ਲਾਗੂਕਰਨ ਦਾ ਸੰਕੇਤ ਕਰਦੀ ਸੀ ਜਿਵੇਂ ਕਿ **ਸਾਰਣੀ 3.13** ਵਿੱਚ ਦਰਸਾਇਆ ਗਿਆ ਹੈ।

**ਸਾਰਣੀ 3.13: ਗ੍ਰਾਂਟ ਨੰ. 05 ਅਧੀਨ ਪੂਰਾ ਉਪਬੰਧ (₹ ਇੱਕ ਕਰੋੜ ਜਾਂ ਵੱਧ) ਅਣਵਰਤਿਆ ਰਿਹਾ**

*(₹ ਕਰੋੜ ਵਿੱਚ)*

| ਲੜੀ ਨੰ. | ਲੇਖੇ ਦੀ ਮੱਦ | ਮੂਲ ਬਜਟ | ਪੁਨਰ-ਨਿਮਿੱਤਣ /ਪੂਰਕ | ਬੱਚਤਾਂ |
|---|---|---|---|---|
| 1. | 2202-01-101-25-ਹਰ ਇੱਕ ਜ਼ਿਲ੍ਹੇ ਵਿੱਚ ਸਰਵੋਤਮ ਸਰਕਾਰੀ ਸਕੂਲ ਲਈ ਅਵਾਰਡ | 1.00 | 0 | 1.00 |
| 2. | 2202-01-101-30-ਪ੍ਰਾਇਮਰੀ ਸਕੂਲਾਂ ਨੂੰ ਸਰਕਾਰੀ ਸਹਾਇਤਾ 01-ਸਰਕਾਰੀ ਸਕੂਲਾਂ ਦੇ ਪ੍ਰੀ-ਪ੍ਰਾਇਮਰੀ, ਪ੍ਰਾਇਮਰੀ ਅਤੇ ਮਿਡਲ ਸਕੂਲਾਂ ਦੇ ਵਿਦਿਆਰਥੀਆਂ ਨੂੰ ਵਰਦੀ | 0 | 15.98 | 15.98 |
| 3. | 2202-02-106-02-ਸਰਕਾਰੀ ਸਕੂਲਾਂ ਵਿੱਚ ਸ਼ਹੀਦ-ਏ-ਆਜ਼ਮ ਭਗਤ ਸਿੰਘ ਜੇਲ੍ਹ ਨੋਟ ਬੁੱਕ ਮੁਹੱਈਆ ਕਰਵਾਉਣਾ | 0 | 1.87 | 1.87 |
| 4. | 2202-02-789-39-ਬੱਚੇ, ਜਿਨ੍ਹਾਂ ਦੇ ਮਾਪੇ ਮਲੀਨ ਧੰਦੇ ਵਿੱਚ ਲੱਗੇ ਹੋਏ ਹਨ ਉਨ੍ਹਾਂ ਨੂੰ ਪ੍ਰੀ-ਮੈਟ੍ਰਿਕ ਵਜੀਫਾ | 1.00 | 0.05 | 1.05 |
| 5. | 2202-03-789-08-ਰਾਸ਼ਟਰੀਆ ਉੱਚਤਰ ਸ਼ਿਕਸ਼ਾ ਅਭਿਆਨ | 23.39 | (-) 19.64 | 3.75 |
| 6. | 4202-01-202-21-ਰਾਸ਼ਟਰੀਆ ਉੱਚਤਰ ਸ਼ਿਕਸ਼ਾ ਅਭਿਆਨ | 11.75 | (-) 4.25 | 7.50 |

*ਸ੍ਰੋਤ: ਨਿਮਿੱਤਣ ਲੇਖੇ*

## (vii) ਗੈਰ ਜਰੂਰੀ ਪੂਰਕ ਗ੍ਰਾਂਟਾ

ਸੰਵਿਧਾਨ ਦੇ ਅਨੁਛੇਦ 205 ਅਨੁਸਾਰ, ਕਿਸੇ ਸਾਲ ਲਈ ਨਿਮਿੱਤਣ ਐਕਟ ਦੁਆਰਾ ਕੀਤੇ ਗਏ ਉਪਬੰਧ ਤੋਂ ਵੱਧ ਪੂਰਕ ਜਾਂ ਵਾਧੂ ਗ੍ਰਾਂਟ ਜਾਂ ਨਿਮਿੱਤਣ ਦੀ ਮੰਗ ਚਾਲੂ ਵਿੱਤੀ ਸਾਲ ਦੌਰਾਨ ਕੀਤੀ ਜਾ ਸਕਦੀ ਹੈ ਪ੍ਰੰਤੂ ਚਾਲੂ ਵਿੱਤੀ ਸਾਲ ਦੇ ਖਤਮ ਹੋਣ ਤੋਂ ਬਾਅਦ ਨਹੀਂ। ਜਦੋਂ ਅਜਿਹਾ ਵਾਧੂ ਖਰਚਾ ਨਾ ਟਾਲਣਯੋਗ ਪਾਇਆ ਜਾਂਦਾ ਹੈ ਅਤੇ ਪੁਨਰ-ਨਿਮਿੱਤਣ ਰਾਹੀ ਵਾਧੂ ਖਰਚੇ ਨੂੰ ਕਵਰ ਕਰਨ ਲਈ ਗ੍ਰਾਂਟ ਦੇ ਅੰਦਰ ਬੱਚਤਾਂ ਹੋਣ ਦੀ ਕੋਈ ਸੰਭਾਵਨਾ ਨਹੀਂ ਹੈ ਤਾਂ ਸਬੰਧਤ ਵਿਭਾਗ ਦਾ ਸਕੱਤਰ ਵਿੱਤ ਵਿਭਾਗ ਨੂੰ ਪੂਰਕ ਜਾਂ ਵਾਧੂ ਗ੍ਰਾਂਟ ਜਾਂ ਨਿਮਿਤੱਣ ਲਈ ਪ੍ਰਸਤਾਵ ਭੇਜਦਾ ਹੈ।

ਲੇਖਾ ਪ੍ਰੀਖਿਆ ਵਿਸ਼ਲੇਸ਼ਣ ਨੇ ਦਰਸਾਇਆ ਕਿ ਸਾਲ 2021-22 ਦੌਰਾਨ ₹ 77.90 ਕਰੋੜ (ਰੈਵੀਨਿਉ-ਵੋਟਡ) ਦੇ ਪੂਰਕ ਉਪਬੰਧ ਗੈਰ ਜਰੂਰੀ ਸਾਬਤ ਹੋਏ ਕਿਉਂਕਿ ₹ 660.94 ਕਰੋੜ ਦਾ ਖਰਚਾ ₹ 1,271.60 ਕਰੋੜ ਦੇ ਮੂਲ ਉਪਬੰਧ ਦੇ ਪੱਧਰ ਤੱਕ ਵੀ ਨਹੀਂ ਹੋਇਆ ਜਿਵੇਂ ਕਿ **ਸਾਰਣੀ 3.14** ਵਿੱਚ ਦਰਸਾਇਆ ਗਿਆ ਹੈ।

**ਸਾਰਣੀ 3.14: ਗ੍ਰਾਂਟ ਨੰ. 05 ਦੇ ਅਧੀਨ ਗੈਰ ਜ਼ਰੂਰੀ ਪੂਰਕ ਗ੍ਰਾਂਟਾਂ**

*(₹ ਕਰੋੜ ਵਿੱਚ)*

| ਲੜੀ ਨੰ. | ਲੇਖੇ ਦੀ ਮੱਦ | ਮੂਲ ਬਜਟ | ਪੂਰਕ | ਅਸਲ ਖਰਚਾ | ਮੂਲ ਉਪਬੰਧ ਵਿੱਚੋ ਬੱਚਤਾਂ |
|---|---|---|---|---|---|
| 1. | 2202-01-101-27- ਸਮਾਗਰਾ ਸ਼ਿਕਸ਼ਾ ਅਭਿਆਨ ਪੰਜਾਬ-01-ਸਮਾਗਰਾ ਸ਼ਿਕਸ਼ਾ ਅਭਿਆਨ ਸੁਸਾਇਟੀ ਨੂੰ ਸਹਾਇਤਾ | 361.00 | 3.45 | 273.97 | 87.03 |
| 2. | 2202-01-112-01- ਮਿੱਡ ਡੇ ਮੀਲ | 133.00 | 32.75 | 71.36 | 61.64 |
| 3. | 2202-01-789-18- ਸਮਾਗਰਾ ਸ਼ਿਕਸ਼ਾ ਅਭਿਆਨ ਪੰਜਾਬ-01-ਸਮਾਗਰਾ ਸ਼ਿਕਸ਼ਾ ਅਭਿਆਨ ਸੁਸਾਇਟੀ ਨੂੰ ਸਹਾਇਤਾ | 589.00 | 5.63 | 177.05 | 411.95 |
| 4. | 2202-01-789-36- ਸਮਾਗਰਾ ਸ਼ਿਕਸ਼ਾ ਅਭਿਆਨ-01-ਸਮਾਗਰਾ ਸ਼ਿਕਸ਼ਾ ਅਭਿਆਨ ਨੂੰ ਸਹਾਇਤਾ | 155.00 | 33.02 | 107.00 | 48.00 |
| 5. | 2202-80-001-01-ਨਿਰਦੇਸ਼ਨ ਅਤੇ ਪ੍ਰਬੰਧਨ | 33.60 | 3.05 | 31.56 | 2.04 |
| **ਜੋੜ** | | **1,271.60** | **77.90** | **660.94** | **610.66** |

*ਸ੍ਰੋਤ: ਨਿਮਿੱਤਣ ਲੇਖੇ*

### *(viii) ਫੰਡਾਂ ਦਾ ਗੈਰ ਜਰੂਰੀ ਪੁਨਰ-ਨਿਮਿਤੱਣ*

ਪੁਨਰ-ਨਿਮਿਤੱਣ, ਕਿਸੇ ਗ੍ਰਾਂਟ ਵਿੱਚ ਨਿਮਿਤੱਣ ਦੀ ਇੱਕ ਇਕਾਈ ਜਿਥੇ ਬੱਚਤਾਂ ਦਾ ਪੂਰਵ ਅਨੁਮਾਨ ਹੋਵੇ, ਤੋਂ ਦੂਜੀ ਇਕਾਈ ਜਿੱਥੇ ਕਿ ਵੱਧ ਫੰਡਾਂ ਦੀ ਲੋੜ ਹੋਵੇ, ਵਿੱਚ ਫੰਡਾਂ ਦੀ ਬਦਲੀ ਕਰਨਾ ਹੈ। 2021-22 ਦੌਰਾਨ, ਇਹ ਵੇਖਿਆ ਗਿਆ ਸੀ ਕਿ ਪੁਨਰ-ਨਿਮਿੱਤਣ ਆਦੇਸ਼ਾ ਰਾਹੀਂ ਉਪਬੰਧਾਂ ਵਿੱਚ ਕਟੌਤੀ (**ਸਾਰਣੀ 3.15 ਦੀ ਲੜੀ ਨੰ.** 1,3,4 **ਅਤੇ** 5) ਵਿਵੇਕਹੀਣ ਸਾਬਤ ਹੋਈ ਕਿਉਂਕਿ ਇਨ੍ਹਾਂ ਮਾਮਲਿਆਂ ਅਧੀਨ ਵੱਧ ਖਰਚਾ ਸੀ। ਬਾਕੀ ਰਹਿੰਦੇ ਦੋ ਮਾਮਲਿਆਂ ਵਿੱਚ ਉਪਬੰਧ ਦਾ ਵਾਧਾ ਦੀ ਗੈਰ ਜ਼ਰੂਰੀ ਸਾਬਤ ਹੋਇਆ ਕਿਉਂਕਿ ਖਰਚਾ ਮੂਲ/ਪੂਰਕ ਬਜਟ ਉਪਬੰਧ ਦੇ ਪੱਧਰ ਤੱਕ ਵੀ ਨਹੀਂ ਹੋਇਆ।

## ਸਾਰਣੀ 3.15 : ਫੰਡਾਂ ਦੇ ਗੈਰ ਜ਼ਰੂਰੀ ਪੁਨਰ ਨਿਮਿੱਤਣ ਨੂੰ ਦਰਸਾਉਂਦੀ ਵਿਵਰਣੀ

*(₹ ਕਰੋੜ ਵਿੱਚ)*

| ਲੜੀ ਨ. | ਗ੍ਰਾਂਟ ਦਾ ਨੰਬਰ ਅਤੇ ਨਾਂਅ/ਲੇਖੇ ਦੀ ਮੱਦ | ਮੂਲ ਗ੍ਰਾਂਟ | ਪੂਰਕ ਗ੍ਰਾਂਟ | ਪੁਨਰ ਨਿਮਿੱਤਣ | ਜੋੜ | ਖਰਚਾ | ਬਚੱਤ(–)/ ਵਾਧੂ (+) |
|---|---|---|---|---|---|---|---|
| **05-ਸਿੱਖਿਆ** | | | | | | | |
| 1. | 2202-01-109-65- ਸਮਾਗਰਾ ਸ਼ਿਕਸ਼ਾ ਅਭਿਆਨ, ਪੰਜਾਬ (ਸੈਕੰਡਰੀ)– 01 ਸਮਾਗਰਾ ਸ਼ਿਕਸ਼ਾ ਅਭਿਆਨ ਨੂੰ ਸਹਾਇਤਾ | 95.00 | 20.23 | -30.35 | 84.88 | 101.81 | 16.93 |
| 2. | 2202-01-789-36- ਸਮਾਗਰਾ ਸ਼ਿਕਸ਼ਾ ਅਭਿਆਨ–01–ਸਮਾਗਰਾ ਸ਼ਿਕਸ਼ਾ ਅਭਿਆਨ ਨੂੰ ਸਹਾਇਤਾ | 155.00 | 33.02 | 49.42 | 237.44 | 107.00 | -130.44 |
| 3. | 2202-03-102-20-ਸ਼੍ਰੀ ਗੁਰੂ ਗ੍ਰੰਥ ਸਾਹਿਬ ਦੇ ਅਧਿਐਨਾਂ 'ਤੇ ਕੇਂਦਰ ਦੀ ਸਥਾਪਨਾ | 5.00 | 0 | -5.00 | 0.00 | 3.54 | 3.54 |
| 4. | 2071-01-109-01-ਰਾਜ ਸਹਾਇਤਾ ਪ੍ਰਾਪਤ ਸਿੱਖਿਆ ਸੰਸਥਾਵਾਂ (ਸਕੂਲਾਂ) ਦੇ ਕਰਮਚਾਰੀਆਂ ਨੂੰ ਪੈਨਸ਼ਨ | 192.00 | 0 | -17.00 | 175.00 | 193.13 | 18.13 |
| 5. | 2202-02-109-01- ਸਰਕਾਰੀ ਸੈਕੰਡਰੀ ਸਕੂਲ, ਖੇਡਾਂ ਅਤੇ ਯੁਵਕ ਸੇਵਾਵਾਂ | 5738.16 | 73.00 | -1.16 | 5810.00 | 6231.92 | 421.92 |
| 6. | 4202-01-203-29- ਗੁਰੂ ਤੇਗ ਬਹਾਦਰ ਪੰਜਾਬ ਰਾਜ ਯੂਨੀਵਰਸਿਟੀ ਆਫ ਲਾਅ, ਤਰਨ ਤਾਰਨ ਦੀ ਸਥਾਪਨਾ | 7.00 | 0 | 18.00 | 25.00 | 0.27 | -24.73 |
| **ਜੋੜ** | | **6,192.16** | **126.25** | **13.91** | **6,332.32** | **6,637.67** | **305.35** |

*ਸ੍ਰੋਤ: ਨਿਮਿੱਤਣ ਲੇਖੇ*

### *(ix) ਬਜਟ ਉਪਬੰਧਾਂ ਤੋਂ ਬਗੈਰ ਖਰਚਾ*

ਭਾਰਤ ਦੇ ਸਵਿਧਾਂਨ ਦਾ ਅਨੁਛੇਦ 205 (1) (ਬੀ) ਵਿਵਸਥਾ ਕਰਦਾ ਹੈ ਕਿ ਕਿਸੇ ਵਿੱਤੀ ਸਾਲ ਦੌਰਾਨ ਉਸ ਸੇਵਾ ਲਈ ਪ੍ਰਦਾਨ ਕੀਤੀ ਰਾਸ਼ੀ ਨਾਲੋਂ ਕਿਸੇ ਸੇਵਾ ਉੱਤੇ ਵੱਧ ਖਰਚਾ ਕੀਤਾ ਗਿਆ ਅਤੇ ਉਸ ਸਾਲ ਲਈ ਰਾਜਪਾਲ ਅਜਿਹੇ ਵੱਧ ਖਰਚੇ ਲਈ ਮੰਗ ਰਾਜ ਵਿਧਾਨ ਸਭਾ ਵਿੱਚ ਕਰੇਗਾ।

ਲੇਖਾ ਪ੍ਰੀਖਿਆ ਨੇ ਵੇਖਿਆ ਕਿ ਸਾਲ 2021–22 ਦੌਰਾਨ ਦੋ ਸਕੀਮਾਂ ਅਧੀਨ ₹ 5.00 ਕਰੋੜ ਦਾ ਖਰਚਾ ਬਿਨਾਂ ਕਿਸੇ ਉਪੰਬਧ ਦੇ ਕੀਤਾ ਗਿਆ ਸੀ ਜਿਵੇਂ ਕਿ **ਸਾਰਣੀ 3.16** ਵਿੱਚ ਵਿਸਥਾਰਤ ਕੀਤਾ ਗਿਆ ਹੈ।

**ਸਾਰਣੀ 3.16 : ਬਜਟ ਉਪਬੰਧ ਤੋਂ ਬਗੈਰ ਖਰਚਾ (₹ ਇੱਕ ਕਰੋੜ ਤੋਂ ਵੱਧ)**

*(₹ ਕਰੋੜ ਵਿੱਚ)*

| ਲੜੀ ਨੰ. | ਲੇਖੇ ਦੀ ਮੱਦ | ਖਰਚਾ |
|---|---|---|
| | ਪੂੰਜੀਗਤ (ਵੋਟਡ) | |
| 1. | 2202-03-102-20-ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਅਧਿਐਨਾ 'ਤੇ ਕੇਂਦਰ ਦੀ ਸਥਾਪਨਾ | 3.54 |
| 2. | 2202-03-102-02-06- ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਅਧਿਐਨਾ 'ਤੇ ਕੇਂਦਰ ਦੀ ਸਥਾਪਨਾ | 1.46 |
| | **ਜੋੜ** | **5.00** |

*ਸ੍ਰੋਤ: ਨਿਮਿੱਤਣ ਲੇਖੇ*

### *3.4.4.2 ਗ੍ਰਾਂਟ ਨੰ. 11-ਸਿਹਤ ਅਤੇ ਪਰਿਵਾਰ ਭਲਾਈ*

#### *(i) ਜਾਣ-ਪਛਾਣ*

ਗ੍ਰਾਂਟ 11-ਸਿਹਤ ਅਤੇ ਪਰਿਵਾਰ ਭਲਾਈ ਵਿੱਚ, ਮੁੱਖ ਮੱਦਾਂ 2210-ਮੈਡੀਕਲ ਅਤੇ ਜਨ ਸਿਹਤ, 2211-ਪਰਿਵਾਰ ਭਲਾਈ, 2235-ਸਮਾਜਿਕ ਸੁਰੱਖਿਆ ਅਤੇ ਭਲਾਈ, 4210-ਮੈਡੀਕਲ ਅਤੇ ਜਨ ਸਿਹਤ ਤੇ ਪੂੰਜੀਗਤ ਆਊਟਲੇਅ ਸ਼ਾਮਲ ਹਨ।

#### *(ii) ਬਜਟ ਅਤੇ ਖਰਚਾ*

ਪਿਛਲੇ ਤਿੰਨ ਸਾਲਾਂ ਲਈ ਇਸ ਗ੍ਰਾਂਟ ਅਧੀਨ ਬਜਟ ਉਪਬੰਧਾਂ, ਅਸਲ ਅਦਾਇਗੀਆਂ ਅਤੇ ਬੱਚਤਾਂ ਦੀ ਸਮੁੱਚੀ ਸਥਿਤੀ ਨੂੰ **ਸਾਰਣੀ 3.17** ਵਿੱਚ ਦਿੱਤਾ ਗਿਆ ਹੈ।

**ਸਾਰਣੀ 3.17: ਸਾਲ 2019-20 ਤੋਂ 2021-22 ਦੌਰਾਨ ਬਜਟ ਅਤੇ ਖਰਚਾ**

*(₹ ਕਰੋੜ ਵਿੱਚ)*

| ਸਾਲ | ਸੈਕਸ਼ਨ | ਬਜਟ ਉਪਬੰਧ | ਜੋੜ | ਖਰਚਾ | ਅਣਵਰਤੇ ਉਪਬੰਧ ਅਤੇ ਇਸਦੀ ਪ੍ਰਤੀਸ਼ਤਤਾ |
|---|---|---|---|---|---|
| 2019-20 | ਰੈਵੀਨਿਊ-ਮੂਲ (ਵੋਟਡ) | 3,447.46 | 3,576.96 | 3,095.87 | 481.09 (13.45) |
| | ਪੂਰਕ | 129.50 | | | |
| | ਰੈਵੀਨਿਊ-ਮੂਲ (ਚਾਰਜਡ) | 0.87 | 1.62 | 1.33 | 0.29 (17.90) |
| | ਪੂਰਕ | 0.75 | | | |
| | ਪੂੰਜੀਗਤ-ਮੂਲ (ਵੋਟਡ) | 16.73 | 16.73 | 5.59 | 11.14 (66.59) |
| | ਪੂਰਕ | 0 | | | |
| 2020-21 | ਰੈਵੀਨਿਊ-ਮੂਲ (ਵੋਟਡ) | 3,731.66 | 3,902.89 | 3,520.80 | 382.09 (9.79) |
| | ਪੂਰਕ | 171.23 | | | |
| | ਰੈਵੀਨਿਊ-ਮੂਲ (ਚਾਰਜਡ) | 1.49 | 1.49 | 0.19 | 1.30 (87.25) |
| | ਪੂਰਕ | 0 | | | |
| | ਪੂੰਜੀਗਤ-ਮੂਲ (ਵੋਟਡ) | 44.69 | 44.69 | 10.61 | 34.08 (76.26) |
| | ਪੂਰਕ | 0 | | | |
| 2021-22 | ਰੈਵੀਨਿਊ-ਮੂਲ (ਵੋਟਡ) | 3,705.49 | 4,364.33 | 3,509.47 | 854.86 (19.59) |
| | ਪੂਰਕ | 658.84 | | | |
| | ਰੈਵੀਨਿਊ-ਮੂਲ (ਚਾਰਜਡ) | 0.78 | 0.78 | 0.22 | 0.56 (71.79) |
| | ਪੂਰਕ | 0 | | | |
| | ਪੂੰਜੀਗਤ-ਮੂਲ (ਵੋਟਡ) | 115.58 | 115.58 | 11.51 | 104.07 (90.04) |
| | ਪੂਰਕ | 0 | | | |

*ਸ੍ਰੋਤ: ਨਿਮਿਤੱਣ ਲੇਖੇ*

**ਸਾਰਣੀ** 3.17 ਦਰਸਾਉਂਦੀ ਹੈ ਕਿ ਪੂੰਜੀਗਤ (ਵੋਟਡ) ਅਧੀਨ ਅਣਵਰਤਿਆ ਬਜਟ ਉਪਬੰਧ 67 *ਪ੍ਰਤੀਸ਼ਤ* ਅਤੇ 90 *ਪ੍ਰਤੀਸ਼ਤ* ਦੀ ਰੇਂਜ ਵਿਚਕਾਰ ਸੀ।ਜਿਸਨੇ ਰਾਜ ਸਰਕਾਰ ਦੇ ਪੱਖ ਤੇ ਮੁਕੰਮਲ ਗੈਰ-ਕਾਰਗੁਜ਼ਾਰੀ ਨੂੰ ਦਰਸਾਇਆ।

### (iii) ਬਜਟ ਅਨੁਮਾਨਾਂ ਵਿੱਚ ਲੇਖੇ ਦੀ ਮੱਦ ਦਾ ਗਲਤ ਵਰਗੀਕਰਣ

ਬਜਟ ਦੀ ਪੜਤਾਲ ਦੌਰਾਨ ਇਹ ਦੇਖਿਆ ਗਿਆ ਸੀ ਕਿ ₹ 133.28 ਕਰੋੜ ਦਾ ਬਜਟ ਉਪਬੰਧ ਲੇਖੇ ਦੀ ਗਲਤ ਮੱਦ ਅਧੀਨ ਕੀਤਾ ਗਿਆ ਸੀ ਜਿਵੇਂ **ਸਾਰਣੀ 3.18** ਵਿੱਚ ਦਿੱਤਾ ਗਿਆ ਹੈ।

**ਸਾਰਣੀ 3.18: 2021-22 ਦੌਰਾਨ ਲੇਖੇ ਦੀ ਗਲਤ ਮੱਦ ਅਧੀਨ ਬਜਟ ਉਪਬੰਧ**

*(₹ ਕਰੋੜ ਵਿੱਚ)*

| ਲੜੀ ਨ. | ਬਜਟ ਦਸਤਾਵੇਜ਼ ਵਿੱਚ ਪ੍ਰਿੰਟ ਹੋਈ ਲੇਖੇ ਦੀ ਮੱਦ | ਰਾਸ਼ੀ | ਟਿੱਪਣੀਆਂ |
|---|---|---|---|
| 1. | 2210-01-001-ਨਿਰਦੇਸ਼ਨ ਅਤੇ ਪ੍ਰਬੰਧ 49-31-ਸਹਾਇਤਾ ਅਨੁਦਾਨ ਜਨਰਲ (ਤਨਖਾਹ) | 29.92 | ਜਿਵੇ ਕਿ ਇਸ ਮਾਮਲੇ ਵਿੱਚ ਦੱਸਿਆ ਗਿਆ ਹੈ ਉੱਪ-ਮੱਦ ਅਮਲਾ ਅਧੀਨ ਐਸ ਓ ਈ 31ਦਾ ਸੰਚਾਲਨ ਸਪੱਸ਼ਟ ਤਸਵੀਰ ਨਹੀ ਦਰਸਾ ਰਿਹਾ ਕਿ ਸਹਾਇਤਾ ਅਨੁਦਾਨ ਕਿਸ ਨੂੰ ਮਹੁੱਈਆ ਕਰਵਾਇਆ ਗਿਆ ਹੈ। ਇਸ ਐਸ ਓ ਈ ਦੇ ਸੰਚਾਲਨ ਲਈ ਸਬੰਧਤ ਛੋਟੀ ਮੱਦ ਅਧੀਨ ਵੱਖਰੀ ਨਵੀ ਉੱਪ-ਮੱਦ ਖੋਲੀ ਜਾਣੀ ਚਾਹੀਦੀ ਹੈ। |
| 2. | 2210-01-001-ਨਿਰਦੇਸ਼ਨ ਅਤੇ ਪ੍ਰਬੰਧ 54-36-ਸਹਾਇਤਾ ਅਨੁਦਾਨ ਜਨਰਲ (ਤਨਖਾਹ) | 1.36 | ਜਿਵੇ ਕਿ ਇਸ ਮਾਮਲੇ ਵਿੱਚ ਦੱਸਿਆ ਗਿਆ ਹੈ ਉੱਪ-ਮੱਦ ਅਮਲਾ ਅਧੀਨ ਐਸ ਓ ਈ 36 ਦਾ ਸੰਚਾਲਨ ਸਪੱਸ਼ਟ ਤਸਵੀਰ ਨਹੀ ਦਰਸਾ ਰਿਹਾ ਕਿ ਸਹਾਇਤਾ ਅਨੁਦਾਨ ਕਿਸ ਨੂੰ ਮਹੁੱਈਆ ਕਰਵਾਇਆ ਗਿਆ ਹੈ। ਇਸ ਐਸ ਓ ਈ ਦੇ ਸੰਚਾਲਨ ਲਈ ਸਬੰਧਤ ਛੋਟੀ ਮੱਦ ਅਧੀਨ ਵੱਖਰੀ ਨਵੀ ਉੱਪ-ਮੱਦ ਖੋਲੀ ਜਾਣੀ ਚਾਹੀਦੀ ਹੈ। |
| 3. | 2210-01-001-ਨਿਰਦੇਸ਼ਨ ਅਤੇ ਪ੍ਰਬੰਧ 58-36-ਸਹਾਇਤਾ ਅਨੁਦਾਨ ਜਨਰਲ (ਤਨਖਾਹ) | 102.00 | |
| **ਜੋੜ** | | **133.28** | |

*ਸ੍ਰੋਤ; ਗ੍ਰਾਟਾਂ ਲਈ ਮੰਗ*

### *(iv) ਬੱਚਤਾਂ ਸਪੁਰਦ ਨਾ ਕਰਨਾ*

ਪੰਜਾਬ ਵਿੱਤੀ ਨਿਯਮਾਵਲੀ ਦਾ ਨਿਯਮ 17.20 ਵਿਵਸਥਾ ਕਰਦਾ ਹੈ ਕਿ ਜਿਵੇਂ ਅਤੇ ਜਦੋਂ ਵੀ ਬੱਚਤਾਂ ਦਾ ਪੂਰਵ ਅਨੁਮਾਨ ਹੋਵੇ ਤਾਂ ਅਜਿਹੀਆਂ ਗ੍ਰਾਂਟਾਂ/ਨਿਮਿੱਤਣਾਂ ਜਾਂ ਉਨ੍ਹਾਂ ਦੇ ਕੁੱਝ ਹਿੱਸੇ ਨੂੰ ਖਰਚ ਵਿਭਾਗਾਂ ਵੱਲੋਂ ਵਿੱਤ ਵਿਭਾਗ ਨੂੰ ਸਪੁਰਦ ਕਰਨ ਦੀ ਜ਼ਰੂਰਤ ਹੁੰਦੀ ਹੈ। ਅਣਵਰਤੇ ਉਪਬੰਧ ਨੂੰ ਸਪੁਰਦ ਕਰਨ ਦੀ ਸਥਿਤੀ ਨੂੰ **ਸਾਰਣੀ** 3.19 ਵਿੱਚ ਦਰਸਾਇਆ ਗਿਆ ਹੈ।

**ਸਾਰਣੀ 3.19: ਬੱਚਤਾਂ ਸਪੁਰਦ ਨਾ ਕਰਨਾ**

*(₹ ਕਰੋੜ ਵਿੱਚ)*

| ਸਾਲ | ਬੱਚਤਾਂ | | | ਸਪੁਰਦ ਕੀਤੀ ਗਈ ਰਾਸ਼ੀ (ਪ੍ਰਤੀਸ਼ਤਤਾ) | | |
|---|---|---|---|---|---|---|
| | ਰੇਵੀਨਿਊ (ਵੋਟਡ) | ਰੇਵੀਨਿਊ (ਚਾਰਜਡ) | ਪੂੰਜੀਗਤ (ਵੋਟਡ) | ਰੇਵੀਨਿਊ (ਵੋਟਡ) | ਰੇਵੀਨਿਊ (ਚਾਰਜਡ) | ਪੂੰਜੀਗਤ (ਵੋਟਡ) |
| 2019-20 | 481.09 | 0.29 | 11.14 | 180.37 (37.49) | 0.01 (3.45) | 1.66 (14.90) |
| 2020-21 | 382.09 | 1.30 | 34.08 | 196.72 (51.49) | 1.12 (86.15) | 0 |
| 2021-22 | 854.86 | 0.56 | 104.07 | 0 | 0 | 0 |

*ਸ੍ਰੋਤ: ਨਿਮਿਤਣ ਲੇਖੇ*
*ਬਰੈਕਟਾਂ ਵਿੱਚ ਦਿੱਤੀ ਗਈ ਰਾਸ਼ੀ ਕੁੱਲ ਬੱਚਤਾਂ ਦੀ ਪ੍ਰਤੀਸ਼ਤਤਾ ਨੂੰ ਦਰਸਾਉਂਦੀ ਹੈ*

**ਸਾਰਣੀ** 3.19 ਦਰਸਾਉਂਦੀ ਹੈ ਕਿ ਵੱਡੀਆਂ ਬੱਚਤਾਂ ਹੋਣ ਦੇ ਬਾਵਜੂਦ ਸਾਲ 2021-22 ਦੌਰਾਨ ਕੋਈ ਬੱਚਤਾ ਸਪੁਰਦ ਨਹੀਂ ਕੀਤੀਆਂ ਗਈਆਂ ਸਨ।

### *(v) ਨਿਰੰਤਰ ਬੱਚਤਾਂ*

ਇਹ ਵੇਖਿਆ ਗਿਆ ਸੀ ਕਿ ਸਾਲ 2019-20 ਤੋਂ 2021-22 ਦੌਰਾਨ ਪੰਜ ਸਕੀਮਾਂ ਅਧੀਨ ਬਜਟ ਵੰਡ ਦਾ ਇੱਕ ਵੱਡਾ ਹਿੱਸਾ ਅਣਵਰਤਿਆ ਰਿਹਾ ਜੋ ਕਿ ਸਬੰਧਤ ਸਾਲਾਂ ਵਿੱਚ ਪ੍ਰੋਜੈਕਟ ਕੀਤੇ ਗਏ ਵਿੱਤੀ ਆਉਟਲੇਜ਼ ਦੇ ਪ੍ਰਾਪਤ ਨਾ ਹੋਣ ਦਾ ਸੰਕੇਤ ਦੇ ਰਿਹਾ ਸੀ, ਜਿਵੇਂ ਕਿ **ਸਾਰਣੀ** 3.20 ਵਿੱਚ ਵਿਸਥਾਰਤ ਕੀਤਾ ਗਿਆ ਹੈ।

**ਸਾਰਣੀ 3.20: ਨਿਰੰਤਰ ਬੱਚਤਾਂ (₹ ਇੱਕ ਕਰੋੜ ਤੋਂ ਵੱਧ)**

*(₹ ਕਰੋੜ ਵਿੱਚ)*

| ਲੜੀ ਨੰ. | ਲੇਖੇ ਦੀ ਮੱਦ | 2019-20 | 2020-21 | 2021-22 |
|---|---|---|---|---|
| ਰੇਵੀਨਿਊ (ਵੋਟਡ) | | | | |
| 1. | 2210-01-102-01-ਕਰਮਚਾਰੀ ਰਾਜ ਬੀਮਾ ਸਕੀਮ | 10.42 (9.95) | 3.50 (3.62) | 13.90 (12.06) |
| 2. | 2210-01-110-65-ਰਾਸ਼ਟਰੀ ਸ਼ਹਿਰੀ ਸਿਹਤ ਮਿਸ਼ਨ | 21.18 (39.38) | 11.45 (18.52) | 8.99 (31.36) |
| 3. | 2210-01-789-24-ਪੰਜਾਬ ਸਿਹਤ ਸਿਸਟਮ ਕਾਰਪੋਰੇਸ਼ਨ ਨੂੰ ਸਹਾਇਤਾ-04-ਸਰਬੱਤ ਸਿਹਤ ਬੀਮਾ ਯੋਜਨਾ | 40.00 (35.71) | 38.48 (54.41) | 103.59 (65.15) |
| 4. | 2210-02-101-43-ਰਾਜ ਸਿਹਤ ਸੁਸਾਇਟੀ ਆਯੂਸ਼ ਨੂੰ ਸਹਾਇਤਾ ਅਨੁਦਾਨ | 4.18 (41.80) | 2.17 (23.59) | 5.35 (38.52) |
| ਪੂੰਜੀਗਤ (ਵੀ) | | | | |
| 5. | 4210-01-110-55-ਪੰਜਾਬ ਸ਼ਹਿਰੀ ਬੁਨਿਆਦੀ ਢਾਂਚਾ | 4.69 (60.99) | 21.31 (78.35) | 58.00 (85.29) |

*ਸ੍ਰੋਤ: ਨਿਮਿਤਣ ਲੇਖੇ*
*ਬਰੈਕਟਾਂ ਵਿੱਚ ਦਿੱਤੀ ਗਈ ਰਾਸ਼ੀ ਕੁੱਲ ਉਪਬੰਧਾਂ ਨੂੰ ਬੱਚਤਾਂ ਦੀ ਪ੍ਰਤੀਸ਼ਤਤਾ ਦਰਸਾਉਂਦੀ ਹੈ*

### *(vi) ਪੂਰਾ ਉਪਬੰਧ ਅਣਵਰਤਿਆ ਰਿਹਾ*

ਇਹ ਵੇਖਿਆ ਗਿਆ ਸੀ ਕਿ 2021-22 ਦੌਰਾਨ ਚਾਰ ਸਕੀਮਾਂ ਅਧੀਨ ਪੂਰੀ ਬਜਟ ਵੰਡ ਅਣਵਰਤੀ ਰਹੀ ਜੋ ਸਕੀਮਾਂ ਦੇ ਨਾ ਲਾਗੂਕਰਨ ਦਾ ਸੰਕੇਤ ਦੇ ਰਹੀ ਸੀ ਜਿਵੇਂ ਕਿ **ਸਾਰਣੀ** 3.21 ਵਿੱਚ ਦਰਸਾਇਆ ਗਿਆ ਹੈ।

**ਸਾਰਣੀ 3.21: ਪੂਰਾ ਉਪਬੰਧ ਅਣਵਰਤਿਆ ਰਿਹਾ**

*(₹ ਕਰੋੜ ਵਿੱਚ)*

| ਲੜੀ ਨੰ. | ਲੇਖੇ ਦੀ ਮੱਦ | ਮੂਲ ਬਜਟ | ਪੂਰਕ | ਪੁਨਰ ਨਿਮਿੱਤਣ | ਬੱਚਤਾਂ |
|---|---|---|---|---|---|
| 1. | 2210-01-190-01-ਪੰਜਾਬ ਸਿਹਤ ਸਿਸਟਮ ਕਾਰਪੋਰੇਸ਼ਨ ਨੂੰ ਸਹਾਇਤਾ-05-ਪੰਜਾਬ ਰਾਜ ਵਿੱਚ ਰਾਸ਼ਟਰੀ ਰਾਜ ਮਾਰਗਾਂ ਤੇ ਟਰੌਮਾ ਕੇਅਰ ਸੈਂਟਰ ਦੀ ਸਥਾਪਤੀ | 3.79 | 0.60 | -1.61 | 2.78 |
| 2. | 4210-01-102-02-ਬੀਮਾ ਯੁਕਤ ਵਿਅਕਤੀਆਂ ਦੀ ਭਲਾਈ | 4.00 | 0 | 0 | 4.00 |
| 3. | 4210-01-110-02-ਹਸਪਤਾਲਾਂ ਵਿੱਚ ਅੱਗ ਤੋਂ ਸੁਰੱਖਿਆ ਸੇਵਾਵਾਂ ਦਾ ਮਜ਼ਬੂਤੀਕਰਣ | 10.00 | 0 | 0 | 10.00 |
| 4. | 4210-01-789-13-ਸ਼ਹਿਰੀ ਸਿਹਤ ਬੁਨਿਆਦੀ ਢਾਂਚਾ | 32.00 | 0 | 0 | 32.00 |

*ਸ੍ਰੋਤ: ਨਿਮਿਤਣ ਲੇਖੇ*

### *(vii) ਪੂਰਾ ਉਪਬੰਧ ਵਾਪਸ ਲਿਆ ਗਿਆ*

ਇਹ ਵੇਖਿਆ ਗਿਆ ਸੀ ਕਿ 2021-22 ਦੌਰਾਨ ਚਾਰ ਸਕੀਮਾਂ ਅਧੀਨ ਪੂਰੀ ਬਜਟ ਵੰਡ ਵਾਪਸ ਲੈ ਲਈ ਗਈ ਸੀ, ਜੋ ਸਕੀਮਾਂ ਦੇ ਨਾ ਲਾਗੂਕਰਨ ਦਾ ਸੰਕੇਤ ਦੇ ਰਹੀ ਸੀ ਜਿਵੇਂ ਕਿ **ਸਾਰਣੀ** 3.22 ਵਿੱਚ ਦਰਸਾਇਆ ਗਿਆ ਹੈ।

**ਸਾਰਣੀ 3.22 : ਪੂਰਾ ਉਪਬੰਧ ਵਾਪਸ ਲਿਆ ਗਿਆ**

*(₹ ਕਰੋੜ ਵਿੱਚ)*

| ਲੜੀ ਨੰ. | ਲੇਖੇ ਦੀ ਮੱਦ | ਕੁੱਲ ਉਪਬੰਧ |
|---|---|---|
| 1. | 2210-01-001-54-ਏਡਜ਼ ਸੁਸਾਇਟੀ ਦੇ ਕੰਟਰੋਲ ਅਧੀਨ ਰਾਜ ਬਲੱਡ ਟਰਾਂਸਫਿਊਜ਼ਨ ਕਾਊਂਸਿਲ ਨੂੰ ਮੈਚਿੰਗ ਗ੍ਰਾਂਟ | 1.36 |
| 2. | 2210-01-001-58-ਕੈਂਸਰ ਰਿਲੀਫ ਫੰਡ ਦਾ ਸੀਡ ਕਾਰਪਸ | 102.00 |
| 3. | 2210-01-789-12- ਕੈਂਸਰ ਰਿਲੀਫ ਫੰਡ ਦਾ ਸੀਡ ਕਾਰਪਸ | 48.00 |
| 4. | 2210-06-104-09-ਫੂਡ ਐਂਡ ਡਰੱਗ ਅਥਾਰਟੀ ਦੀ ਸਥਾਪਨਾ | 31.16 |

*ਸ੍ਰੋਤ: ਨਿਮਿੱਤਣ ਲੇਖੇ*

### *(viii) ਗੈਰ ਜਰੂਰੀ ਪੂਰਕ ਗ੍ਰਾਂਟਾਂ*

ਸੰਵਿਧਾਨ ਦੇ ਅਨਛੇਦ 205 ਅਨੁਸਾਰ, ਕਿਸੇ ਸਾਲ ਲਈ ਨਿਮਿੱਤਣ ਐਕਟ ਦੁਆਰਾ ਕੀਤੇ ਗਏ ਉਪਬੰਧ ਤੋਂ ਵੱਧ ਪੂਰਕ ਜਾਂ ਵਾਧੂ ਗ੍ਰਾਂਟ ਜਾਂ ਨਿਮਿੱਤਣ ਦੀ ਮੰਗ ਚਾਲੂ ਵਿੱਤੀ ਸਾਲ ਦੌਰਾਨ ਕੀਤੀ ਜਾ ਸਕਦੀ ਹੈ ਪ੍ਰੰਤੂ ਚਾਲੂ ਵਿੱਤੀ ਸਾਲ ਦੇ ਖਤਮ ਹੋਣ ਤੋਂ ਬਾਅਦ ਨਹੀਂ। ਜਦੋਂ ਅਜਿਹਾ ਵਾਧੂ ਖਰਚਾ ਨਾ ਟਾਲਣਯੋਗ ਪਾਇਆ ਜਾਂਦਾ ਹੈ ਅਤੇ ਪੁਨਰ-ਨਿਮਿੱਤਣ ਰਾਹੀ ਵਾਧੂ ਖਰਚੇ ਨੂੰ ਕਵਰ ਕਰਨ ਲਈ ਗ੍ਰਾਂਟ ਦੇ ਅੰਦਰ ਬੱਚਤਾਂ ਹੋਣ ਦੀ ਕੋਈ ਸੰਭਾਵਨਾ ਨਹੀਂ ਹੈ ਤਾਂ ਸਬੰਧਤ ਵਿਭਾਗ ਦਾ ਸਕੱਤਰ ਵਿੱਤ ਵਿਭਾਗ ਨੂੰ ਪੂਰਕ ਜਾਂ ਵਾਧੂ ਗ੍ਰਾਂਟ ਜਾਂ ਨਿਮਿਤੱਣ ਲਈ ਪ੍ਰਸਤਾਵ ਭੇਜਦਾ ਹੈ।

ਇਹ ਵੇਖਿਆ ਗਿਆ ਸੀ ਕਿ ਸਾਲ 2021-22 ਦੌਰਾਨ ₹ 228.88 ਕਰੋੜ (ਰੈਵੀਨਿਊ-ਵੋਟਡ) ਦੇ ਪੂਰਕ ਉਪਬੰਧ ਗੈਰ ਜਰੂਰੀ ਸਾਬਤ ਹੋਏ ਕਿਉਂਕਿ ₹ 520.02 ਕਰੋੜ ਦਾ ਖਰਚਾ ₹ 723.21 ਕਰੋੜ ਦੇ ਮੂਲ ਉਪਬੰਧ ਦੇ ਪੱਧਰ ਤੱਕ ਵੀ ਨਹੀਂ ਹੋਇਆ ਜਿਵੇਂ ਕਿ **ਸਾਰਣੀ 3.23** ਵਿੱਚ ਦਰਸਾਇਆ ਗਿਆ ਹੈ।

**ਸਾਰਣੀ 3.23 : ਗੈਰ ਜ਼ਰੂਰੀ/ਵਾਧੂ ਪੂਰਕ ਗ੍ਰਾਂਟਾਂ**

*(₹ ਕਰੋੜ ਵਿੱਚ)*

| ਲੜੀ ਨੰ. | ਗ੍ਰਾਂਟ ਦਾ ਨੰਬਰ ਅਤੇ ਨਾਅ/ਲੇਖੇ ਦੀ ਮੱਦ | ਮੂਲ ਬਜਟ | ਪੂਰਕ ਗ੍ਰਾਂਟ | ਪੁਨਰ ਨਿਮਿਤੱਣ | ਜੋੜ | ਖਰਚਾ | ਬਚੱਤ |
|---|---|---|---|---|---|---|---|
| 1. | 2210-01-102-01-ਕਰਮਚਾਰੀ ਰਾਜ ਬੀਮਾ ਸਕੀਮ | 101.70 | 15.50 | -1.99 | 115.21 | 101.32 | 13.89 |
| 2. | 2210-01-190-01-ਪੰਜਾਬ ਸਿਹਤ ਸਿਸਟਮ ਕਾਰਪੋਰੇਸ਼ਨ ਨੂੰ ਸਹਾਇਤਾ-06-ਪੰਜਾਬ ਸਿਹਤ ਸਿਸਟਮ ਕਾਰਪੋਰੇਸ਼ਨ ਨੂੰ ਸਹਾਇਤਾ | 254.63 | 125.99 | 0 | 380.62 | 142.62 | 238.00 |
| 3. | 2210-01-789-06-ਰਾਸ਼ਟਰੀ ਦਿਹਾਤੀ ਸਿਹਤ ਮਿਸ਼ਨ | 263.17 | 32.10 | 0 | 295.27 | 220.67 | 74.60 |
| 4. | 2210-01-789-24- ਪੰਜਾਬ ਸਿਹਤ ਸਿਸਟਮ ਕਾਰਪੋਰੇਸ਼ਨ ਨੂੰ ਸਹਾਇਤਾ-04-ਸਰੱਬਤ ਸਿਹਤ ਬੀਮਾ ਯੋਜਨਾ | 103.71 | 55.29 | 0 | 159.00 | 55.41 | 103.59 |
| | **ਜੋੜ** | **723.21** | **228.88** | **-1.99** | **950.10** | **520.02** | **430.08** |

*ਸ੍ਰੋਤ: ਨਿਮਿੱਤਣ ਲੇਖੇ*

### *(ix) ਫੰਡਾਂ ਦਾ ਗੈਰ ਜਰੂਰੀ ਪੁਨਰ-ਨਿਮਿੱਤਣ*

ਪੁਨਰ-ਨਿਮਿੱਤਣ, ਕਿਸੇ ਗ੍ਰਾਂਟ ਵਿੱਚ ਨਿਮਿਤੱਣ ਦੀ ਇੱਕ ਇਕਾਈ ਜਿੱਥੇ ਬੱਚਤਾਂ ਦਾ ਪੂਰਵ ਅਨੁਮਾਨ ਹੋਵੇ, ਤੋਂ ਦੂਜੀ ਇਕਾਈ, ਜਿਥੇ ਕਿ ਵੱਧ ਫੰਡਾਂ ਦੀ ਲੋੜ ਹੋਵੇ, ਵਿੱਚ ਫੰਡਾਂ ਦੀ ਬਦਲੀ ਕਰਨਾ ਹੈ। 2021-22 ਦੌਰਾਨ, ਇਹ ਵੇਖਿਆ ਗਿਆ ਸੀ ਕਿ ਮੁੱਖ ਮੱਦ-2210-01-110-56-ਰਾਸ਼ਟਰੀ ਦਿਹਾਤੀ ਸਿਹਤ ਮਿਸ਼ਨ ਅਧੀਨ ਪੁਨਰ ਨਿਮਿਤੱਣ (₹ 20.34 ਕਰੋੜ) ਰਾਹੀ ਵਧਾਇਆ ਉਪਬੰਧ ਗੈਰ-ਜ਼ਰੂਰੀ ਸਾਬਤ ਹੋਇਆ ਕਿਉਂਕਿ ਖਰਚਾ (₹ 725.96 ਕਰੋੜ) ਕੁੱਲ ਬਜਟ ਉਪਬੰਧ ₹ 938.59 ਕਰੋੜ ਦੇ ਪੱਧਰ ਤੱਕ ਵੀ ਨਹੀਂ ਹੋਇਆ ਸੀ।

### *(x) ਅਣਖਰਚੀ ਰਾਸ਼ੀ ਅਤੇ ਸਪੁਰਦ ਕੀਤੇ ਨਿਮਿੱਤਣ ਅਤੇ/ਜਾਂ ਭਾਰੀ ਬੱਚਤਾਂ/ਸਪੁਰਦਗੀਆਂ*

ਇਹ ਹੋ ਸਕਦਾ ਹੈ ਕਿ ਅਨੁਮਾਨਾਂ ਦਾ ਪੂਰੀ ਤਰਾਂ ਸਹੀ ਹੋਣਾ ਹਮੇਸ਼ਾ ਸੰਭਵ ਨਾ ਹੋਵੇ; ਪ੍ਰੰਤੂ ਜੇਕਰ ਇਹ ਦੂਰ-ਅੰਦੇਸ਼ੀ ਦੀ ਘਾਟ, ਪ੍ਰਤੱਖ ਦੀ ਅਣਗਹਿਲੀ ਜਾਂ ਗੈਰ ਵਿਵਹਾਰਕ ਅਨੁਮਾਨਾਂ ਦੇ ਨਤੀਜੇ ਵਜੋਂ ਭੁੱਲ ਜਾਂ ਗਲਤੀ ਹੋਵੇ ਤਾਂ ਇਹ ਚਿੰਤਾ ਦਾ ਵਿਸ਼ਾ ਹੈ। ਅਨੁਮਾਨ ਲਗਾਉਣ ਵਾਲੇ ਸਾਰੇ ਅਧਿਕਾਰੀਆਂ ਨੂੰ ਬਜਟ ਵਿੱਚ ਉਹ ਸਭ ਕੁੱਝ ਜਿਸ ਦਾ ਪਹਿਲਾਂ ਤੋਂ ਅੰਦੇਸ਼ਾ ਹੋਵੇ, ਮੁੱਹਈਆ ਕਰਵਾਉਣ ਅਤੇ ਜਿੰਨਾ ਲੋੜੀਂਦਾ ਹੋਵੇ ਓਨਾ ਹੀ ਮੁਹੱਈਆ ਕਰਵਾਉਣ ਦੀ ਕੋਸ਼ਿਸ ਕਰਨੀ ਚਾਹੀਦੀ ਹੈ। ਪ੍ਰਸ਼ਾਸਨਿਕ ਅਤੇ ਵਿੱਤ ਵਿਭਾਗਾਂ ਨੂੰ ਅਨੁਮਾਨਾਂ ਦੀ ਅੰਤਿਮ ਜਾਂਚ ਕਰਦੇ ਹੋਏ, ਇਸ ਤੇ ਵਿਚਾਰ ਕਰਨਾ ਚਾਹੀਦਾ ਹੈ।

ਗੈਰ ਵਿਵਹਾਰਕ ਤਜਵੀਜ਼ਾਂ ਤੇ ਅਧਾਰਤ ਬਜਟਰੀ ਵੰਡਾਂ, ਸਾਧਨ ਜਟਾਉਣ ਦੀ ਸੰਭਾਵਨਾ ਨੂੰ ਲੋੜ ਤੋਂ ਵੱਧ ਆਂਕਣਾ, ਖਰਚੇ ਦਾ ਮਾੜਾ ਮਾਨੀਟਰਿੰਗ ਮੈਕਾਨਿਜ਼ਮ, ਸਕੀਮ ਲਾਗੂ ਕਰਨ ਦੀਆਂ ਕਮਜ਼ੋਰ ਸਮਰੱਥਾਵਾਂ/ਕਮਜ਼ੋਰ ਅੰਦਰੂਨੀ ਕੰਟਰੋਲ, ਵਿੱਤੀ ਸਾਲ ਦੇ ਅਖੀਰ ਤੇ ਫੰਡਾਂ ਦੇ ਜਾਰੀ ਕਰਨ ਨੂੰ ਉਤਸ਼ਾਹਿਤ ਕਰਦੇ ਹਨ। ਕੁੱਝ ਮੱਦਾਂ ਵਿੱਚ ਬਹੁਤ ਜ਼ਿਆਦਾ ਬੱਚਤਾਂ ਵੀ ਹੋਰ ਵਿਭਾਗਾਂ ਨੂੰ ਫੰਡਾਂ ਤੋਂ ਵਾਂਝੇ ਕਰਦੀਆਂ ਹਨ ਜਿਨ੍ਹਾਂ ਦੀ ਕਿ ਉਹ ਵਰਤੋਂ ਕਰ ਸਕਦੇ ਸਨ।

ਸਾਲ 2021-22 ਦੌਰਾਨ, ਗ੍ਰਾਂਟ-11-ਸਿਹਤ ਅਤੇ ਪਰਿਵਾਰ ਭਲਾਈ ਅਧੀਨ ₹ 4,364.33 ਕਰੋੜ (ਰੈਵੀਨਿਊ-ਵੋਟਡ) ਅਤੇ ₹ 115.58 ਕਰੋੜ (ਪੂੰਜੀਗਤ-ਵੋਟਡ) ਦਾ ਕੁੱਲ ਉਪਬੰਧ ਕੀਤਾ ਗਿਆ ਸੀ ਜਿਸਦੇ ਵਿਰੁੱਧ ਸਿਰਫ ₹ 3509.47 ਕਰੋੜ ਅਤੇ ₹ 11.51 ਕਰੋੜ ਹੀ ਖਰਚ ਕੀਤਾ ਗਿਆ ਸੀ ਜਿਸਦੇ ਸਿੱਟੇ ਵਜੋਂ ਕ੍ਰਮਵਾਰ ₹ 854.86 ਕਰੋੜ ਅਤੇ ₹ 104.07 ਕਰੋੜ ਦੀ ਵੱਡੀ ਬੱਚਤ ਹੋਈ। ਇਨ੍ਹਾਂ ਬੱਚਤਾਂ ਵਿੱਚੋਂ ਕੋਈ ਰਾਸ਼ੀ ਸਪੁਰਦ ਨਹੀ ਕੀਤੀ ਗਈ ਸੀ।

### *(xi) ਬਜਟ ਉਪਬੰਧਾਂ ਤੋਂ ਬਗੈਰ ਖਰਚਾ*

ਭਾਰਤ ਦੇ ਸੰਵਿਧਾਨ ਦਾ ਅਨੁਛੇਦ 205 (I) (ਬੀ) ਵਿਵਸਥਾ ਕਰਦਾ ਹੈ ਕਿ ਕਿਸੇ ਵਿੱਤੀ ਸਾਲ ਦੌਰਾਨ ਉਸ ਸੇਵਾ ਲਈ ਪ੍ਰਦਾਨ ਕੀਤੀ ਰਾਸ਼ੀ ਨਾਲੋਂ ਕਿਸੇ ਸੇਵਾ ਉੱਤੇ ਵੱਧ ਖਰਚਾ ਕੀਤਾ ਗਿਆ ਹੈ ਅਤੇ ਉਸ ਸਾਲ ਲਈ ਰਾਜਪਾਲ ਅਜਿਹੇ ਵੱਧ ਖਰਚੇ ਲਈ ਮੰਗ ਰਾਜ ਵਿਧਾਨ ਸਭਾ ਵਿੱਚ ਪੇਸ਼ ਕਰੇਗਾ।

ਲੇਖਾ ਪ੍ਰੀਖਿਆ ਨੇ ਵੇਖਿਆ ਕਿ ਸਾਲ 2021-22 ਦੌਰਾਨ ਅੱਠ ਸਕੀਮਾਂ ਦੇ ਅਧੀਨ ₹ 65.75 ਕਰੋੜ ਦਾ ਖਰਚਾ ਬਗੈਰ ਕਿਸੇ ਬਜਟ ਉਪਬੰਧ ਦੇ ਕੀਤਾ ਗਿਆ ਸੀ ਜਿਵੇਂ ਕਿ **ਸਾਰਣੀ** 3.24 ਵਿੱਚ ਵੇਰਵਾ ਦਿੱਤਾ ਗਿਆ ਹੈ।

**ਸਾਰਣੀ 3.24: ਬਜਟ ਉਪਬੰਧਾਂ ਤੋਂ ਬਗੈਰ ਖਰਚਾ (₹ ਇੱਕ ਕਰੋੜ ਤੋਂ ਵੱਧ)**

*(₹ ਕਰੋੜ ਵਿੱਚ)*

| ਲੜੀ ਨੰ. | ਲੇਖੇ ਦੀ ਮੱਦ | ਖਰਚਾ |
|---|---|---|
| | ਪੂੰਜੀਗਤ (ਵੋਟਡ) | |
| 1. | 2210-06-101-06-ਰਾਸ਼ਟਰੀ ਦਿਹਾਤੀ ਸਿਹਤ ਮਿਸ਼ਨ-01-ਰਾਸ਼ਟਰੀ ਟੀ ਬੀ ਕੰਟਰੋਲ ਪ੍ਰੋਗ੍ਰਾਮ | 16.29 |
| 2. | 2210-06-101-26- ਰਾਸ਼ਟਰੀ ਦਿਹਾਤੀ ਸਿਹਤ ਮਿਸ਼ਨ-03-ਰਾਸ਼ਟਰੀ ਵੈਕਟਰ ਬੋਰਨ ਰੋਗ ਕੰਟਰੋਲ ਪ੍ਰੋਗ੍ਰਾਮ | 1.23 |
| 3. | 2210-06-789-18-ਰਾਸ਼ਟਰੀ ਦਿਹਾਤੀ ਸਿਹਤ ਮਿਸ਼ਨ-01-ਰਾਸ਼ਟਰੀ ਟੀ ਬੀ ਕੰਟਰੋਲ ਪ੍ਰੋਗ੍ਰਾਮ | 4.60 |
| 4. | 2210-06-101-18- ਰਾਸ਼ਟਰੀ ਦਿਹਾਤੀ ਸਿਹਤ ਮਿਸ਼ਨ-02-ਰਾਸ਼ਟਰੀ ਵਾਇਰਲ ਹੈਪੇਟਾਈਟਸ ਕੰਟਰੋਲ ਪ੍ਰੋਗ੍ਰਾਮ (ਐਨ ਵੀ ਐਚ ਸੀ ਪੀ) | 8.59 |
| 5. | 2211-00-109-01-ਰਾਸ਼ਟਰੀ ਕੰਪੋਨੈਂਟ-01-ਐਨ ਆਰ ਐਚ ਐਮ ਅਧੀਨ ਪਲਸ ਪੋਲੀਓ ਪ੍ਰੋਗ੍ਰਾਮ | 12.77 |
| 6. | 2211-00-109-01- ਰਾਸ਼ਟਰੀ ਕੰਪੋਨੈਂਟ-02-ਐਨ ਆਰ ਐਚ ਐਮ ਅਧੀਨ ਰੁਟੀਨ ਇਮ੍ਯੂਨੀਜ਼ੇਸ਼ਨ ਪ੍ਰੋਗ੍ਰਾਮ | 2.46 |
| 7. | 2211-00-789-09-ਰਾਸ਼ਟਰੀ ਦਿਹਾਤੀ ਸਿਹਤ ਮਿਸ਼ਨ-01-ਐਨ ਆਰ ਐਚ ਐਮ ਅਧੀਨ ਰੁਟੀਨ ਇਮ੍ਯੂਨੀਜ਼ੇਸ਼ਨ ਪ੍ਰੋਗ੍ਰਾਮ | 18.64 |
| 8. | 2211-00-789-09- ਰਾਸ਼ਟਰੀ ਦਿਹਾਤੀ ਸਿਹਤ ਮਿਸ਼ਨ-02-ਐਨ ਆਰ ਐਚ ਐਮ ਅਧੀਨ ਪਲਸ ਪੋਲੀਓ ਪ੍ਰੋਗ੍ਰਾਮ | 1.17 |
| | **ਜੋੜ** | **65.75** |

*ਸ੍ਰੋਤ: ਨਿਮਿੱਤਣ ਲੇਖੇ*

## 3.5 ਸਿੱਟੇ

ਸਾਲ 2021-22 ਦੌਰਾਨ ਮੂਲ ਬਜਟ ਅਨੁਮਾਨਾਂ/ਪੂਰਕ ਮੰਗਾਂ ਵਿੱਚ ਬਗੈਰ ਕਿਸੇ ਬਜਟ ਉਪਬੰਧ ਦੇ ਅਤੇ ਇਸ ਸਬੰਧ ਵਿੱਚ ਬਗੈਰ ਕੋਈ ਪੁਨਰ-ਨਿਮਿੱਤਣ ਆਦੇਸ਼ ਜਾਰੀ ਕੀਤਿਆਂ ₹ 3,492.28 ਕਰੋੜ ਦਾ ਖਰਚਾ ਕੀਤਾ ਗਿਆ ਸੀ।

ਪੂਰਕ ਉਪਬੰਧ ਵੀ ਵਿਵਹਾਰਕਤਾ ਤੇ ਅਧਾਰਤ ਨਹੀਂ ਸਨ ਕਿਉਂਜੋ 13 ਮਾਮਲਿਆਂ ਵਿੱਚ ਪੂਰਕ ਉਪਬੰਧ ਗੈਰ ਜ਼ਰੂਰੀ ਸਨ। ਬਜਟਰੀ ਵੰਡਾਂ ਗੈਰ-ਵਿਵਹਾਰਕ ਪ੍ਰਸਤਾਵਾਂ ਤੇ ਅਧਾਰਤ ਸਨ ਕਿਉਂਜੋ ਕੁੱਲ 42 ਗ੍ਰਾਂਟਾਂ ਵਿੱਚੋਂ 15 ਗ੍ਰਾਂਟਾਂ ਵਿੱਚ, ਸਪੁਰਦਗੀਆਂ ਨੂੰ ਛੱਡਕੇ, ₹ 100 ਕਰੋੜ ਨਾਲੋਂ ਵੱਧ ਬੱਚਤਾਂ ਸਨ।

ਸਾਲ 2015-16 ਤੋਂ 2019-20 (2020-21 ਦੌਰਾਨ ਕੋਈ ਵੱਧ ਖਰਚਾ ਨਹੀਂ) ਦੇ ਸਮੇਂ ਲਈ ₹ 37,737.49 ਕਰੋੜ ਦਾ ਵੱਧ ਖਰਚਾ ਅਤੇ ਸਾਲ 2021-22 ਲਈ ₹ 381.25 ਕਰੋੜ ਰਾਜ ਵਿਧਾਨਪਾਲਿਕਾ ਤੋਂ ਨਿਯਮਤ ਕਰਵਾਉਣਾ ਲੋੜੀਂਦਾ ਹੈ।

ਰਾਜ ਸਰਕਾਰ ਦਾ ਬਜਟਰੀ ਸਿਸਟਮ ਲੋੜੀਂਦੇ ਪੱਧਰ ਤੱਕ ਨਹੀਂ ਸੀ, ਕਿਉਂਜੋ ਸਾਲ 2021-22 ਦੌਰਾਨ ਕੁੱਲ ਗ੍ਰਾਂਟਾਂ ਅਤੇ ਨਿਮਿੱਤਣਾਂ ਦੇ ਬਜਟ ਦੀ ਸਮੁੱਚੀ ਵਰਤੋਂ 70.55 *ਪ੍ਰਤੀਸ਼ਤ* ਸੀ।

ਨੌਂ ਸਕੀਮਾਂ ਅਧੀਨ ₹ 7,201.46 ਕਰੋੜ (ਹਰ ਸਕੀਮ ਵਿੱਚ ₹ 100 ਕਰੋੜ ਜਾਂ ਵੱਧ) ਦਾ ਪ੍ਰਵਾਨਿਤ ਆਊਟਲੇਅ ਸੀ ਪ੍ਰੰਤੂ ਕੋਈ ਖਰਚਾ ਨਹੀਂ ਕੀਤਾ ਗਿਆ ਸੀ। ਇਸ ਤੋਂ ਇਲਾਵਾ, 31 ਸਕੀਮਾਂ ਅਧੀਨ ₹ 10,210.58 ਕਰੋੜ ਦਾ ਪ੍ਰਵਾਨਿਤ ਆਊਟਲੇਅ ਸੀ ਜਿਸ ਨੂੰ ਕਿ ਸੋਧੇ ਹੋਏ

ਆਊਟਲੇਅ ਵਿੱਚ ਵਾਪਸ ਲੈ ਲਿਆ ਗਿਆ ਸੀ ਜਿਸ ਨੇ ਲਾਭਪਾਤਰੀਆਂ ਨੂੰ ਚਿਤਵੇ ਲਾਭਾਂ ਤੋਂ ਵਾਂਝੇ ਰੱਖਿਆ।

ਸਾਲ ਦੇ ਬਿਲਕੁਲ ਅਖੀਰ ਵਿੱਚ ਖਰਚ ਕਰਨ ਵਿੱਚ ਤੇਜ਼ੀ ਸੀ। ਸੱਤ ਮੁੱਖ ਮੱਦਾਂ ਵਿੱਚ ਹਰ ਇੱਕ ਮੁੱਖ ਮੱਦ ਅਧੀਨ 50 *ਪ੍ਰਤੀਸ਼ਤ* ਤੋਂ ਵੱਧ ਖਰਚਾ ਮਾਰਚ 2022 ਦੇ ਮਹੀਨੇ ਵਿੱਚ ਕੀਤਾ ਗਿਆ ਸੀ।

## 3.6 ਸਿਫਾਰਸ਼ਾਂ

(i) ਸਰਕਾਰ ਨੂੰ ਵੱਡੀਆਂ ਬੱਚਤਾਂ ਅਤੇ ਪੂਰਕ ਉਪਬੰਧਾਂ ਤੋਂ ਬਚਣ ਲਈ, ਸਾਧਨਾਂ ਦੀ ਉਪਲੱਬਧਤਾ ਅਤੇ ਖਰਚੇ ਦੀ ਸੰਭਾਵਨਾ ਦੇ ਸਹੀ ਮੁਲਾਂਕਣ ਦਾ ਸਹਾਰਾ ਲੈਂਦੇ ਹੋਏ, ਵਿਵਹਾਰਕ ਬਜਟ ਅਨੁਮਾਨ ਤਿਆਰ ਕਰਨੇ ਚਾਹੀਦੇ ਹਨ;

(ii) ਸਰਕਾਰ ਨੂੰ ਗੈਰ ਜ਼ਰੂਰੀ ਪੂਰਕ ਉਪਬੰਧਾਂ ਤੋਂ ਬਚਣ ਲਈ, ਪੂਰਕ ਉਪਬੰਧ ਬਣਾਉਣ ਲਈ ਬਜਟ ਮੈਨੂਅਲ ਦੇ ਉਪਬੰਧਾਂ ਦੀ ਸਖਤੀ ਨਾਲ ਪਾਲਣਾ ਕਰਨ ਅਤੇ ਅਨੁਮਾਨਾਂ ਵਿੱਚ ਪਾਰਦਰਸ਼ਤਾ ਲਿਆਉਣ ਨੂੰ ਯਕੀਨੀ ਬਣਾਉਣਾ ਚਾਹੀਦਾ ਹੈ;

(iii) ਸਰਕਾਰ ਬਜਟਰੀ ਅਨੁਮਾਨ ਤਿਆਰ ਕਰਨ ਸਮੇਂ, ਰਾਜ ਵਿੱਚ ਵੱਡੇ ਨੀਤੀਗਤ ਫੈਸਲਿਆਂ ਨੂੰ ਅਸਲ ਵਿੱਚ ਅਮਲ ਵਿੱਚ ਲਿਆਉਣ ਲਈ ਰਣਨੀਤੀਆਂ ਬਣਾਉਣ ਬਾਰੇ ਵਿਚਾਰ ਕਰ ਸਕਦੀ ਹੈ।

(iv) ਸਰਕਾਰ ਨੂੰ, ਸਾਲ ਦੇ ਅੰਤ ਵਿੱਚ ਖਰਚੇ ਵਿੱਚ ਤੇਜ਼ੀ ਤੋਂ ਬਚਣ ਲਈ ਅਤੇ ਸਮੇਂ ਸਿਰ ਸਪੁਰਦਗੀ ਰਾਹੀਂ ਬੱਚਤਾਂ ਦੀ ਉਚਿਤ ਵਰਤੋਂ ਕਰਨ ਲਈ, ਖਰਚਾ ਕਰਨ ਲਈ ਤੈਅ ਕੀਤੇ ਗਏ ਤਿਮਾਹੀ ਟੀਚਿਆਂ ਦੀ ਸਮੇਂ ਸਮੇਂ ਤੇ ਨਿਗਰਾਨੀ ਕਰਕੇ, ਪਾਲਣਾ ਕਰਨੀ ਚਾਹੀਦੀ ਹੈ।

# ਅਧਿਆਇ -IV

# ਲੇਖਿਆਂ ਦੀ ਗੁਣਵੱਤਾ ਅਤੇ ਵਿੱਤੀ ਰਿਪੋਰਟਿੰਗ ਦੇ ਪ੍ਰਚਲਨ

# ਅਧਿਆਇ-IV

## ਲੇਖਿਆਂ ਦੀ ਗੁਣਵੱਤਾ ਅਤੇ ਵਿੱਤੀ ਰਿਪੋਰਟਿੰਗ ਦੇ ਪ੍ਰਚਲਨ

ਢੁਕਵੀਂ ਅਤੇ ਭਰੋਸੇਯੋਗ ਸੂਚਨਾ ਵਾਲੀ ਇੱਕ ਮਜ਼ਬੂਤ ਅੰਦਰੂਨੀ ਵਿੱਤੀ ਰਿਪੋਰਟਿੰਗ ਪ੍ਰਣਾਲੀ, ਰਾਜ ਸਰਕਾਰ ਦੁਆਰਾ ਨਿਪੁੰਨ ਅਤੇ ਅਸਰਦਾਰ ਸ਼ਾਸਨ ਪ੍ਰਬੰਧ ਚਲਾਉਣ ਵਿੱਚ ਮਹੱਤਵਪੂਰਣ ਯੋਗਦਾਨ ਪਾਉਂਦੀ ਹੈ। ਇੰਜ, ਵਿੱਤੀ ਨਿਯਮਾਂ, ਪ੍ਰਕਿਆਵਾਂ ਅਤੇ ਨਿਰਦੇਸ਼ਾਂ ਦੀ ਪਾਲਣਾ ਕਰਨ ਦੇ ਨਾਲ ਨਾਲ ਇਸ ਪਾਲਣਾ ਦੀ ਸਥਿਤੀ ਬਾਰੇ ਸਮੇਂ ਸਿਰ ਅਤੇ ਗੁਣਵੱਤਾ ਭਰਪੂਰ ਰਿਪੋਰਟਿੰਗ ਦਾ ਹੋਣਾ, ਇਕ ਚੰਗੇ ਸ਼ਾਸਨ ਪ੍ਰਬੰਧ ਦੇ ਗੁਣਾਂ ਵਿੱਚੋਂ ਇੱਕ ਹੈ। ਪਾਲਣਾ ਅਤੇ ਨਿਯੰਤਰਣ ਉੱਤੇ ਰਿਪੋਰਟਾਂ, ਜੇਕਰ ਅਸਰਦਾਰ ਅਤੇ ਆਪ੍ਰੇਸ਼ਨਲ ਹੋਣ ਤਾਂ ਇਹ ਸਰਕਾਰ ਦੁਆਰਾ ਨੀਤੀਗਤ ਯੋਜਨਾਬੰਦੀ ਕਰਨ ਅਤੇ ਫੈਸਲੇ ਲੈਣ ਸਮੇਤ ਇਸ ਦੀਆਂ ਮੁਢਲੀਆਂ ਪ੍ਰਬੰਧਕੀ ਜ਼ਿੰਮੇਵਾਰੀਆਂ ਨੂੰ ਨਿਭਾਉਣ ਵਿੱਚ ਸਹਾਈ ਹੁੰਦੀਆਂ ਹਨ।

## ਲੇਖਿਆਂ ਦੀ ਮੁਕੰਮਲਤਾ ਨਾਲ ਸਬੰਧਤ ਮਾਮਲੇ

### 4.1 ਰਾਜ ਦੇ ਸੰਚਿਤ ਫੰਡ/ਲੋਕ ਲੇਖੇ ਤੋਂ ਬਾਹਰ ਫੰਡ ਅਤੇ ਸਮਰਪਿਤ ਫੰਡ

ਭਾਰਤ ਦੇ ਸੰਵਿਧਾਨ ਦੇ ਅਨੁਛੇਦ 266 (1) ਅਨੁਛੇਦ 267 ਦੇ ਉਪਬੰਧਾਂ ਅਧੀਨ ਇਹ ਵਿਵਸਥਾ ਕਰਦਾ ਹੈ ਕਿ ਕਿਸੇ ਰਾਜ ਸਰਕਾਰ ਦੁਆਰਾ ਪ੍ਰਾਪਤ ਕੀਤੇ ਗਏ ਸਾਰੇ ਰੈਵੀਨਿਊ, ਸਰਕਾਰ ਦੁਆਰਾ ਖਜ਼ਾਨਾ ਬਿਲ ਜਾਰੀ ਕਰਕੇ ਲਏ ਗਏ ਸਾਰੇ ਕਰਜ਼ੇ, ਕਰਜ਼ੇ ਜਾਂ ਵੇਅਜ਼ ਅਤੇ ਮੀਨਜ਼ ਪੇਸ਼ਗੀਆਂ ਅਤੇ ਉਸ ਸਰਕਾਰ ਦੁਆਰਾ ਕਰਜ਼ਾ ਵਾਪਸੀ ਵਜੋਂ ਪ੍ਰਾਪਤ ਕੀਤੇ ਗਏ ਸਾਰੇ ਧਨ ਨਾਲ "ਰਾਜ ਦਾ ਸੰਚਿਤ ਫੰਡ" ਨਾਮਕ ਇਕ ਸੰਚਿਤ ਫੰਡ ਬਣੇਗਾ। ਅਨੁਛੇਦ 266 (2) ਵਿਵਸਥਾ ਕਰਦਾ ਹੈ ਕਿ ਰਾਜ ਸਰਕਾਰ ਦੁਆਰਾ ਜਾਂ ਸਰਕਾਰ ਦੀ ਤਰਫੋਂ ਪ੍ਰਾਪਤ ਕੀਤਾ ਗਿਆ ਹੋਰ ਸਾਰਾ ਜਨਤਕ ਧਨ, ਜਿਵੇਂ ਵੀ ਕੇਸ ਹੋਵੇ, ਰਾਜ ਦੇ ਲੋਕ ਲੇਖੇ ਵਿੱਚ ਜਮ੍ਹਾਂ ਹੋਵੇਗਾ।

ਵਿੱਤ ਵਿਭਾਗ, ਜੀ ਓ ਪੀ ਨੇ ਨਿਰਦੇਸ਼ ਦਿੱਤਾ (ਫਰਵਰੀ 2018) ਕਿ ਕਿਸੇ ਪ੍ਰਸ਼ਾਸਕੀ ਵਿਭਾਗ ਜਾਂ ਇਸ ਅਧੀਨ ਕੋਈ ਹੋਰ ਏਜੰਸੀਆਂ ਵੱਲੋਂ ਕੋਈ ਰਾਜ ਲੇਵੀਜ਼ (ਕਰ, ਡਿਊਟੀਆਂ, ਫੀਸਾਂ, ਯੂਜ਼ਰ ਚਾਰਜਿਜ ਆਦਿ) ਅਤੇ ਪ੍ਰਾਪਤੀਆਂ ਆਪਣੇ ਕੋਲ ਨਹੀਂ ਰੱਖੀਆਂ ਜਾਣਗੀਆਂ । ਇਹ ਸਬੰਧਤ ਲੇਖੇ ਦੀ ਮੱਦ ਅਧੀਨ ਰਾਜ ਦੇ ਸੰਚਿਤ ਫੰਡ ਵਿੱਚ ਜਮ੍ਹਾਂ ਕਰਵਾਈਆਂ ਜਾਣਗੀਆਂ। ਅਜਿਹੇ ਫੰਡਾਂ ਨੂੰ ਰੱਖਣ ਜਾ ਦਿਸ਼ਾ ਬਦਲੀ ਸਿਰਫ ਵਿੱਤ ਵਿਭਾਗ ਤੋਂ ਲਏ ਗਏ ਵਿਸ਼ੇਸ ਅਧਿਕਾਰ ਨਾਲ ਹੋਵੇਗੀ ਜੋ ਕਿ 31 ਮਾਰਚ 2018 ਤੱਕ ਨਵੇਂ ਸਿਰੇ ਤੋਂ ਪ੍ਰਾਪਤ ਕਰਨਾ ਹੋਵੇਗਾ।

ਰਾਜ ਸਰਕਾਰ ਨੇ ਵਿਸ਼ੇਸ ਉਦੇਸ਼ਾਂ ਲਈ ਖਰਚੇ ਦੀ ਪੂਰਤੀ ਲਈ ਵੱਖ-ਵੱਖ ਸੈੱਸ ਲਗਾਏ। ਲੇਖਾ ਪ੍ਰੀਖਿਆ ਨੇ ਸਬੰਧਤ ਵਿਭਾਗਾਂ ਵੱਲੋਂ ਲਗਾਏ, ਜਾ ਰਹੇ ਸੈੱਸਾਂ ਸਬੰਧੀ ਸੂਚਨਾ/ਡਾਟਾ ਇੱਕਠਾ ਕੀਤਾ ਜਿਨ੍ਹਾਂ ਦੀ ਹੇਠਾਂ ਚਰਚਾ ਕੀਤੀ ਗਈ ਹੈ:

### 4.1.1 ਸਭਿਆਚਾਰਕ ਸੈੱਸ

ਰਾਜ ਸਰਕਾਰ ਨੇ, ਪੰਜਾਬ ਪੁਰਾਤਨ, ਇਤਿਹਾਸਕ ਸਮਾਰਕ, ਪੁਰਾਤੱਤਵ ਸਥਾਨਾਂ ਅਤੇ ਸਭਿਆਚਾਰਕ ਵਿਰਾਸਤ ਰੱਖ ਰਖਾਵ ਬੋਰਡ ਐਕਟ, 2013 ਅਧੀਨ, ₹ 50 ਕਰੋੜ (ਦਸੰਬਰ 2013 ਤੋਂ ਸੋਧ ਕੇ ₹ 15 ਕਰੋੜ ਕੀਤਾ ਗਿਆ) ਤੋਂ ਜ਼ਿਆਦਾ ਦੀ ਲਾਗਤ ਵਾਲੇ ਸੜ੍ਹਕਾਂ, ਪੁਲਾਂ, ਫਲਾਈਓਵਰਾਂ, ਪੁਲਾਂ ਉੱਤੇ ਸੜ੍ਹਕ/ਪੁੱਲਾਂ ਹੇਠ ਸੜ੍ਹਕ, ਸਿੰਜਾਈ ਦੇ ਕੰਮਾਂ ਆਦਿ ਅਤੇ ਇਮਾਰਤਾਂ ਦੀ ਉਸਾਰੀ ਲਾਗਤ ਦੇ ਇੱਕ *ਪ੍ਰਤੀਸ਼ਤ* ਦੀ ਦਰ ਨਾਲ ਸਭਿਆਚਾਰਕ ਸੈੱਸ ਲਗਾਇਆ (ਅਪ੍ਰੈਲ 2013)। ਇਸ ਸੈੱਸ ਦੀ ਆਮਦਨ ਨੂੰ ਸਬੰਧਤ ਏਜੰਸੀਆਂ ਦੁਆਰਾ ਸਿੱਧੇ ਹੀ ਰਾਜ ਦੇ ਸੰਚਿਤ ਫੰਡ ਵਿੱਚ ਜਮ੍ਹਾ ਕਰਵਾਇਆ ਜਾਣਾ ਸੀ।

ਜਦੋਂ ਕਿ, ਇਹ ਵੇਖਿਆ ਗਿਆ ਸੀ ਕਿ ₹ 7.84 ਕਰੋੜ ਦੀ ਰਾਸ਼ੀ ਜੋ ਕਿ ਰਾਜ ਦੇ ਸੰਚਿਤ ਫੰਡ ਵਿੱਚ ਜਮ੍ਹਾਂ ਕਰਵਾਉਣੀ ਬਣਦੀ ਸੀ, 31 ਮਾਰਚ 2022 ਤੱਕ ਕੁਲੈਕਟਿੰਗ ਏਜੰਸੀਆਂ[1] ਕੋਲ ਪਈ ਸੀ ਅਤੇ ਨਾ ਤਾਂ ਰਾਜ ਦੇ ਸੰਚਿਤ ਫੰਡ ਨਾ ਹੀ ਲੋਕ ਲੇਖੇ ਵਿੱਚ ਜਮ੍ਹਾਂ ਕੀਤਾ ਗਿਆ ਸੀ। 2021-22 ਦੇ ਸਾਲ ਦੌਰਾਨ ਇਹ ਮੁੱਖ ਮੱਦ 0202-ਸਿੱਖਿਆ, ਖੇਡਾਂ, ਕਲਾ ਅਤੇ ਸੱਭਿਆਚਾਰ, 04-ਕਲਾ ਅਤੇ ਸੱਭਿਆਚਾਰ, 800- ਹੋਰ ਪ੍ਰਾਪਤੀਆਂ ਅਧੀਨ ਜਮ੍ਹਾਂ ਹੋਈ ਕੁਲ ਰਾਸ਼ੀ (₹ 37.64 ਕਰੋੜ) ਤੋਂ ਇਲਾਵਾ ਸੀ।

### 4.1.2 ਕੈਂਸਰ ਅਤੇ ਨਸ਼ਾ ਛਡਾਊ ਇਲਾਜ ਫੰਡ

ਰਾਜ ਸਰਕਾਰ ਨੇ ਪੰਜਾਬ ਰਾਜ ਕੈਂਸਰ ਅਤੇ ਨਸ਼ਾ ਛਡਾਊ ਇਲਾਜ ਅਤੇ ਬੁਨਿਆਦੀ ਢਾਂਚਾ ਫੰਡ ਐਕਟ, 2013 ਨੋਟੀਫਾਈ ਕੀਤਾ (ਅਪ੍ਰੈਲ 2013), ਜਿਸ ਅਧੀਨ ਕੈਂਸਰ ਅਤੇ ਨਸ਼ਾ ਛਡਾਊ ਇਲਾਜ ਫੰਡ ਦਾ ਗਠਨ ਕੀਤਾ ਗਿਆ ਸੀ। ਇਸ ਐਕਟ ਦੀ ਧਾਰਾ 6 ਅਧੀਨ ਨਿਰਧਾਰਤ ਕੀਤੇ ਅਨੁਸਾਰ ਫੰਡ ਨੂੰ ਯੋਗਦਾਨ ਕੀਤਾ ਜਾਣਾ ਸੀ ਅਤੇ ਰਾਜ ਦੇ ਸੰਚਿਤ ਫੰਡ ਵਿੱਚ ਜਮ੍ਹਾਂ ਕਾਰਵਾਇਆ ਜਾਣਾ ਸੀ। ਫੰਡ ਦਾ ਪ੍ਰਬੰਧਨ ਇਸ ਐਕਟ ਅਧੀਨ ਗਠਨ ਕੀਤੇ ਗਏ ਬੋਰਡ[2] ਦੁਆਰਾ ਕੀਤਾ ਜਾਣਾ ਸੀ ਅਤੇ ਇਹ ਇਸ ਐਕਟ ਦੀ ਧਾਰਾ 5 ਅਧੀਨ ਜ਼ਿਕਰ ਕੀਤੇ ਗਏ ਵਿਸ਼ੇਸ ਮੰਤਵਾਂ ਲਈ ਵਰਤਿਆ ਜਾ ਸਕਦਾ ਸੀ।

ਪ੍ਰੰਤੂ, ਇਹ ਵੇਖਿਆ ਗਿਆ ਸੀ ਕਿ ₹ 7.60 ਕਰੋੜ ਦੀ ਰਾਸ਼ੀ ਜੋ ਕਿ ਰਾਜ ਦੇ ਸੰਚਿਤ ਫੰਡ ਵਿੱਚ ਜਮ੍ਹਾਂ ਕਰਵਾਉਣੀ ਲੋੜੀਂਦੀ ਸੀ, 31 ਮਾਰਚ 2022 ਨੂੰ ਕੁਲੈਕਟਿੰਗ ਏਜੰਸੀਆਂ[3] ਕੋਲ ਪਈ ਸੀ ਅਤੇ ਨਾ ਤਾਂ ਰਾਜ ਦੇ ਸੰਚਿਤ ਫੰਡ ਨਾ ਹੀ ਲੋਕ ਲੇਖੇ ਵਿੱਚ ਜਮ੍ਹਾਂ ਕੀਤਾ ਗਿਆ ਸੀ। 2021-22 ਦੇ ਸਾਲ ਦੌਰਾਨ ਇਹ ਮੁੱਖ ਮੱਦ 0210-ਮੈਡੀਕਲ ਅਤੇ ਜਨ ਸਿਹਤ, 80-ਜਨਰਲ, 800-ਹੋਰ ਪ੍ਰਾਪਤੀਆਂ ਅਧੀਨ ਜਮ੍ਹਾਂ ਹੋਈ ਕੁੱਲ ਰਾਸ਼ੀ (₹ 85.71 ਕਰੋੜ) ਤੋਂ ਇਲਾਵਾ ਸੀ।

1 (i) ਲੋਕ ਨਿਰਮਾਣ ਵਿਭਾਗ: ₹ 5.63 ਕਰੋੜ; ਅਤੇ (ii) ਪੰਜਾਬ ਮੰਡੀ ਬੋਰਡ ਅਧੀਨ ਕਾਰਜਕਾਰੀ ਇੰਜੀਨਅਰ: ₹ 1.44 ਕਰੋੜ ਅਤੇ (iii) ਗਮਾਡਾ: ₹ 0.77 ਕਰੋੜ।

2 ਪੰਜਾਬ ਰਾਜ ਕੈਂਸਰ ਅਤੇ ਨਸ਼ਾ ਛਡਾਊ ਇਲਾਜ ਬੁਨਿਆਦੀ ਢਾਂਚਾ ਬੋਰਡ।

3 (i) ਪੀ ਡਬਲਿਯੂ ਡੀ: ₹ 1.47 ਕਰੋੜ; (ii) ਪੁੱਡਾ: ₹ 2.55 ਕਰੋੜ; (iii) ਪੰਜਾਬ ਲਘੂ ਉਦਯੋਗ ਨਿਰਯਾਤ ਕਾਰਪੋਰੇਸ਼ਨ ਲਿਮਿਟਡ: ₹ 2.72 ਕਰੋੜ; (iv) ਪੈਪਸੂ ਟਾਊਨਸ਼ਿਪ ਵਿਕਾਸ ਬੋਰਡ ਰਾਜਪੁਰਾ: ₹ 0.53 ਕਰੋੜ; ਅਤੇ (v) ਗਮਾਡਾ: ₹ 0.33 ਕਰੋੜ।

### 4.1.3 ਸਿੱਖਿਆ ਸੈੱਸ

ਪੰਜਾਬ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ ਅਥਾਰਟੀ (ਪੁੱਡਾ), ਪੰਜਾਬ ਸਰਕਾਰ ਨੇ ਹਦਾਇਤਾਂ ਜਾਰੀ ਕੀਤੀਆਂ (ਮਾਰਚ 2008) ਕਿ 1 ਅਪ੍ਰੈਲ 2007 ਤੋਂ ਬਾਅਦ ਛੇ ਵਿਕਾਸ ਅਥਾਰਟੀਆਂ[4] ਵੱਲੋਂ ਨਿਲਾਮੀ ਕੀਤੀਆਂ ਗਈਆਂ ਸਾਰੀਆਂ ਜਾਇਦਾਦਾਂ ਤੇ ਬੋਲੀਕਾਰਾਂ ਵੱਲੋਂ ਇੱਕਠੇ ਕੀਤੇ ਗਏ ਕੁੱਲ ਪੈਸੇ ਦੇ ਪੰਜ *ਪ੍ਰਤੀਸ਼ਤ* ਦੀ ਦਰ ਤੇ ਸਿੱਖਿਆ ਸੈੱਸ ਲਗਾਇਆ ਜਾਵੇਗਾ ਅਤੇ ਸਰਕਾਰੀ ਲੇਖਿਆਂ ਵਿੱਚ ਜਮ੍ਹਾਂ ਕੀਤੀ ਜਾਵੇ।

ਪ੍ਰੰਤੂ, ਇਹ ਵੇਖਿਆ ਗਿਆ ਸੀ ਕਿ ₹ 2.45 ਕਰੋੜ ਦੀ ਰਾਸ਼ੀ ਜਿਹੜੀ ਰਾਜ ਦੇ ਸੰਚਿਤ ਫੰਡ ਵਿੱਚ ਜਮ੍ਹਾਂ ਕਰਵਾਉਣੀ ਲੋੜੀਂਦੀ ਸੀ, 31 ਮਾਰਚ 2022 ਨੂੰ ਜਲੰਧਰ ਵਿਕਾਸ ਅਥਾਰਟੀ (ਜੇ ਡੀ ਏ) ਕੋਲ ਪਈ ਸੀ ਅਤੇ ਨਾ ਤਾਂ ਰਾਜ ਦੇ ਸੰਚਿਤ ਫੰਡ ਨਾ ਹੀ ਲੋਕ ਲੇਖੇ ਵਿੱਚ ਜਮ੍ਹਾਂ ਕੀਤਾ ਗਿਆ ਸੀ।

### 4.1.4 ਮਾਰਕੀਟ ਫੀਸ

ਖੇਤੀਬਾੜੀ ਉਤਪਾਦ ਦੀ ਖਰੀਦ, ਵੇਚ, ਭੰਡਾਰਣ ਅਤੇ ਪ੍ਰੋਸੈਸਿੰਗ ਨੂੰ ਨਿਯਮਤ ਕਰਨ ਅਤੇ ਇਸ ਮੰਤਵ ਲਈ ਰਾਜ ਵਿੱਚ ਮੰਡੀਆਂ ਸਥਾਪਤ ਕਰਨ ਲਈ, ਰਾਜ ਸਰਕਾਰ ਨੇ ਪੰਜਾਬ ਖੇਤੀਬਾੜੀ ਉਤਪਾਦ ਮੰਡੀਆਂ ਐਕਟ, 1961 (ਪੀ ਏ ਪੀ ਐਮ ਐਕਟ) ਨੋਟੀਫਾਈ ਕੀਤਾ (ਮਈ 1961), ਜਿਸ ਅਧੀਨ ਪੰਜਾਬ ਰਾਜ ਖੇਤੀਬਾੜੀ ਮੰਡੀਕਰਣ ਬੋਰਡ (ਪੀ ਐਸ ਏ ਐਮ ਬੀ) ਦੀ ਸਥਾਪਨਾ ਕੀਤੀ ਗਈ ਸੀ। ਐਕਟ ਦੇ ਧਾਰਾ 23 ਅਨੁਸਾਰ, ਨੋਟੀਫਾਈ ਕੀਤੇ ਗਏ ਮਾਰਕੀਟ ਖੇਤਰ ਵਿੱਚ ਲਾਇਸੈਂਸ ਧਾਰਕਾਂ ਵਲੋਂ ਖਰੀਦੇ ਜਾਂ ਵੇਚੇ ਗਏ ਖੇਤੀਬਾੜੀ ਉਤਪਾਦ ਤੇ ਹਰ ਇੱਕ ਸੌ ਰੁਪਏ ਲਈ ਇੱਕ ਰੁਪਏ ਅਤੇ ਪੰਜਾਹ ਪੈਸੇ ਦੀ ਦਰ ਨਾਲ, ਮੁੱਲ ਦੇ ਅਨੁਪਾਤ ਵਿੱਚ, ਇੱਕ ਫੀਸ ਲਗਾਈ ਗਈ ਸੀ। ਇਹ ਫੀਸ ਸੋਧੀ ਗਈ ਸੀ (2017) (i) ਲਾਇਸੈਂਸ ਧਾਰਕ ਵਲੋਂ ਨੋਟੀਫਾਈ ਕੀਤੇ ਗਏ ਮਾਰਕੀਟ ਖੇਤਰ ਵਿੱਚ ਵੇਚੇ ਜਾਂ ਖਰੀਦੇ ਗਏ ਖੇਤੀਬਾੜੀ ਉਤਪਾਦ ਤੇ ਹਰ ਸੌ ਰੁਪਏ ਪਿੱਛੇ ਵੱਧ ਤੋਂ ਵੱਧ ਤਿੰਨ ਰੁਪਏ ਦੀ ਦਰ ਨਾਲ ਫੀਸ; ਅਤੇ (ii) ਉਤਪਾਦਕ ਦੁਆਰਾ ਲਾਇਸੈਂਸ ਧਾਰਕ ਨੂੰ ਨੋਟੀਫਾਈ ਕੀਤੇ ਮਾਰਕੀਟ ਖੇਤਰ ਵਿੱਚ ਵੇਚਣ ਵੇਲੇ ਖੇਤੀਬਾੜੀ ਉਤਪਾਦ ਤੇ ਹਰ ਸੌ ਰੁਪਏ ਲਈ ਵੱਧ ਤੋਂ ਵੱਧ ਇੱਕ ਰੁਪਏ ਦੀ ਦਰ ਨਾਲ ਵਧੀ ਹੋਈ ਫੀਸ।

ਬੋਰਡ ਕੋਲ ₹ 623.45 ਕਰੋੜ ਦਾ ਮੁਢਲਾ ਬਕਾਇਆ ਸੀ, ਸਾਲ ਦੌਰਾਨ ₹ 1,980.04 ਕਰੋੜ ਦੀਆਂ ਪ੍ਰਾਪਤੀਆਂ ਅਤੇ ₹ 2,128.76 ਕਰੋੜ ਦਾ ਖਰਚਾ ਸੀ ਅਤੇ ਇਸ ਤਰਾਂ ਸਾਲ ਦੇ ਅਖੀਰ ਤੇ ₹ 474.73 ਕਰੋੜ ਦੀ ਅਣਵਰਤੀ ਰਾਸ਼ੀ ਬੋਰਡ ਕੋਲ ਛੱਡ ਦਿੱਤੀ ਗਈ ਸੀ।

### 4.1.5 ਭਵਨ ਅਤੇ ਹੋਰ ਨਿਰਮਾਣ ਕਾਮੇ ਭਲਾਈ ਸੈੱਸ (ਲੇਬਰ ਸੈੱਸ)

ਰਾਜ ਸਰਕਾਰ ਨੇ ਸਾਰੇ ਵਿਭਾਗੀ/ਬੋਰਡਾਂ/ਖੁਦਮੁਖਤਿਆਰ ਸੰਸਥਾਵਾਂ/ਸਥਾਨਕ ਅਥਾਰਟੀਆਂ ਦੇ ਮੁਖੀਆਂ ਨੂੰ, ਕੇਂਦਰ ਸਰਕਾਰ ਦੁਆਰਾ ਨੋਟੀਫਾਈ ਕੀਤੇ ਗਏ (ਸਤੰਬਰ 1996) ਅਨੁਸਾਰ, ਸਾਰੀ ਉਸਾਰੀ ਅਤੇ

---

4 (i) ਗ੍ਰੇਟਰ ਮੁਹਾਲੀ ਏਰੀਆ ਵਿਕਾਸ ਅਥਾਰਟੀ; (ii) ਗ੍ਰੇਟਰ ਲੁਧਿਆਣਾ ਏਰੀਆ ਵਿਕਾਸ ਅਥਾਰਟੀ (iii) ਜਲੰਧਰ ਵਿਕਾਸ ਅਥਾਰਟੀ, (iv) ਅੰਮ੍ਰਿਤਸਰ ਵਿਕਾਸ ਅਥਾਰਟੀ; (v) ਬਠਿੰਡਾ ਵਿਕਾਸ ਅਥਾਰਟੀ; (vi) ਪੁੱਡਾ, ਪਟਿਆਲਾ।

₹ 10 ਲੱਖ ਜਾਂ ਵੱਧ ਦੀ ਲਾਗਤ ਨਾਲ ਆਪਣੀ ਰਿਹਾਇਸ਼ ਲਈ ਇਮਾਰਤ ਦੀ ਯੋਜਨਾ ਮਨਜ਼ੂਰ ਕਰਵਾ ਚੁੱਕੇ ਵਿਅਕਤੀਆਂ ਤੋਂ ਵੀ ਲਾਗਤ ਦੇ ਇੱਕ *ਪ੍ਰਤੀਸ਼ਤ* ਦੀ ਦਰ ਨਾਲ ਸੈੱਸ ਦੀ ਉਗਰਾਹੀ ਕਰਨ ਅਤੇ ਪੰਜਾਬ ਭਵਨ ਅਤੇ ਹੋਰ ਨਿਰਮਾਣ ਕਾਮੇ ਭਲਾਈ ਬੋਰਡ ਕੋਲ ਜਮ੍ਹਾਂ ਕਰਵਾਉਣ ਦੀ ਹਦਾਇਤ ਕੀਤੀ (ਨਵੰਬਰ 2008)। ਇਸ ਤਰ੍ਹਾਂ ਉਗਰਾਹਿਆ ਗਿਆ ਸੈੱਸ, ਬੋਰਡ ਦੁਆਰਾ ਰਾਜ ਵਿੱਚ ਭਵਨ ਅਤੇ ਹੋਰ ਨਿਰਮਾਣ ਕਾਮਿਆਂ ਦੇ ਲਾਭ ਲਈ ਅਪਣਾਈਆਂ ਗਈਆਂ ਸਮਾਜਿਕ ਸੁਰੱਖਿਆ ਸਕੀਮਾਂ ਅਤੇ ਭਲਾਈ ਉਪਾਵਾਂ ਵਾਸਤੇ ਖਰਚ ਕੀਤਾ ਜਾਣਾ ਲੋੜੀਂਦਾ ਸੀ।

ਹਾਲਾਂਕਿ, ਇਹ ਵੇਖਿਆ ਗਿਆ ਸੀ ਕਿ ₹ 10.58 ਕਰੋੜ ਦਾ ਲੇਬਰ ਸੈੱਸ ਭਾਵੇਂ ਇਕੱਤਰ ਕਰਨ ਵਾਲੀਆਂ ਏਜੰਸੀਆਂ[5] ਦੁਆਰਾ ਇਕੱਠਾ ਕੀਤਾ ਗਿਆ ਸੀ, ਨੂੰ 31 ਮਾਰਚ 2022 ਤੱਕ ਸਬੰਧਤ ਬੋਰਡ ਨੂੰ ਟਰਾਂਸਫਰ ਨਹੀਂ ਕੀਤਾ ਗਿਆ ਸੀ।

ਇਸ ਤੋਂ ਇਲਾਵਾ, ਇਹ ਵੇਖਿਆ ਗਿਆ ਕਿ 31 ਮਾਰਚ 2021 ਤੱਕ ਮੁੱਖ ਮੱਦ 0230-ਲੇਬਰ ਅਤੇ ਰੁਜ਼ਗਾਰ ਤੋਂ ₹ 12.17 ਕਰੋੜ ਦੇ ਲੇਬਰ ਸੈੱਸ ਦਾ ਟਰਾਂਸਫਰ ਨਹੀ ਕੀਤਾ ਗਿਆ ਸੀ। ਸਾਲ 2021-22 ਦੌਰਾਨ, ਸਰਕਾਰ ਨੇ ਮੁੱਖ ਮੱਦ 0230-ਲੇਬਰ ਅਤੇ ਰੁਜ਼ਗਾਰ ਦੇ ਅਧੀਨ ₹ 15.96 ਕਰੋੜ ਇੱਕਠੇ ਕੀਤੇ ਅਤੇ ਭਵਨ ਅਤੇ ਹੋਰ ਨਿਰਮਾਣ ਕਾਮੇ ਭਲਾਈ ਬੋਰਡ ਨੂੰ ਕੋਈ ਰਾਸ਼ੀ ਟਰਾਂਸਫਰ ਨਹੀਂ ਕੀਤੀ। ਇਸ ਤਰ੍ਹਾਂ, 31 ਮਾਰਚ 2022 ਤੱਕ ਮੁੱਖ ਮੱਦ 0230-ਲੇਬਰ ਅਤੇ ਰੁਜ਼ਗਾਰ ਤੋਂ ਟਰਾਂਸਫਰ ਨਾ ਕੀਤੀ ਗਈ ਰਾਸ਼ੀ ₹ 28.13 ਕਰੋੜ ਸੀ।

### 4.1.6 ਸ਼ਹਿਰੀ ਬੁਨਿਆਦੀ ਢਾਂਚਾ ਵਿਕਾਸ ਸੈੱਸ

ਸਥਾਨਕ ਸਰਕਾਰ ਵਿਭਾਗ, ਪੰਜਾਬ ਸਰਕਾਰ ਵੱਲੋਂ ਜਾਰੀ ਦਿਸ਼ਾ ਨਿਰਦੇਸ਼ਾ (ਦਸੰਬਰ 2010) ਅਨੁਸਾਰ, ਸਾਰੇ ਇੰਮਪਰੂਵਮੈਂਟ ਟਰੱਸਟ, ਇੰਮਪਰੂਵਮੈਂਟ ਟਰੱਸਟਾਂ ਦੀਆਂ ਜਾਇਦਾਦਾਂ ਦੀ ਵੇਚ ਵੱਟਕ ਤੋਂ ਚਾਰ *ਪ੍ਰਤੀਸ਼ਤ* ਸ਼ਹਿਰੀ ਬੁਨਿਆਦੀ ਢਾਂਚਾ ਵਿਕਾਸ ਸੈੱਸ (ਯੂ ਆਈ ਡੀ ਸੀ) ਵੱਜੋਂ ਇਕੱਠਾ ਕਰਨਗੇ ਜਿਸ ਨੂੰ ਇਸ ਉਦੇਸ਼ ਲਈ ਰੱਖੇ ਗਏ ਅਲਗ ਫੰਡ (ਸ਼ਹਿਰੀ ਬੁਨਿਆਦੀ ਢਾਂਚਾ ਵਿਕਾਸ ਫੰਡ) ਵਿੱਚ ਜਮ੍ਹਾਂ ਕਰਵਾਇਆ ਜਾਵੇਗਾ।

ਇਹ ਵੇਖਿਆ ਗਿਆ ਸੀ ਕਿ, ਵਿਭਾਗ ਨੇ 31 ਮਾਰਚ 2021 ਤੱਕ ₹ 1.06 ਕਰੋੜ ਦਾ ਯੂ ਆਈ ਡੀ ਸੀ ਇੱਕਠਾ ਕੀਤਾ ਅਤੇ ਸਾਲ 2021-22 ਦੌਰਾਨ ₹ 1.24 ਕਰੋੜ ਦੀ ਰਾਸ਼ੀ ਯੂ ਆਈ ਡੀ ਸੀ ਵਜੋਂ ਇੱਕਠੀ ਕੀਤੀ ਗਈ ਸੀ। ਇਸ ਤਰ੍ਹਾਂ, ਵਿਭਾਗ ਕੋਲ ₹ 2.30 ਕਰੋੜ ਦਾ ਕੁੱਲ ਉਪਲਬੱਧ ਬਕਾਇਆ ਪਿਆ ਸੀ ਜੋ 31 ਮਾਰਚ 2022 ਤੱਕ ਸਮਰਪਿਤ ਫੰਡ ਨੂੰ ਟਰਾਂਸਫਰ ਨਹੀਂ ਕੀਤਾ ਗਿਆ ਸੀ।

---

5 (i) ਗਮਾਡਾ: ₹ 4.34 ਕਰੋੜ; (ii) ਲੋਕ ਨਿਰਮਾਣ ਵਿਭਾਗ: ₹ 3.50 ਕਰੋੜ; (iii) ਗਲਾਡਾ: ₹ 0.84 ਕਰੋੜ; (iv) ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ: ₹ 0.63 ਕਰੋੜ; (v) ਕਾਰਜਕਾਰੀ ਇੰਜੀਨੀਅਰ, ਪੰਜਾਬ ਮੰਡੀ ਬੋਰਡ: ₹ 0.34 ਕਰੋੜ; (vi) ਅੰਮ੍ਰਿਤਸਰ ਵਿਕਾਸ ਅਥਾਰਟੀ: ₹ 0.33 ਕਰੋੜ; (vii) ਜਲੰਧਰ ਵਿਕਾਸ ਅਥਾਰਟੀ: ₹ 0.11 ਕਰੋੜ; (viii) ਕਾਰਜਕਾਰੀ ਇੰਜੀਨੀਅਰ, ਪੰਚਾਇਤੀ ਰਾਜ: ₹ 0.08 ਕਰੋੜ; (ix) ਪਟਿਆਲਾ ਵਿਕਾਸ ਅਥਾਰਟੀ: ₹ 0.20 ਕਰੋੜ: (x) ਪੰਜਾਬ ਲਘੂ ਉਦਯੋਗ ਨਿਰਯਾਤ ਕਾਰਪੋਰੇਸ਼ਨ ਲਿਮਿਟਡ: ₹ 0.04 ਕਰੋੜ; (xi) ਭੂਮੀ ਅਤੇ ਪਾਣੀ ਸੰਭਾਲ ਵਿਭਾਗ: ₹ 0.02 ਕਰੋੜ; ਅਤੇ (xii) ਲੁਧਿਆਣਾ ਸਮਾਰਟ ਸਿਟੀ ਲਿਮਿਟਡ: ₹ 0.02 ਕਰੋੜ; ਅਤੇ (xiii) ਪੁੱਡਾ : ₹ 0.13 ਕਰੋੜ।

ਰਾਜ ਸਰਕਾਰ ਨੇ ਕਿਹਾ (ਦਸੰਬਰ 2022) ਕਿ ਇਸ ਸਬੰਧੀ ਇੱਕ ਵਿਆਪਕ ਵਿਸ਼ਲੇਸ਼ਣ ਕੀਤਾ ਜਾ ਰਿਹਾ ਹੈ ਅਤੇ ਜਿਨ੍ਹਾ ਕਨੂੰਨਾਂ/ਨਿਯਮ ਰਾਹੀਂ ਇਹ ਸੈੱਸ ਲਾਗੂ ਕੀਤੀਆਂ ਗਈਆਂ ਸਨ, ਦਾ ਵਿਸ਼ਲੇਸ਼ਣ ਕੀਤਾ ਜਾ ਰਿਹਾ ਹੈ।

## 4.2 ਵਿਆਜਯੋਗ ਡਿਪਾਜ਼ਿਟਸ/ਰਾਖਵੇਂ ਫੰਡਾਂ ਦੇ ਵਿਆਜ ਨਾਲ ਸਬੰਧਤ ਦੇਣਦਾਰੀ ਨਾ ਚੁਕਾਉਣਾ

ਵਿਆਜਯੋਗ ਡਿਪਾਜ਼ਿਟਸ/ਰਾਖਵੇਂ ਫੰਡਾਂ ਵਿੱਚ ਪਈਆਂ ਰਾਸ਼ੀਆਂ ‘ਤੇ ਵਿਆਜ ਮੁਹੱਈਆ ਕਰਨਾ ਅਤੇ ਭੁਗਤਾਨ ਕਰਨਾ ਸਰਕਾਰ ਦੀ ਜ਼ਿੰਮੇਵਾਰੀ ਹੈ।

ਲੇਖਾ ਪ੍ਰੀਖਿਆ ਨੇ ਵੇਖਿਆ ਕਿ ਵਿਆਜਯੋਗ ਡਿਪਾਜ਼ਿਟਸ/ਰਾਖਵੇਂ ਫੰਡਾਂ ਅਧੀਨ, 1 ਅਪ੍ਰੈਲ 2021 ਨੂੰ ਪਏ ₹ 2,104.40 ਕਰੋੜ ਦੇ ਬਕਾਏ ਉੱਤੇ ₹ 82.13 ਕਰੋੜ ਵਿਆਜ ਵਜੋਂ ਅਦਾ ਕੀਤੇ ਜਾਣੇ ਲੋੜੀਂਦੇ ਸਨ, ਜਿਵੇਂ ਕਿ **ਸਾਰਣੀ** 4.1 ਵਿੱਚ ਦਰਸਾਇਆ ਗਿਆ ਹੈ। ਵਿਆਜ ਦੀ ਦੇਣਦਾਰੀ ਦੀ ਅਦਾਇਗੀ ਨਾ ਕਰਨ ਦੇ ਨਤੀਜੇ ਵਜੋਂ ਰੈਵੀਨਿਊ ਘਾਟੇ ਅਤੇ ਵਿੱਤੀ ਘਾਟੇ ਨੂੰ ਓਨਾ ਹੀ ਘੱਟ ਕਰਕੇ ਦਰਸਾਇਆ ਗਿਆ ਸੀ।

**ਸਾਰਣੀ 4.1: ਵਿਆਜਯੋਗ ਡਿਪਾਜ਼ਿਟਸ/ਰਾਖਵੇਂ ਫੰਡਾਂ ਦੇ ਵਿਆਜ ਨਾਲ ਸਬੰਧਤ ਦੇਣਦਾਰੀ ਨਾ ਚੁਕਾਏ ਜਾਣ ਦੇ ਵੇਰਵੇ**

*(₹ ਕਰੋੜ ਵਿੱਚ)*

| ਲੜੀ ਨੰ. | ਵਿਆਜਯੋਗ ਡਿਪਾਜ਼ਿਟ ਦਾ ਨਾਂਅ/ਮੱਦ | 1 ਅਪ੍ਰੈਲ 2021 ਨੂੰ ਮੁਢਲਾ ਬਕਾਇਆ | ਵਿਆਜ ਦੀ ਆਂਕਣਾ ਲਈ ਅਧਾਰ | ਪ੍ਰੋਵੀਜ਼ਨ ਨਹੀਂ ਕੀਤੀ ਗਈ ਵਿਆਜ ਦੀ ਰਾਸ਼ੀ |
|---|---|---|---|---|
| 1. | ਨਗਰ ਨਿਗਮਾਂ ਅਤੇ ਹੋਰ ਖੁਦਮੁਖਤਿਆਰ ਸੰਗਠਨਾਂ ਦੇ ਡਿਪਾਜਿਟਸ | 0.15 | ਸਾਲ 2021-22 ਲਈ ਵੇਅਜ਼ ਅਤੇ ਮੀਨਜ਼ ਪੇਸ਼ਗੀਆਂ ਦੀ ਔਸਤ ਵਿਆਜ਼ ਦਰ 4.00 *ਪ੍ਰਤੀਸ਼ਤ* ਲੈਂਦੇ ਹੋਏ ਸਾਲ 2021-22 ਦੌਰਾਨ ਉਧਾਰ ਲਾਗਤ ਦੇ ਪੁਰਾਣੇ ਅਨੁਮਾਨਾਂ ਨੂੰ ਲੇਖੇ ਵਿੱਚ ਲੈ ਕੇ 4 *ਪ੍ਰਤੀਸ਼ਤ* ਪ੍ਰਤੀ ਸਾਲ ਦੀ ਦਰ ਨਾਲ ਵਿਆਜ ਦੀ ਆਂਕਣਾ ਕੀਤੀ ਗਈ। | 0.01 |
| 2. | ਸਰਕਾਰੀ ਕੰਪਨੀਆਂ, ਕਾਰਪੋਰੇਸ਼ਨਾਂ ਆਦਿ ਦੇ ਡਿਪਾਜਿਟਸ ਅਤੇ ਫੁਟਕਲ ਡਿਪਾਜਿਟਸ | 728.62 | | 29.14 |
| 3. | ਪੰਜਾਬ ਸੜ੍ਹਕ ਸੁਰਖਿਆ ਫੰਡ | 44.01 | | 1.76 |
| 4. | ਜਨਰਲ ਰਾਖਵੇਂ ਫੰਡ (ਮੋਟਰ ਟਰਾਂਸਪੋਰਟ) | 22.22 | | 0.89 |
| 5. | ਡੈਪਰੀਸੀਏਸ਼ਨ ਰਾਖਵੇਂ ਫੰਡ (ਮੋਟਰ ਟਰਾਂਸਪੋਰਟ) | 116.35 | | 4.65 |
| 6. | ਸਰਕਾਰੀ ਕਰਮਚਾਰੀਆਂ ਲਈ ਡਿਫਾਂਈਡ ਕੰਟਰੀਬਿਊਸ਼ਨ ਪੈਨਸ਼ਨ ਸਕੀਮ | 152.21 | 7.10 *ਪ੍ਰਤੀਸ਼ਤ* ਦੀ ਦਰ ਤੇ ਵਿਆਜ਼ ਦੀ ਆਂਕਣਾ ਕੀਤੀ ਗਈ ਜਿਵੇਂ ਕਿ ਜਨਰਲ ਪ੍ਰਾਵੀਡੈਂਟ ਫੰਡ ਤੇ ਵਿਆਜ ਅਦਾਇਗੀਯੋਗ ਹੈ। | 10.81 |
| 7. | ਰਾਜ ਕੰਪਨਸੇਟਰੀ ਆਫੋਰਸਟੇਸ਼ਨ ਫੰਡ | 1,040.84 | ਵਾਤਾਵਰਣ, ਜੰਗਲਾਤ ਅਤੇ ਜਲਵਾਯੂ ਤਬਦੀਲੀ ਮੰਤਰਾਲਾ ਭਾਰਤ ਸਰਕਾਰ ਦੇ ਪੱਤਰ (11 ਜਨਵਰੀ 2022) ਅਨੁਸਾਰ 3.35 *ਪ੍ਰਤੀਸ਼ਤ* ਦੀ ਦਰ ਤੇ ਵਿਆਜ ਦੀ ਆਂਕਣਾ ਕੀਤੀ ਗਈ। | 34.87 |
| **ਜੋੜ** | | **2,104.40** | | **82.13** |

*ਸ੍ਰੋਤ: ਵਿੱਤ ਲੇਖੇ*

## 4.3 ਰਾਜ ਲਾਗੂਕਰਤਾ ਏਜੰਸੀਆਂ ਨੂੰ ਸਿੱਧੇ ਟਰਾਂਸਫਰ ਕੀਤੇ ਗਏ ਫੰਡ

ਭਾਰਤ ਸਰਕਾਰ (ਜੀ ਓ ਆਈ) ਵੱਖ ਵੱਖ ਸਕੀਮਾਂ ਨੂੰ ਲਾਗੂ ਕਰਨ ਲਈ ਰਾਜ ਲਾਗੂਕਰਤਾ ਏਜੰਸੀਆਂ ਨੂੰ ਸਿੱਧੇ ਹੀ ਚੋਖੇ ਫੰਡ ਟਰਾਂਸਫਰ ਕਰਦੀ ਰਹੀ ਹੈ। ਭਾਰਤ ਸਰਕਾਰ ਨੇ ਇਨ੍ਹਾਂ ਫੰਡਾਂ ਨੂੰ 2014-15 ਤੋਂ ਬਾਅਦ ਰਾਜ ਦੇ ਬਜਟ ਰਾਹੀਂ ਭੇਜਣ ਦਾ ਫੈਸਲਾ ਕੀਤਾ। ਹਾਲਾਂਕਿ, ਸਾਲ 2021-22 ਦੌਰਾਨ, ਭਾਰਤ ਸਰਕਾਰ ਨੇ 28 ਕੇਂਦਰੀ ਸਕੀਮਾਂ ਦਾ ਕੇਂਦਰੀ ਹਿੱਸਾ ₹ 5,617.90 ਕਰੋੜ ਜਿਸ ਦਾ ਵੇਰਵਾ ***ਅੰਤਿਕਾ** 4.1* ਵਿੱਚ ਦਿੱਤਾ ਗਿਆ ਹੈ ਰਾਜ ਦੇ ਸੰਚਿਤ ਫੰਡ ਨੂੰ ਬਾਈਪਾਸ ਕਰਦੇ ਹੋਏ ਸਿੱਧੇ ਹੀ ਪੰਜਾਬ ਦੀਆਂ ਵੱਖ ਵੱਖ ਲਾਗੂਕਰਤਾ ਏਜੰਸੀਆਂ ਨੂੰ ਟਰਾਂਸਫਰ ਕੀਤਾ ਗਿਆ ਸੀ। ਇਸ ਦਾ, 15 ਕੇਂਦਰੀ ਪ੍ਰਾਯੋਜਿਤ ਸਕੀਮਾਂ (ਸੀ ਐਸ ਐਸ) ਦੇ ਅਧੀਨ ਕੇਂਦਰੀ ਹਿੱਸੇ ਦਾ ₹ 1,387.70 ਕਰੋੜ ਜਿਵੇਂ ਕਿ ***ਅੰਤਿਕਾ** 4.2* ਵਿੱਚ ਦਰਸਾਇਆ ਗਿਆ ਹੈ, ਨੂੰ ਸਿੱਧੇ ਲਾਗੂ ਕਰਨ ਵਾਲੀਆਂ ਏਜੰਸੀਆਂ ਨੂੰ ਟਰਾਂਸਫਰ ਕੀਤਾ ਗਿਆ ਸੀ। ਇਹ ਕੁੱਲ ਮਾਲੀਆ ਪ੍ਰਾਪਤੀਆਂ (₹ 78,168.31 ਕਰੋੜ) ਅਤੇ ਸਹਾਇਤਾ ਅਨੁਦਾਨ (₹ 20,768.89 ਕਰੋੜ) ਦਾ ਕ੍ਰਮਵਾਰ 7.19 *ਪ੍ਰਤੀਸ਼ਤ* ਅਤੇ 27.05 *ਪ੍ਰਤੀਸ਼ਤ* ਬਣਦਾ ਹੈ। ਰਾਜ ਸਰਕਾਰ ਨੇ ਸਾਲ 2021-22 ਲਈ ਕੇਂਦਰੀ ਪ੍ਰਾਯੋਜਿਤ ਸਕੀਮਾਂ ਦੇ ਕੇਂਦਰੀ ਹਿੱਸੇ ਦੇ ਅਧੀਨ ਸਿਰਫ ₹ 3,678.16 ਕਰੋੜ ਦਰਸਾਇਆ ਹੈ। ਰਾਜ ਸਰਕਾਰ ਦੇ ਬਜਟ ਅਤੇ ਖਰਚਿਆਂ ਨੂੰ ₹ 5,617.90 ਕਰੋੜ ਦੀ ਹੱਦ ਤੱਕ ਘੱਟ ਕਰਨ ਤੋਂ ਇਲਾਵਾ, ਬਣਾਈ ਗਈ ਜਾਇਦਾਦ ਅਤੇ ਜਨਤਾ ਲਈ ਖਰਚੇ ਰਾਜ ਸਰਕਾਰ ਦੇ ਖਰਚਿਆਂ ਤੋਂ ਬਾਹਰ ਹੋਣ ਕਾਰਨ ਅਧੂਰੇ ਰਹੇ। ਸਾਰੀਆਂ 15 ਕੇਂਦਰੀ ਪ੍ਰਾਯੋਜਿਤ ਸਕੀਮਾਂ ਵਿੱਚ, ਲਾਗੂ ਕਰਨ ਵਾਲੀਆਂ ਏਜੰਸੀਆਂ ਨੂੰ ਸਿੱਧੇ ਟਰਾਂਸਫਰ ਦੀ ਮਾਤਰਾ ਇਨ੍ਹਾਂ ਸਕੀਮਾਂ ਦੇ ਅਧੀਨ ਕੁੱਲ ਟਰਾਂਸਫਰ ਦੇ 1.61 *ਪ੍ਰੀਤਸ਼ਤ* ਤੋਂ 100 *ਪ੍ਰਤੀਸ਼ਤ* ਤੱਕ ਸੀ।

ਰਾਜ ਸਰਕਾਰ ਨੇ ਕਿਹਾ (ਦਸੰਬਰ 2022) ਕਿ ਪੰਜਾਬ ਸਰਕਾਰ ਵੱਲੋਂ ਭਾਰਤ ਸਰਕਾਰ ਕੋਲ ਮਾਮਲਾ ਉਠਾਇਆ ਗਿਆ ਸੀ।

ਸੀ ਐਸ ਐਸ, ਮਹਾਤਮਾ ਗਾਂਧੀ ਰਾਸ਼ਟਰੀ ਪੇਂਡੂ ਰੁਜ਼ਗਾਰ ਗਰੰਟੀ ਪ੍ਰੋਗਰਾਮ (ਐਮ ਜੀ ਐਨ ਆਰ ਈ ਜੀ ਪੀ) ਅਤੇ ਜਲ ਜੀਵਨ ਮਿਸ਼ਨ (ਜੇ ਜੇ ਐਮ) ਜਿੱਥੇ ਸਿੱਧੇ ਤੌਰ ਤੇ ₹ 400 ਕਰੋੜ ਤੋਂ ਵੱਧ ਟਰਾਂਸਫਰ ਕੀਤੇ ਗਏ। ਐਮ ਜੀ ਐਨ ਆਰ ਈ ਜੀ ਪੀ (75:25) ਦੇ ਅਧੀਨ ਪਬਲਿਕ ਫਾਇਨਾਂਸਿਅਲ ਮੈਨੇਜ਼ਮੈਂਟ ਸਿਸਟਮ (ਪੀ ਐਫ ਐਮ ਐਸ) ਪੋਰਟਲ ਅਨੁਸਾਰ ਰਾਜ ਸਰਕਾਰ ਵਲੋਂ ₹ 120.00 ਕਰੋੜ ਦੇ ਅਨੁਪਾਤਕ ਹਿੱਸੇ ਦੇ ਮੁਕਾਬਲੇ ਸਿਰਫ ₹ 37.01 ਕਰੋੜ ਹੀ ਜਾਰੀ ਕੀਤੇ ਗਏ ਸਨ ਅਤੇ ਜੀ ਓ ਆਈ ਦੁਆਰਾ ਰਾਜ ਸਰਕਾਰ ਨੂੰ ਜਾਰੀ ਕੀਤੇ ₹ 360.00 ਕਰੋੜ ਵਿੱਚੋਂ ₹ 79.02 ਕਰੋੜ ਰਾਜ ਸਰਕਾਰ ਵੱਲੋਂ ਜਾਰੀ ਕੀਤੇ ਗਏ ਸਨ। 2021-22 ਦੌਰਾਨ ਜੇ ਜੇ ਐਮ (50:50) ਅਧੀਨ ਜੀ ਓ ਆਈ ਦੁਆਰਾ ਜਾਰੀ ਕੀਤੇ ₹ 402.24 ਕਰੋੜ ਦੇ ਮੁਕਾਬਲੇ ਰਾਜ ਦੁਆਰਾ ਕੋਈ ਮਿਲਦਾ ਜੁਲਦਾ ਯੋਗਦਾਨ ਜਾਰੀ ਨਹੀਂ ਕੀਤਾ ਗਿਆ ਸੀ।

## ਪਾਰਦਰਸ਼ਤਾ ਨਾਲ ਸਬੰਧਤ ਮਾਮਲੇ

## 4.4 ਵਰਤੋਂ ਸਰਟੀਫਿਕੇਟਾਂ ਨੂੰ ਭੇਜਣ ਵਿੱਚ ਦੇਰੀ

ਪੰਜਾਬ ਵਿੱਤੀ ਨਿਯਮਾਵਲੀ, ਭਾਗ-1 ਦਾ ਨਿਯਮ 8.14 ਨਿਰਧਾਰਤ ਕਰਦਾ ਹੈ ਕਿ ਜਿੱਥੇ ਗ੍ਰਾਂਟਾਂ ਨੂੰ ਮਨਜ਼ੂਰੀ ਦੇ ਦਿੱਤੀ ਜਾਂਦੀ ਹੈ ਅਤੇ ਉਹ ਮਾਮਲੇ ਜਿਨ੍ਹਾਂ ਵਿੱਚ, ਖਰਚੇ ਦੇ ਕਿਸੇ ਖਾਸ ਆਬਜੈਕਟ ਦੇ ਜਾਂ ਸਮੇ ਦੇ ਜਿਸ ਵਿੱਚ ਪੈਸਾ ਖਰਚ ਕਰਨਾ ਲਾਜ਼ਮੀ ਹੁੰਦਾ ਹੈ, ਜਾਂ ਕਿਸੇ ਹੋਰ ਵਿਸ਼ੇਸ਼ਤਾ ਦੇ ਰੂਪ ਵਿੱਚ, ਗ੍ਰਾਂਟਾਂ ਦੀ ਵਰਤੋਂ ਨਾਲ ਸ਼ਰਤਾਂ ਜੁੜੀਆਂ ਹੁੰਦੀਆਂ ਹਨ, ਉੱਥੇ ਉਹ ਵਿਭਾਗੀ ਅਧਿਕਾਰੀ ਜਿਸਦੇ ਹਸਤਾਖਰ ਜਾਂ ਕਾਊਂਟਰ ਹਸਤਾਖਰ ਹੇਠ ਸਹਾਇਤਾ ਗ੍ਰਾਂਟ ਦੇ ਬਿਲ ਡਰਾਅ ਕੀਤੇ ਗਏ ਸਨ, ਮਹਾਂ ਲੇਖਾਕਾਰ ਨੂੰ ਗ੍ਰਾਂਟ ਨਾਲ ਜੁੜੀਆਂ ਸ਼ਰਤਾਂ ਦੀ ਪੂਰਤੀ ਨੂੰ ਪ੍ਰਮਾਣਿਤ ਕਰਨ ਲਈ ਮੁਢਲੇ ਤੌਰ ਤੇ ਜ਼ਿੰਮੇਵਾਰ ਹੋਣਾ ਚਾਹੀਦਾ ਹੈ। ਨਿਰਧਾਰਤ ਕੀਤੇ ਗਏ ਸਮੇਂ ਤੋਂ ਬਾਅਦ ਵਰਤੋਂ ਸਰਟੀਫਿਕੇਟਾਂ (ਯੂ ਸੀਜ਼) ਦਾ ਬਕਾਇਆ ਹੋਣਾ ਗ੍ਰਾਂਟਾਂ ਦੀ ਚਿਤਵੇ ਮੰਤਵਾਂ ਲਈ ਕੀਤੀ ਵਰਤੋਂ ਦਾ ਭਰੋਸਾ ਨਾ ਹੋਣ ਦਾ ਸੰਕੇਤ ਦਿੰਦਾ ਹੈ ਅਤੇ ਲੇਖਿਆਂ ਵਿੱਚ ਦਿਖਾਏ ਗਏ ਉਸ ਖਰਚੇ ਨੂੰ ਅੰਤਿਮ ਨਹੀਂ ਮੰਨਿਆ ਜਾ ਸਕਦਾ। 31 ਮਾਰਚ 2022 ਤੱਕ ਬਕਾਇਆ ਯੂ ਸੀਜ਼ ਦੀ ਸਥਿਤੀ **ਸਾਰਣੀ** 4.2 ਵਿੱਚ ਦਿੱਤੀ ਗਈ ਹੈ।

**ਸਾਰਣੀ 4.2: ਵਰਤੋਂ ਸਰਟੀਫਿਕੇਟਾਂ ਦਾ ਸਮਾਂ-ਵਾਰ ਬਕਾਇਆ**

*(₹ ਕਰੋੜ ਵਿੱਚ)*

| ਸਾਲ * | ਯੂ ਸੀਜ਼ ਦੀ ਗਿਣਤੀ | ਰਾਸ਼ੀ |
|---|---|---|
| 2019-20 ਤੱਕ | 22 | 93.97 |
| 2020-21 | 86 | 178.66 |
| 2021-22<br>(ਸਤੰਬਰ 2020 ਤੱਕ ਕਢਵਾਏ ਗਏ) | 169 | 1,527.82 |
| **ਜੋੜ** | **277** | **1,800.45** |

*ਸ੍ਰੋਤ: ਵਿੱਤ ਲੇਖੇ ਅਤੇ ਮਹਾਂਲੇਖਾਕਾਰ (ਏ ਅਤੇ ਈ) ਪੰਜਾਬ ਦਾ ਦਫਤਰ*

** ਉੱਪਰ ਲਿਖਿਆ ਸਾਲ "ਡਿਊ ਸਾਲ" ਨਾਲ ਸਬੰਧਤ ਹੈ ਭਾਵ ਅਸਲ ਵਿੱਚ ਡਰਾਅ ਕਰਨ ਤੋਂ 18 ਮਹੀਨੇ ਬਾਅਦ।*

**ਚਾਰਟ 4.1: 31 ਮਾਰਚ 2022 ਨੂੰ ਚਾਰ ਮੁੱਖ ਵਿਭਾਗਾਂ ਨਾਲ ਸਬੰਧਤ ਬਕਾਇਆ ਯੂ ਸੀਜ਼**




*ਸ੍ਰੋਤ: ਮਹਾਂਲੇਖਾਕਾਰ (ਏ ਅਤੇ ਈ) ਪੰਜਾਬ ਦਾ ਦਫਤਰ*

ਚਾਰਟ 4.1 ਤੋਂ, ਇਹ ਸਪਸ਼ਟ ਹੈ ਕਿ ₹ 1,284.66 ਕਰੋੜ ਦੇ ਕੁੱਲ ਬਕਾਇਆ ਯੂ ਸੀਜ਼ (₹ 1,800.45 ਕਰੋੜ) ਭਾਵ 71.35 *ਪ੍ਰਤੀਸ਼ਤ* ਚਾਰ ਵਿਭਾਗਾਂ ਜਿਵੇਂ ਕਿ ਪੇਂਡੂ ਵਿਕਾਸ ਤੇ ਪੰਚਾਇਤਾਂ (₹ 811.02 ਕਰੋੜ), ਸ਼ਾਸਨ ਸੁਧਾਰ (₹ 187.68 ਕਰੋੜ), ਸਥਾਨਕ ਸਰਕਾਰ (₹ 161.08 ਕਰੋੜ), ਅਤੇ ਸਿਹਤ ਅਤੇ ਪਰਿਵਾਰ ਭਲਾਈ (₹ 124.88 ਕਰੋੜ) ਨਾਲ ਸਬੰਧਤ ਹਨ।

ਕਿਉਂਜੋ ਯੂ ਸੀਜ਼ ਨਾ ਭੇਜਣਾ ਦੁਰਵਰਤੋਂ ਦੇ ਖਤਰੇ ਨਾਲ ਭਰਪੂਰ ਹੈ, ਇਸ ਲਈ ਰਾਜ ਸਰਕਾਰ ਨੂੰ ਲਾਜ਼ਮੀ ਤੌਰ ਤੇ ਇਸ ਪੱਖ ਨੂੰ ਨੇੜੇ ਤੋਂ ਮਾਨੀਟਰ ਕਰਨਾ ਚਾਹੀਦਾ ਹੈ ਅਤੇ ਯੂ ਸੀਜ਼ ਨੂੰ ਸਮੇਂ ਸਿਰ ਭੇਜਣ ਲਈ ਸਬੰਧਤ ਵਿਅਕਤੀਆਂ ਨੂੰ ਜਵਾਬਦੇਹ ਬਣਾਉਣਾ ਚਾਹੀਦਾ ਹੈ।

## 4.4.1 'ਹੋਰਾਂ' ਵਜੋਂ ਗ੍ਰਾਂਟੀ ਸੰਸਥਾ ਦੀ ਰਿਕਾਰਡਿੰਗ

2021-22 ਦੌਰਾਨ ₹ 11,900.02 ਕਰੋੜ ਦੀ ਸਹਾਇਤਾ-ਅਨੁਦਾਨ (ਜੀ ਆਈ ਏ) ਵਿੱਚੋਂ ₹ 1,951.38 ਕਰੋੜ (ਕੁੱਲ ਜੀ ਆਈ ਏ ਦਾ 16.40 *ਪ੍ਰਤੀਸ਼ਤ*) ਦੇ ਸਬੰਧ ਵਿੱਚ ਗ੍ਰਾਂਟੀ ਸੰਸਥਾਵਾਂ ਦੇ ਨਾਂਅ ਦਾ ਜ਼ਿਕਰ 'ਹੋਰ' ਵਜੋਂ ਕੀਤਾ ਗਿਆ ਸੀ। ਇਸ ਵਿੱਚੋਂ, ₹ 56.52 ਕਰੋੜ ਪੂੰਜੀ ਸੰਪਤੀਆਂ ਦੀ ਸਿਰਜਣਾ ਲਈ ਸੀ। 2017-22 ਦੌਰਾਨ 'ਹੋਰ' ਨੂੰ ਵੰਡੇ ਗਏ ਜੀ ਆਈ ਏ ਦੀ ਸਥਿਤੀ **ਸਾਰਣੀ** 4.3 ਵਿੱਚ ਦਰਸਾਈ ਗਈ ਹੈ।

**ਸਾਰਣੀ 4.3 : 'ਹੋਰ' ਵਰਗ ਦੀ ਗ੍ਰਾਂਟੀ ਸੰਸਥਾ ਨੂੰ ਸਹਾਇਤਾ-ਅਨੁਦਾਨ**

*(₹ ਕਰੋੜ ਵਿੱਚ)*

| ਸਾਲ | ਕੁੱਲ ਜੀ ਆਈ ਏ ਦੀ ਰਾਸ਼ੀ | 'ਹੋਰ' ਵਰਗ ਦੀਆਂ ਗ੍ਰਾਂਟੀ ਸੰਸਥਾਵਾਂ ਨੂੰ ਰਾਸ਼ੀ | ਕੁੱਲ ਜੀ ਆਈ ਏ ਦੀ *ਪ੍ਰਤੀਸ਼ਤਤਾ* |
|---|---|---|---|
| 2017-18 | 6,163.22 | 283.25 | 4.60 |
| 2018-19 | 8,864.36 | 512.70 | 5.78 |
| 2019-20 | 9,883.28 | 369.60 | 3.74 |
| 2020-21 | 15,022.45 | 928.09 | 6.18 |
| 2021-22 | 11,900.02 | 1,951.38 | 16.40 |

*ਸ੍ਰੋਤ: ਵਿੱਤ ਲੇਖੇ*

ਸਹਾਇਤਾ ਅਨੁਦਾਨ ਰਾਜ ਦੇ ਕੁੱਲ ਖਰਚੇ ₹ 1,25,500.84 ਕਰੋੜ (ਵਸੂਲੀ ਨੂੰ ਛੱਡ ਕੇ) ਦਾ 9.48 *ਪ੍ਰਤੀਸ਼ਤ* ਹੈ। ਹਰੇਕ ਗ੍ਰਾਂਟੀ ਸੰਸਥਾਨ ਦੇ ਨਾਂਅ ਦੀ ਅਣਹੋਂਦ ਵਿੱਚ, ਹਰੇਕ ਸੰਸਥਾ ਦੀ ਬਕਾਇਆ ਯੂ ਸੀਜ਼ ਜਮ੍ਹਾਂ ਕਰਾਉਣ ਦੀ ਮਾਨੀਟਰਿੰਗ ਕਰਨਾ ਸੰਭਵ ਨਹੀਂ ਹੈ।

## 4.5 ਅਬਸਟ੍ਰੈਕਟ ਕੰਟੀਜੈਂਟ ਬਿਲ

ਜਦੋਂ ਪੈਸੇ ਦੀ ਅਡਵਾਂਸ ਵਿੱਚ ਲੋੜ ਹੋਵੇ ਜਾਂ ਜਦੋਂ ਉਹ ਲੋੜੀਂਦੀ ਰਾਸ਼ੀ ਦੀ ਸਹੀ ਆਂਕਣਾ ਨਹੀਂ ਕਰ ਸਕਦੇ ਤਾਂ ਡਰਾਇੰਗ ਅਤੇ ਡਿਸਬਰਸਿੰਗ ਅਧਿਕਾਰੀਆਂ (ਡੀ ਡੀ ਓਜ਼) ਨੂੰ ਸਹਾਇਕ ਦਸਤਾਵੇਜ਼ਾਂ ਤੋਂ ਬਗੈਰ, ਅਬਸਟ੍ਰੈਕਟ ਕੰਟੀਜੈਂਟ (ਏ ਸੀ) ਬਿਲਾਂ ਰਾਹੀ, ਸਰਵਿਸ ਮੱਦਾਂ ਨੂੰ ਡੈਬਿਟ ਕਰਕੇ ਪੈਸਾ ਕਢਵਾਉਣ ਦੀ ਆਗਿਆ ਹੈ ਅਤੇ ਇਸ ਖਰਚੇ ਨੂੰ ਸਰਵਿਸ ਮੱਦ ਹੇਠ ਖਰਚੇ ਵਜੋਂ ਦਰਸਾਇਆ ਜਾਂਦਾ ਹੈ। ਰਾਜ ਸਰਕਾਰ ਵੱਲੋਂ ਨਵੰਬਰ ਅਤੇ ਦਸੰਬਰ 2016 ਵਿੱਚ ਸੋਧ ਕੀਤੀ ਗਈ ਕਿ ਪੰਜਾਬ ਖਜ਼ਾਨਾ ਨਿਯਮਾਵਲੀ ਦਾ ਨਿਯਮ 274 ਵਿਵਸਥਾ ਕਰਦਾ ਹੈ ਕਿ ਡਰਾਇੰਗ ਅਤੇ ਡਿਸਬਰਸਿੰਗ ਅਧਿਕਾਰੀਆਂ (ਡੀ ਡੀ ਓਜ਼)

ਨੂੰ ਅਜਿਹੀ ਪੇਸ਼ਗੀ ਕਢਵਾਉਣ ਦੀ ਮਿਤੀ ਤੋਂ ਛੇ ਮਹੀਨਿਆਂ ਦੇ ਅੰਦਰ ਵਿੱਤੀ ਖਰਚੇ ਦੀ ਸਹਾਇਤਾ ਵਿੱਚ ਵਾਊਚਰਾਂ ਸਮੇਤ ਡਿਟੇਲਡ ਕੰਟੀਜੈਂਟ (ਡੀ ਸੀ) ਬਿੱਲ ਪੇਸ਼ ਕਰਨੇ ਲੋੜੀਂਦੇ ਹਨ। ਡੀ ਸੀ ਬਿਲਾਂ ਨੂੰ ਦੇਰੀ ਨਾਲ ਜਮ੍ਹਾਂ ਕਰਵਾਉਣਾ ਜਾਂ ਲੰਮੇ ਸਮੇਂ ਤੋਂ ਨਾ ਜਮ੍ਹਾਂ ਕਰਨ ਨਾਲ ਖਾਤਿਆਂ ਦੀ ਮੁਕੰਮਲਤਾ ਅਤੇ ਸਹੀ ਹੋਣ ਤੇ ਅਸਰ ਪੈ ਸਕਦਾ ਹੈ।

31 ਮਾਰਚ 2022 ਨੂੰ ਇਤਰਾਜ਼ ਅਧੀਨ ਸਮਾਯੋਜਿਤ ਹੋਣ ਲਈ ਪਏ ਬਕਾਇਆ ਏ ਸੀ ਬਿੱਲਾਂ ਦੇ ਵੇਰਵੇ **ਸਾਰਣੀ** 4.4 ਵਿੱਚ ਦਿੱਤੇ ਗਏ ਹਨ।

**ਸਾਰਣੀ 4.4: ਏ ਸੀ ਬਿਲਾਂ ਦਾ ਸਮਾਂ-ਵਾਰ ਬਕਾਇਆ**

*(₹ ਕਰੋੜ ਵਿੱਚ)*

| ਗ੍ਰਾਂਟ ਦਾ ਸਾਲ | ਏ ਸੀ ਬਿਲਾਂ ਦੀ ਗਿਣਤੀ | ਰਾਸ਼ੀ |
|---|---|---|
| 2019-20 ਤੱਕ | 186 | 191.69 |
| 2020-21 | 335 | 764.02 |
| 2021-22 (ਸਤੰਬਰ 2021 ਤੱਕ ਕਢਵਾਏ ਗਏ) | 1154 | 3,125.91 |
| **ਜੋੜ** | **1675** | **4,081.62** |

*ਸ੍ਰੋਤ: ਵਿੱਤ ਲੇਖੇ ਅਤੇ ਮਹਾਂਲੇਖਾਕਾਰ (ਏ ਅਤੇ ਈ) ਪੰਜਾਬ ਦਾ ਦਫਤਰ*

ਇਹ ਵੇਖਿਆ ਗਿਆ ਸੀ ਕਿ 2021-22 ਦੌਰਾਨ ₹ 7,821.89 ਕਰੋੜ ਦੀ ਰਾਸ਼ੀ ਦੇ ਕੁੱਲ 1835 ਏ ਸੀ ਬਿਲ ਕਢਵਾਏ ਗਏ ਸਨ, ਜਿਨ੍ਹਾਂ ਵਿੱਚੋਂ ₹ 724.96 ਕਰੋੜ (9.27 *ਪ੍ਰਤੀਸ਼ਤ*) ਦੀ ਰਾਸ਼ੀ ਦੇ 189 ਏ ਸੀ ਬਿਲ ਮਾਰਚ 2022 ਵਿੱਚ ਕਢਵਾਏ ਗਏ ਸਨ। ਮਾਰਚ 2022 ਵਿੱਚ ਕਢਵਾਏ ਗਏ ਕੁੱਲ ਬਿੱਲਾਂ ਵਿੱਚੋਂ ₹ 481.81 ਕਰੋੜ ਦੀ ਰਾਸ਼ੀ ਦੇ 80 ਏ ਸੀ ਬਿਲ ਮਾਰਚ ਦੇ ਆਖਰੀ ਦਿਨ ਕਢਵਾਏ ਗਏ ਸਨ। ਸਾਲ ਦੇ ਅੰਤ ਵਿੱਚ ਏ ਸੀ ਬਿੱਲਾਂ ਦੇ ਵਿਰੁੱਧ ਖਰਚਾ ਮਾੜੇ ਜਨਤਕ ਖਰਚ ਪ੍ਰਬੰਧਨ ਨੂੰ ਦਰਸਾਉਂਦਾ ਹੈ ਅਤੇ ਮੁੱਖ ਤੌਰ ਤੇ ਬਜਟ ਉਪਬੰਧ ਨੂੰ ਖਤਮ ਕਰਨ ਲਈ ਕੀਤੇ ਜਾ ਰਹੇ ਡਰਾਅ ਵਲ ਇਸ਼ਾਰਾ ਕਰ ਸਕਦਾ ਹੈ।

**ਚਾਰਟ 4.2: ਮੁੱਖ ਵਿਭਾਗਾਂ ਨਾਲ ਸਬੰਧਤ ਬਕਾਇਆ ਡੀ ਸੀ ਬਿਲ**

*(₹ ਕਰੋੜ ਵਿੱਚ)*




*ਸ੍ਰੋਤ: ਮਹਾਂਲੇਖਾਕਾਰ (ਏ ਅਤੇ ਈ) ਪੰਜਾਬ ਦਾ ਦਫਤਰ*

ਉਪਰੋਕਤ ਚਾਰਟ ਤੋਂ ਇਹ ਸਪੱਸ਼ਟ ਸੀ ਕਿ ₹ 3,119.54 ਕਰੋੜ ਭਾਵ ਕਿ ₹ 4,081.62 ਕਰੋੜ ਦੇ ਕੁੱਲ ਬਕਾਇਆ ਏ ਸੀ ਬਿੱਲਾਂ ਦਾ 76.43 *ਪ੍ਰਤੀਸ਼ਤ* ਚਾਰ ਵਿਭਾਗਾਂ ਜਿਵੇਂ ਕਿ ਯੋਜਨਾਬੰਦੀ (₹ 1,081.44 ਕਰੋੜ), ਸਥਾਨਕ ਸਰਕਾਰ (₹ 972.41 ਕਰੋੜ), ਖੇਤੀਬਾੜੀ (₹ 817.15 ਕਰੋੜ) ਅਤੇ ਰੈਵੀਨਿਊ, ਮੁੜ ਵਸੇਬਾ ਅਤੇ ਆਫਤ ਪ੍ਰਬੰਧਨ (₹ 248.54 ਕਰੋੜ) ਨਾਲ ਸਬੰਧਤ ਸਨ।

ਲੰਮੇ ਸਮੇਂ ਲਈ ਪੇਸ਼ਗੀਆਂ ਦੇ ਗੈਰ-ਸਮਾਯੋਜਿਤ ਰਹਿਣ ਨਾਲ ਕੁਵਰਤੋਂ ਦੇ ਖਤਰੇ ਬਣਦੇ ਹਨ ਅਤੇ ਇਸ ਲਈ ਸਬੰਧਤ ਡੀ ਡੀ ਓਜ਼ ਵਲੋਂ ਡੀ ਸੀ ਬਿਲ ਭੇਜਣ ਨੂੰ ਯਕੀਨੀ ਬਣਾਉਣ ਲਈ ਨੇੜੇ ਤੋਂ ਨਿਗਰਾਨੀ ਕਰਨ ਦੀ ਲੋੜ ਹੈ। ਇਸ ਤੋਂ ਇਲਾਵਾ, ਪ੍ਰਾਪਤ ਨਹੀਂ ਹੋਏ ਡੀ ਸੀ ਬਿਲਾਂ ਦੀ ਹੱਦ ਤੱਕ ਵਿੱਤ ਲੇਖਿਆਂ ਵਿੱਚ ਦਰਸਾਏ ਗਏ ਖਰਚੇ ਨੂੰ ਸਹੀ ਜਾਂ ਫਾਈਨਲ ਨਹੀਂ ਕਿਹਾ ਜਾ ਸਕਦਾ।

## 4.6 ਛੋਟੀ ਮੱਦ-800 ਦੀ ਅਵਿਵੇਕਪੂਰਣ ਵਰਤੋਂ

ਹੋਰ ਪ੍ਰਾਪਤੀਆਂ ਅਤੇ ਹੋਰ ਖਰਚੇ ਨਾਲ ਸਬੰਧਤ ਛੋਟੀ ਮੱਦ-800 ਦਾ ਸੰਚਾਲਨ ਸਿਰਫ ਉਦੋਂ ਕੀਤਾ ਜਾਂਦਾ ਹੈ ਜਦੋਂ ਲੇਖਿਆਂ ਵਿੱਚ ਉੱਚਿਤ ਛੋਟੀ ਮੱਦ ਮੁਹੱਈਆ ਨਹੀਂ ਕਰਵਾਈ ਗਈ । ਛੋਟੀ ਮੱਦ-800 ਦਾ ਦੈਨਿਕ ਕਾਰਜਕ੍ਰਮ ਸੰਚਾਲਨ ਨਿਰਉਤਸਾਹਿਤ ਕੀਤਾ ਜਾਂਦਾ ਹੈ ਕਿਉਂਕਿ ਇਹ ਅਸਪਸ਼ੱਟ ਲੇਖੇ ਪੇਸ਼ ਕਰਦਾ ਹੈ। ਸਰਵਜਨਕ ਛੋਟੀ ਮੱਦ 800 ਅਧੀਨ ਵੱਡੀਆਂ ਰਾਸ਼ੀਆਂ ਦਾ ਵਰਗੀਕਰਣ ਵਿੱਤੀ ਰਿਪੋਰਟਿੰਗ ਅਤੇ ਵੰਡ ਤਰਜੀਹਾਂ ਦੇ ਸਹੀ ਵਿਸ਼ਲੇਸ਼ਣ ਅਤੇ ਖਰਚੇ ਦੀ ਗੁਣਵੱਤਾ ਵਿੱਚ ਪਾਰਦਰਸ਼ਤਾ ਨੂੰ ਪ੍ਰਭਾਵਿਤ ਕਰਦਾ ਹੈ।

ਇਹ ਵੇਖਿਆ ਗਿਆ ਸੀ ਕਿ ਸਾਲ 2021-22 ਦੌਰਾਨ, 48 ਲੇਖਿਆਂ ਦੀਆਂ ਮੁੱਖ ਮੱਦਾਂ ਅਧੀਨ ₹ 5,119.05 ਕਰੋੜ, ਕੁੱਲ ਰੈਵੀਨਿਊ ਅਤੇ ਪੂੰਜੀਗਤ ਖਰਚੇ (₹ 1,04,646.49 ਕਰੋੜ) ਦਾ 4.89 *ਪ੍ਰਤੀਸ਼ਤ* ਲੇਖਿਆਂ ਵਿੱਚ ਛੋਟੀ ਮੱਦ-800-ਹੋਰ ਖਰਚਾ ਅਧੀਨ ਵਰਗੀਕ੍ਰਿਤ ਕੀਤਾ ਗਿਆ ਸੀ। ਵੱਡੇ ਖਰਚੇ (50 *ਪ੍ਰਤੀਸ਼ਤ* ਅਤੇ ਵੱਧ) ਛੋਟੀ ਮੱਦ-800-ਹੋਰ ਖਰਚੇ ਅਧੀਨ ਇੰਦਰਾਜ ਕੀਤਾ ਗਿਆ ਸੀ ਜਿਸ ਦੇ ਵੇਰਵੇ ***ਅੰਤਿਕਾ** 4.3* ਵਿੱਚ ਦਿੱਤੇ ਗਏ ਹਨ।

ਇਸੇ ਤਰ੍ਹਾਂ, 49 ਲੇਖੇ ਦੀਆਂ ਮੁੱਖ ਮੱਦਾਂ ਅਧੀਨ ₹ 5,152.15 ਕਰੋੜ, ਕੁੱਲ ਰੈਵੀਨਿਊ ਪ੍ਰਾਪਤੀਆਂ (₹ 78,168.31 ਕਰੋੜ) ਦਾ 6.59 *ਪ੍ਰਤੀਸ਼ਤ* ਦਾ ਗਠਨ ਕਰਦੇ ਹੋਏ ਲੇਖਿਆਂ ਵਿੱਚ ਛੋਟੀ ਮੱਦ 800-ਹੋਰ ਪ੍ਰਾਪਤੀਆਂ ਅਧੀਨ ਵਰਗੀਕਰਣ ਕੀਤਾ ਗਿਆ ਸੀ। ਛੋਟੀ ਮੱਦ 800-ਹੋਰ ਪ੍ਰਾਪਤੀਆਂ ਅਧੀਨ ਵੱਡੀਆਂ ਪ੍ਰਾਪਤੀਆਂ (50 *ਪ੍ਰਤੀਸ਼ਤ* ਅਤੇ ਵੱਧ) ਦੇ ਵੇਰਵੇ ***ਅੰਤਿਕਾ** 4.4* ਵਿੱਚ ਦਿੱਤੇ ਗਏ ਹਨ।

## ਮਾਪ ਨਾਲ ਸਬੰਧਤ ਮਾਮਲੇ

## 4.7 ਮੁੱਖ ਸਸਪੈਂਸ ਅਤੇ ਡੀ ਡੀ ਆਰ ਮੱਦਾਂ ਅਧੀਨ ਪਿਆ ਬਕਾਇਆ

ਵਿੱਤ ਲੇਖੇ, ਸਸਪੈਂਸ ਅਤੇ ਰੈਮੀਟੈਂਸ ਮੱਦਾਂ ਅਧੀਨ ਨਿਰੋਲ ਬਕਾਇਆਂ ਨੂੰ ਦਰਸਾਉਂਦੇ ਹਨ। ਇਨ੍ਹਾਂ ਮੱਦਾਂ ਅਧੀਨ ਪਏ ਬਕਾਇਆਂ ਦੀ ਆਂਕਣਾ ਵੱਖ-ਵੱਖ ਮੱਦਾਂ ਅਧੀਨ ਪਏ ਡੈਬਿਟ ਅਤੇ ਕ੍ਰੈਡਿਟ ਬਕਾਇਆਂ ਨੂੰ ਵੱਖਰਾ ਵੱਖਰਾ ਜੋੜ ਕੇ ਕੀਤੀ ਜਾਂਦੀ ਹੈ। ਪਿਛਲੇ ਤਿੰਨ ਸਾਲਾਂ ਲਈ

ਮਹੱਤਵਪੂਰਣ ਸਸਪੈਂਸ ਆਈਟਮਾਂ ਨੂੰ **ਸਾਰਣੀ** 4.5 ਵਿੱਚ ਸਕਲ ਡੈਬਿਟ ਅਤੇ ਕ੍ਰੈਡਿਟ ਬਕਾਇਆਂ ਵਜੋਂ ਦਰਸਾਇਆ ਗਿਆ ਹੈ।

**ਸਾਰਣੀ 4.5: ਸਸਪੈਂਸ ਅਤੇ ਰੈਮੀਟੈਂਸ ਮੱਦਾਂ ਅਧੀਨ ਬਕਾਏ**

*(₹ ਕਰੋੜ ਵਿੱਚ)*

| ਲੇਖੇ ਦੀ ਮੱਦ | | 2019-20 | | 2020-21 | | 2021-22 | |
|---|---|---|---|---|---|---|---|
| 1 | | ਡੈਬਿਟ | ਕ੍ਰੈਡਿਟ | ਡੈਬਿਟ | ਕ੍ਰੈਡਿਟ | ਡੈਬਿਟ | ਕ੍ਰੈਡਿਟ |
| **8658** | **ਸਸਪੈਂਸ ਲੇਖਾ** | | | | | | |
| 101 | ਪੇਅ ਅਤੇ ਅਕਾਊਂਟਸ ਆਫਿਸ -ਸਸਪੈਂਸ | 70.75 | 0.04 | 110.53 | 106.87 | 113.19 | 0.07 |
| | **ਨਿਰੋਲ ਡੈਬਿਟ (ਡੀ ਆਰ) /ਕ੍ਰੈਡਿਟ (ਸੀ ਆਰ)** | **70.71 ਡੈਬਿਟ** | | **3.66 ਡੈਬਿਟ** | | **113.12 ਡੈਬਿਟ** | |
| 102 | ਸਸਪੈਂਸ ਲੇਖਾ-(ਸਿਵਲ) | 18.30 | .. | 53.13 | .. | 147.49 | 57.09 |
| | **ਨਿਰੋਲ ਡੈਬਿਟ (ਡੀ ਆਰ) /ਕ੍ਰੈਡਿਟ (ਸੀ ਆਰ)** | **18.30 ਡੈਬਿਟ** | | **53.13 ਡੈਬਿਟ.** | | **90.40 ਡੈਬਿਟ.** | |
| 109 | ਰਿਜ਼ਰਵ ਬੈਂਕ ਸਸਪੈਂਸ-(ਹੈਡਕੁਆਟਰਜ਼) | 0.33 | .. | 0.28 | .. | 0.42 | .. |
| | **ਨਿਰੋਲ ਡੈਬਿਟ (ਡੀ ਆਰ) /ਕ੍ਰੈਡਿਟ (ਸੀ ਆਰ)** | **0.33 ਡੈਬਿਟ** | | **0.28 ਡੈਬਿਟ** | | **0.42 ਡੈਬਿਟ** | |
| 110 | ਰਿਜ਼ਰਵ ਬੈਂਕ ਸਸਪੈਂਸ-(ਕੇਂਦਰੀ ਅਕਾਊਂਟਸ ਆਫਿਸ) | 22.27 | .. | 151.86 | .. | 32.11 | .. |
| | **ਨਿਰੋਲ ਡੈਬਿਟ (ਡੀ ਆਰ) /ਕ੍ਰੈਡਿਟ (ਸੀ ਆਰ)** | **22.27 ਡੈਬਿਟ** | | **151.86 ਡੈਬਿਟ** | | **32.11 ਡੈਬਿਟ** | |
| 112 | ਟੈਕਸ ਡਿਡਕਡ ਐਟ ਸੋਰਸ (ਟੀ ਡੀ ਐਸ) ਸਸਪੈਂਸ | .. | 119.96 | .. | 311.47 | .. | 106.11 |
| | **ਨਿਰੋਲ ਡੈਬਿਟ (ਡੀ ਆਰ) /ਕ੍ਰੈਡਿਟ (ਸੀ ਆਰ)** | **119.96 ਕ੍ਰੈਡਿਟ** | | **311.47 ਕ੍ਰੈਡਿਟ** | | **106.11 ਕ੍ਰੈਡਿਟ** | |
| 123 | ਏ ਆਈ ਐਸ ਅਧਿਕਾਰੀਆਂ ਦੀ ਗਰੁੱਪ ਬੀਮਾ ਸਕੀਮ | .. | 0.11 | .. | 0.15 | .. | 0.22 |
| | **ਨਿਰੋਲ ਡੈਬਿਟ (ਡੀ ਆਰ) /ਕ੍ਰੈਡਿਟ (ਸੀ ਆਰ)** | **0.11 ਕ੍ਰੈਡਿਟ** | | **0.15 ਕ੍ਰੈਡਿਟ** | | **0.22 ਕ੍ਰੈਡਿਟ** | |
| **8782** | **ਇੱਕੋ ਲੇਖਾ ਅਧਿਕਾਰੀ ਨੂੰ ਲੇਖਾ ਪੇਸ਼ ਕਰਨ ਵਾਲੇ ਅਧਿਕਾਰੀਆਂ ਵਿਚਕਾਰ ਕੈਸ਼ ਰੈਮੀਟੈਂਸ ਅਤੇ ਸਮਾਯੋਜਨ** | | | | | | |
| 102 | ਲੋਕ ਨਿਰਮਾਣ ਰੈਮੀਟੈਂਸਜ਼ | (-) 3.51 | .. | 19.55 | .. | 0.12 | .. |
| | **ਨਿਰੋਲ ਡੈਬਿਟ (ਡੀ ਆਰ) /ਕ੍ਰੈਡਿਟ (ਸੀ ਆਰ)** | **(-) 3.51 ਡੈਬਿਟ** | | **19.55 ਡੈਬਿਟ** | | **0.12 ਡੈਬਿਟ** | |
| 103 | ਜੰਗਲਾਤ ਰੈਮੀਟੈਂਸਜ਼ | 6.19 | .. | 21.30 | .. | 17.93 | .. |
| | **ਨਿਰੋਲ ਡੈਬਿਟ (ਡੀ ਆਰ) /ਕ੍ਰੈਡਿਟ (ਸੀ ਆਰ)** | **6.19 ਡੈਬਿਟ** | | **21.30 ਡੈਬਿਟ** | | **17.93 ਡੈਬਿਟ** | |
| **8793** | **ਅੰਤਰ-ਰਾਜੀ ਸਸਪੈਂਸ ਲੇਖਾ** | 22.59 | .. | 43.05 | .. | 57.40 | .. |
| | **ਨਿਰੋਲ ਡੈਬਿਟ (ਡੀ ਆਰ) /ਕ੍ਰੈਡਿਟ (ਸੀ ਆਰ)** | **22.59 ਡੈਬਿਟ** | | **43.05 ਡੈਬਿਟ** | | **57.40 ਡੈਬਿਟ** | |

*ਸ੍ਰੋਤ: ਵਿੱਤ ਲੇਖੇ*

## 4.8 ਕੈਸ਼ ਬਕਾਇਆਂ ਦਾ ਮਿਲਾਨ

ਪ੍ਰਧਾਨ ਮਹਾਂ ਲੇਖਾਕਾਰ (ਲੇਖਾ ਤੇ ਹੱਕਦਾਰੀ) ਦੇ ਲੇਖਿਆਂ ਅਨੁਸਾਰ 31 ਮਾਰਚ 2022 ਲਈ ਰਾਜ ਸਰਕਾਰ ਦਾ ਕੈਸ਼ ਬਕਾਇਆ ₹ 129.76 ਕਰੋੜ (ਡੈਬਿਟ) ਸੀ ਜਦੋਂਕਿ ਭਾਰਤੀ ਰਿਜ਼ਰਵ ਬੈਂਕ ਵੱਲੋਂ ਇਹ ₹ 209.30 ਕਰੋੜ (ਡੈਬਿਟ) ਦੱਸਿਆ ਗਿਆ ਸੀ। ਇਸ ਤਰਾਂ, ₹ 339.06 ਕਰੋੜ (ਡੈਬਿਟ) ਦਾ ਬਗੈਰ ਮਿਲਾਨ ਕੀਤਾ ਗਿਆ ਅੰਤਰ ਸੀ।

ਇਹ ਅੰਤਰ ਮੁੱਖ ਤੌਰ ਤੇ ਗਲਤ ਰਿਪੋਟਿੰਗ ਅਤੇ ਏਜੰਸੀ ਬੈਂਕਾਂ ਵੱਲੋਂ ਖਜ਼ਾਨਿਆਂ ਨਾਲ ਅੰਕੜਿਆਂ ਦਾ ਮਿਲਾਨ ਨਾ ਕਰਨ ਕਰਕੇ ਸੀ, ਜੋਕਿ ਸਮੀਖਿਆ ਅਧੀਨ ਹੈ। ਰਾਜ ਵਿੱਚ ਅਦਾਇਗੀਆਂ ਲਈ ਈ-ਕੁਬੇਰ ਸਿਸਟਮ (ਆਰ ਬੀ ਆਈ ਦਾ) ਦੇ ਰਾਜ ਇੰਟੀਗ੍ਰੇਟਡ ਵਿੱਤੀ ਪ੍ਰਬੰਧਨ ਸਿਸਟਮ (ਆਈ ਐਫ ਐਮ ਐਸ) ਨਾਲ ਏਕੀਕਰਨ ਤੋਂ ਬਾਅਦ ਵਿੱਤੀ ਕਾਰਵਿਹਾਰਾਂ ਨੂੰ ਰਿਪੋਰਟ ਕਰਨ ਵਿੱਚ ਸਮੇਂ ਦੇ ਅੰਤਰ ਨੇ ਵੀ, ਇਸ ਅੰਤਰ ਨੂੰ ਵਧਾਇਆ ਹੈ ਕਿਉਂਜੋ ਰਾਜ ਆਈ ਐਫ ਐਮ ਐਸ, ਕਾਰਵਿਹਾਰ

ਦੀ ਮਿਤੀ ਦੇ ਅਧਾਰ ਤੇ ਰਿਪੋਰਟ ਕਰਦਾ ਹੈ ਜਦੋਂਕਿ ਈ-ਕੁਬੇਰ ਸਿਸਟਮ ਕਾਰਵਿਹਾਰਾਂ ਦੀ ਸਕਰੋਲ ਮਿਤੀ ਦੇ ਅਧਾਰ ਤੇ ਰਿਪੋਰਟ ਕਰਦਾ ਹੈ।

## 4.9 ਮੰਡਲ ਅਧਿਕਾਰੀਆਂ ਕੋਲ ਪਈ ਅਣਖਰਚੀ ਰਾਸ਼ੀ

ਕਾਨੂੰਨੀ ਵਿਵਸਥਾਵਾਂ ਦੇ ਅਨੁਸਾਰ, ਗੈਰ ਸਰਕਾਰੀ ਏਜੰਸੀਆਂ ਤੋਂ ਡਿਪਾਜ਼ਿਟ ਕੰਮਾਂ ਲਈ ਲੋਕ ਨਿਰਮਾਣ ਮੰਡਲਾਂ ਦੁਆਰਾ ਪ੍ਰਾਪਤ ਕੀਤੇ ਫੰਡਾਂ ਨੂੰ ਮੁੱਖ ਮੱਦ 8443-ਸਿਵਲ ਡਿਪਾਜ਼ਿਟ ਦੇ ਹੇਠਾਂ ਛੋਟੀ ਮੱਦ 108-ਲੋਕ ਨਿਰਮਾਣ ਡਿਪਾਜ਼ਿਟ ਅਧੀਨ ਕ੍ਰੈਡਿਟ ਕੀਤੇ ਜਾਣ ਦੀ ਲੋੜ ਹੁੰਦੀ ਹੈ। ਸਬੰਧਤ ਡਿਪਾਜ਼ਿਟ ਕੰਮਾਂ ਲਈ ਖਰਚੇ ਵੀ ਲੇਖੇ ਦੀ ਉਸ ਮੱਦ ਤੋਂ ਪੂਰੇ ਕੀਤੇ ਜਾਂਦੇ ਹਨ। ਮਾਸਿਕ ਡਵੀਜ਼ਨਲ ਲੇਖਿਆਂ ਵਿੱਚ ਅਜਿਹੇ ਡਿਪਾਜ਼ਿਟ ਦੀ ਜਮ੍ਹਾਂ ਨਾ ਕੀਤੀ ਰਾਸ਼ੀ ਨੂੰ ਮੁੱਖ ਮੱਦ 8671-ਵਿਭਾਗੀ ਬਕਾਏ, 101-ਸਿਵਲ, ਪੀ ਡਬਲਿਊ ਮੰਡਲਾਂ ਦੁਆਰਾ ਰਾਜ ਦੇ ਲੋਕ ਲੇਖੇ ਦੇ ਅਧੀਨ ਵਰਗੀਕ੍ਰਿਤ ਕੀਤਾ ਜਾਂਦਾ ਹੈ ਅਤੇ ਫਿਰ ਸਰਕਾਰੀ ਲੇਖੇ ਦਾ ਹਿੱਸਾ ਬਣਦਾ ਹੈ। ਹਾਲਾਂਕਿ ਡਿਪਾਜ਼ਿਟ ਕੰਮਾਂ ਲਈ ਪ੍ਰਾਪਤ ਫੰਡਾਂ ਨੂੰ ਸਰਕਾਰੀ ਲੇਖੇ ਵਿੱਚ ਜਮ੍ਹਾਂ ਕਰਵਾਉਣ ਦੀ ਬਜਾਏ ਪੀ ਡਬਲਿਊ ਮੰਡਲਾਂ ਦੁਆਰਾ ਸੰਚਾਲਿਤ ਮੰਡਲ ਅਫਸਰਾਂ ਦੇ ਬੈਂਕ ਖਾਤਿਆਂ ਵਿੱਚ ਰੱਖਿਆ ਜਾ ਰਿਹਾ ਹੈ ਅਤੇ ਇਸ ਤਰ੍ਹਾਂ ਭਾਰਤੀ ਰਿਜ਼ਰਵ ਬੈਂਕ ਕੋਲ ਰਾਜ ਦੇ ਨਕਦ ਬਕਾਏ ਦਾ ਹਿੱਸਾ ਨਹੀਂ ਬਣਦਾ।

ਰਾਜ ਸਰਕਾਰ ਨੇ (2 ਮਾਰਚ 2015) ਲੋਕ ਨਿਰਮਾਣ ਮੰਡਲਾਂ ਨੂੰ ਮੱਦ 8443-ਸਿਵਲ ਡਿਪਾਜ਼ਿਟ 108-ਲੋਕ ਨਿਰਮਾਣ ਡਿਪਾਜ਼ਿਟ ਦੇ ਅਧੀਨ ਖਜ਼ਾਨੇ ਵਿੱਚ ਖੋਲੇ ਜਾਣ ਵਾਲੇ ਲੇਖਿਆਂ ਵਿੱਚ ਫੰਡ ਜਮ੍ਹਾਂ ਕਰਨ ਦੇ ਨਿਰਦੇਸ਼ ਦਿੱਤੇ ਹਨ। ਹਾਲਾਂਕਿ, ਉਪਰੋਕਤ ਆਦੇਸ਼ਾਂ ਦੇ ਬਾਵਜੂਦ, ਮੰਡਲ ਅਫਸਰ ਆਪਣੇ ਬੈਂਕ ਖਾਤਿਆਂ ਵਿੱਚ ਫੰਡਜ਼ ਜਮ੍ਹਾਂ ਕਰਵਾ ਰਹੇ ਹਨ। 31 ਮਾਰਚ ਤੱਕ, ਲੋਕ ਨਿਰਮਾਣ ਮੰਡਲ ਅਫਸਰਾਂ ਦੀਆਂ ਕੈਸ਼ਬੁੱਕਾਂ ਅਨੁਸਾਰ ₹ 1,374.99 ਕਰੋੜ ਦੀ ਰਾਸ਼ੀ ਬੈਂਕ ਖਾਤਿਆਂ ਵਿੱਚ ਪਈ ਸੀ । ਜੇ ਫੰਡ ਖਜ਼ਾਨੇ ਵਿੱਚ ਜਮ੍ਹਾਂ ਕੀਤੇ ਜਾਂਦੇ, ਤਾਂ ਰਾਜ ਸਰਕਾਰ ਦੇ ਰੋਜ਼ਾਨਾ ਨਕਦ ਬਕਾਏ ਤੇ ਪ੍ਰਭਾਵ ਪਾਉਂਦੇ ।

ਮੰਡਲ ਅਫਸਰਾਂ ਦੁਆਰਾ ਚਲਾਏ ਜਾ ਰਹੇ ਬੈਂਕ ਖਾਤਿਆਂ ਵਿੱਚ ਪਈ ਰਾਸ਼ੀ ਦੇ ਵਿਭਾਗ-ਵਾਰ ਵੇਰਵੇ **ਸਾਰਣੀ** 4.6 ਵਿੱਚ ਦਿੱਤੇ ਗਏ ਹਨ।

**ਸਾਰਣੀ 4.6 : ਮੰਡਲ ਅਫਸਰਾਂ ਕੋਲ ਪਈ ਅਣ-ਖਰਚੀ ਰਾਸ਼ੀ ਨੂੰ ਦਰਸਾਉਂਦੇ ਵੇਰਵੇ**

*(₹ ਕਰੋੜ ਵਿੱਚ)*

| ਲੜੀ ਨੰ. | ਵਿਭਾਗ ਦਾ ਨਾਂਅ | ਬੈਂਕ ਖਾਤਿਆਂ ਨੂੰ ਚਲਾਉਣ ਵਾਲੇ ਮੰਡਲ ਅਫਸਰਾਂ ਦੀ ਗਿਣਤੀ | ਬੈਂਕ ਖਾਤਿਆਂ ਵਿੱਚ ਪਈ ਰਾਸ਼ੀ |
|---|---|---|---|
| 1. | ਲੋਕ ਨਿਰਮਾਣ (ਭਵਨ ਤੇ ਸੜ੍ਹਕਾਂ ਮੰਡਲ) | 70 | 618.44 |
| 2. | ਪੇਂਡੂ ਵਿਕਾਸ ਅਤੇ ਪੰਚਾਇਤਾਂ (ਪੰਚਾਇਤੀ ਰਾਜ ਮੰਡਲ) | 19 | 163.73 |
| 3. | ਜਲ ਸਰੋਤ | 38 | 459.13 |
| 4. | ਜਲ ਸਪਲਾਈ ਅਤੇ ਸੈਨੀਟੇਸ਼ਨ | 53 | 133.69 |
| **ਜੋੜ** | | **180** | **1374.99** |

*ਸ੍ਰੋਤ: ਵਿੱਤ ਲੇਖੇ*

## ਡਿਸਕਲੋਜ਼ਰ ਨਾਲ ਸਬੰਧਤ ਮਾਮਲੇ

## 4.10 ਲੇਖਾ ਮਿਆਰਾਂ ਦੀ ਪਾਲਣਾ

ਭਾਰਤ ਦੇ ਸੰਵਿਧਾਨ ਦੇ ਅਨੁਛੇਦ 150 ਅਨੁਸਾਰ, ਭਾਰਤ ਦੇ ਰਾਸ਼ਟਰਪਤੀ, ਭਾਰਤ ਦੇ ਲੇਖਾ ਨਿਰੀਖਕ ਅਤੇ ਮਹਾਂ ਲੇਖਾ ਪਰੀਖਕ (ਸੀ ਏ ਜੀ) ਦੀ ਸਲਾਹ ਤੇ, ਸੰਘ ਅਤੇ ਰਾਜਾਂ ਦੇ ਲੇਖਿਆਂ ਦੇ ਫਾਰਮ ਨਿਰਧਾਰਤ ਕਰਦੇ ਹਨ। ਭਾਰਤ ਦੇ ਰਾਸ਼ਟਰਪਤੀ ਵੱਲੋਂ ਸੀ ਏ ਜੀ ਦੀ ਸਲਾਹ ਤੇ ਹੁਣ ਤੱਕ ਤਿੰਨ ਭਾਰਤ ਸਰਕਾਰ ਦੇ ਲੇਖਾ ਮਿਆਰ (ਆਈ ਜੀ ਏ ਐਸ) ਨੋਟੀਫਾਈ ਕੀਤੇ ਜਾ ਚੁੱਕੇ ਹਨ। ਸਾਲ 2021-22 ਦੌਰਾਨ ਪੰਜਾਬ ਸਰਕਾਰ ਵਲੋਂ ਇਨ੍ਹਾਂ ਲੇਖਾ ਮਿਆਰਾਂ ਦੀ ਪਾਲਣਾ ਅਤੇ ਅਜਿਹਾ ਕਰਨ ਵਿੱਚ ਕਮੀਆਂ ਦਾ **ਸਾਰਣੀ** 4.7 ਵਿੱਚ ਵੇਰਵਾ ਦਿੱਤਾ ਗਿਆ ਹੈ।

**ਸਾਰਣੀ 4.7: ਲੇਖਾ ਮਿਆਰਾਂ ਦੀ ਪਾਲਣਾ**

| ਲੜੀ ਨੰ. | ਲੇਖਾ ਮਿਆਰ | ਆਈ ਜੀ ਏ ਐਸ ਦਾ ਸੰਖੇਪ | ਰਾਜ ਸਰਕਾਰ ਵੱਲੋਂ ਪਾਲਣਾ | ਕਮੀ |
|---|---|---|---|---|
| 1. | ਆਈ ਜੀ ਏ ਐਸ-I: | ਸਰਕਾਰ ਵੱਲੋਂ ਦਿੱਤੀਆ ਗਰੰਟੀਆਂ-ਜ਼ਰੂਰਤਾਂ ਦਾ ਪ੍ਰਗਟੀਕਰਣ | ਪਾਲਣਾ ਕੀਤੀ ਗਈ (ਵਿੱਤ ਲੇਖਿਆਂ ਦੀ ਵਿਵਰਣੀਆਂ 9 ਅਤੇ 20) | |
| 2. | ਆਈ ਜੀ ਏ ਐਸ-2: | ਸਹਾਇਤਾ-ਅਨੁਦਾਨਾਂ ਦੀ ਲੇਖਾਬੱਧਤਾ ਅਤੇ ਵਰਗੀਕਰਣ | ਪਾਲਣਾ ਨਹੀਂ ਕੀਤੀ ਗਈ (ਵਿੱਤ ਲੇਖਿਆ ਦੀ ਵਿਵਰਣੀ 10) | ਵਸਤਾਂ ਦੇ ਰੂਪ ਵਿੱਚ ਰਾਜ ਸਰਕਾਰ ਵੱਲੋਂ ਦਿੱਤੇ ਸਹਾਇਤਾ-ਅਨੁਦਾਨ ਦੇ ਕੁੱਲ ਮੁੱਲ ਸਬੰਧੀ ਸੂਚਨਾ ਮੁੱਹਈਆ ਨਹੀਂ ਕਰਵਾਈ ਗਈ ਸੀ। |
| 3. | ਆਈ ਜੀ ਏ ਐਸ-3: | ਸਰਕਾਰ ਵੱਲੋਂ ਦਿੱਤੇ ਗਏ ਕਰਜ਼ੇ ਅਤੇ ਪੇਸ਼ਗੀਆਂ | ਪਾਲਣਾ ਨਹੀ ਕੀਤੀ ਗਈ (ਵਿੱਤ ਲੇਖਿਆਂ ਦੀ ਵਿਵਰਣੀ 7 ਅਤੇ 18) | 31 ਮਾਰਚ 2022 ਤੱਕ ਰਾਜ ਸਰਕਾਰ ਦੁਆਰਾ ਦਿੱਤੇ ਕਰਜ਼ੇ ਅਤੇ ਪੇਸ਼ਗੀਆਂ ਦੇ ਅੰਤਿਮ ਬਕਾਏ ਨੂੰ ਕਰਜ਼ਾ ਲੈਣ ਵਾਲੀਆਂ ਸੰਸਥਾਵਾਂ/ਰਾਜ ਸਰਕਾਰ ਦੁਆਰਾ ਮਿਲਾਨ ਕਰਨ ਦੀ ਲੋੜ ਹੈ। |

*ਸ੍ਰੋਤ: ਵਿੱਤ ਲੇਖੇ*

## 4.11 ਖੁਦਮੁਖਤਿਆਰ ਸੰਗਠਨਾਂ ਦੇ ਲੇਖੇ ਪੇਸ਼ ਕਰਨਾ

31 ਮਾਰਚ 2022 ਨੂੰ, ਨੌਂ ਖੁਦਮੁਖਤਿਆਰ ਸੰਗਠਨਾਂ (ਏ ਬੀਜ਼) ਵਿੱਚੋਂ ਪੰਜ ਦੇ 2015-16 ਤੋਂ 2020-21 ਤੱਕ ਦੇ 15 ਲੇਖੇ ਬਕਾਇਆ ਸਨ, ਜਿਵੇਂ ਕਿ **ਸਾਰਣੀ** 4.8 ਵਿੱਚ ਵੇਰਵਾ ਦਿੱਤਾ ਗਿਆ ਹੈ।

**ਸਾਰਣੀ 4.8: 31 ਮਾਰਚ 2022 ਨੂੰ ਖੁਦਮੁਖਤਿਆਰ ਸੰਗਠਨਾਂ ਦੇ ਲੇਖਿਆਂ ਦੇ ਬਕਾਏ**

| ਲੜੀ ਨੰ. | ਸੰਗਠਨ ਜਾਂ ਅਥਾਰਟੀ ਦਾ ਨਾਂਅ | ਲੇਖੇ ਕਦੋਂ ਤੋਂ ਬਕਾਇਆ | ਬਕਾਇਆ ਲੇਖਿਆਂ ਦੀ ਗਿਣਤੀ |
|---|---|---|---|
| 1. | ਪੰਜਾਬ ਕਾਨੂੰਨੀ ਸੇਵਾਵਾਂ ਅਥਾਰਟੀ, ਚੰਡੀਗੜ੍ਹ | - | 0 |
| 2. | ਪੰਜਾਬ ਖਾਦੀ ਅਤੇ ਪੇਂਡੂ ਉਦਯੋਗ, ਬੋਰਡ, ਚੰਡੀਗੜ੍ਹ | 2017-18 | 04 |
| 3. | ਪੰਜਾਬ ਰਾਜ ਮੱਨੁਖੀ ਅਧਿਕਾਰ ਕਮਿਸ਼ਨ, ਚੰਡੀਗੜ੍ਹ | 2020-21 | 01 |
| 4. | ਪੰਜਾਬ ਕਿਰਤ ਭਲਾਈ ਬੋਰਡ, ਚੰਡੀਗੜ੍ਹ | 2015-16 | 06 |
| 5. | ਪੁਸ਼ਪਾ ਗੁਜਰਾਲ ਸਾਇੰਸ ਸਿਟੀ, ਕਪੂਰਥਲਾ | - | 0 |
| 6. | ਪੰਜਾਬ ਭਵਨ ਅਤੇ ਹੋਰ ਉਸਾਰੀ ਕਾਮੇ ਭਲਾਈ ਬੋਰਡ, ਐਸ ਏ ਐਸ ਨਗਰ | 2020-21 | 01 |
| 7. | ਪੰਜਾਬ ਬੱਸ ਮੈਟਰੋ ਸੁਸਾਇਟੀ | 2018-19 | 03 |
| 8. | ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ, ਚੰਡੀਗੜ੍ਹ | - | 0 |
| 9. | ਰੀਅਲ ਐਸਟੇਟ ਰੈਗੂਲੇਟਰੀ ਅਥਾਰਟੀ, ਚੰਡੀਗੜ੍ਹ | - | 0 |
| **ਜੋੜ** | | | **15** |

*ਸ੍ਰੋਤ: ਵਿਭਾਗੀ ਡਾਟਾ/ਸੂਚਨਾ*

ਲੇਖਿਆਂ ਨੂੰ ਪੇਸ਼ ਕਰਨ ਵਿੱਚ ਬਕਾਇਆ ਇੱਕ ਤੋਂ ਛੇ ਸਾਲਾਂ ਦਾ ਸੀ, ਜਿਸ ਵਿੱਚੋਂ ਪੰਜਾਬ ਕਿਰਤ ਭਲਾਈ ਬੋਰਡ ਨੇ 2015-16 ਤੋਂ ਆਪਣੇ ਲੇਖੇ ਪੇਸ਼ ਨਹੀਂ ਕੀਤੇ ਸਨ। ਲੇਖਿਆਂ ਨੂੰ ਅੰਤਿਮ ਰੂਪ ਦੇਣ ਵਿੱਚ ਦੇਰੀ ਕਰਕੇ ਵਿੱਤੀ ਅਨਿਯਮਤਾਵਾਂ ਦੇ ਪਤਾ ਨਾ ਲੱਗਣ ਦਾ ਜੋਖਮ ਹੁੰਦਾ ਹੈ ਅਤੇ, ਇਸ ਲਈ, ਲੇਖਿਆਂ ਨੂੰ ਜਲਦੀ ਤੋਂ ਜਲਦੀ ਅੰਤਿਮ ਰੂਪ ਦੇਣ ਅਤੇ ਲੇਖਾ ਪ੍ਰੀਖਿਆ ਕੋਲ ਪੇਸ਼ ਕਰਨ ਦੀ ਜ਼ਰੂਰਤ ਹੁੰਦੀ ਹੈ।

ਇਸ ਤੋਂ ਇਲਾਵਾ, ਇਹ ਵੇਖਿਆ ਗਿਆ ਕਿ ਪੰਜਾਬ ਬੁਨਿਆਦੀ ਢਾਂਚਾ ਵਿਕਾਸ ਬੋਰਡ (ਪੀ ਆਈ ਡੀ ਬੀ), ਪੰਜਾਬ ਰਾਜ ਸਹਿਕਾਰੀ ਸਪਲਾਈ ਅਤੇ ਮਾਰਕੀਟਿੰਗ ਫੈਡਰੇਸ਼ਨ (ਮਾਰਕਫੈਡ) ਅਤੇ ਪੰਜਾਬ ਲੈਂਡ ਰਿਕਾਰਡ ਸੁਸਾਇਟੀ (ਪੀ ਐਲ ਆਰ ਐਸ) ਜਲੰਧਰ ਦੀ ਲੇਖਾ ਪ੍ਰੀਖਿਆ ਵਾਰ-ਵਾਰ ਬੇਨਤੀਆਂ ਕਰਨ ਦੇ ਬਾਵਜੂਦ ਨਾ ਸੌਂਪੇ ਜਾਣ ਕਾਰਨ ਨਹੀਂ ਹੋ ਸਕਿਆ। ਪੰਜਾਬ ਲੇਬਰ ਵੈਲਫੇਅਰ ਬੋਰਡ ਦੇ ਸਬੰਧ ਵਿੱਚ ਵੀ 2019-20 ਤੱਕ ਸੌਂਪਿਆ ਨਹੀਂ ਗਿਆ ਸੀ। ਵਾਰ ਵਾਰ ਬੇਨਤੀਆਂ ਕਰਨ ਦੇ ਬਾਵਜੂਦ ਕੋਈ ਵੀ ਜ਼ਿੰਮੇਵਾਰੀ ਨਹੀਂ ਦਿੱਤੀ ਗਈ।

ਰਾਜ ਸਰਕਾਰ ਖੁਦਮੁਖਤਿਆਰ ਸੰਗਠਨਾਂ ਦੀ ਸਲਾਨਾ ਲੇਖਿਆਂ ਦੇ ਸੰਕਲਨ ਅਤੇ ਜਮ੍ਹਾਂ ਕਰਵਾਉਣ ਦੀ ਪ੍ਰਕ੍ਰਿਆ ਵਿੱਚ ਤੇਜ਼ੀ ਲਿਆਉਣ ਅਤੇ ਵਿੱਤੀ ਸਥਿਤੀ ਦਾ ਮੁਲਾਂਕਣ ਕਰਨ ਲਈ ਬੇਨਤੀ ਕੀਤੀ ਸੰਸਥਾ/ਅਥਾਰਟੀ ਦੀ ਲੇਖਾ ਪ੍ਰੀਖਿਆ ਦੀ ਜ਼ਿੰਮੇਵਾਰੀ ਲਗਾਉਣ ਲਈ ਇੱਕ ਸਿਸਟਮ ਦਾ ਵਿਕਾਸ ਕਰਨ ਲਈ ਵਿਚਾਰ ਕਰ ਸਕਦੀ ਹੈ।

ਰਾਜ ਸਰਕਾਰ ਨੇ ਕਿਹਾ (ਦਸੰਬਰ 2022) ਕਿ ਸਬੰਧਤ ਏ ਬੀਜ਼ ਕੋਲ ਮਾਮਲਾ ਉਠਾਇਆ ਗਿਆ ਸੀ।

## 4.12 ਵਿਭਾਗੀ ਕਮਰਸ਼ੀਅਲ ਅਦਾਰੇ/ਕਾਰਪੋਰੇਸ਼ਨਾਂ/ਕੰਪਨੀਆਂ

ਕੰਪਨੀ ਐਕਟ, 2013 ਦੀ ਧਾਰਾ 394 ਅਤੇ 395 ਅਨੁਸਾਰ, ਸਰਕਾਰੀ ਕੰਪਨੀ ਦੇ ਕੰਮਕਾਜ ਅਤੇ ਮਾਮਲਿਆਂ ਤੇ ਸਲਾਨਾ ਰਿਪੋਰਟ ਇਸ ਦੀ ਸਲਾਨਾ ਜਨਰਲ ਮੀਟਿੰਗ (ਏ ਜੀ ਐਮ) ਦੇ ਤਿੰਨ ਮਹੀਨਿਆਂ ਦੇ ਅੰਦਰ-ਅੰਦਰ ਤਿਆਰ ਕੀਤੀ ਜਾਣੀ ਹੈ। ਇਸ ਨੂੰ ਤਿਆਰ ਕਰਨ ਤੋਂ ਬਾਅਦ ਜਿੰਨੀ ਜਲਦੀ ਹੋ ਸਕੇ ਸਲਾਨਾ ਰਿਪੋਰਟ ਨੂੰ, ਲੇਖਾ ਪ੍ਰੀਖਿਆ ਰਿਪੋਰਟ ਦੀ ਇੱਕ ਕਾਪੀ ਅਤੇ ਸੀ ਏ ਜੀ ਵੱਲੋਂ ਲੇਖਾ ਪ੍ਰੀਖਿਆ

ਰਿਪੋਰਟ 'ਤੇ ਕੀਤੀ ਟਿੱਪਣੀ ਜਾਂ ਇਸਦੇ ਪੂਰਕ ਸਮੇਤ, ਰਾਜ ਵਿਧਾਨਪਾਲਿਕਾ ਦੇ ਸਨਮੁੱਖ ਪੇਸ਼ ਕੀਤਾ ਜਾਣਾ ਚਾਹੀਦਾ ਹੈ। ਲਗਭਗ ਇਸੇ ਤਰਾਂ ਦੀਆਂ ਵਿਵਸਥਾਵਾਂ ਵਿਧਾਨਕ ਕਾਰਪੋਰੇਸ਼ਨਾਂ ਨੂੰ ਰੈਗੂਲੇਟ ਕਰਨ ਵਾਲੇ ਵੱਖ ਵੱਖ ਐਕਟਾਂ ਵਿੱਚ ਮੌਜੂਦ ਹਨ। ਉਕਤ ਮੈਕਾਨਿਜ਼ਮ ਰਾਜ ਦੇ ਸੰਚਿਤ ਫੰਡ ਵਿੱਚੋਂ ਕੰਪਨੀਆਂ ਅਤੇ ਕਾਰਪੋਰੇਸ਼ਨਾਂ ਵਿੱਚ ਨਿਵੇਸ਼ ਕੀਤੇ ਜਨਤਕ ਫੰਡਾਂ ਦੀ ਵਰਤੋਂ ਉੱਤੇ ਵਿਧਾਨਪਾਲਿਕਾ ਦੇ ਲੋੜੀਂਦੇ ਕੰਟਰੋਲ ਦੀ ਵਿਵਸਥਾ ਕਰਦਾ ਹੈ।

ਇਹ ਵੇਖਿਆ ਗਿਆ ਸੀ ਕਿ ਜਨਤਕ ਖੇਤਰ ਦੇ 40 ਅਦਾਰਿਆਂ (ਪੀ ਐਸ ਯੂ)/ ਕਾਰਪੋਰੇਸ਼ਨਾਂ ਦੇ ਲੇਖੇ 31 ਮਾਰਚ 2022 ਤੱਕ ਬਕਾਇਆ ਸਨ, 30 ਸਤੰਬਰ 2022 ਤੱਕ ਪ੍ਰਾਪਤ ਨਹੀਂ ਹੋਏ, ਜਿਨਾਂ ਵਿੱਚੋਂ 22[6] ਘਾਟੇ ਵਿੱਚ ਚਲ ਰਹੇ ਸਨ। ਅੱਗੇ, ਲੇਖਾ ਪ੍ਰੀਖਿਆ ਦੇ ਧਿਆਨ ਵਿੱਚ ਆਇਆ ਕਿ ਪਿਛਲੇ ਤਿੰਨ ਸਾਲਾਂ ਦੌਰਾਨ ਨੌਂ ਪੀ ਐਸ ਯੂਜ਼/ਕਾਰਪੋਰੇਸ਼ਨਾਂ ਨੂੰ ਇਨ੍ਹਾਂ ਦੇ ਲੇਖੇ ਬਕਾਇਆ ਹੋਣ ਦੇ ਬਾਵਜੂਦ, ₹ 2,653.93 ਕਰੋੜ ਦੀ ਬਜਟਰੀ ਸਹਾਇਤਾ ਮੁਹੱਈਆ ਕਰਵਾਈ ਗਈ ਸੀ, ਜਿਵੇਂ ਕਿ **ਸਾਰਣੀ 4.9** ਵਿੱਚ ਵੇਰਵਾ ਦਿੱਤਾ ਗਿਆ ਹੈ।

**ਸਾਰਣੀ 4.9: ਘਾਟੇ ਵਾਲੇ ਕਮਰਸ਼ੀਅਲ ਅਦਾਰਿਆਂ/ ਕਾਰਪੋਰੇਸ਼ਨਾਂ /ਕੰਪਨੀਆਂ ਨੂੰ ਵਰ੍ਹੇ-ਵਾਰ ਬਜਟਰੀ ਸਹਾਇਤਾ ਦੇਣ ਦੇ ਵੇਰਵੇ**

*(₹ ਕਰੋੜ ਵਿੱਚ)*

| ਲੜੀ ਨੰ. | ਕੰਪਨੀ/ਕਾਰਪੋਰੇਸ਼ਨ ਦਾ ਨਾਂ | ਬਜਟਰੀ ਸਹਾਇਤਾ | | | |
|---|---|---|---|---|---|
| | | 2019-20 | 2020-21 | 2021-22 | ਜੋੜ |
| 1. | ਪੰਜਾਬ ਰਾਜ ਅਨਾਜ ਖਰੀਦ ਕਾਰਪੋਰੇਸ਼ਨ ਲਿਮਿਟਡ (ਪਨਗਰੇਨ) | 35.00 | 155.45 | 250.47 | 440.92 |
| 2. | ਪੰਜਾਬ ਜਲ ਸ੍ਰੋਤ ਪ੍ਰਬੰਧਨ ਅਤੇ ਵਿਕਾਸ ਕਾਰਪੋਰੇਸ਼ਨ ਲਿਮਿਟਡ | 97.51 | 73.38 | 90.22 | 261.11 |
| 3. | ਪੰਜਾਬ ਰਾਜ ਸਿਵਲ ਸਪਲਾਈਜ਼ ਕਾਰਪੋਰੇਸ਼ਨ ਲਿਮਿਟਡ (ਪਨਸਪ) | 122.43 | 247.02 | 571.07 | 940.52 |
| 4. | ਪੰਜਾਬ ਰਾਜ ਉਦਯੋਗਿਕ ਵਿਕਾਸ ਕਾਰਪੋਰੇਸ਼ਨ | 22.00 | 17.38 | 49.00 | 88.38 |
| 5. | ਲੁਧਿਆਣਾ ਸਮਾਰਟ ਸਿਟੀ ਲਿਮਿਟਡ | 0.00 | 25.00 | 222.76 | 247.76 |
| 6. | ਪੰਜਾਬ ਰਾਜ ਵੇਅਰਹਾਊਸਿੰਗ ਕਾਰਪੋਰੇਸ਼ਨ | 10.00 | 67.47 | 60.08 | 137.55 |
| 7. | ਪੰਜਾਬ ਅਨੁਸੂਚਿਤ ਜਾਤੀਆਂ ਭੂਮੀ ਵਿਕਾਸ ਅਤੇ ਵਿੱਤ ਕਾਰਪੋਰੇਸ਼ਨ | 1.09 | 5.41 | 41.48 | 47.98 |
| 8. | ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ | 50.98 | 65.62 | 353.11 | 469.71 |
| 9. | ਪੰਜਾਬ ਵਿੱਤੀ ਕਾਰਪੋਰੇਸ਼ਨ | 4.00 | 8.00 | 8.00 | 20.00 |
| **ਜੋੜ** | | **343.01** | **664.73** | **1646.19** | **2653.93** |

*ਸ੍ਰੋਤ: ਪੀ ਐਸ ਯੂਜ਼ ਵਲੋਂ ਮੁਹੱਈਆਂ ਕਰਵਾਈ ਗਈ ਸੂਚਨਾ*

---

6 (i) ਪੰਜਾਬ ਐਗਰੋ ਫੂਡਗ੍ਰੇਨ ਕਾਰਪੋਰੇਸ਼ਨ ਲਿਮਿਟਡ, (ii) ਪੰਜਾਬ ਰਾਜ ਅਨਾਜ ਖਰੀਦ ਕਾਪੋਰੇਸ਼ਨ ਲਿਮਿਟਡ, (iii) ਪੰਜਾਬ ਜਲ ਸ੍ਰੋਤ ਪ੍ਰਬੰਧਨ ਅਤੇ ਵਿਕਾਸ ਕਾਰਪੋਰੇਸ਼ਨ ਲਿਮਿਟਡ, (iv) ਗੁਲਮੋਹਰ ਟੂਰਿਸਟ ਕੰਪਲੈਕਸ (ਹੋਲੀਡੇ ਹੋਮ) ਲਿਮਿਟਡ, (v) ਪੰਜਾਬ ਰਾਜ ਸਿਵਲ ਸਪਲਾਈਜ਼ ਕਾਰਪੋਰੇਸ਼ਨ ਲਿਮਿਟਡ, (vi) ਪੰਜਾਬ ਰਾਜ ਉਦਯੋਗਿਕ ਵਿਕਾਸ ਕਾਰਪੋਰੇਸ਼ਨ, (vii) ਲੁਧਿਆਣਾ ਸਮਾਰਟ ਸਿਟੀ ਲਿਮਿਟਡ, (viii) ਪੰਜਾਬ ਰਾਜ ਵੇਅਰਹਾਊਸਿੰਗ ਕਾਰਪੋਰੇਸ਼ਨ, (ix) ਪੰਜਾਬ ਅਨੁਸੂਚਿਤ ਜਾਤੀਆਂ ਭੂਮੀ ਵਿਕਾਸ ਅਤੇ ਵਿੱਤ ਕਾਰਪੋਰੇਸ਼ਨ, (x) ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ, (xi) ਪੰਜਾਬ ਵਿੱਤੀ ਕਾਰਪੋਰੇਸ਼ਨ, (xii) ਪੰਜਾਬ ਪੋਲਟਰੀ ਵਿਕਾਸ ਕਾਰਪੋਰੇਸ਼ਨ ਲਿਮਿਟਡ, (xiii) ਪੰਜਾਬ ਫਿਲਮ ਅਤੇ ਨਿਊਜ਼ ਕਾਰਪੋਰੇਸ਼ਨ ਲਿਮਿਟਡ, (xiv) ਪੰਜਾਬ ਫੁਟਵੇਅਰਜ਼ ਲਿਮਿਟਡ, (xv) ਪੰਜਾਬ ਰਾਜ ਹੈਂਡਲੂਮ ਅਤੇ ਕੱਪੜਾ ਵਿਕਾਸ ਕਾਰਪੋਰੇਸ਼ਨ ਲਿਮਿਟਡ, (xvi) ਪੰਜਾਬ ਰਾਜ ਹੌਜ਼ਰੀ ਅਤੇ ਨਿਟਵੀਅਰ ਵਿਕਾਸ ਕਾਰਪੋਰੇਸ਼ਨ ਲਿਮਿਟਡ, (xvii) ਪੰਜਾਬ ਰਾਜ ਚਮੜਾ ਵਿਕਾਸ ਕਾਰਪੋਰੇਸ਼ਨ ਲਿਮਿਟਡ, (xviii) ਪੰਜਾਬ ਵੈਨਚਰ ਇਨਵੈਸਟਰ ਟਰਸਟ ਲਿਮਿਟਡ, (xix) ਪੰਜਾਬ ਮਾਈਕਰੋ ਨਿਊਟਰੀਐਂਟ ਲਿਮਿਟਡ, (xx) ਪੰਜਾਬ ਬਾਇਓ-ਮੈਡੀਕਲ ਸਾਜੋ ਸਮਾਨ ਲਿਮਿਟਡ, (xxi) ਪੰਜਾਬ ਪਾਵਰ ਪੈਕਸ ਲਿਮਿਟਡ, ਅਤੇ (xxii) ਇਲੈਕਟਰੋਨਿਕ ਸਿਸਟਮਜ਼ ਪੰਜਾਬ ਲਿਮਿਟਡ।

ਬਕਾਇਆ ਲੇਖੇ ਵਾਲੀਆਂ ਪੀ ਐਸ ਯੂਜ਼/ਕਾਰਪੋਰੇਸ਼ਨਾਂ ਦੀ ਸਮਾਂ-ਵਾਰ ਰੂਪ ਰੇਖਾ ਨੂੰ **ਸਾਰਣੀ** 4.10 ਵਿੱਚ ਦਿੱਤਾ ਗਿਆ ਹੈ।

**ਸਾਰਣੀ 4.10 : ਬਕਾਇਆ ਲੇਖੇ ਵਾਲੀਆਂ ਪੀ ਐਸ ਯੂਜ਼/ਕਾਰਪੋਰੇਸ਼ਨਾਂ ਦੀ ਸਮਾਂ-ਵਾਰ ਰੂਪ ਰੇਖਾ**

| ਸਾਲਾਂ ਵਿੱਚ ਰੇਂਜ | ਪੀ ਐਸ ਯੂਜ਼/ਕਾਰਪੋਰੇਸ਼ਨਾਂ ਦੀ ਗਿਣਤੀ |
|---|---|
| 0-1 | 13 |
| 1-3 | 14 |
| 3-5 | 04 |
| >5 | 09 |
| **ਜੋੜ** | **40** |

*ਸ੍ਰੋਤ: ਪੀ ਐਸ ਯੂਜ਼ ਵੱਲੋਂ ਭੇਜੀ ਗਈ ਸੂਚਨਾ*

**ਸਾਰਣੀ** 4.10 ਦਰਸਾਉਂਦੀ ਹੈ ਕਿ ਨੌਂ ਪੀ ਐਸ ਯੂਜ਼ ਦੇ ਲੇਖੇ ਪੰਜ ਸਾਲ ਤੋਂ ਵੱਧ ਸਮੇ ਲਈ ਬਕਾਇਆ ਸਨ। ਲੇਖਿਆਂ ਨੂੰ ਸਮੇ ਸਿਰ ਅੰਤਿਮ ਰੂਪ ਨਾ ਦੇਣ ਕਰਕੇ, ਸਰਕਾਰ ਦੇ ਨਿਵੇਸ਼ਾਂ ਦੇ ਸਿੱਟੇ ਰਾਜ ਵਿਧਾਨਪਾਲਿਕਾ ਦੇ ਦਾਇਰੇ ਤੋਂ ਬਾਹਰ ਰਹਿ ਜਾਂਦੇ ਹਨ ਅਤੇ ਲੇਖਾ ਪ੍ਰੀਖਿਆ ਪੜਤਾਲ ਤੋਂ ਬਚ ਜਾਂਦੇ ਹਨ। ਸਿੱਟੇ ਵੱਜੋਂ, ਜਵਾਬਦੇਹੀ ਨੂੰ ਯਕੀਨੀ ਬਣਾਉਣ ਅਤੇ ਕੁਸ਼ਲਤਾ ਵਿੱਚ ਸੁਧਾਰ ਲਈ ਲੋੜੀਂਦੇ ਸੋਧਮਈ ਉਪਾਅ, ਜੇਕਰ ਕੋਈ ਹੋਣ, ਸਮੇਂ ਸਿਰ ਨਹੀਂ ਕੀਤੇ ਜਾ ਸਕਦੇ। ਧੋਖਾਧੜੀ ਅਤੇ ਜਨਤਕ ਧਨ ਦੀ ਗਲਤ ਵਰਤੋਂ ਦੇ ਜੋਖਮ ਨੂੰ ਰੱਦ ਨਹੀਂ ਕੀਤਾ ਜਾ ਸਕਦਾ।

ਇਹ ਸ਼ਿਫਾਰਸ ਕੀਤੀ ਗਈ ਹੈ ਕਿ ਰਾਜ ਸਰਕਾਰ ਨੂੰ ਇਕ ਸਿਸਟਮ ਵਿਕਸਤ ਕਰਨਾ ਚਾਹੀਦਾ ਹੈ ਅਤੇ ਪੀ ਐਸ ਯੂਜ਼/ਕਾਰਪੋਰੇਸ਼ਨਾ ਦੀਆਂ ਅਥਾਰਟੀਆਂ ਨੂੰ ਜੇ, ਲੋੜੀਂਦਾ ਹੋਵੇ, ਪੰਜਾਬ ਸਰਕਾਰ ਦੀ ਵਿੱਤੀ ਸਹਾਇਤਾ ਲਈ ਉਹਨਾਂ ਨੂੰ ਯੋਗ ਬਣਾਉਣ ਲਈ ਇਸ ਦੇ ਅਪ ਟੂ ਡੇਟ ਲੇਖਿਆਂ (ਭਾਵ ਪਿਛਲੇ ਸਾਲ) ਨੂੰ ਮੁਕੰਮਲ ਕਰਨ ਲਈ ਨਿਰਦੇਸ਼ ਦੇਣੇ ਚਾਹੀਦੇ ਹਨ।

## ਹੋਰ ਮਾਮਲੇ

## 4.13 ਕੁਵਰਤੋਂ, ਨੁਕਸਾਨ, ਚੋਰੀਆਂ, ਆਦਿ

ਪੰਜਾਬ ਵਿੱਤੀ ਨਿਯਮਾਵਲੀ ਦਾ ਨਿਯਮ 2.33 ਤੈਅ ਕਰਦਾ ਹੈ ਕਿ ਹਰ ਸਰਕਾਰੀ ਕਰਮਚਾਰੀ ਨੂੰ ਸਰਕਾਰ ਦੁਆਰਾ ਝੱਲੇ ਗਏ ਉਸ ਨੁਕਸਾਨ ਲਈ ਜੋ ਕਿ ਉਸ ਕਰਮਚਾਰੀ ਵਲੋਂ ਧੋਖੇ ਜਾਂ ਅਣਗਹਿਲੀ ਕਾਰਣ ਹੋਇਆ ਹੋਵੇ ਜਾਂ ਉਸ ਨੁਕਸਾਨ ਲਈ ਜੋ ਕਿ ਕਿਸੇ ਹੋਰ ਸਰਕਾਰੀ ਕਰਮਚਾਰੀ ਤੋਂ ਧੋਖੇ ਜਾਂ ਅਣਗਹਿਲੀ ਕਾਰਣ ਹੋਇਆ ਹੋਵੇ, ਉਸ ਹੱਦ ਤੱਕ ਜਿਥੋਂ ਤੱਕ ਉਸ ਕਰਮਚਾਰੀ ਨੇ ਆਪਣੀ ਕਾਰਵਾਈ ਜਾਂ ਅਣਗਹਿਲੀ ਕਰਕੇ ਨੁਕਸਾਨ ਕਰਨ ਵਿੱਚ ਯੋਗਦਾਨ ਪਾਇਆ ਹੋਵੇ, ਵਿਅਕਤੀਗਤ ਤੌਰ ਤੇ ਜਿੰਮੇਵਾਰ ਠਹਿਰਾਇਆ ਜਾਵੇਗਾ। ਇਸ ਤੋਂ ਇਲਾਵਾ, ਉਕਤ ਨਿਯਮ 2.34 ਅਨੁਸਾਰ ਮਹਾਂ ਲੇਖਾਕਾਰ (ਲੇਖਾ ਅਤੇ ਹੱਕਦਾਰੀ) ਨੂੰ ਧੋਖਾਧੜੀ ਅਤੇ ਨੁਕਸਾਨ ਦੇ ਮਾਮਲਿਆਂ ਦੀ ਸੂਚਨਾ ਦੇਣੀ ਜਰੂਰੀ ਹੈ।

31 ਮਾਰਚ 2022 ਨੂੰ ਕੁਵਰਤੋਂ, ਨੁਕਸਾਨ, ਚੋਰੀ, ਆਦਿ ਦੇ ₹ 74.72 ਕਰੋੜ ਦੇ 37 ਮਾਮਲੇ ਬਕਾਇਆ ਪਏ ਸਨ। ਬਕਾਇਆ ਮਾਮਲਿਆਂ ਦਾ ਵਿਭਾਗ-ਵਾਰ ਵੇਰਵਾ **ਸਾਰਣੀ** 4.11 ਵਿੱਚ ਦਿੱਤਾ ਗਿਆ ਹੈ।

**ਸਾਰਣੀ 4.11 : ਕੁਵਰਤੋਂ, ਨੁਕਸਾਨ, ਚੋਰੀ, ਆਦਿ ਦੇ ਬਕਾਇਆ ਮਾਮਲਿਆਂ ਦੇ ਵੇਰਵੇ**

*(₹ ਕਰੋੜ ਵਿੱਚ)*

| ਵਿਭਾਗ/ ਕਾਰਪੋਰੇਸ਼ਨ ਦਾ ਨਾਂਅ | ਸਰਕਾਰੀ ਸਮਾਨ ਦੀ ਕੁਵਰਤੋਂ/ਨੁਕਸਾਨ/ ਚੋਰੀ ਦੇ ਮਾਮਲੇ | | ਕੁਵਰਤੋਂ, ਨੁਕਸਾਨ, ਚੋਰੀ, ਆਦਿ ਦੇ ਬਕਾਇਆ ਮਾਮਲਿਆਂ ਦੇ ਅੰਤਿਮ ਨਿਪਟਾਰੇ ਵਿੱਚ ਦੇਰੀ ਦੇ ਕਾਰਣ | | | | | |
|---|---|---|---|---|---|---|---|---|
| | | | ਵਿਭਾਗੀ ਅਤੇ ਅਪਰਾਧਿਕ ਜਾਂਚ ਦੀ ਉਡੀਕ ਵਿੱਚ | | ਵਿਭਾਗੀ ਕਾਰਵਾਈ ਆਰੰਭੀ ਗਈ ਪਰ ਮੁਕੰਮਲ ਨਹੀਂ ਹੋਈ | | ਅਪਰਾਧਿਕ ਕਾਰਵਾਈਆਂ ਮੁਕੰਮਲ ਹੋਈਆਂ ਪਰ ਰਾਸ਼ੀ ਦੀ ਵਸੂਲੀ ਬਕਾਇਆ | |
| | ਮਾਮਲਿਆਂ ਦੀ ਗਿਣਤੀ | ਰਾਸ਼ੀ | ਮਾਮਲਿਆਂ ਦੀ ਗਿਣਤੀ | ਰਾਸ਼ੀ | ਮਾਮਲਿਆਂ ਦੀ ਗਿਣਤੀ | ਰਾਸ਼ੀ | ਮਾਮਲਿਆਂ ਦੀ ਗਿਣਤੀ | ਰਾਸ਼ੀ |
| ਪੰਜਾਬ ਐਗਰੋ ਫੂਡਗ੍ਰੇਨ ਕਾਰਪੋਰੇਸ਼ਨ | 7 | 15.51 | 0 | 0 | 0 | 0 | 0 | 0 |
| ਪੰਜਾਬ ਰਾਜ ਵੇਅਰ ਹਾਊਸਿੰਗ ਕਾਰਪੋਰੇਸ਼ਨ | 11 | 12.22 | 1 | 0.11 | 0 | 0 | 0 | 0 |
| ਪੰਜਾਬ ਐਗਰੋ ਜੂਸ ਲਿਮਿਟਡ | 1 | 0.71 | 0 | 0 | 0 | 0 | 0 | 0 |
| ਪੰਜਾਬ ਰਾਜ ਸੀਡਜ਼ ਕਾਰਪੋਰੇਸ਼ਨ ਲਿਮਿਟਡ | 1 | 4.10 | 0 | 0 | 0 | 0 | 0 | 0 |
| ਪਨਸਪ | 6 | 19.86 | 1 | 0.13 | 0 | 0 | 1 | 7.07 |
| ਪਨਗਰੇਨ | 5 | 19.10 | 0 | 0 | 0 | 0 | 0 | 0 |
| ਸਹਾਇਕ ਰਜਿਸਟਰਾਰ ਸਹਿਕਾਰੀ ਸਭਾਵਾਂ | 1 | 0.36 | 0 | 0 | 1 | 0.36 | 0 | 0 |
| ਨਗਰ ਨਿਗਮ | 2 | 0.65 | 0 | 0 | 2 | 0.65 | 0 | 0 |
| ਸਿੱਖਿਆ | 3 | 2.21 | 0 | 0 | 3 | 2.21 | 0 | 0 |
| **ਜੋੜ** | **37*** | **74.72** | **2** | **0.24** | **6** | **3.22** | **1** | **7.07** |

*ਸ੍ਰੋਤ: ਵਿਭਾਗੀ ਡਾਟਾ/ਸੂਚਨਾ*

**28 ਮਾਮਲਿਆਂ ਦੇ ਸਬੰਧ ਵਿੱਚ ਸਥਿਤੀ ਉਪਲਬੱਧ ਨਹੀਂ ਸੀ।*

ਕੁੱਲ 37 ਮਾਮਲਿਆਂ ਵਿੱਚੋਂ, ਛੇ ਮਾਮਲਿਆਂ (₹ 3.22 ਕਰੋੜ) ਦੇ ਸਬੰਧ ਵਿੱਚ ਵਿਭਾਗੀ ਕਾਰਵਾਈ ਨੂੰ ਅੰਤਮ ਰੂਪ ਨਹੀਂ ਦਿੱਤਾ ਗਿਆ ਸੀ ਜਦੋਂਕਿ ਇਕ ਮਾਮਲੇ (₹ 7.07 ਕਰੋੜ) ਵਿੱਚ ਅਪਰਾਧਿਕ ਕਾਰਵਾਈਆਂ ਅੰਤਿਮ ਰੂਪ ਦਿੱਤਾ ਗਿਆ ਸੀ ਪ੍ਰੰਤੂ, ਰਾਸ਼ੀ ਦੀ ਵਸੂਲੀ ਬਕਾਇਆ ਸੀ।

ਬਕਾਇਆ ਮਾਮਲਿਆਂ ਦੀ ਸਮਾਂ-ਵਾਰ ਰੂਪ ਰੇਖਾ ਅਤੇ ਹਰ ਸ਼੍ਰੇਣੀ ਵਿੱਚ ਸਰਕਾਰੀ ਸਮਾਨ ਦੀ ਚੋਰੀ ਅਤੇ ਕੁਵਰਤੋਂ/ਨੁਕਸਾਨ ਵਿੱਚ, ਬਕਾਇਆ ਮਾਮਲਿਆਂ ਦੀ ਗਿਣਤੀ ਦਾ ਸੰਖੇਪ **ਸਾਰਣੀ** 4.12 ਵਿੱਚ ਦਿੱਤਾ ਗਿਆ ਹੈ।

**ਸਾਰਣੀ 4.12: ਕੁਵਰਤੋਂ, ਨੁਕਸਾਨਾਂ, ਧੋਖਾਧੜੀ, ਆਦਿ ਦੀ ਰੂਪ ਰੇਖਾ**

***(₹ ਕਰੋੜ ਵਿੱਚ)***

| ਬਕਾਇਆ ਮਾਮਲਿਆਂ ਦੀ ਸਮਾ-ਵਾਰ ਰੂਪ ਰੇਖਾ | | | ਬਕਾਇਆ ਮਾਮਲਿਆਂ ਦੀ ਪ੍ਰਕ੍ਰਿਤੀ | | |
|---|---|---|---|---|---|
| ਸਾਲਾਂ ਵਿੱਚ ਰੇਂਜ | ਮਾਮਲਿਆਂ ਦੀ ਗਿਣਤੀ | ਸ਼ਾਮਲ ਰਾਸ਼ੀ | | ਮਾਮਲਿਆਂ ਦੀ ਗਿਣਤੀ | ਸ਼ਾਮਲ ਰਾਸ਼ੀ |
| 0-5 | 26 | 50.12 | ਚੋਰੀ ਦੇ ਮਾਮਲੇ | 10 | 8.05 |
| | | | ਸਰਕਾਰੀ ਸਮਾਨ ਦੀ ਕੁਵਰਤੋਂ/ਨੁਕਸਾਨ | 16 | 42.07 |
| 5-10 | 11 | 24.60 | ਚੋਰੀ ਦੇ ਮਾਮਲੇ | 1 | 0.12 |
| | | | ਸਰਕਾਰੀ ਸਮਾਨ ਦੀ ਕੁਵਰਤੋਂ/ਨੁਕਸਾਨ | 10 | 24.48 |
| **ਜੋੜ** | **37** | **74.72** | **ਜੋੜ** | **37** | **74.72** |

*ਸ੍ਰੋਤ: ਵਿਭਾਗੀ ਡਾਟਾ/ਸੂਚਨਾ*

ਕੁੱਲ ਮਾਮਲਿਆਂ ਵਿੱਚੋਂ, ₹ 8.17 ਕਰੋੜ ਦੇ 11 ਮਾਮਲੇ ਸਰਕਾਰੀ ਰਾਸ਼ੀ/ਸਟੋਰ ਨਾਂਲ ਸਬੰਧਤ ਸਨ। ਅੱਗੇ, ਇਹ ਵੀ ਧਿਆਨ ਵਿੱਚ ਆਇਆ ਕਿ ਸਰਕਾਰੀ ਸਮਾਨ ਦੀ ਕੁਵਰਤੋਂ/ਨੁਕਸਾਨ ਧੋਖਾਧੜੀ ਦੇ ਕੁੱਲ 37 ਮਾਮਲਿਆਂ ਵਿੱਚੋਂ, ₹ 24.60 ਕਰੋੜ ਦੇ 11 ਮਾਮਲੇ ਪੰਜ ਸਾਲਾਂ ਤੋਂ ਵਧ ਪੁਰਾਣੇ ਸਨ।

ਚੋਰੀ, ਕੁਵਰਤੋਂ, ਆਦਿ ਦੇ ਮਾਮਲਿਆਂ ਵਿੱਚ ਤੁਰੰਤ ਕਾਰਵਾਈ ਕਰਨ ਲਈ ਸਰਕਾਰ ਸਮਾਂ-ਬੱਧ ਫਰੇਮਵਰਕ ਤਿਆਰ ਕਰਨ ਬਾਰੇ ਵਿਚਾਰ ਕਰ ਸਕਦੀ ਹੈ।

## 4.14 ਰਾਜ ਦੇ ਵਿੱਤਾਂ ਉੱਤੇ ਲੇਖਾ ਪ੍ਰੀਖਿਆ ਰਿਪੋਰਟ ਦੀ ਪੈਰਵ੍ਹੀ ਕਰਨ ਲਈ ਕਾਰਵਾਈ

ਰਿਪੋਰਟਾਂ ਵਿਧਾਨਪਾਲਿਕਾ ਵਿੱਚ ਪੇਸ਼ ਹੋਣ ਤੋਂ ਇਕ ਮਹੀਨੇ ਦੇ ਅੰਦਰ-ਅੰਦਰ ਹਰ ਰਾਜ ਵਿੱਚ, ਲੋਕ ਲੇਖਾ ਕਮੇਟੀ (ਪੀ ਏ ਸੀ)/ਵਿੱਤ ਵਿਭਾਗ ਨੂੰ ਲੇਖਾ ਪ੍ਰੀਖਿਆ ਰਿਪੋਰਟਾਂ ਵਿੱਚ ਸ਼ਾਮਲ ਪੈਰ੍ਹਿਆਂ 'ਤੇ ਸਬੰਧਤ ਵਿਭਾਗਾਂ ਵੱਲੋਂ ਆਪਣੇ ਆਪ ਹੀ ਵਿਆਖਿਆਤਮਕ ਨੋਟ (ਈ ਐਨ) ਮੁਹੱਈਆ ਕਰਾਉਣਾ ਲੋੜੀਂਦਾ ਹੈ। ਰਿਪੋਰਟਾਂ ਪੇਸ਼ ਹੋਣ ਤੋਂ ਤਿੰਨ ਮਹੀਨਿਆਂ ਦੇ ਅੰਦਰ-ਅੰਦਰ ਸਬੰਧਤ ਵਿਭਾਗਾਂ ਵੱਲੋਂ ਏ ਜੀ ਨੂੰ ਐਕਸ਼ਨ ਟੇਕਨ ਨੋਟਸ (ਏ ਟੀ ਐਨਜ਼) (ਵੈਟਿੰਗ ਲਈ ਅਤੇ ਪੀ ਏ ਸੀ ਨੂੰ ਅੱਗੇ ਭੇਜਣ ਲਈ) ਮੁੱਹਈਆ ਕਰਵਾਉਣੇ ਵੀ ਲੋੜੀਂਦੇ ਹਨ।

ਸਾਲ 2013-14 ਲਈ ਰਾਜ ਦੇ ਵਿੱਤਾਂ ਉੱਤੇ ਲੇਖਾ ਪ੍ਰੀਖਿਆ ਰਿਪੋਰਟ ਦੀ 03 ਅਗਸਤ 2015 ਨੂੰ ਪੀ ਏ ਸੀ ਦੀ ਬੈਠਕ ਵਿੱਚ ਚਰਚਾ ਹੋਈ ਸੀ ਅਤੇ ਕਮੇਟੀ ਨੇ ਵਿੱਤ ਵਿਭਾਗ ਨੂੰ ਤਿੰਨ ਹਫਤਿਆਂ ਦੇ ਅੰਦਰ-ਅੰਦਰ ਸਾਰੇ ਪੈਰ੍ਹਿਆਂ ਦੇ ਜਵਾਬ ਪੇਸ਼ ਕਰਨ ਦਾ ਨਿਰਦੇਸ਼ ਦਿੱਤਾ ਸੀ, ਪ੍ਰੰਤੂ ਵਿੱਤ ਵਿਭਾਗ ਵੱਲੋਂ ਤੈਅ ਕੀਤੇ ਗਏ ਸਮੇਂ ਦੇ ਅੰਦਰ ਕੋਈ ਜਵਾਬ ਪੇਸ਼ ਨਹੀਂ ਕੀਤਾ ਸੀ।

ਪੀ ਏ ਸੀ ਵੱਲੋਂ 05 ਜੁਲਾਈ 2019, 22 ਅਕਤੂਬਰ 2019, 02 ਜੂਨ 2020 ਅਤੇ 12 ਸਤੰਬਰ 2022 ਨੂੰ ਉੱਤਰ ਨਾ ਭੇਜਣ ਦੇ ਮਾਮਲੇ ਸਬੰਧੀ ਚਰਚਾ ਕੀਤੀ ਗਈ ਸੀ ਜਿਸਨੇ ਸਾਲ 2014-15 ਤੋਂ 2017-18 ਲਈ ਰਾਜ ਦੇ ਵਿੱਤਾਂ ਉੱਤੇ ਲੇਖਾ ਪ੍ਰੀਖਿਆ ਰਿਪੋਰਟਾਂ ਦੇ ਜਵਾਬ ਭੇਜਣ ਲਈ ਵਿੱਤ ਵਿਭਾਗ ਨੂੰ ਨਿਰਦੇਸ਼ ਦਿੱਤੇ। ਸਾਲ 2015-16 ਤੋਂ 2017-18 ਲਈ ਰਾਜ ਦੇ ਵਿੱਤਾਂ ਉੱਤੇ ਲੇਖਾ ਪ੍ਰੀਖਿਆ ਰਿਪੋਰਟਾਂ ਦੇ ਜਵਾਬ ਪ੍ਰਾਪਤ ਹੋ ਗਏ ਹਨ। ਪੀ ਏ ਸੀ ਵਿੱਚ ਸਾਲ 2016-17 ਲਈ ਰਾਜ

ਦੇ ਵਿੱਤਾ ਉੱਤੇ ਲੇਖਾ ਪ੍ਰੀਖਿਆ ਰਿਪੋਰਟ ਤੇ 7 ਸਤੰਬਰ 2021 ਨੂੰ ਚਰਚਾ ਕੀਤੀ ਗਈ ਸੀ ਪਰ 2015-16 ਲਈ ਰਾਜ ਦੇ ਵਿੱਤਾਂ ਉੱਤੇ ਲੇਖਾ ਪ੍ਰੀਖਿਆ ਰਿਪੋਰਟ ਤੇ ਚਰਚਾ ਅਜੇ ਬਾਕੀ ਹੈ। 31 ਮਾਰਚ 2020 ਅਤੇ 31 ਮਾਰਚ 2021 ਨੂੰ ਖਤਮ ਹੋਏ ਸਾਲਾਂ ਲਈ ਰਾਜ ਦੇ ਵਿੱਤਾਂ ਉੱਤੇ ਲੇਖਾ ਪ੍ਰੀਖਿਆ ਰਿਪੋਰਟ 29 ਜੂਨ 2022 ਨੂੰ ਵਿਧਾਨ ਸਭਾ ਵਿੱਚ ਰੱਖੀ ਗਈ ਸੀ।

ਰਾਜ ਸਰਕਾਰ ਨੇ ਕਿਹਾ (ਦਸੰਬਰ 2022) ਕਿ ਏ ਡੀਜ਼ ਨੂੰ ਰਾਜ ਦੇ ਵਿੱਤਾਂ ਦੀ ਲੇਖਾ ਪ੍ਰੀਖਿਆ ਰਿਪੋਰਟ (ਐਸ ਐਫ ਏ ਆਰ) ਵਿੱਚ ਲੇਖਾ ਪ੍ਰੀਖਿਆ ਰਿਪੋਰਟ ਦੁਆਰਾ ਕੀਤੇ ਗਏ ਨਿਰੀਖਣਾਂ/ਸਿਫਾਰਸ਼ਾਂ ਤੇ ਕਾਰਵਾਈ ਕਰਨ ਲਈ ਨਿਰਦੇਸ਼ ਦਿੱਤੇ ਜਾ ਰਹੇ ਹਨ। ਜਵਾਬਾਂ ਨੂੰ ਪੇਸ਼ ਕਰਨ ਲਈ ਇੱਕ ਡਿਜੀਟਾਈਜ਼ਡ ਪ੍ਰਣਾਲੀ ਵਿਕਸਿਤ ਕੀਤੀ ਜਾ ਰਹੀ ਹੈ। ਸਾਲ 2017-18 ਲਈ ਐਸ ਐਫ ਏ ਆਰ ਦੇ ਜਵਾਬ ਜਲਦੀ ਹੀ ਪੇਸ਼ ਕੀਤੇ ਜਾਣਗੇ।

## 4.15 ਵਿੱਤੀ ਵੰਡ ਬਾਰੇ ਛੇਵੇਂ ਪੰਜਾਬ ਵਿੱਤ ਕਮਿਸ਼ਨ ਦੀਆਂ ਸਿਫਾਰਸ਼ਾਂ ਨੂੰ ਲਾਗੂ ਕਰਨਾ

ਛੇਵੇਂ ਪੰਜਾਬ ਵਿੱਤ ਕਮਿਸ਼ਨ ਦਾ ਗਠਨ ਰਾਜ ਸਰਕਾਰ ਵੱਲੋਂ ਪੰਜਾਬ ਵਿੱਤ ਕਮਿਸ਼ਨ ਫਾਰ ਪੰਚਾਇਤਾਂ ਅਤੇ ਨਗਰਪਾਲਿਕਾ ਐਕਟ, 1994 ਦੀ ਧਾਰਾ 3(1) ਅਧੀਨ ਕੀਤਾ ਗਿਆ ਸੀ। ਕਮਿਸ਼ਨ ਨੇ 29 ਜਨਵਰੀ 2021 ਨੂੰ ਸਾਲ 2021-22 ਲਈ ਆਪਣੀ ਰਿਪੋਰਟ ਪੇਸ਼ ਕੀਤੀ ਸੀ। ਕਮਿਸ਼ਨ ਨੇ ਸਥਾਨਕ ਸੰਸਥਾਵਾਂ ਨੂੰ ਵਰਟੀਕਲ ਵੰਡ ਲਈ ਰਾਜ ਦੇ ਨਿਰੋਲ ਆਪਣੇ ਕਰ ਰੈਵੀਨਿਊ ਦਾ ਚਾਰ *ਪ੍ਰਤੀਸ਼ਤ* ਹਿੱਸਾ ਦੇਣ ਦੀ ਸਿਫਾਰਸ਼ ਕੀਤੀ ਹੈ। ਰਾਜ ਸਰਕਾਰ ਨੇ ਪ੍ਰਸਤਾਵ ਦੀ ਪੂਰੀ ਤਰ੍ਹਾਂ ਜਾਂਚ ਕਰਨ ਅਤੇ ਇਸ ਦੀਆਂ ਸਿਫਾਰਸ਼ਾਂ ਦੇਣ ਲਈ ਮੰਤਰੀਆਂ ਦਾ ਇੱਕ ਸਮੂਹ (ਜੀ ਓ ਐਮ) ਬਣਾਇਆ, ਪਰ ਸਾਲ 2021-22 ਲਈ ਜੀ ਓ ਐਮ ਦੁਆਰਾ ਕੋਈ ਸਿਫਾਰਸ਼ ਨਹੀਂ ਕੀਤੀ ਗਈ ਸੀ। ਇਸ ਲਈ, 2021-22 ਦੌਰਾਨ ਕਰਾਂ ਵਿੱਚ ਹਿੱਸੇ ਦੀ ਕੋਈ ਵਰਟੀਕਲ ਵੰਡ ਨਹੀਂ ਹੋਈ।

ਰਾਜ ਸਰਕਾਰ ਨੇ ਕਿਹਾ (ਦਸੰਬਰ 2022) ਕਿ ਮਾਮਲਾ ਸਰਕਾਰ ਦੇ ਯੋਗ ਵਿਚਾਰ ਅਧੀਨ ਸੀ।

## 4.16 ਸਿੱਟੇ

ਉਗਰਾਹੀ ਕੀਤੇ ਗਏ ₹ 17.89 ਕਰੋੜ ਦੇ ਵੱਖ-ਵੱਖ ਸੈੱਸ ਰਾਜ ਦੇ ਸੰਚਿਤ ਫੰਡ ਨੂੰ ਟਰਾਂਸਫਰ ਨਹੀਂ ਕੀਤੇ ਗਏ ਸਨ। ਸਰਕਾਰੀ ਵਿਭਾਗਾਂ ਨੇ ₹ 12.88 ਕਰੋੜ ਦੀ ਰਾਸ਼ੀ ਦੇ ਵੱਖ ਵੱਖ ਸੈੱਸ ਸਬੰਧਤ ਬੋਰਡਾਂ ਨੂੰ ਟਰਾਂਸਫਰ ਨਹੀਂ ਕੀਤੇ ਸਨ।

₹ 1,800.45 ਕਰੋੜ (277 ਯੂ ਸੀਜ਼) ਦੀ ਰਾਸ਼ੀ ਦੇ ਵਰਤੋਂ ਸਰਟੀਫੀਕੇਟਾਂ (ਯੂ ਸੀ) ਦਾ ਇੰਤਜ਼ਾਰ ਸੀ, ਜੋ ਕਿ ਪ੍ਰਸ਼ਾਸਨਿਕ ਵਿਭਾਗਾਂ ਦੇ ਅੰਦਰੂਨੀ ਕੰਟਰੋਲ ਦੀ ਘਾਟ ਅਤੇ ਇਹ ਸਰਕਾਰ ਵੱਲੋਂ ਪਿਛਲੀਆਂ ਗ੍ਰਾਂਟਾਂ ਦੀ ਉਚਿੱਤ ਵਰਤੋਂ ਕੀਤੇ ਜਾਣ ਨੂੰ ਯਕੀਨੀ ਬਣਾਏ ਬਗੈਰ ਨਵੀਆਂ ਗ੍ਰਾਂਟਾਂ ਦੀ ਵੰਡ ਕਰਨ ਵੱਲ ਝੁਕਾਅ ਦਾ ਇੱਕ ਸੰਕੇਤ ਕਰਦਾ ਹੈ। ਇਸੇ ਤਰ੍ਹਾਂ ₹ 4,081.62 ਕਰੋੜ (1,675 ਡੀ ਸੀ ਬਿਲ) ਦੀ ਰਾਸ਼ੀ ਦੇ ਡਿਟੇਲਡ ਕੰਟੀਜੈਂਟ (ਡੀ ਸੀ) ਬਿਲਾਂ ਦਾ ਵੀ ਇੰਤਜਾਰ ਸੀ। ਸਾਲ 2021-22 ਲਈ ਰਾਜ ਸਰਕਾਰ ਦੇ ਕੈਸ਼ ਬਕਾਏ ਵਿੱਚ ₹ 339.06 ਕਰੋੜ (ਡੈਬਿਟ) ਦਾ ਬਿਨਾਂ ਮਿਲਾਨ

ਕੀਤੇ ਅੰਤਰ ਸੀ। ਚਾਰ ਵਿਭਾਗਾਂ ਨਾਲ ਸਬੰਧਤ ਮੰਡਲਾਂ ਦੇ ਬੈਂਕ ਖਾਤਿਆਂ ਵਿੱਚ ₹ 1,374.99 ਕਰੋੜ ਦੀ ਰਾਸ਼ੀ ਅਜੇ ਤੱਕ ਪਈ ਸੀ।

ਪੰਜ ਖੁਦਮੁਖਤਿਆਰ ਸੰਗਠਨਾਂ ਅਤੇ 40 ਜਨਤਕ ਖੇਤਰ ਦੇ ਅਦਾਰਿਆਂ/ਕਾਰਪੋਰੇਸ਼ਨ ਨੇ ਕਾਫੀ ਸਮੇਂ ਤੋਂ ਆਪਣੇ ਫਾਈਨਲ ਲੇਖੇ ਤਿਆਰ ਨਹੀਂ ਕੀਤੇ। ਸਿੱਟੇ ਵਜੋਂ, ਉਨ੍ਹਾਂ ਦੀ ਵਿੱਤੀ ਸਥਿਤੀ ਦਾ ਮੁਲਾਂਕਣ ਨਹੀਂ ਹੋ ਸਕਦਾ ਸੀ ਅਤੇ ਸਰਕਾਰ ਦੇ ਨਿਵੇਸ਼ ਦੇ ਨਤੀਜੇ ਰਾਜ ਵਿਧਾਨ ਪਾਲਿਕਾ ਦੇ ਦਾਇਰੇ ਤੋਂ ਬਾਹਰ ਰਹੇ।

ਅੱਗੇ, ਚੋਰੀ, ਕੁਵਰਤੋਂ, ਸਰਕਾਰੀ ਸਮਾਨ ਦਾ ਨੁਕਸਾਨ ਅਤੇ ਧੋਖਾਧੜੀ ਦੇ 37 ਮਾਮਲਿਆਂ ਵਿੱਚ ਲੰਮੇਂ ਸਮੇਂ ਤੋਂ ਵਿਭਾਗੀ ਕਾਰਵਾਈ ਬਕਾਇਆ ਸੀ।

## 4.17 ਸਿਫਾਰਸ਼ਾਂ

(i) ਸਰਕਾਰ ਨੂੰ, ਵੱਖ ਵੱਖ ਸੈਸਾਂ ਦੀ ਉਗਰਾਹੀ, ਸਰਕਾਰੀ ਲੇਖੇ ਵਿੱਚ ਜਮ੍ਹਾਂ ਕਰਾਉਣ ਅਤੇ ਵਰਤੋਂ ਕਰਨ ਲਈ ਉਚਿਤ ਲੇਖਾ ਪ੍ਰਣਾਲੀ ਨਿਰਧਾਰਤ ਕਰਨੀ ਚਾਹੀਦੀ ਹੈ ਤਾਂ ਕਿ ਰਾਜ ਦੇ ਲੇਖਿਆਂ ਤੋਂ ਸੈੱਸ ਅਤੇ ਡਾਟਾ ਦੇ ਵੇਰਵੇ ਅਸਾਨੀ ਨਾਲ ਪਹੁੰਚਯੋਗ ਹੋਣ।

(ii) ਸਰਕਾਰ ਨੂੰ, ਵਿਸ਼ੇਸ ਮੰਤਵਾਂ ਲਈ ਜਾਰੀ ਗ੍ਰਾਂਟਾਂ ਦੇ ਸਬੰਧ ਵਿੱਚ ਵਿਭਾਗਾਂ ਵੱਲੋਂ ਸਮੇਂ ਸਿਰ ਵਰਤੋਂ ਸਰਟੀਫੀਕੇਟ ਭੇਜਣ ਨੂੰ ਯਕੀਨੀ ਬਣਾਉਣਾ ਚਾਹੀਦਾ ਹੈ।

(iii) ਜਿਵੇਂ ਕਿ ਨਿਯਮਾਂ ਅਧੀਨ ਲੋੜੀਂਦਾ ਹੈ, ਸਰਕਾਰ ਨੂੰ ਚਾਹੀਦਾ ਹੈ ਕਿ ਅਬਸਟ੍ਰੈਕਟ ਕੰਟੀਜੈਂਟ ਬਿਲਾਂ ਨੂੰ ਨਿਰਧਾਰਤ ਸਮੇਂ ਦੇ ਅੰਦਰ ਸਮਾਯੋਜਨ ਕਰਨ ਨੂੰ ਯਕੀਨੀ ਬਣਾਏ।

(iv) ਵਿੱਤ ਵਿਭਾਗ ਨੂੰ, ਖੁਦਮੁਖਤਿਆਰ ਸੰਗਠਨਾਂ ਅਤੇ ਵਿਭਾਗੀ ਤੌਰ ਤੇ ਚਲਾਏ ਜਾਂਦੇ ਅਦਾਰਿਆਂ ਦੀ ਵਿੱਤੀ ਸਥਿਤੀ ਦਾ ਮੁਲਾਂਕਣ ਕਰਨ ਲਈ ਇਨ੍ਹਾਂ ਵਲੋਂ ਸਲਾਨਾ ਲੇਖਿਆਂ ਦੇ ਸੰਕਲਨ ਕਰਨ ਅਤੇ ਪੇਸ਼ ਕਰਨ ਵਿੱਚ ਤੇਜ਼ੀ ਲਿਆਉਣ ਲਈ ਇੱਕ ਕਾਰਜ ਪ੍ਰਣਾਲੀ ਸਥਾਪਿਤ ਕਰਨੀ ਚਾਹੀਦੀ ਹੈ।

(v) ਕੁਵਰਤੋਂ, ਨੁਕਸਾਨ, ਚੋਰੀ, ਆਦਿ ਦੇ ਮਾਮਲਿਆਂ ਵਿੱਚ ਤੁਰੰਤ ਕਾਰਵਾਈ ਕਰਨ ਲਈ, ਇੱਕ ਸਮਾਂ-ਬੱਧ ਫਰੇਮਵਰਕ ਬਣਾਉਣ ਅਤੇ ਅਜਿਹੇ ਮਾਮਲਿਆਂ ਦੇ ਮੁੜ-ਵਾਪਰਨ ਤੋਂ ਰੋਕਣ ਲਈ ਅੰਦਰੂਨੀ ਕੰਟਰੋਲ ਸਿਸਟਮ ਨੂੰ ਮਜਬੂਤ ਕਰਨ ਬਾਰੇ ਸਰਕਾਰ ਵਿਚਾਰ ਕਰ ਸਕਦੀ ਹੈ।

# ਅਧਿਆਇ -V

# ਰਾਜ ਜਨਤਕ ਖੇਤਰ ਦੇ ਅਦਾਰੇ

# ਅਧਿਆਇ-V

# ਰਾਜ ਜਨਤਕ ਖੇਤਰ ਦੇ ਅਦਾਰੇ

ਇਹ ਅਧਿਆਇ ਸਰਕਾਰੀ ਕੰਪਨੀਆਂ, ਅਧਿਨਿਯਮਿਕ ਕਾਰਪੋਰੇਸ਼ਨਾਂ ਅਤੇ ਸਰਕਾਰ ਦੁਆਰਾ ਨਿਯੰਤਰਿਤ ਹੋਰ ਕੰਪਨੀਆਂ (ਜੀ ਸੀ ਓ ਸੀਜ਼) ਦੀ ਵਿੱਤੀ ਕਾਰਗੁਜ਼ਾਰੀ ਨੂੰ ਪੇਸ਼ ਕਰਦਾ ਹੈ। ਰਾਜ ਦੇ ਇਨ੍ਹਾਂ ਜਨਤਕ ਖੇਤਰ ਦੇ ਅਦਾਰਿਆਂ (ਐਸ ਪੀ ਐਸ ਈਜ਼) ਦੀਆਂ ਵਿੱਤੀ ਵਿਵਰਣੀਆਂ ਦੀ ਭਾਰਤ ਦੇ ਲੇਖਾ ਨਿਰੀਖਕ ਅਤੇ ਮਹਾਂ ਲੇਖਾ ਪਰੀਖਕ (ਸੀ ਏ ਜੀ) ਦੁਆਰਾ ਸਾਲ 2021-22 (ਜਾਂ ਮੌਜੂਦਾ ਸਾਲ ਦੌਰਾਨ ਪਿਛਲੇ ਸਾਲਾਂ ਦੇ ਅੰਤਿਮ ਰੂਪ ਦਿੱਤੇ ਗਏ) ਦੀ ਪੂਰਕ ਲੇਖਾ ਪ੍ਰੀਖਿਆ ਸਮੀਖਿਆ ਦੇ ਨਤੀਜੇ ਵੱਜੋਂ ਜ਼ਾਰੀ ਮਹਤੱਵਪੂਰਨ ਟਿੱਪਣੀਆਂ ਦੇ ਪ੍ਰਭਾਵ ਤੇ ਵੀ ਵਿਚਾਰ ਕੀਤਾ ਗਿਆ ਹੈ।

## 5.1 ਸਰਕਾਰੀ ਕੰਪਨੀਆਂ ਦੀ ਪਰਿਭਾਸ਼ਾ

ਕੰਪਨੀਜ਼ ਐਕਟ, 2013 ਦੀ ਧਾਰਾ 2(45) ਦੇ ਅਨੁਸਾਰ, ਇੱਕ ਸਰਕਾਰੀ ਕੰਪਨੀ ਦੀ ਪਰਿਭਾਸ਼ਾ ਹੈ ਕਿ ਕੋਈ ਕੰਪਨੀ ਜਿਸ ਵਿੱਚ ਘੱਟੋ-ਘੱਟ 51 *ਪ੍ਰਤੀਸ਼ਤ* ਅਦਾ ਕੀਤੀ ਪੂੰਜੀ ਕੇਂਦਰ ਸਰਕਾਰ ਜਾਂ ਕਿਸੇ ਰਾਜ ਸਰਕਾਰ ਜਾਂ ਸਰਕਾਰਾਂ ਜਾਂ ਅੰਸ਼ਕ ਰੂਪ ਵਿੱਚ ਕੇਂਦਰ ਸਰਕਾਰ ਅਤੇ ਅੰਸ਼ਕ ਰੂਪ ਵਿੱਚ ਇੱਕ ਜਾਂ ਵੱਧ ਰਾਜ ਸਰਕਾਰਾਂ ਕੋਲ ਹੋਵੇ ਅਤੇ ਉਹ ਕੰਪਨੀ ਸ਼ਾਮਲ ਹੈ ਜਿਹੜੀ ਸਰਕਾਰੀ ਕੰਪਨੀ ਦੀ ਸਹਾਇਕ ਕੰਪਨੀ ਹੋਵੇ।

ਇਸ ਤੋਂ ਇਲਾਵਾ, ਕੋਈ ਹੋਰ ਕੰਪਨੀ[1] ਜਿਸ ਦਾ ਨਿਯੰਤਰਨ ਜਾਂ ਮਲਕੀਅਤ, ਸਿੱਧੇ ਜਾਂ ਅਸਿੱਧੇ ਤੌਰ ਤੇ, ਕੇਂਦਰ ਸਰਕਾਰ ਦੁਆਰਾ ਜਾਂ ਕਿਸੇ ਰਾਜ ਸਰਕਾਰ ਜਾਂ ਸਰਕਾਰਾਂ ਦੁਆਰਾ ਜਾਂ ਅੰਸ਼ਕ ਰੂਪ ਵਿੱਚ ਕੇਂਦਰ ਸਰਕਾਰ ਅਤੇ ਅੰਸ਼ਕ ਰੂਪ ਵਿੱਚ ਇੱਕ ਜਾਂ ਵੱਧ ਰਾਜ ਸਰਕਾਰਾਂ ਦੁਆਰਾ ਹੁੰਦੀ ਹੈ, ਨੂੰ ਇਸ ਰਿਪੋਰਟ ਵਿੱਚ ਸਰਕਾਰ ਦੁਆਰਾ ਨਿਯੰਤਰਿਤ ਹੋਰ ਕੰਪਨੀਆਂ (ਜੀ ਸੀ ਓ ਸੀਜ਼) ਵਜੋਂ ਦਰਸਾਇਆ ਗਿਆ ਹੈ।

## 5.2 ਲੇਖਾ ਪ੍ਰੀਖਿਆ ਦਾ ਅਧਿਕਾਰ

ਸਰਕਾਰੀ ਕੰਪਨੀਆਂ ਅਤੇ ਸਰਕਾਰ ਦੁਆਰਾ ਨਿਯੰਤਰਿਤ ਹੋਰ ਕੰਪਨੀਆਂ ਦੀ ਲੇਖਾ ਪ੍ਰੀਖਿਆ ਸੀ ਏ ਜੀ ਦੁਆਰਾ ਕੰਪਨੀਜ਼ ਐਕਟ, 2013 ਦੀ ਧਾਰਾ 143(5) ਤੋਂ 143(7) ਅਤੇ ਸੀ ਏ ਜੀ ਦੇ (ਡਿਊਟੀਆਂ, ਸ਼ਕਤੀਆਂ ਅਤੇ ਸੇਵਾਵਾਂ ਦੀਆਂ ਸ਼ਰਤਾਂ) ਐਕਟ, 1971 ਦੀ ਧਾਰਾ 19 ਦੇ ਉਪਬੰਧ ਅਤੇ ਉਸ ਦੇ ਅਧੀਨ ਬਣੇ ਵਿਨਿਯਮਾਂ ਦੇ ਅਧੀਨ ਕੀਤੀ ਜਾਂਦੀ ਹੈ। ਸੀ ਏ ਜੀ, ਕੰਪਨੀਜ਼ ਐਕਟ, 2013 ਦੇ ਅਧੀਨ ਚਾਰਟਰਡ ਅਕਾਊਂਟੈਂਟਾਂ ਨੂੰ ਕੰਪਨੀਆਂ ਦੇ ਅਧਿਨਿਯਮਿਕ ਲੇਖਾ ਪਰੀਖਕਾਂ ਦੇ ਤੌਰ ਤੇ ਨਿਯੁਕਤੀ ਕਰਦਾ ਹੈ ਅਤੇ ਖਾਤਿਆਂ ਦੀ ਲੇਖਾ ਪ੍ਰੀਖਿਆ ਕਰਨ ਦੇ ਤਰੀਕੇ ਬਾਰੇ ਨਿਰਦੇਸ਼ ਦਿੰਦਾ

---

1. ਕੰਪਨੀਜ਼ (ਮੁਸ਼ਕਲਾਂ ਨੂੰ ਹਟਾਉਣਾ) ਸੱਤਵਾਂ ਆਦੇਸ਼, 2014 ਜੋ ਕਿ ਕਾਰਪੋਰੇਟ ਮਾਮਲਿਆਂ ਦੇ ਮੰਤਰਾਲੇ ਦੁਆਰਾ ਮਿੱਤੀ 4 ਸਤੰਬਰ 2014 ਨੂੰ ਗਜ਼ਟ ਨੋਟੀਫਿਕੇਸ਼ਨ ਦੁਆਰਾ ਜਾਰੀ ਕੀਤਾ ਗਿਆ ਸੀ।

ਹੈ। ਇਸ ਤੋਂ ਇਲਾਵਾ, ਸੀ ਏ ਜੀ ਨੂੰ ਕੰਪਨੀ ਦੇ ਵਿੱਤੀ ਵਿਵਰਣਾਂ ਦੀ ਪੂਰਕ ਲੇਖਾ ਪ੍ਰੀਖਿਆ ਕਰਨ ਦਾ ਅਧਿਕਾਰ ਹੈ। ਕੁੱਝ ਅਧਿਨਿਯਮਿਕ ਕਾਰਪੋਰੇਸ਼ਨਾਂ ਨੂੰ ਨਿਯੰਤ੍ਰਿਤ ਕਰਨ ਵਾਲੇ ਕਾਨੂੰਨਾਂ ਦੁਆਰਾ ਉਨ੍ਹਾਂ ਦੇ ਖਾਤਿਆਂ ਦੀ ਲੇਖਾ ਪ੍ਰੀਖਿਆ ਸਿਰਫ਼ ਸੀ ਏ ਜੀ ਦੁਆਰਾ ਕਰਵਾਉਣ ਦੀ ਲੋੜ ਹੁੰਦੀ ਹੈ।

## 5.3 ਐਸ ਪੀ ਐਸ ਈਜ਼ ਅਤੇ ਰਾਜ ਦੀ ਜੀ ਐਸ ਡੀ ਪੀ ਵਿੱਚ ਇਨ੍ਹਾਂ ਦਾ ਯੋਗਦਾਨ

ਐਸ ਪੀ ਐਸ ਈਜ਼ ਵਿੱਚ ਰਾਜ ਸਰਕਾਰ ਦੀਆਂ ਕੰਪਨੀਆਂ ਅਤੇ ਅਧਿਨਿਯਮਿਕ ਕਾਰਪੋਰੇਸ਼ਨਾਂ ਸ਼ਾਮਲ ਹੁੰਦੀਆਂ ਹਨ। ਐਸ ਪੀ ਐਸ ਈਜ਼ ਲੋਕਾਂ ਦੀ ਭਲਾਈ ਨੂੰ ਧਿਆਨ ਵਿੱਚ ਰੱਖਦੇ ਹੋਏ ਵਪਾਰਕ ਪ੍ਰਕਿਰਤੀ ਦੀਆਂ ਗਤੀਵਿਧੀਆਂ ਨੂੰ ਪੂਰਾ ਕਰਨ ਲਈ ਸਥਾਪਿਤ ਕੀਤੇ ਗਏ ਹਨ ਅਤੇ ਰਾਜ ਦੀ ਆਰਥਿਕਤਾ ਵਿੱਚ ਇੱਕ ਮਹੱਤਵਪੂਰਨ ਸਥਾਨ ਰੱਖਦੇ ਹਨ। 31 ਮਾਰਚ 2022 ਤੱਕ, ਸੀ ਏ ਜੀ ਦੇ ਲੇਖਾ ਪ੍ਰੀਖਿਆ ਅਧਿਕਾਰ ਖੇਤਰ ਅਧੀਨ ਪੰਜਾਬ ਵਿੱਚ 49 ਐਸ ਪੀ ਐਸ ਈਜ਼ ਸਨ, ਜਿਨ੍ਹਾਂ ਵਿੱਚ ਚਾਰ[2] ਅਧਿਨਿਯਮਿਕ ਕਾਰਪੋਰੇਸ਼ਨਾਂ, 42 ਸਰਕਾਰੀ ਕੰਪਨੀਆਂ (16 ਗੈਰ-ਕਾਰਜਸ਼ੀਲ ਸਰਕਾਰੀ ਕੰਪਨੀਆਂ[3] ਸਮੇਤ) ਅਤੇ ਤਿੰਨ[4] ਸਰਕਾਰ ਦੁਆਰਾ ਨਿਯੰਤਰਿਤ ਹੋਰ ਕੰਪਨੀਆਂ (ਜੀ ਸੀ ਓ ਸੀਜ਼) ਸ਼ਾਮਲ ਹਨ। ਇਨ੍ਹਾਂ ਐਸ ਪੀ ਐਸ ਈਜ਼ ਦੇ ਨਾਮ ***ਅੰਤਿਕਾ 5.1*** ਵਿੱਚ ਦਿੱਤੇ ਗਏ ਹਨ। ਇਕ ਐਸ ਪੀ ਐਸ ਈ (ਪੰਜਾਬ ਕਮਿਉਨੀਕੇਸ਼ਨਸ ਲਿਮਟਡ) ਸਟਾਕ ਐਕਸਚੇਂਜ ਵਿੱਚ ਸੂਚੀਬੱਧ ਸੀ।

ਰਾਜ ਵਿੱਚ 16 ਗੈਰ-ਕਾਰਜਸ਼ੀਲ ਐਸ ਪੀ ਐਸ ਈਜ਼ (ਚਾਰ ਲਿਕਵਿਡੇਸ਼ਨ ਅਧੀਨ ਸਮੇਤ) ਹਨ । ਇਨ੍ਹਾਂ ਗੈਰ ਕਾਰਜਸ਼ੀਲ ਐਸ ਪੀ ਐਸ ਈਜ਼ ਵਿੱਚ ਪੂੰਜੀ ₹ 23.24 ਕਰੋੜ (ਰਾਜ ਸਰਕਾਰ ₹ 17.05 ਕਰੋੜ ਅਤੇ ਹੋਰ: ₹ 6.19 ਕਰੋੜ) ਅਤੇ ਲੰਬੀ ਮਿਆਦ ਦੇ ਕਰਜ਼ਿਆਂ ₹ 33.99 ਕਰੋੜ (ਰਾਜ ਸਰਕਾਰ: ₹ 14.71 ਕਰੋੜ ਅਤੇ ਹੋਰ: ₹ 19.28 ਕਰੋੜ) ਲਈ ₹ 57.23 ਕਰੋੜ ਦਾ ਨਿਵੇਸ਼ ਹੈ। ਇਹ ਇੱਕ ਨਾਜ਼ੁਕ ਖੇਤਰ ਹੈ ਕਿਉਂਕਿ ਗੈਰ-ਕਾਰਜਸ਼ੀਲ ਐਸ ਪੀ ਐਸ ਈਜ਼ ਵਿੱਚ ਨਿਵੇਸ਼ ਰਾਜ ਦੇ ਆਰਥਿਕ ਵਿਕਾਸ ਵਿੱਚ ਯੋਗਦਾਨ ਨਹੀਂ ਪਾਉਂਦੇ ਹਨ।

ਐਸ ਪੀ ਐਸ ਈਜ਼ ਦੇ ਟਰਨਓਵਰ ਦਾ ਕੁੱਲ ਰਾਜ ਘਰੇਲੂ ਉਤਪਾਦ (ਜੀ ਐਸ ਡੀ ਪੀ) ਨਾਲ ਅਨੁਪਾਤ ਰਾਜ ਦੀ ਆਰਥਿਕਤਾ ਵਿੱਚ ਐਸ ਪੀ ਐਸ ਈਜ਼ ਦੀਆਂ ਗਤੀਵਿਧੀਆਂ ਦੀ ਸੀਮਾ ਨੂੰ ਦਰਸਾਉਂਦਾ ਹੈ। ਕਾਰਜਸ਼ੀਲ ਐਸ ਪੀ ਐਸ ਈਜ਼ ਦੇ ਟਰਨਓਵਰ ਦੇ ਵੇਰਵੇ ***ਅੰਤਿਕਾ 5.2*** ਵਿੱਚ ਦਿੱਤੇ ਗਏ ਹਨ। 31 ਮਾਰਚ 2022 ਨੂੰ ਖਤਮ ਹੋਣ ਵਾਲੇ ਤਿੰਨ ਸਾਲਾਂ ਦੀ ਮਿਆਦ ਲਈ ਕਾਰਜਸ਼ੀਲ ਐਸ ਪੀ ਐਸ ਈਜ਼ ਦੀ ਟਰਨਓਵਰ ਅਤੇ ਜੀ ਐਸ ਡੀ ਪੀ **ਸਾਰਣੀ** 5.1 ਵਿੱਚ ਦਿੱਤੇ ਗਏ ਹੈ।

---

2 ਪੰਜਾਬ ਰਾਜ ਵੇਅਰਹਾਊਸਿੰਗ ਕਾਰਪੋਰੇਸ਼ਨ, ਪੰਜਾਬ ਅਨੁਸੂਚਿਤ ਜਾਤੀਆਂ ਭੌ ਵਿਕਾਸ ਅਤੇ ਵਿੱਤ ਕਾਰਪੋਰੇਸ਼ਨ, ਪੇਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ ਅਤੇ ਪੰਜਾਬ ਵਿੱਤੀ ਕਾਰਪੋਰੇਸ਼ਨ ।

3 ਗੈਰ-ਕਾਰਜਸ਼ੀਲ ਐਸ ਪੀ ਐਸ ਈਜ਼ ਉਹ ਹਨ ਜਿਨ੍ਹਾਂ ਨੇ ਆਪਣੇ ਕਾਰਜ ਬੰਦ ਕਰ ਦਿੱਤੇ ਹਨ।

4 ਅੰਮ੍ਰਿਤਸਰ ਸਮਾਰਟ ਸਿਟੀ ਲਿਮਟਡ, ਲੁਧਿਆਣਾ ਸਮਾਰਟ ਸਿਟੀ ਲਿਮਟਡ ਅਤੇ ਜਲੰਧਰ ਸਮਾਰਟ ਸਿਟੀ ਲਿਮਟਡ।

**ਸਾਰਣੀ 5.1: ਐਸ ਪੀ ਐਸ ਈਜ਼ ਦੀ ਟਰਨਓਵਰ ਵਿਰੁੱਧ ਪੰਜਾਬ ਦੇ ਜੀ ਐਸ ਡੀ ਪੀ ਦੇ ਵੇਰਵੇ**

*(₹ ਕਰੋੜ ਵਿੱਚ)*

| ਵੇਰਵੇ | 2019-20 | 2020-21 | 2021-22 |
|---|---|---|---|
| ਟਰਨਓਵਰ | | | |
| ਪਾਵਰ ਖੇਤਰ ਐਸ ਪੀ ਐਸ ਈਜ਼ | 33,262.60 | 33,113.25 | 35,478.80 |
| ਖੇਤੀਬਾੜੀ ਅਤੇ ਸਹਾਇਕ ਖੇਤਰ ਐਸ ਪੀ ਐਸ ਈਜ਼ | 38,884.93 | 36,595.60 | 35,144.11 |
| ਹੋਰ ਐਸ ਪੀ ਐਸ ਈਜ਼ | 1,142.59 | 1,315.79 | 1,333.23 |
| ਜੋੜ | 73,290.12 | 71,024.64 | 71,956.14 |
| **ਪੰਜਾਬ ਦੀ ਜੀ ਐਸ ਡੀ ਪੀ** | 5,39,687.00 | 5,29,703.00 | 5,84,042.00 |
| ਪੰਜਾਬ ਦੀ ਜੀ ਐਸ ਡੀ ਪੀ ਨਾਲ ਟਰਨਓਵਰ ਦੀ ਪ੍ਰਤੀਸ਼ਤਤਾ | | | |
| ਪਾਵਰ ਖੇਤਰ ਐਸ ਪੀ ਐਸ ਈਜ਼ | 6.16 | 6.25 | 6.07 |
| ਖੇਤੀਬਾੜੀ ਅਤੇ ਸਹਾਇਕ ਖੇਤਰ ਐਸ ਪੀ ਐਸ ਈਜ਼ | 7.21 | 6.91 | 6.02 |
| ਹੋਰ ਐਸ ਪੀ ਐਸ ਈਜ਼ | 0.21 | 0.25 | 0.23 |
| ਜੋੜ | 13.58 | 13.41 | 12.32 |

*ਸ੍ਰੋਤ: ਟਰਨਓਵਰ ਅੰਕੜੇ ਅੰਤਿਮ ਰੂਪ ਦਿੱਤੇ ਨਵੀਨਤਮ ਲੇਖਿਆਂ ਦੇ ਆਧਾਰ ਤੇ ਸੰਕਲਿਤ ਹਨ ਅਤੇ ਜੀ ਐਸ ਡੀ ਪੀ ਅੰਕੜੇ ਪੰਜਾਬ ਸਰਕਾਰ ਦੇ ਆਰਥਿਕ ਅਤੇ ਅੰਕੜਾ ਸੰਗਠਨ ਅਨੁਸਾਰ ਹਨ।*

ਐਸ ਪੀ ਐਸ ਈਜ਼ ਦਾ ਪੰਜਾਬ ਦੀ ਜੀ ਐਸ ਡੀ ਪੀ ਵਿੱਚ ਯੋਗਦਾਨ 2020-21 ਵਿੱਚ 13.41 *ਪ੍ਰਤੀਸ਼ਤ* ਤੋਂ ਘੱਟ ਕੇ 2021-22 ਵਿੱਚ 12.32 *ਪ੍ਰਤੀਸ਼ਤ* ਹੋ ਗਿਆ ਸੀ। ਸਾਲ 2021-22 ਵਿੱਚ ਪਾਵਰ ਖੇਤਰ ਐਸ ਪੀ ਐਸ ਈਜ਼ ਦਾ ਜੀ ਐਸ ਡੀ ਪੀ ਵਿੱਚ ਯੋਗਦਾਨ 6.07 *ਪ੍ਰਤੀਸ਼ਤ* ਸੀ ਜਦੋਂ ਕਿ ਖੇਤੀਬਾੜੀ ਅਤੇ ਸਹਾਇਕ ਖੇਤਰ ਐਸ ਪੀ ਐਸ ਈਜ਼ ਦਾ ਯੋਗਦਾਨ 6.02 *ਪ੍ਰਤੀਸ਼ਤ* ਸੀ।

ਹੋਰ ਖੇਤਰ ਐਸ ਪੀ ਐਸ ਈਜ਼ ਦਾ ਜੀ ਐਸ ਡੀ ਪੀ ਵਿੱਚ ਯੋਗਦਾਨ ਭਾਵੇਂ ਬਹੁਤ ਘੱਟ ਸੀ (0.21 ਤੋਂ 0.25 *ਪ੍ਰਤੀਸ਼ਤ* ਤੱਕ) ਪਰ ਉਹਨਾਂ ਕੋਲ 6,657[5] ਕਰਮਚਾਰੀ (ਸਥਾਈ/ ਡੈਪਿਊਟੇਸ਼ਨ/ਠੇਕੇ ਦੇ ਆਧਾਰ 'ਤੇ) ਸਮੇਤ ਜ਼ਿਲ੍ਹਾ ਦਫ਼ਤਰਾਂ ਵਿੱਚ ਸਟਾਫ਼ ਸੀ। 31 ਮਾਰਚ 2022 ਤਕ, ਰਾਜ ਸਰਕਾਰ ਨੇ ਇਹਨਾਂ ਐਸ ਪੀ ਐਸ ਈਜ਼ ਵਿੱਚ ₹ 648.28 ਕਰੋੜ (ਇਕਿਊਟੀ ₹ 614.69 ਕਰੋੜ ਅਤੇ ਲੰਬੇ ਮਿਆਦ ਦੇ ਕਰਜ਼ੇ ₹ 33.59 ਕਰੋੜ) ਦਾ ਨਿਵੇਸ਼ ਕੀਤਾ ਸੀ। ਇਸ ਤੋਂ ਇਲਾਵਾ, 2019-22 ਦੇ ਸਮੇਂ ਦੌਰਾਨ ਪੰਜਾਬ ਸਰਕਾਰ ਦੁਆਰਾ ਇਹਨਾਂ ਵਿੱਚੋਂ ਨੌਂ ਐਸ ਪੀ ਐਸ ਈਜ਼ ਨੂੰ ₹ 1,288.79 ਕਰੋੜ ਗ੍ਰਾਂਟਾਂ ਅਤੇ ਸਬਸਿਡੀਆਂ ਦਿੱਤੀਆਂ ਗਈਆਂ ਸਨ।

5. ਟਰਾਂਸਪੋਰਟ ਖੇਤਰ ਦੇ ਦੋ ਐਸ ਪੀ ਐਸ ਈਜ਼ ਵਿੱਚ 5,363 ਕਰਮਚਾਰੀ ਸ਼ਾਮਲ ਹਨ (ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ ਅਤੇ ਪੰਜਾਬ ਰਾਜ ਬੱਸ ਸਟੈਂਡ ਮੈਨੇਜਮੈਂਟ ਕੰਪਨੀ ਲਿਮਟਡ)।

## 5.4 ਐਸ ਪੀ ਐਸ ਈਜ਼ ਵਿੱਚ ਨਿਵੇਸ਼ ਅਤੇ ਬਜਟਰੀ ਸਹਾਇਤਾ

### 5.4.1 ਐਸ ਪੀ ਐਸ ਈਜ਼ ਵਿੱਚ ਇਕਿਊਟੀ ਹੋਲਡਿੰਗ ਅਤੇ ਕਰਜ਼ੇ

31 ਮਾਰਚ 2022 ਤੱਕ 33 ਕਾਰਜਸ਼ੀਲ ਐਸ ਪੀ ਐਸ ਈਜ਼ ਵਿੱਚ ਖੇਤਰ ਵਾਰ ਕੁੱਲ ਇਕਿਊਟੀ, ਰਾਜ ਸਰਕਾਰ ਦੁਆਰਾ ਇਕਿਊਟੀ ਯੋਗਦਾਨ ਅਤੇ ਰਾਜ ਸਰਕਾਰ ਦੁਆਰਾ ਦਿੱਤੇ ਗਏ ਕਰਜ਼ੇ ਸਮੇਤ ਲੰਬੀ ਮਿਆਦ ਦੇ ਕਰਜ਼ੇ ਹੇਠਾਂ **ਸਾਰਣੀ** 5.2 ਵਿੱਚ ਦਿੱਤੇ ਗਏ ਹਨ।

**ਸਾਰਣੀ 5.2: ਐਸ ਪੀ ਐਸ ਈਜ਼ ਵਿੱਚ ਖੇਤਰ ਵਾਰ ਨਿਵੇਸ਼**

| ਵੇਰਵੇ | ਨਿਵੇਸ਼[6] *(₹ ਕਰੋੜ ਵਿੱਚ)* | | | | | ਕੁੱਲ ਇਕਿਊਟੀ ਅਤੇ ਲੰਬੀ ਮਿਆਦ ਦੇ ਕਰਜ਼ੇ ਦੀ ਪ੍ਰਤੀਸ਼ਤਤਾ |
|---|---|---|---|---|---|---|
| | ਕੁੱਲ ਇਕਿਊਟੀ | ਰਾਜ ਸਰਕਾਰ ਇਕਿਊਟੀ | ਕੁੱਲ ਲੰਬੀ ਮਿਆਦ ਦੇ ਕਰਜ਼ੇ | ਰਾਜ ਸਰਕਾਰ ਕਰਜ਼ੇ | ਕੁੱਲ ਇਕਿਊਟੀ ਅਤੇ ਲੰਬੀ ਮਿਆਦ ਦੇ ਕਰਜ਼ੇ | |
| ਪਾਵਰ ਖੇਤਰ ਐਸ ਪੀ ਐਸ ਈਜ਼ | 22,338.61 | 22,315.61 | 18,057.20 | 8.86 | 40,395.81 | 57.69 |
| ਖੇਤੀਬਾੜੀ ਅਤੇ ਸਹਾਇਕ ਐਸ ਪੀ ਐਸ ਈਜ਼ | 452.86 | 384.00 | 26,674.20 | 25,894.79 | 27,127.06 | 38.74 |
| ਹੋਰ ਐਸ ਪੀ ਐਸ ਈਜ਼ | 725.47 | 614.69 | 1,776.44 | 33.59 | 2,501.91 | 3.57 |
| **ਜੋੜ** | **23,516.94** | **23,314.30** | **46,507.84** | **25,937.24** | **70,024.78** | **100.00** |

*ਸ੍ਰੋਤ: ਐਸ ਪੀ ਐਸ ਈਜ਼ ਵੱਲੋਂ ਦਿੱਤੀ ਗਈ ਸੂਚਨਾ।*

ਐਸ ਪੀ ਐਸ ਈਜ਼ ਦੇ ਨਿਵੇਸ਼ ਦਾ ਜ਼ੋਰ ਮੁੱਖ ਤੌਰ 'ਤੇ ਪਾਵਰ ਖੇਤਰ ਐਸ ਪੀ ਐਸ ਈਜ਼ 'ਤੇ ਸੀ ਜਿਨ੍ਹਾਂ ਨੇ 31 ਮਾਰਚ 2022 ਤੱਕ ₹ 70,024.78 ਕਰੋੜ ਦੇ ਕੁੱਲ ਨਿਵੇਸ਼ ਦਾ 57.69 *ਪ੍ਰਤੀਸ਼ਤ* (₹ 40,395.81 ਕਰੋੜ) ਪ੍ਰਾਪਤ ਕੀਤਾ ਸੀ। ਰਾਜ ਸਰਕਾਰ ਦਾ ਹਿੱਸਾ ₹ 70,024.78 ਕਰੋੜ ਦੇ ਕੁੱਲ ਨਿਵੇਸ਼ ਦਾ 70.33 *ਪ੍ਰਤੀਸ਼ਤ* (₹ 49,251.54 ਕਰੋੜ) ਸੀ।

### 5.4.2 ਐਸ ਪੀ ਐਸ ਈਜ਼ ਵਿੱਚ ਇਕਿਊਟੀ ਨਿਵੇਸ਼ ਦਾ ਮਾਰਕੀਟ ਪੂੰਜੀਕਰਣ

ਮਾਰਕੀਟ ਪੂੰਜੀਕਰਣ ਸੂਚੀਬੱਧ ਕੰਪਨੀਆਂ ਦੇ ਸ਼ੇਅਰਾਂ ਦੇ ਬਾਜ਼ਾਰ ਮੁੱਲ ਨੂੰ ਦਰਸਾਉਂਦਾ ਹੈ। 31 ਮਾਰਚ 2022 ਨੂੰ ਸਿਰਫ਼ ਇੱਕ ਐਸ ਪੀ ਐਸ ਈ (ਪੰਜਾਬ ਕਮਿਊਨੀਕੇਸ਼ਨਜ਼ ਲਿਮਟਡ) ਦੇ ਸ਼ੇਅਰ ਭਾਰਤ ਵਿੱਚ ਬੰਬੇ ਸਟਾਕ ਐਕਸਚੇਂਜ (ਬੀ ਐਸ ਈ) ਉਤੇ ਸੂਚੀਬੱਧ ਸਨ। ₹ 12.02 ਕਰੋੜ ਦੇ ਕੁੱਲ ਇਕਿਊਟੀ ਨਿਵੇਸ਼ ਵਾਲਾ ਇਹ ਐਸ ਪੀ ਐਸ ਈ, ਪੰਜਾਬ ਸੂਚਨਾ ਅਤੇ ਸੰਚਾਰ ਤਕਨਾਲੋਜੀ ਕਾਰਪੋਰੇਸ਼ਨ ਲਿਮਟਡ (₹ 8.55 ਕਰੋੜ ਭਾਵ ₹ 12.02 ਕਰੋੜ ਦੇ ਕੁੱਲ ਇਕਿਊਟੀ ਨਿਵੇਸ਼ ਦਾ 71.13 *ਪ੍ਰਤੀਸ਼ਤ*) ਦੀ ਇੱਕ ਸਹਾਇਕ ਕੰਪਨੀ ਹੈ ਅਤੇ ਇਸ ਵਿੱਚ ਰਾਜ ਸਰਕਾਰ ਜਾਂ ਕੇਂਦਰ ਸਰਕਾਰ ਦੁਆਰਾ ਇਕਿਊਟੀ ਦਾ ਕੋਈ ਨਿਵੇਸ਼ ਨਹੀਂ ਹੈ। ਉਪਰੋਕਤ ਸੂਚੀਬੱਧ ਐਸ ਪੀ ਐਸ ਈ ਦੇ ਸ਼ੇਅਰਾਂ ਦਾ

6. ਨਿਵੇਸ਼ ਵਿੱਚ ਇਕਿਊਟੀ ਅਤੇ ਲੰਬੀ ਮਿਆਦ ਦੇ ਕਰਜ਼ੇ ਸ਼ਾਮਲ ਹਨ।

ਕੁੱਲ ਬਾਜ਼ਾਰ ਮੁੱਲ 31 ਮਾਰਚ 2021 ਨੂੰ ₹ 24.17[7] ਕਰੋੜ ਦੇ ਮੁਕਾਬਲੇ 31 ਮਾਰਚ 2022 ਨੂੰ ₹ 43.28[8] ਕਰੋੜ ਸੀ।

### 5.4.3 ਵਿਨਿਵੇਸ਼, ਪੁਨਰਗਠਨ ਅਤੇ ਨਿੱਜੀਕਰਣ

ਸਾਲ 2021-22 ਦੌਰਾਨ, ਕਾਰਜਸ਼ੀਲ ਦੇ ਨਾਲ-ਨਾਲ ਗੈਰ ਕਾਰਜਸ਼ੀਲ ਐਸ ਪੀ ਐਸ ਈਜ਼ ਦੇ ਵਿਨਿਵੇਸ਼, ਪੁਨਰਗਠਨ ਅਤੇ ਨਿੱਜੀਕਰਣ ਦਾ ਕੋਈ ਮਾਮਲਾ ਸਾਹਮਣੇ ਨਹੀਂ ਆਇਆ।

## 5.5 ਐਸ ਪੀ ਐਸ ਈਜ਼ ਤੋਂ ਪ੍ਰਤੀਫਲ

### 5.5.1 ਐਸ ਪੀ ਐਸ ਈਜ਼ ਦੁਆਰਾ ਕਮਾਇਆ ਲਾਭ

ਲਾਭ ਕਮਾਉਣ ਵਾਲੇ ਐਸ ਪੀ ਐਸ ਈਜ਼[9] ਦੀ ਗਿਣਤੀ 2020-21 ਵਿੱਚ 13 ਦੇ ਮੁਕਾਬਲੇ 2021-22 ਵਿੱਚ 12[10] ਸੀ। ਕਮਾਇਆ ਲਾਭ 2020-21 ਵਿੱਚ ₹ 1,819.73 ਕਰੋੜ ਤੋਂ ਘੱਟ ਕੇ 2021-22 ਵਿੱਚ ₹ 1,710.77 ਕਰੋੜ ਹੋ ਗਿਆ।

ਚੋਟੀ ਦੇ ਤਿੰਨ ਐਸ ਪੀ ਐਸ ਈਜ਼ ਜਿਨ੍ਹਾਂ ਨੇ ਵੱਧ ਤੋਂ ਵੱਧ ਲਾਭ ਵਿੱਚ ਯੋਗਦਾਨ ਪਾਇਆ **ਸਾਰਣੀ** 5.3 ਵਿੱਚ ਸਾਰ ਦਿੱਤਾ ਗਿਆ ਹੈ।

**ਸਾਰਣੀ 5.3: ਚੋਟੀ ਦੇ ਤਿੰਨ ਐਸ ਪੀ ਐਸ ਈਜ਼ ਜਿਨ੍ਹਾਂ ਨੇ ਲਾਭ ਵਿੱਚ ਵੱਧ ਤੋਂ ਵੱਧ ਯੋਗਦਾਨ ਪਾਇਆ**

| ਐਸ ਪੀ ਐਸ ਈਜ਼ ਦਾ ਨਾਮ | ਨਿਰੋਲ ਲਾਭ (₹ *ਕਰੋੜ ਵਿੱਚ*) | ਲਾਭ ਦਾ ਐਸ ਪੀ ਐਸ ਈਜ਼ ਦੇ ਕੁੱਲ ਲਾਭ ਨਾਲ ਪ੍ਰਤੀਸ਼ਤਤਾ |
|---|---|---|
| ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਟਡ | 1,069.21 | *62.50* |
| ਪੰਜਾਬ ਰਾਜ ਵੇਅਰਹਾਊਸਿੰਗ ਕਾਪੋਰੇਸ਼ਨ | 311.53 | *18.21* |
| ਪੰਜਾਬ ਰਾਜ ਟਰਾਂਸਮਿਸ਼ਨ ਕਾਰਪੋਰੇਸ਼ਨ ਲਿਮਟਡ | 215.10 | *12.57* |
| **ਜੋੜ** | **1,595.84** | **93.28** |

*ਸ੍ਰੋਤ: ਐਸ ਪੀ ਐਸ ਈਜ਼ ਦੇ ਨਵੀਨਤਮ ਲੇਖੇ।*

ਇਕੱਲੇ ਇਹਨਾਂ ਤਿੰਨ ਐਸ ਪੀ ਐਸ ਈਜ਼ ਨੇ 2021-22 ਦੌਰਾਨ 12 ਐਸ ਪੀ ਐਸ ਈਜ਼ ਦੁਆਰਾ ਕਮਾਏ ਗਏ ਕੁੱਲ ਲਾਭ (₹ 1,710.77 ਕਰੋੜ) ਦਾ 93.28 *ਪ੍ਰਤੀਸ਼ਤ* ਯੋਗਦਾਨ ਪਾਇਆ ਸੀ।

ਐਸ ਪੀ ਐਸ ਈਜ਼ ਦਾ ਨਿਰੋਲ ਲਾਭ ਅਨੁਪਾਤ[11] **ਸਾਰਣੀ** 5.4 ਵਿੱਚ ਦਰਸਾਇਆ ਗਿਆ ਹੈ।

7 1,20,23,565 ਸ਼ੇਅਰ* ₹ 20.10 ਪ੍ਰਤੀ ਸ਼ੇਅਰ ₹ 10 ਪ੍ਰਤੀ ਸ਼ੇਅਰ ਫੇਸ ਵੈਲਿਊ ਦੇ ਮਕਾਬਲੇ।

8 1,20,23,565 ਸ਼ੇਅਰ* ₹ 36 ਪ੍ਰਤੀ ਸ਼ੇਅਰ ₹ 10 ਪ੍ਰਤੀ ਸ਼ੇਅਰ ਫੇਸ ਵੈਲਿਊ ਦੇ ਮਕਾਬਲੇ।

9 ਲੇਖੇ 30 ਸਤੰਬਰ 2022 ਤੱਕ ਪ੍ਰਾਪਤ ਹੋਏ ਸਨ।

10 ਇੱਕ ਐਸ ਪੀ ਐਸ ਈ ਸਮੇਤ ਜਿਸ ਨੇ ਜ਼ੀਰੋ ਲਾਭ/ਹਾਨੀ ਕਮਾਇਆ ਪਰ ਉਸ ਕੋਲ ਸੰਚਿਤ ਲਾਭ ਸੀ।

11 ਨਿਰੋਲ ਲਾਭ/ਟਰਨਓਵਰ* 100

**ਸਾਰਣੀ 5.4: ਐਸ ਪੀ ਐਸ ਈਜ਼ ਦਾ ਨਿਰੋਲ ਲਾਭ ਅਨੁਪਾਤ**

| ਖੇਤਰ | ਨਿਰੋਲ ਲਾਭ | ਟਰਨਓਵਰ | ਨਿਰੋਲ ਲਾਭ ਅਨੁਪਾਤ (*ਪ੍ਰਤੀਸ਼ਤ* ਵਿੱਚ) |
|---|---|---|---|
| ਪਾਵਰ ਖੇਤਰ ਐਸ ਪੀ ਐਸ ਈਜ਼ | 1,286.04 | 35,478.80 | 3.62 |
| ਖੇਤੀਬਾੜੀ ਅਤੇ ਸਹਾਇਕ ਐਸ ਪੀ ਐਸ ਈਜ਼ | (-)103.40 | 35,144.11 | |
| ਹੋਰ ਐਸ ਪੀ ਐਸ ਈਜ਼ | 87.26 | 1,333.23 | 6.55 |
| **ਜੋੜ** | **1,269.90** | **71,956.14** | **1.76** |

## 5.5.2 ਐਸ ਪੀ ਐਸ ਈਜ਼ ਦੁਆਰਾ ਭੁਗਤਾਨ ਕੀਤਾ ਲਾਭਅੰਸ਼

ਤੇ੍ਰਵੇ ਵਿੱਤ ਕਮਿਸ਼ਨ ਨੇ ਸਿਫ਼ਾਰਸ਼ ਕੀਤੀ ਸੀ (ਦਸੰਬਰ 2009) ਕਿ ਸਰਕਾਰੀ ਇਕਿਊਟੀ ਉੱਤੇ ਘੱਟੋ-ਘੱਟ ਪੰਜ *ਪ੍ਰਤੀਸ਼ਤ* ਲਾਭਅੰਸ਼ ਸਾਰੇ ਅਦਾਰਿਆਂ ਦੁਆਰਾ ਅਦਾ ਕੀਤਾ ਜਾਣਾ ਚਾਹੀਦਾ ਹੈ। ਰਾਜ ਸਰਕਾਰ ਨੇ ਸਿਫ਼ਾਰਸ਼ਾ ਨੂੰ ਅਪਣਾਇਆ ਅਤੇ ਆਪਣੇ ਜਨਤਕ ਖੇਤਰ ਦੇ ਅਦਾਰਿਆਂ (ਪੀ ਐਸ ਈਜ਼) ਨੂੰ ਰਾਜ ਸਰਕਾਰ ਦੁਆਰਾ ਨਿਵੇਸ਼ ਕੀਤੇ ਫੰਡਾਂ ਉੱਤੇ ਘੱਟੋ-ਘੱਟ ਪੰਜ *ਪ੍ਰਤੀਸ਼ਤ* ਦੀ ਆਮਦਨ ਦਾ ਭੁਗਤਾਨ ਕਰਨ ਦਾ ਨਿਰਦੇਸ਼ ਦਿੱਤਾ (ਜੁਲਾਈ 2011)। ਐਸ ਪੀ ਐਸ ਈਜ਼ ਦੁਆਰਾ ਅਦਾ ਕੀਤਾ ਲਾਭਅੰਸ਼ **ਸਾਰਣੀ** 5.5 ਵਿੱਚ ਦਿਖਾਇਆ ਗਿਆ ਹੈ।

**ਸਾਰਣੀ 5.5: ਐਸ ਪੀ ਐਸ ਈਜ਼ ਦੁਆਰਾ ਲਾਭਅੰਸ਼ ਦਾ ਭੁਗਤਾਨ**

*(₹ ਕਰੋੜ ਵਿੱਚ)*

| ਸਾਲ | ਵੇਰਵੇ | ਐਸ ਪੀ ਐਸ ਈਜ਼ ਦੀ ਗਿਣਤੀ ਜਿਨ੍ਹਾਂ ਨੇ ਲਾਭਾਂਸ਼ ਘੋਸ਼ਿਤ ਕੀਤਾ | ਅਦਾ ਕੀਤੀ ਪੂੰਜੀ | ਨਿਰੋਲ ਲਾਭ | ਘੋਸ਼ਿਤ ਲਾਭਾਂਸ਼ |
|---|---|---|---|---|---|
| **1** | **2** | **3** | **4** | **5** | **6** |
| **2019-20** | ਪਾਵਰ ਖੇਤਰ ਐਸ ਪੀ ਐਸ ਈਜ਼ | 1 | 22.90 | 3.93 | 1.83 |
| | ਖੇਤੀਬਾੜੀ ਅਤੇ ਸਹਾਇਕ ਐਸ ਪੀ ਐਸ ਈਜ਼ | 2 | 25.25 | 16.78 | 1.38 |
| | ਹੋਰ ਐਸ ਪੀ ਐਸ ਈਜ਼ | - | - | - | - |
| | **ਜੋੜ** | **3** | **48.15** | **20.71** | **3.21** |
| **2020-21** | ਪਾਵਰ ਖੇਤਰ ਐਸ ਪੀ ਐਸ ਈਜ਼ | - | - | - | - |
| | ਖੇਤੀਬਾੜੀ ਅਤੇ ਸਹਾਇਕ ਐਸ ਪੀ ਐਸ ਈਜ਼ | 2 | 25.25 | 4.96 | 1.38 |
| | ਹੋਰ ਐਸ ਪੀ ਐਸ ਈਜ਼ | 1 | 50.01 | 76.15 | 2.50 |
| | **ਜੋੜ** | **3** | **75.26** | **81.11** | **3.88** |
| **2021-22** | ਪਾਵਰ ਖੇਤਰ ਐਸ ਪੀ ਐਸ ਈਜ਼ | 1 | 22.90 | 1.73 | 1.83 |
| | ਖੇਤੀਬਾੜੀ ਅਤੇ ਸਹਾਇਕ ਐਸ ਪੀ ਐਸ ਈਜ਼ | 2 | 25.25 | 4.80 | 1.38 |
| | ਹੋਰ ਐਸ ਪੀ ਐਸ ਈਜ਼ | 1 | 50.01 | 76.15 | 2.50 |
| | **ਜੋੜ** | **4** | **98.16** | **82.68** | **5.71** |

*ਸ੍ਰੋਤ: ਐਸ ਪੀ ਐਸ ਈਜ਼ ਦੇ ਨਵੀਨਤਮ ਲੇਖੇ।*

2021 -22 ਦੌਰਾਨ, ਨਵੀਨਤਮ ਅੰਤਿਮ ਖਾਤਿਆਂ ਦੇ ਅਨੁਸਾਰ ਲਾਭ ਕਮਾਉਣ ਵਾਲੇ 12 ਐਸ ਪੀ ਐਸ ਈਜ਼ ਵਿੱਚੋਂ, ਸਿਰਫ਼ ਚਾਰ ਐਸ ਪੀ ਐਸ ਈਜ਼ ਨੇ ਲਾਭਅੰਸ਼ ਦਾ ਐਲਾਨ ਕੀਤਾ,

ਤਿੰਨ[12] ਐਸ ਪੀ ਐਸ ਈਜ਼ ਨੇ ਲਾਭਅੰਸ਼ ਦਾ ਐਲਾਨ ਕਰਨ ਲਈ ਲੋੜੀਦਾ ਲਾਭ ਨਹੀ ਕਮਾਇਆ ਅਤੇ ਬਾਕੀ ਪੰਜ ਐਸ ਪੀ ਐਸ ਈਜ਼ ਜਿਨ੍ਹਾਂ ਨੇ ₹ 557.18 ਕਰੋੜ ਦਾ ਕੁੱਲ ਲਾਭ ਕਮਾਇਆ, ਨੇ ਲਾਭਅੰਸ਼ ਦਾ ਐਲਾਨ/ਭੁਗਤਾਨ ਨਹੀਂ ਕੀਤਾ। ਸਾਲ 2021-22 ਦੌਰਾਨ ਤਿੰਨ ਲਾਭ ਕਮਾਉਣ ਵਾਲੀਆਂ ਵੱਡੀਆਂ ਐਸ ਪੀ ਐਸ ਈਜ਼ (ਪੰਜਾਬ ਰਾਜ ਵੇਅਰਹਾਊਸਿੰਗ ਕਾਰਪੋਰੇਸ਼ਨ: ₹ 311.53 ਕਰੋੜ, ਪੰਜਾਬ ਰਾਜ ਟਰਾਂਸਮਿਸ਼ਨ ਕਾਰਪੋਰੇਸ਼ਨ ਲਿਮਟਡ (ਪੀ ਐਸ ਟੀ ਸੀ ਐਲ: ₹ 215.10 ਕਰੋੜ ਅਤੇ ਪੰਜਾਬ ਰਾਜ ਉਦਯੋਗਿਕ ਵਿਕਾਸ ਕਾਰਪੋਰੇਸ਼ਨ ਲਿਮਟਡ: ₹ 22.64 ਕਰੋੜ) ਦੇ ਮਾਮਲੇ ਵਿੱਚ, ਦਿਸ਼ਾ ਨਿਰਦੇਸ਼ਾਂ ਅਨੁਸਾਰ ਘੱਟੋ-ਘੱਟ ਭੁਗਤਾਨ ਯੋਗ ਲਾਭਅੰਸ਼ ₹ 34.60 ਕਰੋੜ[13] ਬਣਦਾ ਸੀ। ਹਾਲਾਂਕਿ, ਕੰਪਨੀਆਂ ਦੁਆਰਾ ਕੋਈ ਲਾਭਅੰਸ਼ ਦਾ ਐਲਾਨ/ਭੁਗਤਾਨ ਨਹੀਂ ਕੀਤਾ ਗਿਆ ਸੀ।

## 5.6 ਕਰਜ਼ਾ ਵਾਪਸੀ

### 5.6.1 ਵਿਆਜ ਕਵਰੇਜ ਅਨੁਪਾਤ

ਵਿਆਜ ਕਵਰੇਜ ਅਨੁਪਾਤ ਦੀ ਵਰਤੋਂ ਕੰਪਨੀਆਂ ਦੀ ਬਕਾਇਆ ਕਰਜ਼ੇ ਤੇ ਵਿਆਜ ਦਾ ਭੁਗਤਾਨ ਕਰਨ ਦੀ ਕੁਸ਼ਲਤਾ ਮਾਪਣ ਲਈ ਕੀਤੀ ਜਾਂਦੀ ਹੈ ਅਤੇ ਇਸ ਦੀ ਗਣਨਾ ਕੰਪਨੀ ਦੀ ਵਿਆਜ ਅਤੇ ਕਰਾਂ ਤੋਂ ਪਹਿਲਾਂ ਦੀ ਆਮਦਨ (ਈ ਬੀ ਆਈ ਟੀ) ਨੂੰ ਉਸੇ ਸਮੇਂ ਦੇ ਵਿਆਜ ਦੇ ਖਰਚੇ ਨਾਲ ਵੰਡ ਕੇ ਕੀਤੀ ਜਾਂਦੀ ਹੈ। ਜਿਨ੍ਹਾਂ ਘੱਟ ਅਨੁਪਾਤ ਉੱਨੀ ਘੱਟ ਕੰਪਨੀ ਦੇ ਕਰਜ਼ੇ ਤੇ ਵਿਆਜ ਭੁਗਤਾਨ ਕਰਨ ਦੀ ਕੁਸ਼ਲਤਾ। ਵਿਆਜ ਕਵਰੇਜ ਅਨੁਪਾਤ ਦਾ ਇੱਕ ਤੋਂ ਘੱਟ ਹੋਣਾ ਦਰਸਾਉਂਦਾ ਹੈ ਕਿ ਕੰਪਨੀ ਆਪਣੇ ਵਿਆਜ ਦੇ ਖਰਚੇ ਨੂੰ ਪੂਰਾ ਕਰਨ ਲਈ ਲੋੜੀਂਦੀ ਆਮਦਨੀ ਪੈਦਾ ਨਹੀਂ ਕਰ ਰਹੀ ਸੀ। ਐਸ ਪੀ ਐਸ ਈਜ਼ ਵਿੱਚ ਵਿਆਜ ਕਵਰੇਜ ਅਨੁਪਾਤ ਦਾ ਵਿਸਥਾਰ ਜਿਸ ਉੱਤੇ ਵਿਆਜ ਦਾ ਭਾਰ ਸੀ, ਹੇਠਾਂ ਦਿੱਤੀ **ਸਾਰਣੀ 5.6** ਵਿੱਚ ਦਿੱਤਾ ਗਿਆ ਹੈ:

**ਸਾਰਣੀ 5.6: ਐਸ ਪੀ ਐਸ ਈਜ਼ ਦੀ ਵਿਆਜ ਕਵਰੇਜ ਅਨੁਪਾਤ**

| ਸਾਲ | ਵੇਰਵੇ | ਵਿਆਜ (*₹ ਕਰੋੜਾਂ ਵਿੱਚ*) | ਵਿਆਜ ਅਤੇ ਕਰਾਂ ਤੋਂ ਪਹਿਲਾਂ ਦੀ ਆਮਦਨ (ਈ ਬੀ ਆਈ ਟੀ) (*₹ ਕਰੋੜਾਂ ਵਿੱਚ*) | ਐਸ ਪੀ ਐਸ ਈਜ਼ ਦੀ ਗਿਣਤੀ ਜਿਨ੍ਹਾਂ ਤੇ ਸਰਕਾਰ ਅਤੇ ਹੋਰ ਵਿੱਤੀ ਸੰਸਥਾਵਾਂ ਤੋਂ ਪ੍ਰਾਪਤ ਕਰਜ਼ੇ ਬਕਾਇਆ ਸਨ | ਕੰਪਨੀਆਂ ਦੀ ਗਿਣਤੀ ਜਿਨ੍ਹਾਂ ਦਾ ਵਿਆਜ ਕਵਰੇਜ ਅਨੁਪਾਤ ਇੱਕ ਤੋਂ ਵੱਧ ਹੈ | ਕੰਪਨੀਆਂ ਦੀ ਗਿਣਤੀ ਜਿਨ੍ਹਾਂ ਦਾ ਵਿਆਜ ਕਵਰੇਜ ਅਨੁਪਾਤ ਇੱਕ ਤੋਂ ਘੱਟ ਹੈ |
|---|---|---|---|---|---|---|
| **2019-20** | ਪਾਵਰ ਖੇਤਰ ਐਸ ਪੀ ਐਸ ਈਜ਼ | 3,461.24 | 2,269.47 | 2 | 0 | 2 |
| | ਖੇਤੀਬਾੜੀ ਅਤੇ ਸਹਾਇਕ ਐਸ ਪੀ ਐਸ ਈਜ਼ | 333.87 | 418.54 | 2 | 1 | 1 |
| | ਹੋਰ ਐਸ ਪੀ ਐਸ ਈਜ਼ | 31.27 | 51.83 | 6 | 3 | 3 |
| | **ਜੋੜ** | **3,826.38** | **2,739.84** | **10** | **4** | **4** |

12 ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਟਡ (ਪੀ ਐਸ ਪੀ ਸੀ ਐਲ), ਪੰਜਾਬ ਐਗਰੋ ਇੰਡਸਟਰੀਜ਼ ਕਾਰਪੋਰੇਸ਼ਨ ਲਿਮਟਡ ਅਤੇ ਪੰਜਾਬ ਇਨਫਰਮੇਸ਼ਨ ਅਤੇ ਕਮਿਊਨੀਕੇਸ਼ਨ ਤਕਨਾਲੋਜੀ ਕਾਰਪੋਰੇਸ਼ਨ ਲਿਮਟਡ।

13 ਪੀ ਐਸ ਟੀ ਸੀ ਐਲ: ₹ 30.29 ਕਰੋੜ (₹ 605.88 ਕਰੋੜ* ਪੰਜ *ਪ੍ਰਤੀਸ਼ਤ),* ਪੀ ਐਸ ਡਬਲਿਊ ਸੀ: ₹ 0.40 ਕਰੋੜ (₹ 8.00 ਕਰੋੜ* ਪੰਜ *ਪ੍ਰਤੀਸ਼ਤ*) ਅਤੇ ਪੀ ਐਸ ਆਈ ਡੀ ਸੀ: ₹ 3.91 ਕਰੋੜ (₹ 78.22 ਕਰੋੜ* ਪੰਜ *ਪ੍ਰਤੀਸ਼ਤ*)।

| ਸਾਲ | ਵੇਰਵੇ | ਵਿਆਜ (*₹ ਕਰੋੜਾਂ ਵਿੱਚ*) | ਵਿਆਜ ਅਤੇ ਕਰਾਂ ਤੋਂ ਪਹਿਲਾਂ ਦੀ ਆਮਦਨ (ਈ ਬੀ ਆਈ ਟੀ) (*₹ ਕਰੋੜਾਂ ਵਿੱਚ*) | ਐਸ ਪੀ ਐਸ ਈਜ਼ ਦੀ ਗਿਣਤੀ ਜਿਨ੍ਹਾਂ ਤੇ ਸਰਕਾਰ ਅਤੇ ਹੋਰ ਵਿੱਤੀ ਸੰਸਥਾਵਾਂ ਤੋਂ ਪ੍ਰਾਪਤ ਕਰਜ਼ੇ ਬਕਾਇਆ ਸਨ | ਕੰਪਨੀਆਂ ਦੀ ਗਿਣਤੀ ਜਿਨ੍ਹਾਂ ਦਾ ਵਿਆਜ ਕਵਰੇਜ ਅਨੁਪਾਤ ਇੱਕ ਤੋਂ ਵੱਧ ਹੈ | ਕੰਪਨੀਆਂ ਦੀ ਗਿਣਤੀ ਜਿਨ੍ਹਾਂ ਦਾ ਵਿਆਜ ਕਵਰੇਜ ਅਨੁਪਾਤ ਇੱਕ ਤੋਂ ਘੱਟ ਹੈ |
|---|---|---|---|---|---|---|
| **2020-21** | ਪਾਵਰ ਖੇਤਰ ਐਸ ਪੀ ਐਸ ਈਜ਼ | 2,004.42 | 3,471.29 | 2 | 2 | 0 |
| | ਖੇਤੀਬਾੜੀ ਅਤੇ ਸਹਾਇਕ ਐਸ ਪੀ ਐਸ ਈਜ਼ | 360.12 | 480.16 | 2 | 1 | 1 |
| | ਹੋਰ ਐਸ ਪੀ ਐਸ ਈਜ਼ | 32.29 | 46.14 | 5 | 2 | 3 |
| | **ਜੋੜ** | **2,396.83** | **3,997.59** | **9** | **5** | **4** |
| **2021-22** | ਪਾਵਰ ਖੇਤਰ ਐਸ ਪੀ ਐਸ ਈਜ਼ | 1,684.84 | 2,969.15 | 2 | 2 | 0 |
| | ਖੇਤੀਬਾੜੀ ਅਤੇ ਸਹਾਇਕ ਐਸ ਪੀ ਐਸ ਈਜ਼ | 193.23 | 369.68 | 2 | 1 | 1 |
| | ਹੋਰ ਐਸ ਪੀ ਐਸ ਈਜ਼ | 30.96 | 57.91 | 5 | 2 | 3 |
| | **ਜੋੜ** | **1,909.03** | **3,396.74** | **9** | **5** | **4** |

*ਸ੍ਰੋਤ: ਐਸ ਪੀ ਐਸ ਈਜ਼ ਦੇ ਨਵੀਨਤਮ ਲੇਖੇ*

ਇਹ ਦੇਖਿਆ ਗਿਆ ਸੀ ਕਿ 2021-22 ਦੌਰਾਨ ਦੋਵੇਂ ਐਸ ਪੀ ਐਸ ਈਜ਼ ਪਾਵਰ ਖੇਤਰ ਨਾਲ ਸਬੰਧਤ ਸਨ ਜਿਨ੍ਹਾਂ ਦੀ ਕਰਜ਼ਿਆਂ ਦੀ ਦੇਣਦਾਰੀ ਸੀ, ਦਾ ਵਿਆਜ ਕਵਰੇਜ ਅਨੁਪਾਤ ਇੱਕ ਤੋਂ ਵੱਧ ਸੀ। ਹਾਲਾਂਕਿ, ਖੇਤੀਬਾੜੀ ਅਤੇ ਸਹਾਇਕ ਖੇਤਰ ਐਸ ਪੀ ਐਸ ਈਜ਼ ਅਤੇ ਹੋਰ ਐਸ ਪੀ ਐਸ ਈਜ਼ ਦੇ ਮਾਮਲੇ ਵਿੱਚ ਜਿਨ੍ਹਾਂ ਦੀ ਕਰਜ਼ਿਆਂ ਦੀ ਦੇਣਦਾਰੀ ਹੈ, ਸਿਰਫ ਤਿੰਨ ਐਸ ਪੀ ਐਸ ਈਜ਼ ਦੀ ਇੱਕ ਤੋਂ ਵੱਧ ਦੀ ਵਿਆਜ ਕਵਰੇਜ ਅਨੁਪਾਤ ਸੀ ਅਤੇ ਬਾਕੀ ਚਾਰ ਐਸ ਪੀ ਐਸ ਈਜ਼ ਦੀ ਇੱਕ ਤੋਂ ਘੱਟ ਦੀ ਵਿਆਜ ਕਵਰੇਜ ਅਨੁਪਾਤ ਸੀ। ਇਸ ਤਰਾਂ, ਇਹ ਵਿਆਜ 'ਤੇ ਆਪਣੇ ਖਰਚਿਆਂ ਨੂੰ ਪੂਰਾ ਕਰਨ ਲਈ ਲੋੜੀਂਦਾ ਰੈਵੀਨਿਊ ਪੈਦਾ ਨਹੀਂ ਕਰ ਰਹੇ ਸਨ।

## 5.7 ਐਸ ਪੀ ਐਸ ਈਜ਼ ਦੀ ਵਿੱਤੀ ਕਾਰਗੁਜ਼ਾਰੀ

### 5.7.1 ਲਗਾਈ ਗਈ ਪੂੰਜੀ ਉੱਤੇ ਆਮਦਨ

ਲਗਾਈ ਗਈ ਪੂੰਜੀ ਉੱਤੇ ਆਮਦਨ (ਆਰ ਓ ਸੀ ਈ) ਇਕ ਅਨੁਪਾਤ ਹੈ ਜੋ ਕੰਪਨੀ ਦੇ ਲਾਭ ਅਤੇ ਕਾਰਜਕੁਸ਼ਤਾ ਜਿਸ ਨਾਲ ਇਸ ਦੀ ਪੂੰਜੀ ਲਗਾਈ ਹੈ, ਨੂੰ ਮਾਪਦਾ ਹੈ। ਆਰ ਓ ਸੀ ਈ ਦੀ ਗਣਨਾ ਕੰਪਨੀ ਦੀ ਵਿਆਜ ਅਤੇ ਕਰਾਂ ਤੋਂ ਪਹਿਲਾਂ ਦੀ ਆਮਦਨੀ (ਈ ਬੀ ਆਈ ਟੀ), ਨੂੰ ਲਗਾਈ ਗਈ ਪੂੰਜੀ[14] ਨਾਲ ਭਾਗ ਕਰ ਕੇ ਕੀਤੀ ਜਾਂਦੀ ਹੈ। 2019-20 ਤੋਂ 2021-22 ਦੇ ਸਮੇਂ ਦੌਰਾਨ ਆਰ ਓ ਸੀ ਈ ਦਾ ਵਿਸਥਾਰ ਹੇਠਾ **ਸਾਰਣੀ** 5.7 ਵਿੱਚ ਦਿੱਤਾ ਗਿਆ ਹੈ:

14 ਲਗਾਈ ਗਈ ਪੂੰਜੀ = ਅਦਾ ਕੀਤੀ ਪੂੰਜੀ + ਫਰੀ ਰਿਜ਼ਰਵ ਅਤੇ ਸਰਪਲੱਸ + ਲੰਬੀ ਮਿਆਦ ਦੇ ਕਰਜ਼ੇ - ਸੰਚਿਤ ਘਾਟੇ - ਮੁਲਤਵੀ ਰੈਵੀਨਿਊ ਖਰਚੇ।

**ਸਾਰਣੀ 5.7: ਲਗਾਈ ਗਈ ਪੂੰਜੀ ਉੱਤੇ ਆਮਦਨ**

| ਸਾਲ | ਵੇਰਵੇ | ਈ ਬੀ ਆਈ ਟੀ (*₹ ਕਰੋੜਾਂ ਵਿੱਚ*) | ਲਗਾਈ ਗਈ ਪੂੰਜੀ (*₹ ਕਰੋੜਾਂ ਵਿੱਚ*) | ਆਰ ਓ ਸੀ ਈ (*ਪ੍ਰਤੀਸ਼ਤ ਵਿੱਚ*) |
|---|---|---|---|---|
| **2019-20** | ਪਾਵਰ ਖੇਤਰ ਐਸ ਪੀ ਐਸ ਈਜ਼ | 2,274.97 | 31,148.54 | 7.30 |
| | ਖੇਤੀਬਾੜੀ ਅਤੇ ਸਹਾਇਕ ਐਸ ਪੀ ਐਸ ਈਜ਼ | 138.29 | 11,512.37 | 1.20 |
| | ਹੋਰ ਐਸ ਪੀ ਐਸ ਈਜ਼ | 36.69 | 86.94 | 42.20 |
| | **ਜੋੜ** | **2,449.95** | **42,747.85** | **5.73** |
| **2020-21** | ਪਾਵਰ ਖੇਤਰ ਐਸ ਪੀ ਐਸ ਈਜ਼ | 3,474.72 | 33,799.47 | 10.28 |
| | ਖੇਤੀਬਾੜੀ ਅਤੇ ਸਹਾਇਕ ਐਸ ਪੀ ਐਸ ਈਜ਼ | 199.34 | 11,521.74 | 1.73 |
| | ਹੋਰ ਐਸ ਪੀ ਐਸ ਈਜ਼ | 140.76 | 872.08 | 16.14 |
| | **ਜੋੜ** | **3,814.82** | **46,193.29** | **8.26** |
| **2021-22** | ਪਾਵਰ ਖੇਤਰ ਐਸ ਪੀ ਐਸ ਈਜ਼ | 2,971.50 | 35,203.79 | 8.44 |
| | ਖੇਤੀਬਾੜੀ ਅਤੇ ਸਹਾਇਕ ਐਸ ਪੀ ਐਸ ਈਜ਼ | 104.91 | 12,357.09 | 0.85 |
| | ਹੋਰ ਐਸ ਪੀ ਐਸ ਈਜ਼ | 147.15 | 980.98 | 15.00 |
| | **ਜੋੜ** | **3,223.56** | **48,541.86** | **6.64** |

*ਸ੍ਰੋਤ: ਕਾਰਜਸ਼ੀਲ ਐਸ ਪੀ ਐਸ ਈਜ਼ ਦੇ ਨਵੀਨਤਮ ਲੇਖੇ*

ਇਹ ਦੇਖਿਆ ਗਿਆ ਕਿ 2019-20 ਤੋਂ 2021-22 ਦੇ ਸਮੇਂ ਦੌਰਾਨ ਆਰ ਓ ਸੀ ਈ ਸਕਾਰਾਤਮਕ ਸੀ। ਹਾਲਾਂਕਿ, ਈ ਬੀ ਆਈ ਟੀ ਵਿੱਚ ਕਮੀ ਅਤੇ ਲਗਾਈ ਗਈ ਪੂੰਜੀ ਵਿੱਚ ਵਾਧੇ ਕਾਰਨ ਆਰ ਓ ਸੀ ਈ 2020-21 ਦੇ ਮੁਕਾਬਲੇ 2021-22 ਵਿੱਚ ਘਟਿਆ।

### 5.7.2 ਐਸ ਪੀ ਐਸ ਈਜ਼ ਦੀ ਇਕਿਊਟੀ ਉੱਤੇ ਆਮਦਨ

ਇਕਿਊਟੀ ਤੇ ਆਮਦਨ (ਆਰ ਓ ਈ) ਵਿੱਤੀ ਕਾਰਜਕੁਸ਼ਲਤਾ ਦਾ ਇੱਕ ਮਾਪ ਹੈ ਇਹ ਜਾਨਣ ਲਈ ਕਿ ਲਾਭ ਕਮਾਉਣ ਲਈ ਕਿਸੇ ਕੰਪਨੀ ਦੀਆਂ ਸੰਪਤੀਆਂ ਦੀ ਵਰਤੋਂ ਕਿੰਨੀ ਪ੍ਰਭਾਵਸ਼ਾਲੀ ਢੰਗ ਨਾਲ ਕੀਤੀ ਜਾ ਰਹੀ ਹੈ। ਆਰ ਓ ਈ ਦੀ ਗਣਨਾ ਨਿਰੋਲ ਆਮਦਨ (ਭਾਵ ਟੈਕਸਾਂ ਤੋਂ ਬਾਅਦ ਨਿਰੋਲ ਲਾਭ) ਨੂੰ ਸ਼ੇਅਰਧਾਰਕਾਂ ਦੇ ਫੰਡਾਂ ਨਾਲ ਵੰਡ ਕੇ ਕੀਤੀ ਜਾਂਦੀ ਹੈ। ਇਹ *ਪ੍ਰਤੀਸ਼ਤ* ਦੇ ਰੂਪ ਵਿੱਚ ਦੱਸੀ ਜਾਂਦੀ ਹੈ ਅਤੇ ਕਿਸੇ ਵੀ ਉਸ ਕੰਪਨੀ ਲਈ ਗਿਣੀ ਜਾ ਸਕਦੀ ਹੈ ਜਿਸਦੀ ਨਿਰੋਲ ਆਮਦਨ ਅਤੇ ਸ਼ੇਅਰਧਾਰਕਾਂ ਦੇ ਫੰਡ ਦੋਵੇਂ ਸਕਾਰਾਤਮਕ ਸੰਖਿਆਵਾਂ ਹੋਣ।

ਸਾਲ 2021-22 ਦੌਰਾਨ 12 ਕਾਰਜਸ਼ੀਲ ਲਾਭ ਕਮਾਉਣ ਵਾਲੇ ਐਸ ਪੀ ਐਸ ਈਜ਼ ਦੀ ਇਕਿਊਟੀ ਤੇ ਆਮਦਨ[15] (ਆਰ ਓ ਈ) 9.96 *ਪ੍ਰਤੀਸ਼ਤ* ਸੀ। ਸਾਲ 2021-22 ਦੌਰਾਨ 17[16] ਹਾਨੀਆਂ ਉਠਾਉਣ ਵਾਲੇ ਐਸ ਪੀ ਐਸ ਈਜ਼ ਨੂੰ ਸ਼ਾਮਲ ਕਰਕੇ 29[17] ਐਸ ਪੀ ਐਸ ਈਜ਼ ਦੀ ਆਰ ਓ ਈ 12.34 *ਪ੍ਰਤੀਸ਼ਤ* ਸੀ।

15 ਇਕਿਊਟੀ ਉੱਤੇ ਆਮਦਨ = (ਕਰਾਂ ਤੋਂ ਬਾਅਦ ਦਾ ਨਿਰੋਲ ਲਾਭ/ਸ਼ੇਅਰਧਾਰਕ ਦੀ ਇਕਿਊਟੀ) × 100 ਜਿੱਥੇ ਸ਼ੇਅਰਧਾਰਕ ਦੀ ਇਕਿਊਟੀ = ਅਦਾ ਕੀਤੀ ਪੂੰਜੀ + ਫਰੀ ਰਿਜਰਵ- ਸੰਚਿਤ ਘਾਟੇ - ਮੁਲਤਵੀ ਰੈਵੀਨਿਊ ਖ਼ਰਚਾ।

16 ਇੱਕ ਐਸ ਪੀ ਐਸ ਈ ਸਮੇਤ ਜਿਸ ਨੇ ਜ਼ੀਰੋ ਲਾਭ/ਹਾਨੀ ਕਮਾਇਆ ਅਤੇ ਉਸ ਕੋਲ ਜੀਰੋ ਸੰਚਿਤ ਲਾਭ/ਹਾਨੀ ਵੀ ਸੀ।

17 ਚਾਰ ਐਸ ਪੀ ਐਸ ਈਜ਼ ਜੋ ਜ਼ੀਰੋ ਲਾਭ/ਨੁਕਸਾਨ ਤੇ ਕੰਮ ਕਰ ਰਹੀਆਂ ਸਨ (ਪੰਜਾਬ ਪੁਲਿਸ ਸਕਿਉਰਟੀ ਕਾਰਪੋਰੇਸ਼ਨ ਲਿਮਟਡ, ਪੰਜਾਬ ਮਿਊਨੀਸਿਪਲ ਇੰਫ੍ਰਾਸਟਰਕਚਰ ਵਿਕਾਸ ਕੰਪਨੀ, ਪੰਜਾਬ ਰਾਜ ਬਾਇਓਟੈਕ ਕਾਰਪੋਰੇਸ਼ਨ (ਮੋਹਾਲੀ ਬਾਇਓਤਕਨਾਲੋਜੀ ਪਾਰਕ) ਅਤੇ ਪੰਜਾਬ ਪੁਲਿਸ ਹਾਉਸਿੰਗ ਕਾਰਪੋਰੇਸ਼ਨ ਲਿਮਟਡ) ਨੂੰ ਛੱਡ ਕੇ।

ਸ਼ੇਅਰਧਾਰਕਾਂ ਦੇ ਫੰਡ ਦੀ ਗਣਨਾ ਅਦਾ ਕੀਤੀ ਪੂੰਜੀ ਵਿੱਚ ਫਰੀ ਰਿਜ਼ਰਵ ਜੋੜ ਕੇ ਅਤੇ ਉਸ ਵਿੱਚੋਂ ਸੰਚਿਤ ਹਾਨੀ ਅਤੇ ਮੁਲਤਵੀਂ ਰੈਵੀਨਿਊ ਖਰਚਿਆਂ ਨੂੰ ਘਟਾ ਕੇ ਕੀਤੀ ਜਾਂਦੀ ਹੈ ਅਤੇ ਇਹ ਦੱਸਦੀ ਹੈ ਕਿ ਜੇਕਰ ਸਾਰੀਆਂ ਸੰਪਤੀਆਂ ਵੇਚੀਆਂ ਜਾਂਦੀਆਂ ਹਨ ਅਤੇ ਸਾਰੇ ਕਰਜ਼ਿਆਂ ਦਾ ਭੁਗਤਾਨ ਕੀਤਾ ਜਾਂਦਾ ਹੈ ਤਾਂ ਕੰਪਨੀ ਦੇ ਸ਼ੇਅਰਧਾਰਕਾਂ ਲਈ ਕਿੰਨਾ ਬਚਿਆ ਹੋਵੇਗਾ। ਇੱਕ ਸਕਾਰਾਤਮਕ ਸ਼ੇਅਰਧਾਰਕਾਂ ਦਾ ਫੰਡ ਇਹ ਦਰਸਾਉਂਦਾ ਹੈ ਕਿ ਕੰਪਨੀ ਕੋਲ ਆਪਣੀਆਂ ਦੇਣਦਾਰੀਆਂ ਨੂੰ ਕਵਰ ਕਰਨ ਲਈ ਕਾਫ਼ੀ ਸੰਪਤੀਆਂ ਹਨ ਜਦੋਂ ਕਿ ਨਕਾਰਾਤਮਕ ਸ਼ੇਅਰਧਾਰਕਾਂ ਦਾ ਫੰਡ ਦਾ ਅਰਥ ਹੈ ਦੇਣਦਾਰੀਆਂ ਸੰਪਤੀਆਂ ਤੋਂ ਵੱਧ ਹਨ।

ਕਾਰਜਸ਼ੀਲ ਐਸ ਪੀ ਐਸ ਈਜ਼ ਨਾਲ ਸੰਬੰਧਤ ਸ਼ੇਅਰਧਾਰਕਾਂ ਦੇ ਫੰਡ ਅਤੇ ਆਰ ਓ ਈ ਦੇ ਵੇਰਵੇ ਹੇਠਾਂ **ਸਾਰਣੀ** 5.8 ਵਿੱਚ ਦਿੱਤੇ ਗਏ ਹਨ:

**ਸਾਰਣੀ 5.8: ਐਸ ਪੀ ਐਸ ਈਜ਼ ਨਾਲ ਸੰਬੰਧਤ ਇਕਿਊਟੀ ਤੇ ਆਮਦਨ**

| ਸਾਲ | ਵੇਰਵੇ | ਨਿਰੋਲ ਕਮਾਈ (*₹ ਕਰੋੜ ਵਿੱਚ*) | ਸ਼ੇਅਰਧਾਰਕਾਂ ਦਾ ਫੰਡ (*₹ ਕਰੋੜ ਵਿੱਚ*) | ਆਰ ਓ ਈ (*ਪ੍ਰਤੀਸ਼ਤ ਵਿੱਚ*) |
|---|---|---|---|---|
| **2019-20** | ਪਾਵਰ ਖੇਤਰ ਐਸ ਪੀ ਐਸ ਈਜ਼ | (-) 1,187.84 | 14,675.57 | -- |
| | ਖੇਤੀਬਾੜੀ ਅਤੇ ਸਹਾਇਕ ਐਸ ਪੀ ਐਸ ਈਜ਼ | (-)200.33 | (-) 6,913.01 | -- |
| | ਹੋਰ ਐਸ ਪੀ ਐਸ ਈਜ਼ | (-)3.94 | (-)387.88 | -- |
| | **ਜੋੜ** | **(-)1,392.11** | **7,374.68** | **--** |
| **2020-21** | ਪਾਵਰ ਖੇਤਰ ਐਸ ਪੀ ਐਸ ਈਜ਼ | 1,469.08 | 16,144.56 | 9.10 |
| | ਖੇਤੀਬਾੜੀ ਅਤੇ ਸਹਾਇਕ ਐਸ ਪੀ ਐਸ ਈਜ਼ | (-)175.91 | (-)7,052.96 | -- |
| | ਹੋਰ ਐਸ ਪੀ ਐਸ ਈਜ਼ | 80.21 | (-)281.80 | -- |
| | **ਜੋੜ** | **1,373.38** | **8,809.80** | **15.59** |
| **2021-22** | ਪਾਵਰ ਖੇਤਰ ਐਸ ਪੀ ਐਸ ਈਜ਼ | 1,286.04 | 17,425.53 | 7.38 |
| | ਖੇਤੀਬਾੜੀ ਅਤੇ ਸਹਾਇਕ ਐਸ ਪੀ ਐਸ ਈਜ਼ | (-)103.40 | (-) 6,881.87 | -- |
| | ਹੋਰ ਐਸ ਪੀ ਐਸ ਈਜ਼ | 87.26 | (-) 254.99 | -- |
| | **ਜੋੜ** | **1,269.90** | **10,288.67** | **12.34** |

*ਸ੍ਰੋਤ: ਐਸ ਪੀ ਐਸ ਈਜ਼ ਦੇ ਅੰਤਿਮ ਰੂਪ ਦਿੱਤੇ ਨਵੀਨਤਮ ਲੇਖੇ।*

ਕਿਉਂਕਿ ਸਾਲ 2019-20 ਦੌਰਾਨ ਸਾਰੀਆਂ ਐਸ ਪੀ ਐਸ ਈਜ਼ ਦੀ ਨਿਰੋਲ ਆਮਦਨ ਨਕਾਰਾਤਮਕ ਸੀ, ਆਰ ਓ ਈ ਦੀ ਗਣਨਾ ਨਹੀਂ ਕੀਤੀ ਜਾ ਸਕੀ। ਜਦੋਂਕਿ 2020-21 ਅਤੇ 2021-22 ਦੌਰਾਨ, ਪਾਵਰ ਖੇਤਰ ਐਸ ਪੀ ਐਸ ਈਜ਼ ਦੁਆਰਾ ਰਿਪੋਰਟ ਕੀਤੇ ਲਾਭ ਦੇ ਕਾਰਨ ਸਮੁੱਚੇ ਤੌਰ ਤੇ ਆਰ ਓ ਈ ਸਕਾਰਾਤਮਕ ਹੋ ਗਈ। ਹਾਲਾਂਕਿ, ਆਰ ਓ ਈ 2020-21 ਵਿੱਚ 15.59 *ਪ੍ਰਤੀਸ਼ਤ* ਤੋਂ ਘੱਟ ਕੇ 2021-22 ਵਿੱਚ 12.34 *ਪ੍ਰਤੀਸ਼ਤ* ਹੋ ਗਈ ਕਿਉਂਕਿ ਨਿਰੋਲ ਆਮਦਨ ਵਿੱਚ ਕਮੀ ਅਤੇ ਪੀ ਐਸ ਪੀ ਸੀ ਐਲ ਦੇ ਸ਼ੇਅਰਧਾਰਕ ਫੰਡ ਵਿੱਚ ਵਾਧਾ ਹੋਇਆ ਸੀ।

### 5.7.3 ਨਿਵੇਸ਼ ਦੀ ਮੌਜੂਦਾ ਕੀਮਤ ਦੇ ਅਧਾਰ ਤੇ ਆਮਦਨ ਦੀ ਦਰ

ਹਰੇਕ ਸਾਲ ਦੇ ਅੰਤ ਵਿੱਚ 31 ਮਾਰਚ 2022 ਤੱਕ ਨਿਵੇਸ਼ ਦੀ ਇਤਿਹਾਸਕ ਲਾਗਤ ਨੂੰ ਇਸਦੀ ਮੌਜੂਦਾ ਕੀਮਤ ਤੇ ਲਿਆਉਣ ਲਈ, ਪੁਰਾਣੇ ਨਿਵੇਸ਼/ਰਾਜ ਸਰਕਾਰ ਦੁਆਰਾ ਐਸ ਪੀ ਐਸ ਈਜ਼ ਵਿੱਚ ਪ੍ਰਤੀ ਸਾਲ ਕੀਤੇ ਨਿਵੇਸ਼ ਨੂੰ ਸਰਕਾਰ ਦੇ ਉਧਾਰ ਤੇ ਵਿਆਜ ਦੀ ਔਸਤਨ ਦਰ ਤੇ ਮਿਸ਼ਰਿਤ ਕੀਤਾ ਗਿਆ ਹੈ, ਜਿਸ ਨੂੰ ਸੰਬੰਧਤ ਸਾਲ ਲਈ ਸਰਕਾਰ ਦੇ ਫੰਡਾਂ ਦੀ ਘੱਟੋਂ-ਘੱਟ ਲਾਗਤ ਦੇ ਤੌਰ ਤੇ ਮੰਨਿਆ ਜਾਂਦਾ ਹੈ । ਇਸ ਲਈ ਰਾਜ ਸਰਕਾਰ ਦੇ ਨਿਵੇਸ਼ ਦੀ ਪੀ ਵੀ ਦੀ ਗਣਨਾ ਉਥੇ ਕੀਤੀ ਗਈ ਸੀ, ਜਿੱਥੇ ਇਨ੍ਹਾਂ ਕੰਪਨੀਆਂ ਦੀ ਸਥਾਪਨਾ ਤੋਂ ਬਾਅਦ 31 ਮਾਰਚ 2022 ਤੱਕ ਰਾਜ ਸਰਕਾਰ ਵੱਲੋਂ ਇਕਿਊਟੀ, ਵਿਆਜ ਰਹਿਤ ਕਰਜ਼ੇ ਅਤੇ ਸੰਚਾਲਨ ਅਤੇ ਪ੍ਰਬੰਧਨ ਖਰਚਿਆਂ ਲਈ ਅਨੁਦਾਨ/ਉਪਦਾਨ, ਜੇ ਕੋਈ ਹੋਵੇ, *ਘਟਾਉ:* ਵਿਨਿਵੇਸ਼ ਦੇ ਰੂਪ ਵਿੱਚ ਫੰਡ ਦਿੱਤੇ ਜਾ ਰਹੇ ਸਨ।

ਐਸ ਪੀ ਐਸ ਈਜ਼ ਵਿੱਚ ਰਾਜ ਸਰਕਾਰ ਦੇ ਨਿਵੇਸ਼ ਦੀ ਪੀ ਵੀ ਦੀ ਗਣਨਾ ਹੇਠਾਂ ਦਿੱਤੀਆਂ ਧਾਰਣਾਵਾਂ ਦੇ ਅਧਾਰ ਤੇ ਕੀਤੀ ਗਈ ਸੀ:

- ਵਿਆਜ ਮੁਕਤ ਕਰਜ਼ਿਆਂ ਨੂੰ ਰਾਜ ਸਰਕਾਰ ਦੇ ਨਿਵੇਸ਼ ਦੇ ਤੌਰ ਤੇ ਮੰਨਿਆ ਗਿਆ ਹੈ ਕਿਉਂਕਿ ਐਸ ਪੀ ਐਸ ਈਜ਼ ਨੇ ਵਿਆਜ ਮੁਕਤ ਕਰਜ਼ਿਆਂ ਦੀ ਕੋਈ ਰਕਮ ਦੀ ਮੁੜ ਅਦਾਇਗੀ ਨਹੀਂ ਕੀਤੀ ਹੈ। ਅੱਗੇ, ਉਹਨਾਂ ਮਾਮਲਿਆਂ ਵਿੱਚ ਜਿੱਥੇ ਐਸ ਪੀ ਐਸ ਈਜ਼ ਨੂੰ ਦਿੱਤੇ ਗਏ ਵਿਆਜ ਰਹਿਤ ਕਰਜ਼ਿਆਂ ਨੂੰ ਬਾਅਦ ਵਿੱਚ ਇਕਿਊਟੀ ਵਿੱਚ ਬਦਲ ਦਿੱਤਾ ਗਿਆ ਸੀ, ਇਕਿਊਟੀ ਵਿੱਚ ਬਦਲੇ ਕਰਜ਼ਿਆਂ ਦੀ ਰਕਮ ਨੂੰ ਵਿਆਜ ਰਹਿਤ ਕਰਜ਼ਿਆ ਦੀ ਰਕਮ ਵਿੱਚੋਂ ਘਟਾ ਦਿੱਤਾ ਗਿਆ ਹੈ ਅਤੇ ਉਸ ਸਾਲ ਦੀ ਇਕਿਊਟੀ ਵਿੱਚ ਜੋੜ ਦਿੱਤਾ ਗਿਆ ਹੈ।
- ਪੀ ਵੀ ਦੀ ਗਣਨਾ ਲਈ, ਸੰਬੰਧਿਤ ਵਿੱਤੀ ਸਾਲ[18] ਲਈ ਸਰਕਾਰ ਦੇ ਉਧਾਰ ਉੱਤੇ ਔਸਤਨ ਵਿਆਜ ਦੀ ਦਰ ਨੂੰ ਮਿਸ਼ਰਤ ਦਰ ਦੇ ਤੌਰ ਤੇ ਅਪਣਾਇਆ ਗਿਆ ਸੀ ਕਿਉਂਕਿ ਇਹ ਸਰਕਾਰ ਦੁਆਰਾ ਸਾਲ ਵਿੱਚ ਫੰਡਾਂ ਦੇ ਨਿਵੇਸ਼ ਕਰਨ ਲਈ ਕੀਤੀ ਗਈ ਲਾਗਤ ਨੂੰ ਦਰਸਾਉਂਦੇ ਹਨ ਅਤੇ ਇਸ ਲਈ ਸਰਕਾਰ ਦੁਆਰਾ ਕੀਤੇ ਨਿਵੇਸ਼ ਤੇ ਸੰਭਾਵਿਤ ਘੱਟੋਂ-ਘੱਟ ਆਮਦਨੀ ਦੀ ਦਰ ਦੇ ਤੌਰ ਤੇ ਮੰਨਿਆ ਗਿਆ।

ਐਸ ਪੀ ਐਸ ਈ ਵਾਰ ਰਾਜ ਸਰਕਾਰ ਦੀ 21 ਐਸ ਪੀ ਐਸ ਈਜ਼ (ਜੀ ਸੀ ਓ ਸੀਜ਼ ਤੋਂ ਬਿਨਾਂ) ਵਿੱਚ ਨਿਵੇਸ਼ ਦੀ ਸਥਿਤੀ ਨੂੰ 2010-11 ਤੋਂ 2021-22 ਦੇ ਸਮੇਂ ਲਈ ਇਤਿਹਾਸਕ ਲਾਗਤ ਦੇ ਅਧਾਰ ਤੇ ਇਕਿਊਟੀ ਅਤੇ ਵਿਆਜ ਰਹਿਤ ਕਰਜ਼ਿਆਂ ਦੇ ਰੂਪ ਵਿੱਚ ***ਅੰਤਿਕਾ 5.3*** ਵਿੱਚ ਦਰਸਾਇਆ ਗਿਆ ਹੈ। ਉਸੇ ਸਮੇਂ ਲਈ 21 ਐਸ ਪੀ ਐਸ ਈਜ਼ ਨਾਲ ਸੰਬੰਧਤ ਰਾਜ ਸਰਕਾਰ ਦੇ ਨਿਵੇਸ਼ ਦੀ ਪੀ ਵੀ ਅਤੇ ਕੁੱਲ ਆਮਦਨੀ ਦੀ ਏਕੀਕ੍ਰਿਤ ਸਥਿਤੀ ਨੂੰ **ਸਾਰਣੀ** 5.9 ਵਿੱਚ ਦਰਸਾਇਆ ਗਿਆ ਹੈ:

18 ਸਰਕਾਰੀ ਉਧਾਰ ਉੱਤੇ ਵਿਆਜ ਦੀ ਔਸਤਨ ਦਰ ਸਟੇਟ ਫਾਇਨਾਸਿਜ਼ (ਜੀ ਓ ਪੀ) ਉੱਤੇ ਸੀ ਏ ਜੀ ਦੀਆਂ ਸੰਬੰਧਿਤ ਸਾਲ ਦੀਆਂ ਰਿਪੋਰਟਾਂ ਤੋਂ ਅਪਣਾਈ ਗਈ ਸੀ ਜਿਸ ਵਿੱਚ ਵਿਆਜ ਭੁਗਤਾਨ ਦੀ ਔਸਤਨ ਦਰ=ਵਿਆਜ ਅਦਾਇਗੀ/[(ਪਿਛਲੇ ਸਾਲਾਂ ਦੀਆਂ ਫਿਸਕਲ ਦੇਣਦਾਰੀਆਂ ਦੀ ਰਕਮ + ਚਾਲੂ ਸਾਲ ਦੀਆਂ ਫਿਸਕਲ ਦੇਣਦਾਰੀਆਂ)/2* 100 ।

### ਸਾਰਣੀ 5.9: ਰਾਜ ਸਰਕਾਰ ਦੁਆਰਾ ਨਿਵੇਸ਼ ਦੇ ਸਾਲ-ਵਾਰ ਵੇਰਵੇ ਅਤੇ 2010-11 ਤੋਂ 2021-22 ਦੀ ਮਿਆਦ ਲਈ ਸਰਕਾਰੀ ਨਿਵੇਸ਼ ਦਾ ਮੌਜੂਦਾ ਮੁੱਲ (ਪੀ ਵੀ)

(₹ *ਕਰੋੜਾਂ ਵਿੱਚ*)

| ਵਿੱਤੀ ਸਾਲ | ਸਾਲ ਦੇ ਸ਼ੁਰੂ ਵਿੱਚ ਕੁੱਲ ਨਿਵੇਸ਼ ਦੀ ਮੌਜੂਦਾ ਕੀਮਤ | ਸਾਲ ਦੇ ਦੌਰਾਨ ਰਾਜ ਸਰਕਾਰ ਵੱਲੋਂ ਦਿੱਤੀ ਗਿਈ ਇਕਿਊਟੀ | ਸਾਲ ਦੇ ਦੌਰਾਨ ਰਾਜ ਸਰਕਾਰ ਵਲੋਂ ਦਿੱਤੇ ਵਿਆਜ ਮੁਕਤ ਕਰਜੇ | ਸੰਚਾਲਨ ਅਤੇ ਪ੍ਰਬੰਧਨ ਖਰਚਿਆਂ ਲਈ ਸਾਲ ਦੌਰਾਨ ਰਾਜ ਸਰਕਾਰ ਵੱਲੋਂ ਦਿੱਤੇ ਅਨੁਦਾਨ/ ਉਪਦਾਨ | ਸਾਲ ਦੌਰਾਨ ਕੁੱਲ ਨਿਵੇਸ਼ | ਸਾਲ ਦੇ ਅੰਤ ਤੇ ਕੁੱਲ ਨਿਵੇਸ਼ | ਸਰਕਾਰੀ ਉਧਾਰਾਂ ਤੇ ਵਿਆਜ ਦੀ ਔਸਤਨ ਦਰ (*ਪ੍ਰਤੀਸ਼ਤ* ਵਿੱਚ) | ਸਾਲ ਦੇ ਅੰਤ ਤੇ ਕੁੱਲ ਨਿਵੇਸ਼ ਦਾ ਮੌਜੂਦਾ ਮੁੱਲ | ਸਾਲ ਦੇ ਫੰਡਾਂ ਦੀ ਲਾਗਤ ਦੀ ਵਸੂਲੀ ਲਈ ਉਮੀਦ ਕੀਤੀ ਘੱਟੋ-ਘੱਟ ਆਮਦਨ[19] | ਸਾਲ ਦੀ ਕੁੱਲ ਕਮਾਈ[20] |
|---|---|---|---|---|---|---|---|---|---|---|
| **i** | **ii** | **iii** | **iv** | **v** | **vi= iii + iv + v** | **vii = ii + vi** | **viii** | **ix= {vii* (1 + viii /100)}** | **x= ix-vii** | **xi** |
| 2010-11 ਤੱਕ | 789.79[21] | 6,687.35[22] | - | - | 6,687.35 | 7,477.14 | 7.73 | 8,055.12 | 577.98 | (-)1,696.24 |
| 2011-12 | 8,055.12 | 196.93 | - | 108.48 | 305.41 | 8,360.53 | 7.96 | 9,026.03 | 665.50 | (-)779.63 |
| 2012-13 | 9,026.03 | 15.91 | 30.00 | 190.29 | 236.20 | 9,262.23 | 7.79 | 9,983.76 | 721.53 | 43.23 |
| 2013-14 | 9,983.76 | 22.35 | - | 242.25 | 264.60 | 10,248.36 | 8.04 | 11,072.33 | 823.97 | (-)55.02 |
| 2014-15 | 11,072.33 | 72.07 | - | 337.75 | 409.82 | 11,482.15 | 8.35 | 12,440.91 | 958.76 | (-)673.78 |
| 2015-16 | 12,440.91 | 32.24 | - | 324.21 | 356.45 | 12,797.36 | 8.09 | 13,832.67 | 1,035.31 | (-)2,315.70 |
| 2016-17 | 13,832.67 | 10.83 | - | 504.28 | 515.11 | 14,347.78 | 7.48 | 15,420.99 | 1,073.21 | (-)4,327.30 |
| 2017-18 | 15,420.99 | - | - | 168.62 | 168.62 | 15,589.61 | 8.12 | 16,855.49 | 1,265.88 | (-)2,799.39 |
| 2018-19 | 16,855.49 | (-) 97.97[23] | - | 205.76 | 107.79 | 16,963.28 | 8.00 | 18,320.34 | 1,357.06 | (-)604.73 |
| 2019-20 | 18,320.34 | 15,629.35 | - | 160.28 | 15,789.63 | 34,109.97 | 7.93 | 36,814.89 | 2,704.92 | (-)1,228.59 |
| 2020-21 | 36,814.89 | (-)44.58 | - | 145.59 | 101.01 | 36,915.90 | 7.44 | 39,662.44 | 2,746.54 | 1,503.72 |
| 2021-22 | 39,662.44 | - | - | 439.14 | 439.14 | 40,101.58 | 7.05 | 42,928.74 | 2,827.16 | 1421.97 |
| **ਜੋੜ** | | | **30.00** | **2,826.65** | **25,381.13** | | | | | |

ਸਾਲ 2021-22 ਦੇ ਅਖੀਰ ਵਿੱਚ ਐਸ ਪੀ ਐਸ ਈਜ਼ ਵਿੱਚ ਰਾਜ ਸਰਕਾਰ ਦੁਆਰਾ ਨਿਵੇਸ਼ ਦਾ ਬਕਾਇਆ ਸਾਲ 2010-11 ਵਿੱਚ ₹ 7,477.14 ਕਰੋੜ ਤੋਂ ਵੱਧ ਕੇ 2021-22 ਵਿੱਚ ₹ 40,101.58 ਕਰੋੜ ਹੋ ਗਿਆ। ਰਾਜ ਸਰਕਾਰ ਨੇ 2011-12 ਤੋਂ 2021-22 ਦੌਰਾਨ ਇਹਨਾਂ ਐਸ ਪੀ ਐਸ ਈਜ਼ ਵਿੱਚ ਇਕਿਊਟੀ (₹ 15,837.13 ਕਰੋੜ) ਅਤੇ ਵਿਆਜ ਮੁਕਤ ਕਰਜ਼ੇ (₹ 30 ਕਰੋੜ) ਅਤੇ ਸੰਚਾਲਨ ਅਤੇ ਪ੍ਰਬੰਧਨ ਖਰਚਿਆਂ ਲਈ ਅਨੁਦਾਨਾਂ/ਉਪਦਾਨਾਂ (₹ 2,826.65 ਕਰੋੜ) ਦੇ ਰੂਪ ਵਿੱਚ ਹੋਰ ਨਿਵੇਸ਼ ਕੀਤਾ ਹੈ। ਰਾਜ ਸਰਕਾਰ ਦੁਆਰਾ 31 ਮਾਰਚ 2022 ਤੱਕ ਨਿਵੇਸ਼ ਕੀਤੇ ਗਏ ਫੰਡਾਂ ਦਾ ਪੀ ਵੀ ₹ 42,928.74 ਕਰੋੜ ਬਣਦਾ ਸੀ।

19 ਸਾਲ ਦੇ ਅੰਤ ਵਿੱਚ ਕੁੱਲ ਨਿਵੇਸ਼ ਦਾ ਮੌਜੂਦਾ ਮੁੱਲ *ਘਟਾਓ* : ਸਾਲ ਦੇ ਅੰਤ ਵਿੱਚ ਕੁੱਲ ਨਿਵੇਸ਼।

20 ਉਨ੍ਹਾਂ 22 ਐਸ ਪੀ ਐਸ ਈਜ਼ (ਜੀ ਸੀ ਓ ਸੀਜ਼ ਨੂੰ ਛੱਡ ਕੇ) ਜਿਥੇ ਰਾਜ ਸਰਕਾਰ ਦੁਆਰਾ ਫੰਡ ਨਿਵੇਸ਼ ਕੀਤੇ ਗਏ ਸਨ ਨਾਲ ਸਬੰਧਤ ਨਵੀਨਤਮ ਅੰਤਿਮ ਲੇਖਿਆਂ ਅਨੁਸਾਰ ਸਾਲ ਦੌਰਾਨ ਕੁੱਲ ਕਮਾਈ (ਲਾਭ/ਹਾਨੀ) ਦਰਸਾਇਆ ਗਿਆ ਹੈ।

21 ਵਿੱਤੀ ਸਾਲ 2010-11 ਤੱਕ ਪੰਜਾਬ ਸਰਕਾਰ ਵੱਲੋਂ ਹਿਸਟੋਰੀਕਲ ਲਾਗਤ ਦੇ ਅਧਾਰ 'ਤੇ ₹ 789.79 ਕਰੋੜ ਦਾ ਨਿਵੇਸ਼ ਹੈ।

22 ਇਹ ਪੀ ਐਸ ਪੀ ਸੀ ਐਲ ਅਤੇ ਪੀ ਐਸ ਟੀ ਸੀ ਐਲ ਦੀ ਇਕਿਊਟੀ ਦੀ ਨੁਮਾਇੰਦਗੀ ਕਰਦਾ ਹੈ ਜੋ ਸਾਬਕਾ ਪੰਜਾਬ ਰਾਜ ਬਿਜਲੀ ਬੋਰਡ ਦੇ ਅਨਬੰਡਲਿੰਗ ਤੇ ਜਾਇਦਾਦਾਂ ਅਤੇ ਦੇਣਦਾਰੀਆਂ ਦੇ ਟਰਾਂਸਫਰ ਤੋਂ ਬਣਾਇਆ ਗਿਆ ਹੈ। ਅਨਬੰਡਲਿੰਗ ਦੇ ਸਮੇਂ ਪਾਵਰ ਸੈਕਟਰ ਦੀਆਂ ਕੰਪਨੀਆਂ ਨੂੰ ਕੋਈ ਵੀ ਸੰਚਿਤ ਹਾਨੀ ਟਰਾਂਸਫਰ ਨਹੀਂ ਕੀਤੀ ਗਈ ਕਿਉਂਕਿ ਪੰਜਾਬ ਰਾਜ ਬਿਜਲੀ ਬੋਰਡ ਦੀ ₹ 10,180.35 ਕਰੋੜ ਦੀ ਸੰਚਿਤ ਹਾਨੀ ਜ਼ਮੀਨ ਦੇ ਪੁਨਰ-ਮੁਲਾਂਕਣ ਤੇ ਬਣਾਏ ਗਏ ਪੂੰਜੀ ਰਿਜ਼ਰਵ ਦੇ ਵਿਰੁੱਧ ਖਤਮ ਕਰ ਦਿੱਤੀ ਗਈ ਸੀ।

23 ਸਾਲ 2017-18 ਦੇ ਖਾਤਿਆਂ ਨੂੰ ਅੰਤਿਮ ਰੂਪ ਦਿੰਦੇ ਹੋਏ, ਪੰਜਾਬ ਜਲ ਸਰੋਤ ਪ੍ਰਬੰਧਨ ਅਤੇ ਵਿਕਾਸ ਕਾਰਪੋਰੇਸ਼ਨ ਲਿਮਟਡ (ਪੀ ਡਬਲਯੂ ਆਰ ਐਮ ਡੀ ਸੀ) ਨੇ ਰਾਜ ਸਰਕਾਰ ਤੋਂ ਟਿਊਬਵੈੱਲਾਂ ਨੂੰ ਸਿੰਕ ਅਤੇ ਇਨਸਟਾਲ ਕਰਨ ਲਈ ਪ੍ਰਾਪਤ ਹੋਈ ₹ 97.97 ਕਰੋੜ ਦੀ ਪੂੰਜੀ ਗ੍ਰਾਂਟ ਨੂੰ ਮੁਲਤਵੀ ਆਮਦਨ ਵਜੋਂ ਮੰਨਿਆ, ਜਿਸ ਨੂੰ ਪਹਿਲਾਂ 'ਸ਼ੇਅਰ ਐਪਲੀਕੇਸ਼ਨ ਮਨੀ ਪੈਂਡਿੰਗ ਅਲਾਟਮੈਂਟ' ਮੰਨਿਆ ਜਾ ਰਿਹਾ ਸੀ।

2011-12 ਤੋਂ 2021-22 ਦੇ ਸਾਰੇ ਸਾਲਾਂ ਦੌਰਾਨ, ਇਨ੍ਹਾਂ ਐਸ ਪੀ ਐਸ ਈਜ਼ ਵਿੱਚ ਲਗਾਏ ਫੰਡਾਂ ਦੀ ਲਾਗਤ ਨੂੰ ਵਸੂਲਣ ਦੀ ਕੁੱਲ ਕਮਾਈ ਘੱਟੋਂ-ਘੱਟ ਉਮੀਦ ਕੀਤੀ ਆਮਦਨ ਤੋਂ ਘੱਟ ਰਹੀ।

## 5.8 ਘਾਟੇ ਵਿੱਚ ਚਲ ਰਹੇ ਐਸ ਪੀ ਐਸ ਈਜ਼

### 5.8.1 ਹੋਇਆ ਘਾਟਾ

ਅੰਤਿਮ ਰੂਪ ਦਿੱਤੇ ਨਵੀਨਤਮ ਲੇਖਿਆਂ ਅਨੁਸਾਰ 17 ਕਾਰਜਸ਼ੀਲ ਐਸ ਪੀ ਐਸ ਈਜ਼ ਨੇ ਹਾਨੀ ਉਠਾਈ। ਇਨ੍ਹਾਂ ਐਸ ਪੀ ਐਸ ਈਜ਼ ਦੁਆਰਾ ਉਠਾਈ ਗਈ ਹਾਨੀ ਸਾਲ 2019-20 ਦੌਰਾਨ ₹ 1,680.13 ਕਰੋੜ ਤੋਂ ਘੱਟ ਕੇ ਅੰਤਿਮ ਰੂਪ ਦਿੱਤੇ ਨਵੀਨਤਮ ਲੇਖਿਆਂ ਅਨੁਸਾਰ ਹਾਨੀ ਉਠਾਉਣ ਵਾਲੀਆਂ ਪਾਵਰ ਖੇਤਰ ਐਸ ਪੀ ਐਸ ਈਜ਼ (ਪੀ ਐਸ ਪੀ ਸੀ ਐਲ ਅਤੇ ਪੀ ਐਸ ਟੀ ਸੀ ਐਲ) ਕਾਰਨ 2021-22 ਦੌਰਾਨ ਲਾਭ ਕਮਾਉਣ ਕਰਕੇ ₹ 440.87 ਕਰੋੜ ਰਹਿ ਗਈ ਜੋ ਹੇਠਾਂ ਦਿੱਤੀ **ਸਾਰਣੀ** 5.10 ਵਿੱਚ ਦੱਸੇ ਅਨੁਸਾਰ ਹੈ:

**ਸਾਰਣੀ 5.10: 2019-20 ਤੋਂ 2021-22 ਦੇ ਦੌਰਾਨ ਹਾਨੀ ਉਠਾਉਣ ਵਾਲੇ ਐਸ ਪੀ ਐਸ ਈਜ਼ ਦੀ ਸੰਖਿਆ**

*(₹ ਕਰੋੜ ਵਿੱਚ)*

| ਸਾਲ | ਵੇਰਵੇ | ਹਾਨੀ ਉਠਾਉਣ ਵਾਲੇ ਐਸ ਪੀ ਐਸ ਈਜ਼ ਦੀ ਸੰਖਿਆ | ਸਾਲ ਦਾ ਨਿਰੋਲ ਘਾਟਾ | ਸੰਚਿਤ ਘਾਟੇ | ਨਿਰੋਲ ਸੰਪਦਾ[24] |
|---|---|---|---|---|---|
| 2019-20 | ਪਾਵਰ ਖੇਤਰ ਐਸ ਪੀ ਐਸ ਈਜ਼ | 2 | (-)1,191.77 | (-) 7,811.36 | 14,526.33 |
| | ਖੇਤੀਬਾੜੀ ਅਤੇ ਸਹਾਇਕ ਐਸ ਪੀ ਐਸ ਈਜ਼ | 5 | (-) 460.39 | (-) 6,777.91 | (-)6,418.13 |
| | ਹੋਰ ਐਸ ਪੀ ਐਸ ਈਜ਼ | 8 | (-) 27.97 | (-) 1,116.94 | (-) 546.49 |
| | **ਜੋੜ** | **15** | **(-) 1,680.13** | **(-) 15,706.21** | **7,561.71** |
| 2020-21 | ਪਾਵਰ ਖੇਤਰ ਐਸ ਪੀ ਐਸ ਈਜ਼ | 2 | - | (-) 0.10 | - |
| | ਖੇਤੀਬਾੜੀ ਅਤੇ ਸਹਾਇਕ ਐਸ ਪੀ ਐਸ ਈਜ਼ | 6 | (-)423.56 | (-) 6,907.27 | (-) 6,541.87 |
| | ਹੋਰ ਐਸ ਪੀ ਐਸ ਈਜ਼ | 8 | (-) 22.79 | (-) 714.65 | (-) 194.39 |
| | **ਜੋੜ** | **16** | **(-) 446.35** | **(-) 7,622.02** | **(-) 6,736.26** |
| 2021-22 | ਪਾਵਰ ਖੇਤਰ ਐਸ ਪੀ ਐਸ ਈਜ਼ | 2 | - | (-) 0.11 | (-) 0.01 |
| | ਖੇਤੀਬਾੜੀ ਅਤੇ ਸਹਾਇਕ ਐਸ ਪੀ ਐਸ ਈਜ਼ | 7 | (-) 420.71 | (-) 7,060.18 | (-) 6,689.78 |
| | ਹੋਰ ਐਸ ਪੀ ਐਸ ਈਜ਼ | 8 | (-) 20.16 | (-) 731.80 | (-) 199.76 |
| | **ਜੋੜ** | **17** | **(-) 440.87** | **(-) 7,792.09** | **(-) 6,889.55** |

*ਸ੍ਰੋਤ: ਐਸ ਪੀ ਐਸ ਈਜ਼ ਦੇ ਅੰਤਿਮ ਰੂਪ ਦਿੱਤੇ ਨਵੀਨਤਮ ਲੇਖੇ*

24 ਨਿਰੋਲ ਸੰਪਦਾ ਦਾ ਮਤਲਬ ਹੈ ਅਦਾ ਕੀਤੀ ਸ਼ੇਅਰ ਪੂੰਜੀ ਅਤੇ ਫਰੀ ਰਿਜ਼ਰਵ ਅਤੇ ਸਰਪਲੱਸ ਦਾ ਜੋੜ *ਘਟਾਓ* ਸੰਚਿਤ ਘਾਟੇ ਅਤੇ ਮੁਲਤਵੀ ਰੈਵੀਨਿਊ ਖਰਚਾ। ਫਰੀ ਰਿਜ਼ਰਵ ਦਾ ਮਤਲਬ ਹੈ ਸਾਰੇ ਰਿਜ਼ਰਵ ਲਾਭ ਤੋਂ ਬਣਾਏ ਗਏ ਹਨ ਪ੍ਰੰਤੂ ਸੰਪਤੀਆਂ ਦੇ ਪੁਨਰ-ਮੁਲਾਂਕਣ ਤੋਂ ਬਣਾਏ ਗਏ ਰਿਜ਼ਰਵ ਅਤੇ ਡੈਪਰੀਸੀਏਸ਼ਨ ਪ੍ਰੋਵਿਜ਼ਨ ਦੀ ਵਾਪਸੀ ਨੂੰ ਸ਼ਾਮਲ ਨਹੀਂ ਕਰਦੇ ਹਨ।

2021-22 ਵਿੱਚ, 17 ਐਸ ਪੀ ਐਸ ਈਜ਼ ਦੀ ₹ 440.87 ਕਰੋੜ ਦੀ ਕੁੱਲ ਹਾਨੀ ਵਿੱਚੋਂ, ₹ 396.30 ਕਰੋੜ ਦੀ ਹਾਨੀ ਵਿੱਚ ਤਿੰਨ ਖੇਤੀਬਾੜੀ ਅਤੇ ਸਹਾਇਕ ਖੇਤਰ ਐਸ ਪੀ ਐਸ ਈਜ਼ (ਪੰਜਾਬ ਰਾਜ ਗ੍ਰੇਨਜ਼ ਪ੍ਰੋਕਿਊਰਮੈਂਟ ਕਾਰਪੋਰੇਸ਼ਨ ਲਿਮਟਡ, ਪੰਜਾਬ ਰਾਜ ਸਿਵਲ ਸਪਲਾਈਜ਼ ਕਾਰਪੋਰੇਸ਼ਨ ਲਿਮਟਡ ਅਤੇ ਪੰਜਾਬ ਐਗਰੋ ਫੂਡਗ੍ਰੇਨਜ਼ ਕਾਰਪੋਰੇਸ਼ਨ ਲਿਮਟਡ) ਨੂੰ ਮੰਨਿਆ ਗਿਆ ਸੀ।

## 5.8.2 ਐਸ ਪੀ ਐਸ ਈਜ਼ ਵਿੱਚ ਪੂੰਜੀ ਦਾ ਖੁਰਨਾ

31 ਮਾਰਚ 2022 ਤੱਕ, 16 ਐਸ ਪੀ ਐਸ ਈਜ਼ ਕੋਲ ₹ 14,712.33 ਕਰੋੜ ਦੇ ਸੰਚਿਤ ਘਾਟੇ ਸਨ। ਇਨ੍ਹਾਂ ਵਿੱਚੋਂ, 11 ਐਸ ਪੀ ਐਸ ਈਜ਼ ਨੇ 30 ਸਤੰਬਰ 2022 ਤੱਕ ਨਵੀਨਤਮ ਅੰਤਿਮ ਰੂਪ ਦਿੱਤੇ ਖਾਤਿਆਂ ਅਨੁਸਾਰ ₹ 431.25 ਕਰੋੜ ਦੀ ਹਾਨੀ ਉਠਾਈ ਸੀ।

ਇਨ੍ਹਾਂ 16 ਵਿੱਚੋਂ 13 ਐਸ ਪੀ ਐਸ ਈਜ਼ ਦੀ ਨਿਰੋਲ ਸੰਪਦਾ ਸੰਚਿਤ ਹਾਨੀ ਕਾਰਨ ਪੂਰੀ ਤਰ੍ਹਾਂ ਖੁਰ ਗਿਆ ਸੀ ਅਤੇ ਉਨ੍ਹਾਂ ਦਾ ਨਿਰੋਲ ਸੰਪਦਾ ਜ਼ੀਰੋ ਜਾਂ ਨਕਾਰਾਤਮਕ ਹੋ ਗਈ ਸੀ। 31 ਮਾਰਚ 2022 ਨੂੰ ਇਨ੍ਹਾਂ 13 ਐਸ ਪੀ ਐਸ ਈਜ਼ ਦੀ ਨਿਰੋਲ ਸੰਪਦਾ ₹ 529.98 ਕਰੋੜ ਦੇ ਇਕਿਊਟੀ ਨਿਵੇਸ਼ ਦੇ ਵਿਰੁੱਧ (-) ₹ 8,263.51 ਕਰੋੜ ਸੀ। ਇਨ੍ਹਾਂ 13 ਐਸ ਪੀ ਐਸ ਈਜ਼ ਵਿੱਚੋਂ, ਜਿਨ੍ਹਾਂ ਦੀ ਪੂੰਜੀ ਖੁਰ ਗਈ ਸੀ, ਦੋ[25] ਨੇ 2021-22 ਦੌਰਾਨ ₹ 334.17 ਕਰੋੜ ਦੇ ਮੁਨਾਫੇ ਦੀ ਕਮਾਈ ਕੀਤੀ ਸੀ। ਇਨ੍ਹਾਂ 13 ਵਿੱਚੋਂ, ਸੱਤ ਐਸ ਪੀ ਐਸ ਈਜ਼ ਵਿੱਚ 31 ਮਾਰਚ 2022 ਤੱਕ ਸਰਕਾਰੀ ਕਰਜ਼ਿਆਂ ਦੀ ਰਕਮ ₹ 25,706.12 ਕਰੋੜ ਬਕਾਇਆ ਸੀ ਜਿਵੇਂ ਕਿ **ਸਾਰਣੀ 5.11** ਵਿੱਚ ਦਿੱਤਾ ਗਿਆ ਹੈ।

**ਸਾਰਣੀ 5.11: ਐਸ ਪੀ ਐਸ ਈਜ਼ ਦੇ ਵੇਰਵੇ ਜਿਨ੍ਹਾਂ ਦੀ ਨੈਟਵਰਥ ਉਨ੍ਹਾਂ ਦੇ ਨਵੀਨਤਮ ਅੰਤਿਮ ਖਾਤਿਆਂ ਅਨੁਸਾਰ ਘਟੀ ਹੈ**

*(₹ ਕਰੋੜ ਵਿੱਚ)*

| ਲੜੀ ਨੰ. | ਐਸ ਪੀ ਐਸ ਈ | ਲੇਖੇ ਦਾ ਨਵੀਨਤਮ ਸਾਲ | ਕੁੱਲ ਅਦਾ ਕੀਤੀ ਪੂੰਜੀ | ਵਿਆਜ ਅਤੇ ਕਰ ਤੋਂ ਬਾਅਦ ਨਿਰੋਲ ਲਾਭ | ਸੰਚਿਤ ਨੁਕਸਾਨ | ਨੈਟਵਰਥ | 31 ਮਾਰਚ 2022 ਨੂੰ ਰਾਜ ਸਰਕਾਰ ਦੀ ਇਕੁਇਟੀ | 31 ਮਾਰਚ 2022 ਨੂੰ ਰਾਜ ਸਰਕਾਰ ਦਾ ਕਰਜ਼ਾ |
|---|---|---|---|---|---|---|---|---|
| 1 | ਪੰਜਾਬ ਥਰਮਲ ਜਨਰੇਸ਼ਨ ਲਿਮਿਟਡ | 2021-22 | 0.05 | 0.00 | -0.05 | 0.00 | 0.00 | 0.00 |
| 2 | ਗਿਦੜਬਾਹਾ ਪਾਵਰ ਲਿਮਿਟਡ | 2021-22 | 0.05 | 0.00 | -0.06 | -0.01 | 0.00 | 0.00 |
| 3 | ਪੰਜਾਬ ਰਾਜ ਅਨਾਜ ਖਰੀਦ ਕਾਰਪੋਰੇਸ਼ਨ ਲਿਮਿਟਡ | 2017-18 | 1.05 | -224.05 | -3,721.91 | -3,720.86 | 1.05 | 6,764.37 |
| 4 | ਪੰਜਾਬ ਰਾਜ ਸਿਵਲ ਸਪਲਾਈਜ਼ ਕਾਰਪੋਰੇਸ਼ਨ ਲਿਮਿਟਡ | 2018-19 | 3.73 | -37.17 | -1,985.55 | -1,981.82 | 3.73 | 9,806.24 |
| 5 | ਪੰਜਾਬ ਐਗਰੋ ਫੂਡਗ੍ਰੇਨਜ਼ ਕਾਰਪੋਰੇਸ਼ਨ ਲਿਮਿਟਡ | 2020-21 | 5.00 | -135.08 | -1,111.59 | -1,106.59 | 0.00 | 5,597.01 |
| 6 | ਪੰਜਾਬ ਐਗਰੋ ਜੂਸਿਸ ਲਿਮਿਟਡ | 2021-22 | 50 | -5.05 | -75.01 | -25.01 | 0.00 | 30.00 |

25 ਪੰਜਾਬ ਰਾਜ ਉਦਯੋਗਿਕ ਵਿਕਾਸ ਕਾਰਪੋਰੇਸ਼ਨ ਲਿਮਿਟਡ ਅਤੇ ਪੰਜਾਬ ਰਾਜ ਵੇਅਰਹਾਊਸਿੰਗ ਕਾਰਪੋਰੇਸ਼ਨ।

| ਲੜੀ ਨੰ. | ਐਸ ਪੀ ਐਸ ਈ | ਲੇਖੇ ਦਾ ਨਵੀਨਤਮ ਸਾਲ | ਕੁੱਲ ਅਦਾ ਕੀਤੀ ਪੂੰਜੀ | ਵਿਆਜ ਅਤੇ ਕਰ ਤੋਂ ਬਾਅਦ ਨਿਰੋਲ ਲਾਭ | ਸੰਚਿਤ ਨੁਕਸਾਨ | ਨੈਟਵਰਥ | 31 ਮਾਰਚ 2022 ਨੂੰ ਰਾਜ ਸਰਕਾਰ ਦੀ ਇਕੁਇਟੀ | 31 ਮਾਰਚ 2022 ਨੂੰ ਰਾਜ ਸਰਕਾਰ ਦਾ ਕਰਜ਼ਾ |
|---|---|---|---|---|---|---|---|---|
| 7 | ਪੰਜਾਬ ਰਾਜ ਵੇਅਰਹਾਊਸਿੰਗ ਕਾਰਪੋਰੇਸ਼ਨ | 2018-19 | 8.00 | 311.53 | -554.17 | -519.69 | 4.00 | 3474.91 |
| 8 | ਗੁਲਮੋਹਰ ਟੂਰਿਸਟ ਕੰਪਲੈਕਸ (ਹੋਲੀਡੇ ਹੋਮ) ਲਿਮਿਟਡ | 2019-20 | 0.02 | -0.27 | -5.48 | -5.46 | 0.02 | 0.00 |
| 9 | ਪੰਜਾਬ ਰਾਜ ਉਦਯੋਗਿਕ ਵਿਕਾਸ ਕਾਰਪੋਰੇਸ਼ਨ ਲਿਮਿਟਡ | 2020-21 | 78.22 | 22.64 | -661.62 | -583.4 | 78.22 | 0.00 |
| 10 | ਪੰਜਾਬ ਕਮਿਊਨੀਕੇਸ਼ਨਸ ਲਿਮਿਟਡ | 2021-22 | 12.02 | -12.49 | -59.7 | -38.72 | 0.00 | 0.00 |
| 11 | ਪੇਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ | 2017-18 | 331.44 | -2.67 | -396.2 | -64.76 | 307.08 | 23.75 |
| 12 | ਪੰਜਾਬ ਵਿੱਤੀ ਕਾਰਪੋਰੇਸ਼ਨ | 2019-20 | 40.39 | -0.29 | -257.39 | -217 | 29.31 | 9.84 |
| 13 | ਲੁਧਿਆਣਾ ਸਮਾਰਟ ਸਿਟੀ ਲਿਮਿਟਡ | 2019-20 | 0.01 | -0.04 | -0.2 | -0.19 | 0.005 | 0.00 |
| | **ਕੁੱਲ ਜੋੜ** | | **529.98** | **-82.94** | **-8,828.93** | **-8,263.51** | **423.42** | **25,706.12** |

## 5.9 ਰਾਜ ਦੇ ਜਨਤਕ ਖੇਤਰ ਦੇ ਅਦਾਰਿਆਂ ਦੀ ਲੇਖਾ ਪ੍ਰੀਖਿਆ

ਸੀ ਏ ਜੀ ਕੰਪਨੀ ਐਕਟ, 2013 ਦੀ ਧਾਰਾ 139 (5) ਅਤੇ (7) ਦੇ ਤਹਿਤ ਸਰਕਾਰੀ ਕੰਪਨੀ ਅਤੇ ਸਰਕਾਰ ਦੁਆਰਾ ਨਿਯੰਤਰਿਤ ਹੋਰ ਕੰਪਨੀ ਦੇ ਅਧਿਨਿਯਮਿਕ ਲੇਖਾ ਪਰੀਖਕਾਂ ਦੀ ਨਿਯੁਕਤੀ ਕਰਦਾ ਹੈ। ਸੀ ਏ ਜੀ ਨੂੰ ਪੂਰਕ ਲੇਖਾ ਪ੍ਰੀਖਿਆ ਕਰਨ ਅਤੇ ਅਧਿਨਿਯਮਿਕ ਲੇਖਾ ਪਰੀਖਕ ਦੀ ਲੇਖਾ ਪ੍ਰੀਖਿਆ ਰਿਪੋਰਟ ਉੱਤੇ ਟਿੱਪਣੀਆਂ ਜਾਰੀ ਕਰਨ ਜਾਂ ਉਸਨੂੰ ਪੂਰਕ ਕਰਨ ਦਾ ਅਧਿਕਾਰ ਹੈ। ਕੁੱਝ ਕਾਰਪੋਰੇਸ਼ਨਾਂ ਨੂੰ ਨਿਯੰਤ੍ਰਿਤ ਕਰਨ ਵਾਲੇ ਕਾਨੂੰਨਾਂ ਦੁਆਰਾ ਇਹ ਲੋੜ ਹੁੰਦੀ ਹੈ ਕਿ ਉਹਨਾਂ ਦੇ ਖਾਤਿਆਂ ਦੀ ਸੀ ਏ ਜੀ ਦੁਆਰਾ ਲੇਖਾ ਪ੍ਰੀਖਿਆ ਕੀਤੀ ਜਾਵੇ ਅਤੇ ਵਿਧਾਨ ਸਭਾ ਨੂੰ ਇੱਕ ਰਿਪੋਰਟ ਪੇਸ਼ ਕੀਤੀ ਜਾਵੇ।

## 5.10 ਸੀ ਏ ਜੀ ਦੁਆਰਾ ਰਾਜ ਦੇ ਜਨਤਕ ਖੇਤਰ ਦੇ ਅਦਾਰਿਆਂ ਦੇ ਕਨੂੰਨੀ ਲੇਖਾ ਪਰੀਖਕਾਂ ਦੀ ਨਿਯੁਕਤੀ

ਕੰਪਨੀਜ਼ ਐਕਟ, 2013 ਦੀ ਧਾਰਾ 139 (5) ਪ੍ਰਾਵਧਾਨ ਕਰਦੀ ਹੈ ਕਿ ਸਰਕਾਰੀ ਕੰਪਨੀ ਜਾਂ ਸਰਕਾਰ ਦੁਆਰਾ ਨਿਯੰਤਰਿਤ ਹੋਰ ਕੰਪਨੀ ਦੇ ਮਾਮਲੇ ਵਿੱਚ ਅਧਿਨਿਯਮਿਕ ਲੇਖਾ ਪਰੀਖਕਾਂ ਨੂੰ ਵਿੱਤੀ ਸਾਲ ਦੇ ਸ਼ੁਰੂ ਹੋਣ ਤੋਂ 180 ਦਿਨਾਂ ਦੀ ਮਿਆਦ ਦੇ ਅੰਦਰ ਸੀ ਏ ਜੀ ਦੁਆਰਾ ਨਿਯੁਕਤ ਕੀਤਾ ਜਾਣਾ ਚਾਹੀਦਾ ਹੈ।

ਸਾਲ 2021-22 ਲਈ ਉਪਰੋਕਤ ਕੰਪਨੀਆਂ ਦੇ ਅਧਿਨਿਯਮਿਕ ਲੇਖਾ ਪਰੀਖਕਾਂ ਨੂੰ ਸੀ ਏ ਜੀ ਦੁਆਰਾ ਸਤੰਬਰ 2022 ਤੱਕ ਨਿਯੁਕਤ ਕੀਤਾ ਗਿਆ ਸੀ।

## 5.11 ਰਾਜ ਦੇ ਜਨਤਕ ਖੇਤਰ ਦੇ ਅਦਾਰਿਆਂ ਦੁਆਰਾ ਲੇਖੇ ਪੇਸ਼ ਕਰਨਾ

### 5.11.1 ਸਮੇਂ ਤੇ ਪੇਸ਼ ਕਰਨ ਦੀ ਜ਼ਰੂਰਤ

ਕੰਪਨੀਜ਼ ਐਕਟ, 2013 ਦੀ ਧਾਰਾ 394 ਦੇ ਅਨੁਸਾਰ, ਕਿਸੇ ਸਰਕਾਰੀ ਕੰਪਨੀ ਦੀ ਕਾਰਗੁਜ਼ਾਰੀ ਅਤੇ ਮਾਮਲਿਆਂ ਸੰਬੰਧੀ ਸਲਾਨਾ ਰਿਪੋਰਟ ਉਸਦੀ ਸਲਾਨਾ ਜਨਰਲ ਮੀਟਿੰਗ[26] (ਏ ਜੀ ਐਮ) ਦੇ ਤਿੰਨ ਮਹੀਨਿਆਂ ਦੇ ਅੰਦਰ ਤਿਆਰ ਕਰਨੀ ਹੁੰਦੀ ਹੈ । ਇਸ ਤਿਆਰੀ ਤੋਂ ਬਾਅਦ ਜਿੰਨੀ ਜਲਦੀ ਹੋ ਸਕੇ, ਰਾਜ ਵਿਧਾਨ ਸਭਾ ਵਿੱਚ ਸਲਾਨਾ ਰਿਪੋਰਟ, ਲੇਖਾ ਪ੍ਰੀਖਿਆ ਰਿਪੋਰਟ ਦੀ ਕਾਪੀ ਸਮੇਤ ਅਤੇ ਲੇਖਾ ਪ੍ਰੀਖਿਆ ਰਿਪੋਰਟ ਉੱਤੇ ਸੀ ਏ ਜੀ ਦੀਆਂ ਟਿੱਪਣੀਆਂ ਜਾਂ ਪੂਰਕ ਵੱਜੋਂ ਪੇਸ਼ ਕਰਨੀ ਹੁੰਦੀ ਹੈ। ਲਗਭਗ ਇਹੋ ਜਿਹੇ ਪ੍ਰਾਵਧਾਨ, ਅਧਿਨਿਯਮਿਕ ਕਾਰਪੋਰੇਸ਼ਨਾਂ ਨੂੰ ਨਿਯਮਿਤ ਕਰਨ ਲਈ ਸੰਬੰਧਿਤ ਐਕਟਾਂ ਵਿੱਚ ਮੌਜੂਦ ਹਨ। ਇਹ ਕਾਰਜਵਿਧੀ ਰਾਜ ਦੇ ਕਨਸੋਲੀਡੇਟਿਡ ਫੰਡ ਵਿੱਚੋ ਕੰਪਨੀਆਂ ਵਿੱਚ ਨਿਵੇਸ਼ ਕੀਤੇ ਜਨਤਕ ਫੰਡਾਂ ਦੀ ਵਰਤੋਂ ਉੱਤੇ ਵਿਧਾਨ ਸਭਾ ਦਾ ਲੋੜੀਂਦਾ ਨਿਯੰਤਰਣ ਪ੍ਰਦਾਨ ਕਰਦੀ ਹੈ ।

ਕੰਪਨੀਜ਼ ਐਕਟ, 2013 ਦੀ ਧਾਰਾ 96 ਦੇ ਅਨੁਸਾਰ, ਹਰ ਕੰਪਨੀ ਨੂੰ ਹਰ ਕੈਲੇਡੰਰ ਸਾਲ ਵਿੱਚ ਇੱਕ ਵਾਰੀ ਸ਼ੇਅਰਧਾਰਕਾਂ ਦੀ ਏ ਜੀ ਐਮ ਕਰਵਾਉਣੀ ਲੋੜੀਂਦੀ ਹੈ । ਇਹ ਵੀ ਕਿਹਾ ਗਿਆ ਹੈ ਕਿ ਇੱਕ ਏ ਜੀ ਐਮ ਅਤੇ ਅਗਲੀ ਦੀ ਤਰੀਕ ਵਿੱਚ 15 ਮਹੀਨੇ ਤੋਂ ਵੱਧ ਦਾ ਸਮਾਂ ਨਹੀਂ ਹੋਣਾ ਚਾਹੀਦਾ। ਇਸ ਤੋਂ ਅੱਗੇ, ਕੰਪਨੀਜ਼ ਐਕਟ, 2013 ਦੀ ਧਾਰਾ 129 ਵਿੱਚ ਕਿਹਾ ਗਿਆ ਹੈ ਕਿ ਵਿੱਤੀ ਸਾਲ ਦਾ ਲੇਖਾ ਪ੍ਰੀਖਿਆ ਕੀਤਾ ਵਿੱਤੀ ਵਿਵਰਣ ਉਕਤ ਏ ਜੀ ਐਮ ਵਿੱਚ ਉਨ੍ਹਾਂ ਦੇ ਵਿਚਾਰਣ ਲਈ ਰੱਖਿਆ ਜਾਣਾ ਚਾਹੀਦਾ ਹੈ।

ਕੰਪਨੀਜ਼ ਐਕਟ, 2013 ਦੀ ਧਾਰਾ 129 (7) ਦੇ ਤਹਿਤ ਕੰਪਨੀ ਦੇ ਡਾਇਰੈਕਟਰਾਂ ਸਮੇਤ ਓਹ ਵਿਅਕਤੀ ਜੋ ਕੰਪਨੀਜ਼ ਐਕਟ, 2013 ਦੀ ਧਾਰਾ 129 ਦੇ ਉਪਬੰਧਾਂ ਦੀ ਪਾਲਣਾ ਨਾ ਕਰਨ ਲਈ ਜ਼ਿੰਮੇਵਾਰ ਹੋਣਗੇ, ਉਨ੍ਹਾਂ ਨੂੰ ਜੁਰਮਾਨਾ ਲਗਾਉਣ ਅਤੇ ਕੈਦ ਦੀ ਵਿਵਸਥਾ ਕੀਤੀ ਗਈ ਹੈ।

30 ਸਤੰਬਰ 2022 ਤੱਕ ਵੱਖ-ਵੱਖ ਐਸ ਪੀ ਐਸ ਈਜ਼ ਦੇ ਸਲਾਨਾ ਲੇਖੇ ਬਕਾਇਆ ਸਨ, ਜਿਸਦਾ ਵੇਰਵਾ ਹੇਠਾਂ ਪੈਰ੍ਹੇ ਵਿੱਚ ਦਿੱਤਾ ਗਿਆ ਹੈ।

### 5.11.2 ਐਸ ਪੀ ਐਸ ਈਜ਼ ਦੁਆਰਾ ਖਾਤਿਆਂ ਦੀ ਤਿਆਰੀ ਵਿੱਚ ਸਮਾਂਬੱਧਤਾ

31 ਮਾਰਚ 2022 ਤੱਕ, ਸੀ ਏ ਜੀ ਦੇ ਲੇਖਾ ਪ੍ਰੀਖਿਆ ਦੇ ਦਾਇਰੇ ਵਿੱਚ 45 ਐਸ ਪੀ ਐਸ ਈਜ਼[27] ਸਨ। ਇਹਨਾਂ ਵਿੱਚੋਂ, ਸਾਲ 2021-22 ਲਈ 45 ਐਸ ਪੀ ਐਸ ਈਜ਼ ਦੇ ਲੇਖੇ ਬਕਾਇਆ ਸਨ ਜਿਨ੍ਹਾਂ ਵਿੱਚ ਚਾਰ ਲਿਕਵਿਡੇਸਨ ਅਧੀਨ ਸਨ। ਹਾਲਾਂਕਿ, ਸਿਰਫ ਨੌਂ ਐਸ ਪੀ ਐਸ ਈਜ਼ ਨੇ

26 ਪਹਿਲੀ ਏ ਜੀ ਐਮ ਦੇ ਮਾਮਲੇ ਵਿੱਚ, ਇਹ ਕੰਪਨੀ ਦੇ ਪਹਿਲੇ ਵਿੱਤੀ ਸਾਲ ਦੀ ਸਮਾਪਤੀ ਦੀ ਮਿਤੀ ਤੋਂ ਨੌਂ ਮਹੀਨਿਆਂ ਦੀ ਮਿਆਦ ਦੇ ਅੰਦਰ ਅਤੇ ਕਿਸੇ ਹੋਰ ਮਾਮਲੇ ਵਿੱਚ, ਵਿੱਤੀ ਸਾਲ ਦੀ ਸਮਾਪਤੀ ਦੀ ਮਿਤੀ ਤੋਂ ਛੇ ਮਹੀਨਿਆਂ ਦੀ ਮਿਆਦ ਦੇ ਅੰਦਰ ਆਯੋਜਿਤ ਕੀਤੀ ਜਾਵੇਗੀ ਭਾਵ 30 ਸਤੰਬਰ।

27 ਪੈਰ੍ਹਾ 5.11.3 ਵਿੱਚ ਚਰਚਾ ਕੀਤੀ ਚਾਰ ਅਧਿਨਿਯਮਿਕ ਕਾਰਪੋਰੇਸ਼ਨਾਂ ਨੂੰ ਛੱਡ ਕੇ।

30 ਸਤੰਬਰ 2022 ਤੱਕ ਸੀ ਏ ਜੀ ਦੁਆਰਾ ਲੇਖਾ ਪ੍ਰੀਖਿਆ ਲਈ ਸਾਲ 2021-22 ਦੇ ਆਪਣੇ ਲੇਖੇ ਪੇਸ਼ ਕੀਤੇ। 36 ਐਸ ਪੀ ਐਸ ਈਜ਼ ਦੇ 202 ਲੇਖੇ ਵੱਖ-ਵੱਖ ਕਾਰਨਾਂ ਕਰਕੇ ਬਕਾਇਆ ਸਨ, ਜਿਵੇਂ ਕਿ ***ਅੰਤਿਕਾ 5.4*** ਵਿੱਚ ਵੇਰਵਾ ਦਿੱਤਾ ਗਿਆ ਹੈ। ਐਸ ਪੀ ਐਸ ਈਜ਼ ਦੇ ਲੇਖੇ ਪੇਸ਼ ਕਰਨ ਦੇ ਬਕਾਏ ਦੇ ਵੇਰਵੇ **ਸਾਰਣੀ** 5.12 ਵਿੱਚ ਦਿੱਤੇ ਗਏ ਹਨ।

**ਸਾਰਣੀ 5.12: ਲੇਖੇ ਪੇਸ਼ ਕਰਨ ਵਿੱਚ ਬਕਾਏ ਦੇ ਵੇਰਵੇ**

| ਵੇਰਵੇ | | ਐਸ ਪੀ ਐਸ ਈਜ਼ | ਲੇਖਿਆਂ ਦੀ ਗਿਣਤੀ |
|---|---|---|---|
| 31.03.2022 ਤੱਕ ਸੀ ਏ ਜੀ ਦੁਆਰਾ ਲੇਖਾ ਪ੍ਰੀਖਿਆ ਦੇ ਦਾਇਰੇ ਅਧੀਨ ਕੰਪਨੀਆਂ ਦੀ ਕੁੱਲ ਗਿਣਤੀ | | 45 | -- |
| ਘਟਾਓ: ਨਵੀ ਕੰਪਨੀਆਂ ਜਿਨ੍ਹਾਂ ਤੋਂ 2021-22 ਲਈ ਲੇਖੇ ਬਕਾਇਆ ਨਹੀਂ ਸਨ | | 0 | 0 |
| ਕੰਪਨੀਆਂ ਦੀ ਗਿਣਤੀ ਜਿਨ੍ਹਾਂ ਤੋਂ ਸਾਲ 2021-22 ਲਈ ਲੇਖੇ ਬਕਾਇਆ ਸਨ | | 45 | 45 |
| ਕੰਪਨੀਆਂ ਦੀ ਗਿਣਤੀ ਜਿਨ੍ਹਾਂ ਨੇ ਸਾਲ 2021-22 ਲਈ 30 ਸਤੰਬਰ 2022 ਤੱਕ ਸੀ ਏ ਜੀ ਲੇਖਾ ਪ੍ਰੀਖਿਆ ਲਈ ਲੇਖਿਆਂ ਨੂੰ ਪੇਸ਼ ਕੀਤਾ | | 9 | 9 |
| **ਬਕਾਇਆ ਲੇਖਿਆਂ ਦੀ ਗਿਣਤੀ** | | 36 | 202 |
| ਬਕਾਇਆਂ ਦਾ ਵੰਡ | (i) ਲਿਕਵਿਡੇਸ਼ਨ ਅਧੀਨ | 04 | 87 |
| | (ii) ਬੰਦ ਹੋਈਆਂ | 10 | 72 |
| | (iii) ਹੋਰ | 22 | 43 |
| 'ਹੋਰਾਂ' ਵਰਗ ਦੇ ਵਿਰੁੱਧ ਬਕਾਇਆ ਦਾ ਸਮੇਂ-ਵਾਰ ਵਿਸ਼ਲੇਸ਼ਣ | ਇਕ ਸਾਲ (2021-22) | 11 | 11 |
| | ਦੋ ਸਾਲ (2020-21 ਅਤੇ 2021-22) | 05 | 10 |
| | ਤਿੰਨ ਸਾਲ ਅਤੇ ਉਸ ਤੋਂ ਵੱਧ | 06 | 22 |

*ਸ੍ਰੋਤ: ਮਹਾਂ ਲੇਖਾਕਾਰ (ਲੇਖਾ ਪ੍ਰੀਖਿਆ) ਪੰਜਾਬ ਦੇ ਦਫਤਰ ਵਿੱਚ ਪ੍ਰਾਪਤ ਹੋਏ ਸਲਾਨਾ ਲੇਖਿਆਂ ਦੇ ਆਧਾਰ ਤੇ ਸੰਕਲਿਤ ਕੀਤਾ ਗਿਆ।*

### 5.11.3 ਅਧਿਨਿਯਮਿਕ ਕਾਰਪੋਰੇਸ਼ਨਾਂ ਦੁਆਰਾ ਖਾਤਿਆਂ ਦੀ ਤਿਆਰੀ ਵਿੱਚ ਸਮਾਂਬੱਧਤਾ

ਚਾਰ[28] ਅਧਿਨਿਯਮਿਕ ਕਾਰਪੋਰੇਸ਼ਨਾਂ ਦੀ ਲੇਖਾ ਪ੍ਰੀਖਿਆ ਸੀ ਏ ਜੀ ਦੁਆਰਾ ਕੀਤੀ ਜਾਂਦੀ ਹੈ ਅਤੇ ਇਨ੍ਹਾਂ ਵਿੱਚੋਂ, ਦੋ[29] ਅਧਿਨਿਯਮਿਕ ਕਾਰਪੋਰੇਸ਼ਨਾਂ ਲਈ, ਸੀ ਏ ਜੀ ਇੱਕਮਾਤਰ ਲੇਖਾ ਪਰੀਖਕ ਹੈ। ਕਿਸੇ ਵੀ ਅਧਿਨਿਯਮਿਕ ਕਾਰਪੋਰੇਸ਼ਨਾਂ ਨੇ 30 ਸਤੰਬਰ 2022 ਤੋਂ ਪਹਿਲਾਂ ਲੇਖਾ ਪ੍ਰੀਖਿਆ ਲਈ ਸਾਲ 2021-22 ਦੇ ਲੇਖੇ ਪੇਸ਼ ਨਹੀਂ ਕੀਤੇ। 30 ਸਤੰਬਰ 2022 ਤੱਕ, ਚਾਰ ਅਧਿਨਿਯਮਿਕ ਕਾਰਪੋਰੇਸ਼ਨਾਂ ਦੇ 10 ਲੇਖੇ ਬਕਾਇਆ ਸਨ।

28 ਪੰਜਾਬ ਰਾਜ ਵੇਅਰਹਾਊਸਿੰਗ ਕਾਰਪੋਰੇਸ਼ਨ, ਪੇਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ, ਪੰਜਾਬ ਵਿੱਤੀ ਕਾਰਪੋਰੇਸ਼ਨ ਅਤੇ ਪੰਜਾਬ ਅਨੁਸੂਚਿਤ ਜਾਤੀਆਂ ਭੌ ਵਿਕਾਸ ਅਤੇ ਵਿੱਤ ਕਾਰਪੋਰੇਸ਼ਨ ।

29 ਪੰਜਾਬ ਅਨੁਸੂਚਿਤ ਜਾਤੀਆਂ ਭੌ ਵਿਕਾਸ ਅਤੇ ਵਿੱਤ ਕਾਰਪੋਰੇਸ਼ਨ ਅਤੇ ਪੇਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ।

## 5.12 ਸੀ ਏ ਜੀ ਦੀ ਨਿਗਰਾਨੀ– ਲੇਖਿਆਂ ਦੀ ਲੇਖਾ ਪ੍ਰੀਖਿਆ ਅਤੇ ਪੂਰਕ ਲੇਖਾ ਪ੍ਰੀਖਿਆ

### 5.12.1 ਵਿੱਤੀ ਰਿਪੋਰਟਿੰਗ ਢਾਂਚਾ

ਕੰਪਨੀਆਂ ਨੂੰ ਕੰਪਨੀਜ਼ ਐਕਟ, 2013 ਦੇ ਸ਼ਡਿਊਲ III ਵਿੱਚ ਦਿੱਤੇ ਗਏ ਫਾਰਮੇਟ ਅਤੇ ਕੇਂਦਰ ਸਰਕਾਰ ਦੁਆਰਾ ਨਿਰਧਾਰਿਤ ਕੀਤੇ ਗਏ ਜ਼ਰੂਰੀ ਅਕਾਊਂਟਿੰਗ ਸਟੇਂਡਰਡਜ਼ ਦੀ ਪਾਲਣਾ ਵਿੱਚ ਜੋ ਕਿ ਅਕਾਊਂਟਿੰਗ ਸਟੇਂਡਰਡਾਂ ਤੇ ਰਾਸ਼ਟਰੀ ਸਲਾਹਕਾਰ ਕਮੇਟੀ ਜਿਸ ਦਾ ਬਦਲਿਆ ਹੋਇਆ ਨਾਂ ਰਾਸ਼ਟਰੀ ਵਿੱਤੀ ਰਿਪੋਰਟਿੰਗ ਅਥਾਰਟੀ[30] ਹੈ, ਨਾਲ ਵਿਚਾਰ ਵਟਾਂਦਰਾ ਕਰਕੇ ਬਣਾਏ ਗਏ ਹਨ, ਦੀ ਪਾਲਣਾ ਕਰਦਿਆਂ ਵਿੱਤੀ ਵਿਵਰਣੀ ਤਿਆਰ ਕਰਨੀ ਜ਼ਰੂਰੀ ਹੈ। ਅਧਿਨਿਯਮਿਕ ਕਾਰਪੋਰੇਸ਼ਨਾਂ ਨੂੰ ਆਪਣੇ ਲੇਖਿਆਂ ਨੂੰ, ਸੀ ਏ ਜੀ ਦੀ ਸਲਾਹ ਨਾਲ ਅਤੇ ਕਾਰਪੋਰੇਸ਼ਨਾਂ ਨੂੰ ਨਿਯੰਤ੍ਰਿਤ ਕਰਦੇ ਐਕਟ ਵਿੱਚ ਲੇਖਿਆਂ ਸੰਬੰਧੀ ਕਿਸੇ ਹੋਰ ਖਾਸ ਉਪਬੰਧ ਅਨੁਸਾਰ, ਨਿਯਮਾਂ ਅਧੀਨ ਨਿਰਧਾਰਤ ਫਾਰਮੇਟ ਵਿੱਚ ਤਿਆਰ ਕਰਨਾ ਚਾਹੀਦਾ ਹੈ।

### 5.12.2 ਅਧਿਨਿਯਮਿਕ ਲੇਖਾ ਪਰੀਖਕਾਂ ਦੁਆਰਾ ਸਰਕਾਰੀ ਕੰਪਨੀਆਂ ਦੇ ਲੇਖਿਆਂ ਦੀ ਲੇਖਾ ਪ੍ਰੀਖਿਆ

ਕੰਪਨੀਜ਼ ਐਕਟ, 2013 ਦੀ ਧਾਰਾ 139 ਅਧੀਨ ਸੀ ਏ ਜੀ ਦੁਆਰਾ ਨਿਯੁਕਤ ਅਧਿਨਿਯਮਿਕ ਲੇਖਾ ਪਰੀਖਕ, ਸਰਕਾਰੀ ਕੰਪਨੀਆਂ ਦੇ ਲੇਖਿਆਂ ਦੀ ਲੇਖਾ ਪ੍ਰੀਖਿਆ ਕਰਦੇ ਹਨ ਅਤੇ ਕੰਪਨੀਜ਼ ਐਕਟ, 2013 ਦੀ ਧਾਰਾ 143 ਦੇ ਅਨੁਸਾਰ ਆਪਣੀ ਰਿਪੋਰਟ ਨੂੰ ਪੇਸ਼ ਕਰਦੇ ਹਨ।

ਸੀ ਏ ਜੀ ਦੀ ਨਿਰੀਖਣ ਦੀ ਭੂਮਿਕਾ, ਜਨਤਕ ਖੇਤਰ ਦੇ ਅਦਾਰਿਆਂ ਦੀ ਲੇਖਾ ਪ੍ਰੀਖਿਆ ਵਿੱਚ ਅਧਿਨਿਯਮਿਕ ਲੇਖਾ ਪਰੀਖਕਾਂ ਦੇ ਕੰਮ ਦੀ ਨਿਗਰਾਨੀ ਇਕ ਸਮੁੱਚੇ ਉਦੇਸ਼ ਨਾਲ ਕਿ ਅਧਿਨਿਯਮਿਕ ਲੇਖਾ ਪਰੀਖਕ, ਦਿੱਤੇ ਗਏ ਕਾਰਜਾਂ ਨੂੰ ਸਹੀ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਨਿਭਾਉਂਦੇ ਹਨ, ਅਦਾ ਕਰਨ ਦੀ ਹੁੰਦੀ ਹੈ। ਇਸ ਕਾਰਜ ਨੂੰ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਨਿਭਾਇਆ ਜਾਂਦਾ ਹੈ:

- ਕੰਪਨੀਜ਼ ਐਕਟ, 2013 ਦੀ ਧਾਰਾ 143 (5) ਅਧੀਨ ਅਧਿਨਿਯਮਿਕ ਲੇਖਾ ਪਰੀਖਕਾਂ ਨੂੰ ਦਿਸ਼ਾ ਨਿਰਦੇਸ਼ ਜਾਰੀ ਕਰਨਾ; ਅਤੇ
- ਕੰਪਨੀਜ਼ ਐਕਟ, 2013 ਦੀ ਧਾਰਾ 143 (6) ਅਧੀਨ ਅਧਿਨਿਯਮਿਕ ਲੇਖਾ ਪ੍ਰੀਖਿਆ ਰਿਪੋਰਟ ਨੂੰ ਪੂਰਕ ਜਾਂ ਇਸ ਤੇ ਟਿੱਪਣੀ ਕਰਨਾ ।

### 5.12.3 ਸਰਕਾਰੀ ਕੰਪਨੀਆਂ ਦੇ ਲੇਖਿਆਂ ਦੀ ਪੂਰਕ ਲੇਖਾ ਪ੍ਰੀਖਿਆ

ਕੰਪਨੀਜ਼ ਐਕਟ, 2013 ਜਾਂ ਹੋਰ ਸੰਬੰਧਤ ਐਕਟ ਅਧੀਨ ਨਿਰਧਾਰਤ ਵਿੱਤੀ ਰਿਪੋਰਟਿੰਗ ਢਾਂਚੇ ਦੇ ਅਨੁਸਾਰ ਵਿੱਤੀ ਵਿਵਰਣੀਆਂ ਨੂੰ ਤਿਆਰ ਕਰਨ ਦੀ ਮੁੱਖ ਜ਼ਿੰਮੇਵਾਰੀ ਇਕਾਈ ਦੇ ਪ੍ਰਬੰਧਨ ਦੀ ਹੁੰਦੀ ਹੈ।

---

30 01 ਅਕਤੂਬਰ 2018 ਤੋਂ ਲਾਗੂ।

ਕੰਪਨੀਜ਼ ਐਕਟ, 2013 ਦੀ ਧਾਰਾ 139 ਅਧੀਨ ਸੀ ਏ ਜੀ ਦੁਆਰਾ ਨਿਯੁਕਤ ਕੀਤੇ ਗਏ ਅਧਿਨਿਯਮਿਕ ਲੇਖਾ ਪਰੀਖਕ ਇੰਨਸੀਟਿਊਟ ਆਫ ਚਾਰਟਡ ਅਕਾਊਂਟੈਂਟਸ ਆਫ ਇੰਡੀਆ ਦੀ ਸਟੈਂਡਰਡ ਆਡੀਟਿੰਗ ਪਰੈਕਟਿਸਸ ਅਤੇ ਸੀ ਏ ਜੀ ਦੁਆਰਾ ਦਿੱਤੇ ਗਏ ਦਿਸ਼ਾ ਨਿਰਦੇਸ਼ਾਂ ਦੇ ਅਨੁਸਾਰ, ਸੁਤੰਤਰ ਲੇਖਾ ਪ੍ਰੀਖਿਆ ਤੇ ਆਧਾਰਿਤ ਵਿੱਤੀ ਵਿਵਰਣੀਆਂ ਉੱਤੇ ਕੰਪਨੀਜ਼ ਐਕਟ, 2013 ਦੀ ਧਾਰਾ 143 ਦੇ ਅਧੀਨ ਮੱਤ ਪ੍ਰਗਟ ਕਰਨ ਲਈ ਜ਼ਿੰਮੇਵਾਰ ਹਨ। ਅਧਿਨਿਯਮਿਕ ਲੇਖਾ ਪਰੀਖਕਾਂ ਨੂੰ ਕੰਪਨੀਜ਼ ਐਕਟ, 2013 ਦੀ ਧਾਰਾ 143 ਅਧੀਨ ਲੇਖਾ ਪ੍ਰੀਖਿਆ ਰਿਪੋਰਟ ਸੀ ਏ ਜੀ ਨੂੰ ਪੇਸ਼ ਕਰਨੀ ਹੁੰਦੀ ਹੈ।

ਚੁਣੀਆ ਗਈਆਂ ਸਰਕਾਰੀ ਕੰਪਨੀਆਂ ਦੇ ਪ੍ਰਮਾਣਿਤ ਲੇਖਿਆਂ ਦੇ ਨਾਲ ਅਧਿਨਿਯਮਿਕ ਲੇਖਾ ਪਰੀਖਕਾਂ ਦੀ ਰਿਪੋਰਟ ਦੀ, ਸੀ ਏ ਜੀ ਦੁਆਰਾ ਪੂਰਕ ਲੇਖਾ ਪ੍ਰੀਖਿਆ ਰਾਹੀਂ ਸਮੀਖਿਆ ਕੀਤੀ ਜਾਂਦੀ ਹੈ। ਇਸ ਸਮੀਖਿਆ ਦੇ ਅਧਾਰ ਤੇ ਕੰਪਨੀਜ਼ ਐਕਟ, 2013 ਦੀ ਧਾਰਾ 143 (6) ਦੇ ਅਧੀਨ ਰਿਪੋਰਟ ਕੀਤੀਆ ਗਈਆਂ ਪ੍ਰਮੁੱਖ ਲੇਖਾ ਪ੍ਰੀਖਿਆ ਟਿੱਪਣੀਆਂ, ਜੇ ਕੋਈ ਹੋਣ, ਸਲਾਨਾ ਜਨਰਲ ਮੀਟਿੰਗ ਵਿੱਚ ਪੇਸ਼ ਕੀਤੀਆਂ ਜਾਂਦੀਆਂ ਹਨ।

## 5.13 ਸੀ ਏ ਜੀ ਦੀ ਨਿਗਰਾਨੀ ਦੀ ਭੂਮਿਕਾ ਦੇ ਨਤੀਜੇ

### 5.13.1 ਐਸ ਪੀ ਐਸ ਈਜ਼ ਦੇ ਲੇਖਿਆਂ ਦੀ ਲੇਖਾ ਪ੍ਰੀਖਿਆ

